EVEREST TRANSPORT INC
We are Hiring
Company Drivers
Solo driver 50 cents per miles+Safety Bonus
3000 plus miles per week.
Call, Goldy Ph: 260-797-1122

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455 Raj Shergill
rajsshergill@yahoo.com Associate Broker

Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 29, July 20, 2019 20451 N. Plum Grove Rd., Palatine, IL 60074 Ph:847-359-0746, Fax:847-705-9388

## ਬੇਅਦਬੀ ਕਾਂਡ: ਸੀ.ਬੀ.ਆਈ. ਨੇ ਵੀ ਸੁੱਟੇ ਹਥਿਆਰ

### ਸਬੂਤ ਨਾ ਮਿਲਣ ਦੇ ਬਹਾਨੇ ਕੇਸ ਬੰਦ ਕਰਨ ਦੀ ਸਿਫਾਰਸ਼

**ਚੰਡੀਗੜ੍ਹ:** ਬਰਗਾੜੀ ਬੇਅਦਬੀ ਅਤੇ ਕੋਟਕਪੂਰਾ-ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਦੀ ਜਾਂਚ ਲੀਹੋਂ ਲਾਹੁਣ ਦੀ ਰਣਨੀਤੀ ਲਈ ਸਰਕਾਰੀ ਤੰਤਰ ਸਰਗਰਮ ਜਾਪ ਰਿਹਾ ਹੈ। ਕੇਂਦਰੀ ਜਾਂਚ ਏਜੰਸੀ ਸੀ.ਬੀ.ਆਈ. ਵਲੋਂ ਇਨ੍ਹਾਂ ਕੇਸਾਂ ਵਿਚ ਨਾਮਜ਼ਦ ਡੇਰਾ ਪ੍ਰੇਮੀਆਂ ਖਿਲਾਫ ਕੇਸ ਬੰਦ ਕਰਨ ਦੀ ਸਿਫਾਰਸ਼ ਉਤੇ ਵੱਡੇ ਸਵਾਲ ਉਠੇ ਹਨ। ਸੀ.ਬੀ.ਆਈ. ਸਾਢੇ ਤਿੰਨ ਸਾਲ ਦੀ ਜਾਂਚ ਤੋਂ ਬਾਅਦ ਫੜੇ ਗਏ ਮੁਲਜ਼ਮਾਂ ਵਿਰੁਧ ਦਰਜ ਕੇਸ ਬੰਦ ਕਰਨ ਦੀ ਸਿਫਾਰਸ਼ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਦੂਜੇ ਪਾਸੇ ਸਿਆਸੀ ਧਿਰਾਂ ਨੂੰ ਇਕ ਦੂਜੇ ਨੂੰ ਘੇਰਨ ਦਾ ਮੌਕਾ ਮਿਲ ਗਿਆ ਹੈ।

ਬੇਅਦਬੀ ਮਾਮਲੇ ਵਿਚ ਘਿਰਿਆ ਅਕਾਲੀ ਦਲ ਬਾਦਲ ਇਸ ਨੂੰ ਪੰਜਾਬ ਸਰਕਾਰ ਦੀ ਸਾਜ਼ਿਸ਼ ਦੱਸ ਰਿਹਾ ਹੈ ਜਦਕਿ ਕਾਂਗਰਸ ਦੋਸ਼ੀਆਂ ਦੀ ਰਿਹਾਈ ਲਈ ਬਾਦਲਾਂ ਅਤੇ ਮੋਦੀ ਸਰਕਾਰ ਵਲ ਉਂਗਲ ਕਰ ਰਹੀ ਹੈ। ਦੱਸ ਦਈਏ ਕਿ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਪਹਿਲੀ ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ, 24 ਸਤੰਬਰ ਨੂੰ ਇਸ ਸਰੂਪ ਦੇ ਅੰਗ ਬਰਗਾੜੀ ਦੀਆਂ ਗਲੀਆਂ ਵਿਚ ਸੁੱਟਣ ਅਤੇ 12 ਅਕਤੂਬਰ ਨੂੰ ਬਰਗਾੜੀ ਪਿੰਡ ਵਿਚ ਇਤਰਾਜ਼ਯੋਗ ਪੋਸਟਰ ਲੱਗਣ ਦੇ ਮਾਮਲਿਆਂ ਦੀ ਪੜਤਾਲ ਕਰ ਰਹੀ ਸੀ.ਬੀ.ਆਈ. ਟੀਮ ਨੇ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵਿਚ ਅਰਜ਼ੀ ਦੇ ਕੇ ਦਾਅਵਾ ਕੀਤਾ ਹੈ ਕਿ ਇਨ੍ਹਾਂ ਘਟਨਾਵਾਂ ਨਾਲ ਜੁੜੇ ਸਾਰੇ ਤੱਥ ਅਤੇ ਤਕਨੀਕੀ ਸਬੂਤ ਨਸ਼ਟ ਹੋ ਚੁੱਕੇ ਹਨ। ਇਸ ਲਈ ਇਸ ਮਾਮਲੇ ਦੀ ਤਹਿ ਤੱਕ ਜਾਣਾ ਸੰਭਵ ਨਹੀਂ। ਸੀ.ਬੀ.ਆਈ. ਨੇ ਇਨ੍ਹਾਂ ਘਟਨਾਵਾਂ ਸਬੰਧੀ ਦਰਜ ਕੀਤੇ ਤਿੰਨਾਂ ਮਾਮਲਿਆਂ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਇਸ ਮਾਮਲੇ ਵਿਚ 3 ਡੇਰਾ ਪ੍ਰੇਮੀ ਨਾਮਜ਼ਦ ਸਨ।

ਇਨ੍ਹਾਂ ਵਿਚੋਂ ਇਕ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੀ ਕੁਝ ਦਿਨ ਪਹਿਲਾਂ ਜੇਲ੍ਹ ਵਿਚ ਹੱਤਿਆ ਕਰ ਦਿੱਤੀ ਗਈ ਸੀ ਜਦਕਿ ਸੀ.ਬੀ.ਆਈ. ਨੇ ਡੇਰਾ ਪ੍ਰੇਮੀ ਸ਼ਕਤੀ ਸਿੰਘ ਅਤੇ ਸੁਖਜਿੰਦਰ ਸਿੰਘ ਦੇ ਨਿਰਦੋਸ਼ ਹੋਣ ਦਾ ਦਾਅਵਾ ਕਰ ਦਿੱਤਾ ਹੈ। ਅਸਲ ਵਿਚ, ਇਸ ਮਾਮਲੇ ਵਿਚ ਸੀ.ਬੀ.ਆਈ. ਦੇ ਅਧਿਕਾਰੀਆਂ ਨੇ ਇਕ ਸਾਲ ਪਹਿਲਾਂ ਹੀ ਪੜਤਾਲ ਤੋਂ ਹੱਥ ਪਿੱਛੇ ਖਿੱਚ ਲਏ ਸਨ ਅਤੇ ਫਰੀਦਕੋਟ ਵਿਚ ਸੀ.ਬੀ.ਆਈ. ਦੇ ਸਥਾਪਤ ਦਫਤਰ ਵਿਚ ਕਿਸੇ ਵੀ ਅਧਿਕਾਰੀ ਨੇ ਗੇੜਾ ਨਹੀਂ ਮਾਰਿਆ। ਯਾਦ ਰਹੇ ਕਿ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਪੰਜਾਬ ਵਿਚ ਲੱਗੇ ਬਰਗਾੜੀ ਮੋਰਚੇ ਨੂੰ ਮਿਲੇ ਹੁੰਗਾਰੇ ਪਿੱਛੋਂ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਬੇਅਦਬੀ ਦੀ ਸਾਰੀ ਸਾਜ਼ਿਸ਼ ਡੇਰਾ ਸਿਰਸਾ ਪ੍ਰੇਮੀਆਂ ਵਲੋਂ ਰਚੀ ਗਈ ਸੀ। ਇਸ ਸਬੰਧੀ ਧੜਾ-ਧੜ ਗ੍ਰਿਫਤਾਰੀਆਂ ਕਰਕੇ ਦਾਅਵਾ ਕੀਤਾ ਗਿਆ ਸੀ ਕਿ ਅਸਲ ਦੋਸ਼ੀਆਂ ਤੱਕ ਹੱਥ ਪਹੁੰਚ ਗਏ ਹਨ। ਇਸ ਭਰੋਸੇ ਤੋਂ ਬਾਅਦ ਬਰਗਾੜੀ ਮੋਰਚਾ ਚੁੱਕ ਲਿਆ ਗਿਆ ਅਤੇ ਲੋਕ ਸਭਾ ਚੋਣਾਂ ਸੁੱਖੀ-ਸਾਂਦੀ ਸਿਰੇ ਚੜ੍ਹ ਗਈਆਂ। ਚੋਣਾਂ ਪਿੱਛੋਂ ਹਾਲਾਤ ਇਕਦਮ ਬਦਲ ਗਏ। ਸੀ.ਬੀ.ਆਈ. ਨੇ ਚੁੱਪ-ਚੁਪੀਤੇ 4 ਜੁਲਾਈ ਨੂੰ ਮੁਹਾਲੀ ਦੀ ਅਦਾਲਤ ਵਿਚ ਕੇਸ ਬੰਦ ਕਰਨ ਦੀ ਰਿਪੋਰਟ ਪੇਸ਼ ਕਰ ਦਿੱਤੀ।

ਬੇਅਦਬੀਆਂ ਵਿਰੁਧ ਉਠੇ ਵਿਆਪਕ ਰੋਸ ਦੇ ਦਬਾਅ ਹੇਠ ਅਕਾਲੀ-ਭਾਜਪਾ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਸੀ ਪਰ ਸੀ.ਬੀ.ਆਈ. ਦੇ ਇਸ ਮਾਮਲੇ ਵਿਚ ਡੱਕਾ ਦੂਹਰਾ ਨਹੀਂ ਕੀਤਾ। ਆਖਰ ਪਹਿਲੀ ਜੂਨ 2018 ਨੂੰ ਸ਼ੁਰੂ ਹੋਏ ਬਰਗਾੜੀ ਇਨਸਾਫ ਮੋਰਚੇ ਦੇ ਦਬਾਅ ਹੇਠ ਡੀ.ਆਈ.ਜੀ. ਰਣਬੀਰ ਸਿੰਘ ਖਟੜਾ ਦੀ ਅਗਵਾਈ ਵਾਲੀ ਜਾਂਚ ਕਮੇਟੀ ਨੂੰ ਸਰਗਰਮ ਕਰਨ ਬਾਅਦ 7 ਜੂਨ ਨੂੰ ਬੇਅਦਬੀ ਮਾਮਲਿਆਂ 'ਚ ਡੇਰਾ ਸਿਰਸਾ ਦੇ ਪ੍ਰੇਮੀ ਮਹਿੰਦਰਪਾਲ ਬਿੱਟੂ, ਸ਼ਕਤੀ ਅਤੇ ਸੰਨੀ ਦਾ ਹੱਥ ਹੋਣ ਦਾ ਪਰਦਾਫਾਸ਼ ਹੋਇਆ ਸੀ ਪਰ ਇਹ ਮਾਮਲਾ ਸੀ.ਬੀ.ਆਈ. ਦੇ ਹੱਥ ਹੋਣ ਕਾਰਨ ਜਾਂਚ ਟੀਮ ਕਾਨੂੰਨੀ ਤੌਰ 'ਤੇ ਕੁਝ ਨਹੀਂ ਸੀ ਕਰ ਸਕਦੀ। ਇਸ ਕਰਕੇ ਉਨ੍ਹਾਂ ਮੋਗਾ ਦੇ 2011 'ਚ ਹੋਈ ਬੱਸਾਂ ਦੀ ਸਾੜਫੂਕ ਦੇ ਮਾਮਲੇ 'ਚ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਬੇਅਦਬੀ ਮਾਮਲੇ ਦੀਆਂ ਗਵਾਹੀਆਂ, ਸਬੂਤ ਇਕੱਤਰ ਕਰਕੇ ਮੋਗਾ ਅਦਾਲਤ 'ਚ ਵੀ ਪੇਸ਼ ਕੀਤੇ ਤੇ ਪੰਜਾਬ ਸਰਕਾਰ ਤੇ ਸੀ.ਬੀ.ਆਈ. ਨੂੰ ਵੀ ਜਾਣਕਾਰੀ ਭੇਜ ਦਿੱਤੀ। ਮੋਗਾ ਬੱਸ ਸਾੜ-ਫੂਕ ਕੇਸ 'ਚ ਫਰੀਦਕੋਟ ਦੀ ਜੇਲ੍ਹ ਵਿਚ ਰਹਿੰਦਿਆਂ ਉਕਤ ਤਿੰਨਾਂ ਦੋਸ਼ੀਆਂ ਦੇ ਧਾਰਾ 164 ਅਧੀਨ ਇਕਬਾਲੀਆ ਬਿਆਨ ਵੀ

(ਬਾਕੀ ਸਫਾ 6 ਉਤੇ)

## ਨਹਿਰ ਦੇ ਮੁੱਦੇ 'ਤੇ ਸਿਆਸੀ ਧਿਰਾਂ ਨੇ ਮੁੜ ਸੰਭਾਲੇ ਮੋਰਚੇ

**ਚੰਡੀਗੜ੍ਹ:** ਸੁਪਰੀਮ ਕੋਰਟ ਵਲੋਂ ਕੇਂਦਰ, ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਸਤਲੁਜ-ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ) ਦਾ ਮੁੱਦਾ ਆਪਸ ਵਿਚ ਮਿਲ ਬੈਠ ਕੇ ਹੱਲ ਕਰਨ ਦੀ ਸਲਾਹ ਦੇਣ ਨਾਲ ਇਹ ਮੁੱਦਾ ਮੁੜ ਭਖ ਗਿਆ ਹੈ। ਇਸ ਤੋਂ ਬਾਅਦ ਕੇਂਦਰੀ ਕੈਬਨਿਟ ਨੇ ਸਾਰੇ ਅੰਤਰਰਾਜੀ ਦਰਿਆਵਾਂ ਦੇ ਪਾਣੀਆਂ ਦੇ ਵਿਵਾਦਾਂ ਦਾ ਨਿਬੇੜਾ ਕਰਨ ਲਈ ਇਕ ਸਥਾਈ ਟ੍ਰਿਬਿਊਨਲ ਦੇ ਗਠਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਫੈਸਲਾ ਪਿੱਛੋਂ ਸਿਆਸੀ ਧਿਰਾਂ ਨੇ ਇਕਦਮ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ।



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਸਲੇ ਉਤੇ ਦਿੱਲੀ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਉਧਰ, ਹਰਿਆਣਾ ਦੀ ਭਾਜਪਾ ਸਰਕਾਰ ਵੀ ਪਾਣੀ ਉਤੇ ਆਪਣੇ ਹੱਕ ਦੇ ਦਾਅਵੇ ਕਰਨ ਲੱਗੀ ਹੈ। ਆਮ ਆਦਮੀ ਪਾਰਟੀ ਨੇ ਵੀ ਹਰਿਆਣਾ ਨੂੰ ਇਸ ਮੁੱਦੇ ਉਤੇ ਵੰਗਾਰਿਆ ਹੈ। ਅਸਲ ਵਿਚ, ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਕਾਫੀ ਹੱਦ ਤੱਕ ਬਾਜ਼ੀ ਕੇਂਦਰ ਸਰਕਾਰ ਦੇ ਹੱਥ ਆ ਗਈ ਹੈ। ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਵੀ ਡਰ ਹੈ ਕਿ ਫੈਸਲਾ ਹਰਿਆਣਾ ਦੇ ਹੱਕ ਵਿਚ ਆ ਸਕਦਾ ਹੈ।

ਯਾਦ ਰਹੇ ਕਿ ਭਾਵੇਂ ਐਸ.ਵਾਈ.ਐਲ. ਨਹਿਰ ਦਾ ਮਾਮਲੇ ਅਦਾਲਤ ਵਿਚ ਹੈ ਪਰ ਪੰਜਾਬ ਸਰਕਾਰ ਨੇ ਕਦੇ ਵੀ ਇਸ ਕੇਸ ਦੀ ਖੁੱਲ੍ਹ ਕੇ ਪੈਰਵੀ ਨਹੀਂ ਕੀਤੀ। ਪਿਛਲੀ ਬਾਦਲ ਸਰਕਾਰ ਨੇ ਤਾਂ ਇਸ ਮਸਲੇ ਤੋਂ ਦੂਰੀ ਹੀ ਬਣਾਈ ਰੱਖੀ। ਇਸ ਲਈ ਅਦਾਲਤ ਵਿਚ ਹਰਿਆਣਾ ਦਾ ਪੱਖ ਕਾਫੀ ਮਜਬੂਤ ਮੰਨਿਆ ਜਾ ਰਿਹਾ ਹੈ। ਹੁਣ ਜੇ ਸੁਪਰੀਮ ਕੋਰਟ ਦੀ ਸਿਫਾਰਸ਼ ਉਤੇ ਝਗੜਾ ਨਿਬੇੜਨ ਲਈ ਕੇਂਦਰ ਸਰਕਾਰ ਨੂੰ ਵਿਚੋਲਾ ਬਣਨ ਦਾ ਮੌਕਾ ਮਿਲਦਾ ਹੈ ਤਾਂ ਬਾਜ਼ੀ ਹਰਿਆਣਾ ਦੇ ਹੱਥ ਆ ਸਕਦੀ ਹੈ। ਅਸਲ ਵਿਚ, ਦੋਵਾਂ ਸੂਬਿਆਂ ਵਿਚ ਪਾਣੀਆਂ ਦਾ ਵਿਵਾਦ ਕਾਫੀ

(ਬਾਕੀ ਸਫਾ 6 ਉਤੇ)

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

BEST FARE GUARANTEE
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

ੴ ਸਤਿ ਸ਼੍ਰੀ ਅਕਾਲ
Regal Jewels
Ph: 773-262-4377
www.Regaljewels.Com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ
Diamonds
ਡਾਇਮੰਡ
22kt Gold
22kt ਸੋਨਾ
24kt Gold
24kt ਸੋਨਾ
Rajveer S. Gill
847-907-1525
2625 W. Devon Ave.
Chicago, IL 60659
E-mail: regaljewelsinc@gmail.com


PAO
Punjabi American Organization
Punjabi American Organization
Teeyan Da Mela Family Style-2019
Mrs. Jaswant Kaur Dhaliwal
Dedicated to Late Mrs. Jaswant Kaur Dhaliwal
Attraction of the Event "Shaukan Mele Di"
Enjoy Dholki, Dancing, Singing, Mehndi, Giddha, Shopping & Food
Minni & Gulzar Multani
SUGA BUILDERS & CONSTRUCTION
COMMERCIAL & RESIDENTIAL
Kaler Brothers
Naina & Devinder Singh
Jasmine Sandlas program starts at 12 noon.
Darshan Singh Dhaliwal
Mac & Jodi Bhamra
A1 Motor Sales
Mr. DC
THE GODDARD SCHOOL
FOR EARLY CHILDHOOD DEVELOPMENT
Punjab Sports Club
Vibha Rajput
Laddi Singh
Maddy Singh Singer
Jasmine Sandlas Performing Live
Sunday July 21, 2019 10:30 AM to 4:00 PM
Waterford Banquet Hall 933 S Riverside Dr, Elmhurst, IL 60126
Tickets: General Ticket $15, VIP $100 (Kids Under 5 FREE)
For More Info.: Hash Expressions 630-999-6508; Navjot Bajwa 312-446-4432; Mini Multani 630-935-5239
Tickets Available at: WWW.Sulekha.Com - Facebook - Eventbrite.Com

# Platinum Sponsors: Debra and Darshan Dhaliwal

## Grand Sponsors: Mrs. Minni and Mr. Gulzar Multani - Pan Oceanic Eng.



## Platinum Sponsors







Minni Multani (Grand Sponsor) | Amrita Dandona | Navjot Bajwa Kaler | Jasmeet Suga

## Gold Sponsors





Vibha Rajput | Naina Singh

### Platinum Sponsors:

Debra and Darshan Dhaliwal
Komal and Ketu Amin
Amrtita and Paul Dandona
Navjot and Jatinder Kaler
Minni and Gulzar Multani
Jasmeet and Jasbir Suga
Jyoti and Mac Bhamra

### Gold Sponsors:

Naina and Devinder Singh
Vibha Rajput
Parjesh Patel
Sonal and Neal Patel
Twinkle and Santokh Singh (DC)
Kamal and Lucky Sahota
Rammi and Ravi Hanjra
Rupi and Savi Attal

### Bronze Sponsors:


Deep and Parminder Walia
Navreen and Happy Heer
Lake Street Dental - Dr. Harjinder Khaira
Mira and Balvinder Singh
Dr. Anuja Gupta; Rita and Sanjiv Singh
Brij Sharma - Power Volt Inc.; Laddi Singh
Kamal and Inder Hunjan
Satinder Kaur; Pooja Dhaliwal
Sukhi and Jesse Singh
Satti and Avtar S. Multani
Mandeep and Harkewal Lally
Anil Loomba - Home Mort. Solutions
Aroma Indian Cuisine - Vernon Hills
Rita and Sunil Shaw - New York Life
Pummi and Amritpal Sangha
Harjot and Sarabjit Sehra; Joti and Bubby Bath
Lucky Sahota - Safeway Transporataion

## Bronze Sponsors
















Deep Walia | Kamal Hunjan | Mandeep Laali | Navreen Heer | Parmjit Kaur Sangha | Satwant Kaur Multani | Rubi Kaur Attal

**Raffle Draws >** 10 gram gold raffle by Regal Jewelers. Various raffle prizes by L.A. Tan - Nick Patel

FAMILY AND COSMETIC DENTISTRY
LAKE STREET DENTAL

CREATIVE LENDING SOLUTIONS

NEW YORK LIFE
Sunil Shah
847-517-8640

UNITED TRANSPORTATION

SAFEWAY TRANSPORT
Lucky Sahota

HMSI
Innovative mortgage provider (NMLS#203199)
Home Mortgage Solutions Inc
(An Illinois Residential Mortgage Licensee)
NEED A MORTGAGE? HMSI is the place to go
Ultimate Destination for all Your Mortgage Needs
Serving Community For over 20 Years
6825 Hobson Valley Dr., Woodridge, IL 60517, USA. Visit: www.HMSILoans.com
Anil Loomba
Cell 630-745-9640

VINAKOM
VinaKom Communications
860 Remington Road,
Schaumburg, Illinois 60173

# ਕਰਤਾਰਪੁਰ ਲਾਂਘਾ: ਪਾਕਿਸਤਾਨ ਨੇ ਵਿਖਾਈ ਖੁੱਲ੍ਹਦਿਲੀ


## ਬਿਨਾ ਵੀਜ਼ੇ ਤੋਂ ਰੋਜ਼ਾਨਾ ਜਾ ਸਕਣਗੇ 5 ਹਜ਼ਾਰ ਸ਼ਰਧਾਲੂ

**ਵਾਹਗਾ:** ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀਆਂ ਦੀ ਵਾਹਗਾ ਸਰਹੱਦ 'ਤੇ ਕਰਤਾਰਪੁਰ ਲਾਂਘੇ ਨੂੰ ਲੈ ਕੇ ਹੋਈ ਦੂਜੇ ਗੇੜ ਦੀ ਅਹਿਮ ਬੈਠਕ ਵਿਚ 80 ਫੀਸਦੀ ਸ਼ਰਤਾਂ ਉਤੇ ਸਹਿਮਤੀ ਬਣੀ। ਇਸ ਤਹਿਤ ਪਾਕਿਸਤਾਨ ਅਤੇ ਭਾਰਤ ਇਸ ਗੱਲ 'ਤੇ ਸਹਿਮਤ ਹੋ ਗਏ ਕਿ ਗੁਰਦੁਆਰਾ ਕਰਤਾਰਪੁਰ ਵਿਚ ਰੋਜ਼ਾਨਾ 5 ਹਜ਼ਾਰ ਸ਼ਰਧਾਲੂ ਜਾ ਸਕਣਗੇ।

ਇਸ ਲਈ ਵੀਜ਼ੇ ਦੀ ਲੋੜ ਨਹੀਂ ਹੋਵੇਗੀ। ਓ.ਸੀ.ਆਈ. ਕਾਰਡਧਾਰਕਾਂ ਨੂੰ ਵੀ ਲਾਂਘੇ ਦੇ ਇਸਤੇਮਾਲ ਦੀ ਇਜਾਜ਼ਤ ਹੋਵੇਗੀ। ਹਾਲਾਂਕਿ ਲਾਂਘੇ ਵਿਚਲੇ ਅੜਿੱਕਿਆਂ ਬਾਰੇ ਪੁੱਛੇ ਜਾਣ 'ਤੇ ਪਾਕਿਸਤਾਨ ਵੱਲੋਂ ਕਿਹਾ ਗਿਆ ਕਿ ਵੱਖ ਵੱਖ ਹਿੱਸਿਆਂ ਵਿਚ ਇਹ ਮਸਲੇ ਵੀ ਹੱਲ ਕਰ ਲਏ ਜਾਣਗੇ। ਸੂਤਰਾਂ ਅਨੁਸਾਰ ਅੰਤਿਮ ਸਮਝੌਤੇ ਤੱਕ ਪੁੱਜਣ ਲਈ ਹਾਲੇ ਦੋ ਜਾਂ ਤਿੰਨ ਗੇੜ ਦੀ ਗੱਲਬਾਤ ਹੋਣੀ ਲਾਜ਼ਮੀ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਪਾਕਿਸਤਾਨ ਇਸ ਤੋਂ ਪਹਿਲਾਂ ਸਿਧਾਂਤਕ ਤੌਰ 'ਤੇ ਪੁਲ ਦੀ ਉਸਾਰੀ ਉਤੇ ਰਾਜ਼ੀ ਹੋ ਗਿਆ ਹੈ। ਪਾਕਿਸਤਾਨ ਨੇ ਮੀਟਿੰਗ ਵਿਚ ਹੋਈ ਗੱਲਬਾਤ ਸਬੰਧੀ ਵਿਸਥਾਰ ਵਿਚ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਭਾਰਤੀ ਵਫਦ ਨੇ ਕਰਤਾਰਪੁਰ ਸਾਹਿਬ ਗੁਰਦੁਆਰੇ 'ਚ ਸਦਾਵਰਤੀ ਰਸਾਈ 'ਤੇ ਜ਼ੋਰ ਦਿੱਤਾ ਤਾਂ ਜੋ ਲੋੜ ਪੈਣ 'ਤੇ ਸ਼ਰਧਾਲੂਆਂ ਨੂੰ ਸਹਾਇਤਾ ਦਿੱਤੀ ਜਾ ਸਕੇ। ਭਾਰਤ ਵੱਲੋਂ ਕਰਤਾਰਪੁਰ ਲਾਂਘੇ ਕੋਲ ਪੁਲ ਉਸਾਰਿਆ ਜਾ ਰਿਹਾ ਹੈ ਅਤੇ ਵਾਰਤਾ ਦੌਰਾਨ ਭਾਰਤ ਨੇ ਪਾਕਿਸਤਾਨ ਨੂੰ ਬੇਨਤੀ ਕੀਤੀ ਕਿ ਉਹ ਸ਼ਰਧਾਲੂਆਂ ਦੀ ਸੁਰੱਖਿਆ ਲਈ ਆਪਣੇ ਹਿੱਸੇ ਵੱਲ ਪੁਲ ਬਣਾਏ ਅਤੇ ਹੜ੍ਹਾਂ ਸਬੰਧੀ ਖਦਸ਼ਿਆਂ ਨੂੰ ਦੂਰ ਕਰੇ। ਭਾਰਤੀ ਅਧਿਕਾਰੀਆਂ ਨੇ ਕਿਹਾ ਕਿ ਪ੍ਰਸਤਾਵਿਤ ਕਾਜ਼ਵੇਅ ਨਾਲ ਲੋਕਾਂ ਲਈ ਦਿੱਕਤਾਂ ਖੜ੍ਹੀਆਂ ਹੋਣਗੀਆਂ ਅਤੇ ਇਸ ਨੂੰ ਆਰਜ਼ੀ ਤੌਰ 'ਤੇ ਵੀ ਨਹੀਂ ਬਣਾਇਆ ਜਾਣਾ ਚਾਹੀਦਾ। ਵਿਦੇਸ਼ ਮੰਤਰਾਲੇ ਦੇ ਬਿਆਨ ਮੁਤਾਬਕ ਪਾਕਿਸਤਾਨੀ ਅਧਿਕਾਰੀਆਂ ਨੇ ਫੌਰੀ ਪੁਲ ਉਸਾਰੇ ਜਾਣ ਦੀ ਸਿਧਾਂਤਕ ਤੌਰ 'ਤੇ ਸਹਿਮਤੀ ਜਤਾਈ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਰਾਵੀ ਦਰਿਆ 'ਤੇ ਪੁਲ ਦੀ ਉਸਾਰੀ ਦਾ ਕੰਮ ਨਾ ਹੋਣ ਕਰ ਕੇ ਭਾਰਤ ਨੇ ਨਵੰਬਰ 'ਚ ਲਾਂਘੇ ਨੂੰ ਖੋਲ੍ਹਣ ਦੇ ਆਰਜ਼ੀ ਪ੍ਰਬੰਧ ਕਰਨ ਦੀ ਪੇਸ਼ਕਸ਼ ਕੀਤੀ ਹੈ।

ਉੱਚ ਪੱਧਰੀ ਮੀਟਿੰਗ ਵਿਚ ਭਾਰਤ ਵੱਲੋਂ ਜੁਆਇੰਟ ਸਕੱਤਰ ਐਸ.ਸੀ.ਐਲ ਦਾਸ ਜਦਕਿ ਪਾਕਿਸਤਾਨ ਵੱਲੋਂ ਦੱਖਣੀ ਏਸ਼ੀਆ ਅਤੇ ਸਾਰਕ ਦੇ ਡਾਇਰੈਕਟਰ ਜਨਰਲ ਡਾ. ਮੁਹੰਮਦ ਫੈਸਲ ਦੀ ਅਗਵਾਈ ਹੇਠ ਵਫਦ ਨੇ ਹਿੱਸਾ ਲਿਆ। ਪੰਜਾਬ ਸਰਕਾਰ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਸਕੱਤਰ ਹੁਸਨ ਲਾਲ ਤੋਂ ਇਲਾਵਾ ਨੈਸ਼ਨਲ ਹਾਈਵੇਅ ਅਥਾਰਟੀਜ਼ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਕਰੀਬ ਤਿੰਨ ਘੰਟੇ ਤੱਕ ਚੱਲੀ ਮੀਟਿੰਗ ਵਿਚ ਦੋਵਾਂ ਮੁਲਕਾਂ ਦੇ ਅਧਿਕਾਰੀਆਂ ਵੱਲੋਂ ਆਪੋ-ਆਪਣੇ ਸੁਝਾਅ ਤੇ ਸ਼ਰਤਾਂ ਪੇਸ਼ ਕੀਤੀਆਂ ਗਈਆਂ। ਸੰਯੁਕਤ ਸਕੱਤਰ ਐਸ ਸੀ ਐਲ ਦਾਸ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਨੇ ਪੂਰਾ ਸਾਲ ਵੀਜ਼ਾ ਮੁਕਤ ਯਾਤਰਾ ਦੀ ਗੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਤੋਂ ਰੋਜ਼ਾਨਾ 5000 ਸ਼ਰਧਾਲੂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਜਾ ਸਕਣਗੇ।

ਉਨ੍ਹਾਂ ਕਿਹਾ ਕਿ ਸ਼ਰਧਾਲੂ ਇਕੱਲੇ ਜਾਂ ਜਥੇ ਦੇ ਰੂਪ ਵਿਚ ਵੀ ਜਾ ਸਕਣਗੇ ਤੇ ਪੈਦਲ ਜਾਣ ਦੀ ਇਜਾਜ਼ਤ ਵੀ ਮਿਲ ਗਈ ਹੈ। ਉਨ੍ਹਾਂ ਦੱਸਿਆ ਕਿ ਖਾਸ ਮੌਕਿਆਂ 'ਤੇ 10 ਹਜ਼ਾਰ ਸ਼ਰਧਾਲੂਆਂ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀ ਆਗਿਆ ਦੇਣ ਦੀ ਮੰਗ ਵੀ ਕੀਤੀ ਗਈ ਹੈ। ਭਾਰਤ ਨੇ ਪਾਕਿਸਤਾਨ ਨੂੰ ਦੱਸਿਆ ਕਿ ਉਹ ਰੋਜ਼ਾਨਾ 15 ਹਜ਼ਾਰ ਸ਼ਰਧਾਲੂਆਂ ਨੂੰ ਸੰਭਾਲਣ ਦੀ ਤਿਆਰੀ ਕਰ ਰਿਹਾ ਹੈ। ਭਾਰਤ ਨੇ ਮੰਗ ਕੀਤੀ ਕਿ ਪਾਕਿਸਤਾਨ ਸ਼ਰਧਾਲੂਆਂ ਤੋਂ ਪਰਮਿਟ ਜਾਂ ਕਿਸੇ ਵੀ ਤਰ੍ਹਾਂ ਦੀ ਹੋਰ ਫੀਸ ਨਾ ਵਸੂਲੇ। ਭਾਰਤ ਨੇ ਪਰਮਿਟ ਸਿਸਟਮ ਨਾ ਬਣਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਅਕਤੂਬਰ ਅਤੇ ਨਵੰਬਰ ਵਿਚ ਭਾਰਤ ਤੋਂ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ ਸਬੰਧੀ ਜਾਣ ਵਾਲੇ ਨਗਰ ਕੀਰਤਨ ਨੂੰ ਇਜਾਜ਼ਤ ਦੇਣ ਦੀ ਮੰਗ ਕੀਤੀ।




## ਕੈਪਟਨ ਵੱਲੋਂ ਫੈਸਲੇ ਦਾ ਸਵਾਗਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਲਈ ਵੱਖਰੇ ਪਰਮਿਟ ਸਿਸਟਮ ਦੀ ਜ਼ਰੂਰਤ ਨੂੰ ਹਟਾਉਣ ਲਈ ਪਾਕਿਸਤਾਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਪਾਸਪੋਰਟ ਦੀ ਸ਼ਰਤ ਵੀ ਹਟਾਉਣ ਦੀ ਅਪੀਲ ਕੀਤੀ ਤਾਂ ਜੋ ਪੇਂਡੂ ਇਲਾਕਿਆਂ ਤੋਂ ਵੀ ਸ਼ਰਧਾਲੂਆਂ ਨੂੰ ਦਰਸ਼ਨ ਕਰਨ ਦੀ ਸਹੂਲਤ ਮਿਲ ਸਕੇ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਉਨ੍ਹਾਂ ਵੱਲੋਂ ਪਿਛਲੇ ਕੁਝ ਮਹੀਨਿਆਂ ਤੋਂ ਕੀਤੀਆਂ ਜਾ ਰਹੀਆਂ ਹੋਰ ਮੰਗਾਂ ਨੂੰ ਵੀ ਪ੍ਰਵਾਨ ਕਰਵਾਉਣ ਲਈ ਭਾਰਤ ਸਰਕਾਰ ਵੱਲੋਂ ਪਾਕਿਸਤਾਨ 'ਤੇ ਜ਼ੋਰ ਪਾਇਆ ਜਾਵੇਗਾ।

## ਭਾਰਤ ਨੂੰ ਅਤਿਵਾਦੀ ਸਰਗਰਮੀਆਂ ਦਾ ਖਦਸ਼ਾ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਕੋਲ ਖਦਸ਼ਾ ਜਤਾਇਆ ਕਿ ਕਰਤਾਰਪੁਰ ਲਾਂਘਾ ਖੁੱਲ੍ਹਣ 'ਤੇ ਕੁਝ ਵਿਅਕਤੀਆਂ ਅਤੇ ਗੁੱਟਾਂ ਵੱਲੋਂ ਭਾਰਤ ਵਿਰੋਧੀ ਸਰਗਰਮੀਆਂ ਨੂੰ ਹੱਲਾਸ਼ੇਰੀ ਦਿੱਤੀ ਜਾ ਸਕਦੀ ਹੈ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਤੀਰਥ ਯਾਤਰਾ 'ਚ ਅੜਿੱਕਾ ਡਾਹੇ ਜਾਣ ਦੀਆਂ ਕੋਸ਼ਿਸ਼ਾਂ ਹੋ ਸਕਦੀਆਂ ਹਨ। ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਦੇ ਆਪਣੇ ਹਿੱਸੇ 'ਚ ਕਾਜ਼ਵੇਅ ਬਣਾਏ ਜਾਣ ਦੀ ਤਜਵੀਜ਼ ਦਾ ਭਾਰਤ ਨੇ ਵਿਰੋਧ ਕੀਤਾ ਕਿਉਂਕਿ ਇਸ ਨਾਲ ਡੇਰਾ ਬਾਬਾ ਨਾਨਕ 'ਚ ਹੜ੍ਹ ਆਉਣ ਦਾ ਖਤਰਾ ਬਣਿਆ ਰਹੇਗਾ। ਅਜਿਹੇ ਖਦਸ਼ਿਆਂ ਨੂੰ ਸਾਂਝਾ ਕਰਦਿਆਂ ਪਾਕਿਸਤਾਨ ਨੂੰ ਡੋਜ਼ੀਅਰ ਵੀ ਸੌਂਪਿਆ ਗਿਆ ਹੈ। ਪਾਕਿਸਤਾਨੀ ਅਧਿਕਾਰੀਆਂ ਨੇ ਭਾਰਤੀ ਵਫਦ ਨੂੰ ਭਰੋਸਾ ਦਿੱਤਾ ਹੈ ਕਿ ਕਿਸੇ ਵੀ ਭਾਰਤ ਵਿਰੋਧੀ ਸਰਗਰਮੀ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਪਾਕਿਸਤਾਨ ਨੇ ਚਾਵਲਾ ਨੂੰ ਕਮੇਟੀ 'ਚੋਂ ਹਟਾਇਆ

**ਇਸਲਾਮਾਬਾਦ:** ਭਾਰਤ ਵੱਲੋਂ ਬਣਾਏ ਗਏ ਦਬਾਅ ਅੱਗੇ ਝੁਕਦਿਆਂ ਪਾਕਿਸਤਾਨ ਨੇ ਖਾਲਿਸਤਾਨ ਪੱਖੀ ਆਗੂ ਗੋਪਾਲ ਸਿੰਘ ਚਾਵਲਾ ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ



ਕਮੇਟੀ (ਪੀ.ਐਸ.ਪੀ.ਜੀ.ਸੀ.) 'ਚੋਂ ਹਟਾ ਦਿੱਤਾ ਹੈ। ਕਮੇਟੀ ਕਰਤਾਰਪੁਰ ਲਾਂਘੇ ਨਾਲ ਸਬੰਧਤ ਕੰਮਕਾਜ ਨੂੰ ਦੇਖ ਰਹੀ ਹੈ। ਕਰਤਾਰਪੁਰ ਲਾਂਘੇ ਸਬੰਧੀ ਭਾਰਤ ਅਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚਕਾਰ ਹੋਣ ਵਾਲੀ ਬੈਠਕ ਤੋਂ ਪਹਿਲਾਂ ਪਾਕਿਸਤਾਨ ਨੇ ਇਹ ਕਦਮ ਉਠਾਇਆ ਹੈ। ਉਂਜ ਪਾਕਿਸਤਾਨ ਨੇ ਖਾਲਿਸਤਾਨ ਪੱਖੀ ਇਕ ਹੋਰ ਆਗੂ ਨੂੰ ਕਮੇਟੀ 'ਚ ਸ਼ਾਮਲ ਕਰ ਲਿਆ ਹੈ।

ਭਾਰਤ ਵੱਲੋਂ ਇਤਰਾਜ਼ ਜਤਾਏ ਜਾਣ ਮਗਰੋਂ ਪਾਕਿਸਤਾਨ ਸਰਕਾਰ ਨੇ 10 ਮੈਂਬਰੀ ਨਵੀਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਐਲਾਨ ਕੀਤਾ ਜਿਸ 'ਚ ਚਾਵਲਾ ਦਾ ਨਾਮ ਸ਼ਾਮਲ ਨਹੀਂ ਹੈ। ਉਹ ਪੀ.ਐਸ.ਜੀ.ਪੀ.ਸੀ. 'ਚ ਜਨਰਲ ਸਕੱਤਰ ਸੀ। ਕਮੇਟੀ 'ਚ ਖਾਲਿਸਤਾਨ ਪੱਖੀ ਆਗੂ ਅਮੀਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਮੰਨਿਆ ਜਾਂਦਾ ਹੈ ਕਿ ਅਮੀਰ ਸਿੰਘ ਖਾਲਿਸਤਾਨੀ ਆਗੂ ਬਿਸ਼ਨ ਸਿੰਘ ਦਾ ਭਰਾ ਹੈ। ਸੂਤਰਾਂ ਮੁਤਾਬਕ ਅਮੀਰ ਸਿੰਘ ਪਾਕਿਸਤਾਨ 'ਚ ਖਾਲਿਸਤਾਨੀ ਲਹਿਰ ਦੇ ਮੋਹਰੀ ਆਗੂਆਂ 'ਚ ਸ਼ਾਮਲ ਰਿਹਾ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਸਬੰਧੀ ਸਰਗਰਮੀਆਂ ਚਲਾਈਆਂ ਜਾ ਰਹੀਆਂ ਸਨ ਪਰ ਭਾਰਤ ਨੇ ਕਮੇਟੀ 'ਚ ਖਾਲਿਸਤਾਨ ਪੱਖੀ ਅਨਸਰਾਂ ਦੀ ਸ਼ਮੂਲੀਅਤ 'ਤੇ ਇਤਰਾਜ਼ ਜਤਾਏ ਸਨ।

## ਕਤਲ ਕੇਸ 'ਚ ਸਾਬਕਾ ਭਾਜਪਾ ਸੰਸਦ ਮੈਂਬਰ ਤੇ ਛੇ ਹੋਰਨਾਂ ਨੂੰ ਉਮਰ ਕੈਦ

**ਅਹਿਮਦਾਬਾਦ:** ਸੀ.ਬੀ.ਆਈ. ਦੀ ਇਕ ਵਿਸ਼ੇਸ਼ ਅਦਾਲਤ ਨੇ 2010 ਵਿਚ ਹੋਏ ਆਰਟੀਆਈ ਕਾਰਕੁਨ ਅਮਿਤ ਜੇਠਵਾ ਦੇ ਕਤਲ ਦੇ ਮਾਮਲੇ ਵਿਚ ਸਾਬਕਾ ਭਾਜਪਾ ਸੰਸਦ ਮੈਂਬਰ ਦੀਨੂ ਬੋਘਾ ਸੋਲੰਕੀ ਅਤੇ ਛੇ ਹੋਰਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਆਰ.ਟੀ.ਆਈ. ਕਾਰਕੁਨ ਨੇ ਗਿਰ ਜੰਗਲਾਤ ਖੇਤਰ ਵਿਚ ਗੈਰਕਾਨੂੰਨੀ ਮਾਈਨਿੰਗ ਨੂੰ ਨਸ਼ਰ ਕਰਨ ਦੀ ਕੋਸ਼ਿਸ਼ ਕੀਤੀ ਸੀ।

ਸੀਬੀਆਈ ਦੇ ਵਿਸ਼ੇਸ਼ ਜੱਜ ਕੇ.ਐਮ. ਦਵੇ ਨੇ ਸਾਬਕਾ ਸੰਸਦ ਮੈਂਬਰ ਸੋਲੰਕੀ ਅਤੇ ਉਸ ਦੇ ਭਤੀਜੇ 'ਤੇ 15-15 ਲੱਖ ਰੁਪਏ ਜੁਰਮਾਨਾ ਵੀ ਲਗਾਇਆ ਹੈ। ਕੇਸ ਦਾ ਫੈਸਲਾ ਸੁਣਾਉਂਦਿਆਂ ਅਦਾਲਤ ਨੇ ਸਾਲ 2009 ਤੋਂ 2014 ਤੱਕ ਜੂਨਾਗੜ੍ਹ ਤੋਂ ਸੰਸਦ ਮੈਂਬਰ ਰਹੇ ਸੋਲੰਕੀ ਤੇ ਉਸ ਦੇ ਭਤੀਜੇ ਸ਼ਿਵਾ ਸੋਲੰਕੀ ਨੂੰ ਕਤਲ ਤੇ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ। ਉਨ੍ਹਾਂ ਤੋਂ ਇਲਾਵਾ ਸ਼ੈਲੇਸ਼ ਪਾਂਡਿਆ, ਬਹਾਦਰ ਸਿੰਘ ਵਢੇਰ, ਪੰਚਨ ਜੀ ਦੇਸਾਈ, ਸੰਜੇ ਚੌਹਾਨ ਤੇ ਉਦਜੀ ਠਾਕੁਰ ਨੂੰ ਵੀ ਇਸ ਕੇਸ 'ਚ ਦੋਸ਼ੀ ਠਹਿਰਾਇਆ ਗਿਆ ਹੈ।

## ਡੇਰਾ ਬਾਬਾ ਨਾਨਕ 'ਚ ਪਾਣੀ ਦੀ ਸੰਭਾਲ ਲਈ ਮਹਾਪੰਚਾਇਤ

**ਡੇਰਾ ਬਾਬਾ ਨਾਨਕ (ਬਟਾਲਾ):** ਪਹਿਲੀ ਪਾਤਸ਼ਾਹੀ ਦੀ ਚਰਨ ਛੋਹ ਪ੍ਰਾਪਤ ਧਰਤੀ ਡੇਰਾ ਬਾਬਾ ਨਾਨਕ ਵਿਚ ਪੰਥਕ ਤਾਲਮੇਲ ਸੰਗਠਨ ਵੱਲੋਂ ਪਲੇਠੀ ਪਾਣੀ ਮਹਾਪੰਚਾਇਤ ਸੱਦੀ ਗਈ। ਬੁਲਾਰਿਆਂ ਨੇ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਵਾਇਆ। ਸਮਾਗਮ ਵਿਚ ਬੀਬੀਆਂ ਨੇ ਉਚੇਚੇ ਤੌਰ ਉਤੇ ਹਾਜ਼ਰੀ ਭਰੀ।

ਇਸ ਪੰਚਾਇਤ ਵਿਚ ਸਾਰੇ ਹੀ ਚਿੰਤਕਾਂ ਨੇ ਪਾਣੀਆਂ ਦੇ ਮਸਲੇ ਦੇ ਕਾਰਨਾਂ ਅਤੇ ਉਸ ਨੂੰ ਨਜਿੱਠਣ ਦੇ ਢੰਗ ਤਰੀਕਿਆਂ ਉਤੇ ਚਿੰਤਨ ਕੀਤਾ।



ਅਤੇ ਸੰਭਾਲ ਨੂੰ ਜਿਥੇ ਪੱਕੇ ਪੈਰੀਂ ਕਰਨ 'ਤੇ ਜ਼ੋਰ ਦਿੱਤਾ, ਉਥੇ ਨਦੀਆਂ, ਨਾਲਿਆਂ, ਨਹਿਰਾਂ, ਚੋਆਂ, ਛੱਪੜਾਂ ਦੇ ਸੁੱਕਣ 'ਤੇ ਚਿੰਤਾ ਵੀ ਜ਼ਾਹਰ ਕੀਤੀ। ਇਸ ਮੌਕੇ ਸੰਗਠਨ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪਾਣੀ ਜੀਵਨ ਦਾ ਅਟੁੱਟ ਅੰਗ ਹੈ, ਇਸ ਦੀ ਸਾਂਭ ਸੰਭਾਲ ਲਈ ਸਿਰਤੋੜ ਯਤਨ ਕੀਤੇ ਜਾਣ। ਕੌਮਾਂਤਰੀ ਸੀਮਾ ਨੇੜੇ ਰੁੱਖਾਂ ਦੀ ਸੰਘਣੀ ਛਾਂ ਹੇਠ ਹੋਏ ਸਮਾਗਮ ਵਿਚ ਸਭ ਧਰਮਾਂ ਦੇ ਬੁਲਾਰਿਆਂ ਨੇ ਜਿਥੇ ਸ਼ਿਰਕਤ ਕੀਤੀ ਉਥੇ ਆਪੋ ਆਪਣੇ ਧਰਮ ਗ੍ਰੰਥਾਂ ਵਿਚ ਦਰਜ ਪਾਣੀ ਦੀ ਅਹਿਮੀਅਤ ਤੋਂ ਵੀ ਜਾਣੂ ਗਿਆਨੀ ਕੇਵਲ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚ ਪਾਣੀ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਕੁਝ ਹਿੱਸਿਆਂ ਵਿਚ ਪਾਣੀ ਦਾ ਜੋ ਸੰਕਟ ਆਇਆ ਹੈ, ਇਸ ਦਾ ਪੰਜਾਬ 'ਤੇ ਜਲਦ ਹੀ ਪਰਛਾਵਾਂ ਪੈ ਰਿਹਾ ਹੈ। ਪਿੰਗਲਵਾੜਾ ਅੰਮ੍ਰਿਤਸਰ ਦੇ ਮੁਖੀ ਬੀਬੀ ਇੰਦਰਜੀਤ ਕੌਰ ਨੇ ਕਿਹਾ ਕਿ ਮਰਹੂਮ ਭਗਤ ਪੂਰਨ ਸਿੰਘ ਨੇ ਜਲ, ਜੰਗਲ ਅਤੇ ਜ਼ਮੀਨ ਦੇ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਯਤਨ ਕੀਤੇ। ਉਨ੍ਹਾਂ ਦੱਸਿਆ ਕਿ ਪਾਣੀ ਨੂੰ ਬਚਾਉਣ ਲਈ ਸਾਨੂੰ ਸਭਨਾਂ ਨੂੰ ਆਪੋ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ।

## ਹਰ ਸਿੱਖ ਪਰਿਵਾਰ ਦਾ ਇਕ ਮੈਂਬਰ ਅਕਾਲੀ ਦਲ ਦਾ ਕਾਰਕੁਨ ਹੋਵੇ: ਬਾਦਲ

**ਲੰਬੀ:** ਸ਼੍ਰੋਮਣੀ ਅਕਾਲੀ ਦਲ (ਬ) ਨੇ ਸੂਬੇ ਵਿਚ ਅਗਾਮੀ ਵਿਧਾਨ ਸਭਾ ਚੋਣਾਂ ਲਈ ਮੈਂਬਰਸ਼ਿਪ ਮੁਹਿੰਮ ਵਿੱਢੀ ਹੈ। ਇਸ ਦਾ ਆਗਾਜ਼ ਕਰਦਿਆਂ ਸਾਬਕਾ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਪਿੰਡ ਬਾਦਲ ਵਿਚ ਦਸ ਰੁਪਏ ਦੀ ਫੀਸ ਭਰ ਕੇ ਅਕਾਲੀ ਦਲ (ਬਾਦਲ) ਦੀ ਮੈਂਬਰਸ਼ਿਪ ਹਾਸਲ ਕੀਤੀ। ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਉਚੇਚੇ ਤੌਰ 'ਤੇ ਮੌਜੂਦ ਸਨ। ਉਨ੍ਹਾਂ ਨੇ ਕੌਮੀ ਮੀਤ ਪ੍ਰਧਾਨ ਤੇਜਿੰਦਰ ਸਿੰਘ ਮਿੱਡੂਖੇੜਾ ਤੋਂ ਪਰਚੀ ਕਟਵਾ ਕੇ ਮੈਂਬਰਸ਼ਿਪ ਹਾਸਲ ਕੀਤੀ। ਪ੍ਰਕਾਸ਼ ਸਿੰਘ ਬਾਦਲ ਨੇ 50 ਨਵੇਂ ਭਰਤੀ ਕੀਤੇ ਮੈਂਬਰਾਂ ਨੂੰ ਮੈਂਬਰਸ਼ਿਪ ਰਸੀਦਾਂ ਵੰਡੀਆਂ।

ਇਸ ਮੌਕੇ ਪ੍ਰਕਾਸ਼ ਸਿੰਘ ਬਾਦਲ ਨੇ ਵਰਕਰਾਂ ਦੇ ਮੁਖਾਤਬ ਹੁੰਦਿਆਂ ਆਖਿਆ ਕਿ ਸਾਨੂੰ ਅਜਿਹੀਆਂ ਸਿੱਖ ਵਿਰੋਧੀ ਤਾਕਤਾਂ ਨੂੰ ਇਕਜੁਟਤਾ ਨਾਲ ਜੁੱਸਾ ਦਿਖਾਉਣ ਦੀ ਜ਼ਰੂਰਤ ਹੈ ਜਿਹੜੀਆਂ ਸਿੱਖ ਕੌਮ ਨੂੰ ਆਗੂ ਰਹਿਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਤੇ ਉਸ ਦੀ ਪ੍ਰਮੁੱਖ ਲੀਡਰਸ਼ਿਪ ਖਿਲਾਫ ਸਾਜ਼ਿਸ਼ਾਂ ਰਚ ਰਹੀਆਂ ਹਨ। ਸ੍ਰੀ ਬਾਦਲ ਨੇ ਵਰਕਰਾਂ ਨੂੰ ਪੰਜਾਬ ਦੇ ਹਰ ਗਲੀ-ਮੁਹੱਲੇ ਅਤੇ ਘਰ-ਘਰ ਤੱਕ ਪਹੁੰਚ ਕਰ ਕੇ ਪਾਰਟੀ ਦਾ ਵਿਸਥਾਰ ਕਰਨ ਦਾ ਸੱਦਾ ਦਿੱਤਾ। ਸਾਬਕਾ ਮੁੱਖ ਮੰਤਰੀ ਨੇ ਆਖਿਆ ਕਿ ਸੂਬੇ ਦੇ ਹਰ ਸਿੱਖ ਪਰਿਵਾਰ ਦਾ ਘੱਟੋ-ਘੱਟ ਇਕ ਮੈਂਬਰ ਅਕਾਲੀ ਦਲ ਦਾ ਸਮਰਪਤ ਕਾਰਕੁਨ ਹੋਣਾ ਚਾਹੀਦਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਰਕਰਾਂ ਨੂੰ ਮੁਹਿੰਮ ਨੂੰ ਤਨਦੇਹੀ ਨਾਲ ਮੁਕਾਮ ਉਤੇ ਪਹੁੰਚਾਉਣ ਦਾ ਸੱਦਾ ਦਿੱਤਾ। ਉਨ੍ਹਾਂ ਆਖਿਆ ਕਿ ਇਸ ਮੁਹਿੰਮ ਤਹਿਤ 30 ਅਗਸਤ ਤੱਕ ਸਮੁੱਚੇ ਪੰਜਾਬ 'ਚ ਅਕਾਲੀ ਦਲ ਵੱਲੋਂ ਕਰੀਬ 30 ਲੱਖ ਨਵੇਂ ਮੈਂਬਰ ਨਾਲ ਸ਼ਾਮਲ ਕੀਤੇ ਜਾਣਗੇ। ਉਨ੍ਹਾਂ ਪਾਰਟੀ ਦੇ ਨਵੇਂ ਮੈਂਬਰਾਂ ਨੂੰ ਜ਼ਮੀਨੀ ਪੱਧਰ ਉਤੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਕੰਮ ਕਰਨ ਦਾ ਸੱਦਾ ਦਿੱਤਾ।

## ਭਾਰਤ 2036 ਤੱਕ ਬਣ ਜਾਵੇਗਾ ਬਜ਼ੁਰਗਾਂ ਦਾ ਦੇਸ਼

**ਨਵੀਂ ਦਿੱਲੀ:** ਸਾਲ 2036 ਵਿਚ ਭਾਰਤ ਬਜ਼ੁਰਗਾਂ ਦਾ ਦੇਸ਼ ਬਣ ਜਾਵੇਗਾ ਅਤੇ ਇਥੇ ਨੌਜਵਾਨਾਂ ਦੀ ਆਬਾਦੀ ਘਟ ਜਾਵੇਗੀ। ਇਹ ਇੰਕਸ਼ਾਫ ਸਰਕਾਰ ਦੇ ਆਬਾਦੀ ਸਬੰਧੀ ਟੈਕਨੀਕਲ ਗਰੁੱਪ ਵੱਲੋਂ ਪੇਸ਼ ਕੀਤੇ ਅੰਕੜਿਆਂ ਵਿਚ ਕਰਦਿਆਂ ਦੱਸਿਆ ਗਿਆ ਕਿ ਭਾਰਤ ਦੀ ਆਬਾਦੀ 2036 ਵਿਚ ਪਿਛਲੀ ਜਨਗਣਨਾ (2011) ਦੇ ਮੁਕਾਬਲੇ 26 ਫੀਸਦੀ ਵਧ ਜਾਵੇਗੀ ਤੇ ਇਸ 'ਚ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ ਲਗਭਗ ਦੁੱਗਣੀ ਹੋ ਜਾਵੇਗੀ ਜਦਕਿ ਨੌਜਵਾਨ ਉਮਰ ਵਰਗ ਦੀ ਆਬਾਦੀ ਘਟ ਜਾਵੇਗੀ।

ਜਨਸੰਖਿਆ ਸਬੰਧੀ ਰਾਸ਼ਟਰੀ ਕਮਿਸ਼ਨ ਵੱਲੋਂ ਗਠਿਤ ਟੈਕਨੀਕਲ ਗਰੁੱਪ ਵੱਲੋਂ ਇਹ ਖੁਲਾਸਾ ਸੰਸਦ ਵਿਚ ਇਕ ਸਵਾਲ ਦਾ ਜਵਾਬ ਦਿੰਦਿਆਂ ਕੀਤਾ ਗਿਆ। ਕਮੇਟੀ, ਜਿਸ ਦੀ ਮੀਟਿੰਗ ਮਈ ਵਿਚ ਹੋਈ ਸੀ, ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਹ ਪ੍ਰੋਜੈਕਟ ਦੇ ਮੁੱਢਲੇ ਅੰਕੜੇ ਹਨ। ਸਾਰੇ ਅੰਕੜੇ ਇਕੱਠੇ ਕਰਨ ਮਗਰੋਂ ਇਕ ਹੋਰ ਖਰੜਾ ਤਿਆਰ ਕੀਤਾ ਜਾਵੇਗਾ ਜਿਸ ਉਪਰ ਕਮੇਟੀ ਕੰਮ ਕਰ ਰਹੀ ਹੈ। ਮੀਟਿੰਗ ਦੀ ਪ੍ਰਧਾਨਗੀ ਭਾਰਤ ਦੇ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਵਿਵੇਕ ਜੋਸ਼ੀ ਨੇ ਕੀਤੀ ਜਿਸ ਦਾ ਉਦਘਾਟਨ ਵਧੀਕ ਸਕੱਤਰ ਅਤੇ ਰਾਸ਼ਟਰੀ ਸਿਹਤ ਮਿਸ਼ਨ ਦੇ ਡਾਇਰੈਕਟਰ ਮਨੋਜ ਝਲਾਨੀ ਵੱਲੋਂ ਕੀਤਾ ਗਿਆ। ਕਮੇਟੀ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਭਾਰਤ ਦੀ ਆਬਾਦੀ 2011 ਦੀ ਜਨਗਣਨਾ 'ਚ ਦਰਜ 1,211 ਮਿਲੀਅਨ ਤੋਂ 26.8 ਫੀਸਦੀ ਵਧ ਕੇ 2035 ਤਕ 1,536 ਮਿਲੀਅਨ (ਡੇਢ ਅਰਬ ਤੋਂ ਵੱਧ) ਹੋ ਜਾਵੇਗੀ। ਪੇਸ਼ ਕੀਤੇ ਅੰਕੜਿਆਂ 'ਚ ਹੋਰ ਖੁਲਾਸਾ ਕੀਤਾ ਗਿਆ ਕਿ 60 ਸਾਲ ਵਰਗ ਦੇ ਲੋਕਾਂ ਦੀ ਆਬਾਦੀ 8.6 ਤੋਂ 15.4 ਫੀਸਦੀ ਵਧ ਜਾਵੇਗੀ। ਇਸ ਦੇ ਮੁਕਾਬਲੇ 25 ਤੋਂ 29 ਸਾਲ ਵਰਗ ਦੇ ਨੌਜਵਾਨਾਂ ਦੀ ਗਿਣਤੀ 19 ਤੋਂ 15 ਫੀਸਦੀ ਤੱਕ ਘਟ ਜਾਵੇਗੀ। ਪ੍ਰੋਜੈਕਟ ਰਿਪੋਰਟ ਅਨੁਸਾਰ ਸ਼ਹਿਰੀ ਆਬਾਦੀ 25 ਫੀਸਦੀ ਤਕ ਵਧ ਜਾਵੇਗੀ।

# ਕੈਪਟਨ ਨਾਲ ਗੁੱਸੇ ਹੋ ਕੇ ਨਵਜੋਤ ਸਿੱਧੂ ਨੇ ਛੱਡੀ ਵਜ਼ੀਰੀ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਮੁੱਖ ਮੰਤਰੀ ਵੱਲੋਂ ਮੰਤਰੀ ਮੰਡਲ 'ਚ ਰੱਦੋਬਦਲ ਤੋਂ ਬਾਅਦ ਸਿੱਧੂ ਨਰਾਜ਼ ਸਨ। ਅਸਲ ਵਿਚ ਸਿੱਧੂ ਵੱਲੋਂ ਰਾਹੁਲ ਗਾਂਧੀ



ਅਤੇ ਪ੍ਰਿਯੰਕਾ ਗਾਂਧੀ ਨਾਲ ਦਿੱਲੀ ਵਿਚ 10 ਜੂਨ ਨੂੰ ਕੀਤੀ ਗਈ ਮੁਲਾਕਾਤ ਦੌਰਾਨ ਮੰਤਰੀ ਅਹੁਦੇ ਤੋਂ ਆਪਣਾ ਅਸਤੀਫਾ ਦੇ ਦਿੱਤਾ ਗਿਆ ਸੀ।

ਅਸਤੀਫੇ 'ਚ ਕੇਵਲ ਇੰਨਾ ਹੀ ਲਿਖਿਆ ਗਿਆ ਸੀ ਕਿ ਉਹ ਪੰਜਾਬ ਮੰਤਰੀ ਮੰਡਲ ਤੋਂ ਆਪਣਾ ਅਸਤੀਫਾ ਦੇ ਰਹੇ ਹਨ। ਵਰਨਣਯੋਗ ਹੈ ਕਿ ਰਾਹੁਲ ਗਾਂਧੀ ਵੱਲੋਂ ਮੁੱਖ ਮੰਤਰੀ ਨਾਲ ਇਹ ਮਾਮਲਾ ਨਿਪਟਾਉਣ ਲਈ ਕਾਂਗਰਸ ਦੇ ਜਨਰਲ ਸਕੱਤਰ ਤੇ ਸੀਨੀਅਰ ਆਗੂ ਅਹਿਮਦ ਪਟੇਲ ਦੀ ਡਿਊਟੀ ਲਗਾਈ ਗਈ ਸੀ ਪਰ ਮੁੱਖ ਮੰਤਰੀ ਵੱਲੋਂ ਲਏ ਗਏ ਸਖਤ ਸਟੈਂਡ ਤੋਂ ਬਾਅਦ ਇਹ ਮਾਮਲਾ ਲਟਕ ਗਿਆ ਸੀ, ਕਿਉਂਕਿ ਰਾਹੁਲ ਗਾਂਧੀ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਗਏ ਸਨ ਅਤੇ ਪਾਰਟੀ ਵੱਲੋਂ ਹੁਣ ਤੱਕ ਕੋਈ ਨਵਾਂ ਪ੍ਰਧਾਨ ਨਹੀਂ ਥਾਪਿਆ ਜਾ ਸਕਿਆ। ਨਵਜੋਤ ਸਿੰਘ ਸਿੱਧੂ ਤੋਂ ਸਥਾਨਕ ਸਰਕਾਰਾਂ ਅਤੇ ਸਭਿਆਚਾਰਕ ਮਾਮਲਿਆਂ ਤੇ ਸੈਰ ਸਪਾਟਾ ਦੇ ਵਿਭਾਗ ਲੈ ਕੇ ਉਨ੍ਹਾਂ ਨੂੰ ਬਿਜਲੀ ਵਿਭਾਗ ਦਿੱਤੀ ਗਿਆ ਸੀ। ਜਿਸ ਕਾਰਨ ਉਹ ਨਾਰਾਜ਼ ਸਨ ਅਤੇ ਪਾਰਟੀ ਹਾਈਕਮਾਨ ਕੋਲ ਵੀ ਇਹ ਮੁੱਦਾ ਉਠਾਇਆ ਸੀ।

ਪਿਛਲੇ ਕਰੀਬ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਅਗਿਆਤਵਾਸ ਵਿਚ ਹੀ ਰਹੇ ਅਤੇ ਉਨ੍ਹਾਂ ਨੇ ਇਸ ਸਬੰਧੀ ਖਾਸਕਰ ਮੀਡੀਆ ਆਦਿ ਨਾਲ ਸੰਪਰਕ ਵਿਚ ਗੁਰੇਜ਼ ਹੀ ਕਰੀ ਰੱਖਿਆ ਸੀ ਅਤੇ ਨਾ ਹੀ ਉਨ੍ਹਾਂ ਵੱਲੋਂ ਕੋਈ ਬਿਆਨ ਜਾਂ ਟਿੱਪਣੀ ਹੀ ਦਿੱਤੀ ਗਈ। ਸੂਤਰਾਂ ਦਾ ਕਹਿਣਾ ਹੈ ਕਿ ਬੀਤੇ ਦਿਨਾਂ ਦੌਰਾਨ ਵਿਜੀਲੈਂਸ ਵਿਭਾਗ ਰਾਹੀਂ ਜਿਸ ਢੰਗ ਨਾਲ ਅੰਮ੍ਰਿਤਸਰ ਅਤੇ ਜ਼ੀਰਕਪੁਰ ਆਦਿ ਵਿਚ ਉਨ੍ਹਾਂ ਦੇ ਸਮੇਂ ਦੌਰਾਨ ਅਲਾਟ ਹੋਏ ਕੁਝ ਕੰਮਾਂ ਦੀ ਜਾਂਚ ਸ਼ੁਰੂ ਕਰਵਾਈ ਗਈ ਅਤੇ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਉਨ੍ਹਾਂ ਦੇ ਹਲਕੇ ਦੇ ਇਕ ਆਗੂ ਨੂੰ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਲਗਾਇਆ ਗਿਆ ਅਤੇ ਪਾਰਟੀ ਹਾਈਕਮਾਨ ਉਨ੍ਹਾਂ ਵੱਲੋਂ ਉਠਾਏ ਗਏ ਇਤਰਾਜ਼ਾਂ ਨੂੰ ਹੱਲ ਕਰਵਾਉਣ 'ਚ ਅਸਮਰਥ ਸਾਬਤ ਹੋਈ, ਉਸ ਤੋਂ ਉਹ ਕਾਫੀ ਨਿਰਾਸ਼ ਵੀ ਸਨ। ਸ. ਸਿੱਧੂ ਆਪਣੇ ਚੰਡੀਗੜ੍ਹ ਸਥਿਤ ਸਰਕਾਰੀ ਨਿਵਾਸ 'ਤੇ ਪਿਛਲੇ ਕਾਫੀ ਦਿਨਾਂ ਤੋਂ ਨਹੀਂ ਆਏ।

ਜ਼ਿਕਰਯੋਗ ਹੈ ਕਿ ਨਵਜੋਤ ਸਿੱਧੂ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਕੁਝ ਅਹਿਮ ਮਸਲਿਆਂ, ਖਾਸ ਕਰਕੇ ਬਾਦਲਾਂ ਅਤੇ ਬਿਕਰਮ ਮਜੀਠਿਆ ਵਿਰੁੱਧ ਕਾਰਵਾਈ ਕਰਨ, ਨੂੰ ਲੈ ਕੇ ਮੱਤਭੇਦ ਹੋ ਗਏ ਸਨ। ਇਨ੍ਹਾਂ ਮੱਤਭੇਦਾਂ ਦਾ ਸਿਖਰ ਲੋਕ ਸਭਾ ਚੋਣਾਂ ਸਮੇਂ ਬਠਿੰਡਾ ਵਿਚ ਕੀਤੀਆਂ ਚੋਣ ਰੈਲੀਆਂ ਸਨ ਜਿਸ ਵਿਚ ਸਿੱਧੂ ਨੇ ਸੱਦਾ ਦਿੱਤਾ ਸੀ ਕਿ 'ਫਰੈਂਡਲੀ ਮੈਚ ਖੇਡਣ ਵਾਲਿਆਂ ਨੂੰ ਹਰਾਇਆ ਜਾਵੇ।' ਇਸ ਮਗਰੋਂ ਮੁੱਖ ਮੰਤਰੀ ਨੇ ਵੀ ਬਿਆਨ ਦਿੱਤਾ ਸੀ ਕਿ ਸਿੱਧੂ ਦੇ ਬਿਆਨ ਕਾਰਨ ਕਾਂਗਰਸ ਪਾਰਟੀ ਨੂੰ ਚੋਣਾਂ ਵਿਚ ਭਾਰੀ ਸੱਟ ਲੱਗ ਸਕਦੀ ਹੈ। ਨਤੀਜੇ ਆਉਣ ਪਿਛੋਂ ਉਨ੍ਹਾਂ ਕਿਹਾ ਸੀ ਕਿ ਸਿੱਧੂ ਦੀ ਬਿਆਨਬਾਜ਼ੀ ਕਰਕੇ ਕਾਂਗਰਸ ਬਠਿੰਡਾ ਲੋਕ ਸਭਾ ਸੀਟ ਹਾਰੀ ਹੈ। ਉਸ ਪਿਛੋਂ ਮਾਮਲਾ ਉਲਝਦਾ ਚਲਾ ਗਿਆ ਸੀ।

ਕੈਪਟਨ ਅਤੇ ਸਿੱਧੂ ਵਿਚਾਲੇ ਚੱਲ ਰਹੇ ਟਕਰਾਅ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ ਸੀ ਜਦੋਂ ਸਿੱਧੂ 6 ਜੂਨ ਨੂੰ ਪੰਜਾਬ ਵਜ਼ਾਰਤ ਦੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ ਅਤੇ ਉਸੇ ਸਮੇਂ ਪ੍ਰੈੱਸ ਕਾਨਫਰੰਸ ਕੀਤੀ। ਉਸੇ ਦਿਨ ਮੰਤਰੀਆਂ ਦੇ ਵਿਭਾਗਾਂ ਵਿਚ ਫੇਰਬਦਲ ਕਰਦਿਆਂ ਸਿੱਧੂ ਕੋਲੋਂ ਸਥਾਨਕ ਸਰਕਾਰਾਂ, ਸੈਰ ਸਪਾਟਾ ਅਤੇ ਸਭਿਆਚਾਰ ਮਾਮਲੇ ਵਿਭਾਗ ਵਾਪਸ ਲੈ ਕੇ ਬਿਜਲੀ ਅਤੇ ਨਵਿਆਉਣਯੋਗ ਊਰਜਾ ਵਿਭਾਗ ਦੇ ਦਿੱਤਾ ਗਿਆ ਸੀ, ਜਿਸ ਦਾ ਉਨ੍ਹਾਂ ਅਜੇ ਤਕ ਚਾਰਜ ਨਹੀਂ ਸਾਂਭਿਆ ਸੀ।

## ਨਵਜੋਤ ਸਿੱਧੂ ਬਹੁਤ ਵੱਡਾ ਮੌਕਾਪ੍ਰਸਤ: ਸੁਖਬੀਰ

**ਫਿਰੋਜ਼ਪੁਰ:** ਕਾਂਗਰਸੀ ਮੰਤਰੀ ਨਵਜੋਤ ਸਿੱਧੂ ਵੱਲੋਂ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਭੇਜੇ ਅਸਤੀਫੇ ਬਾਰੇ ਸੁਖਬੀਰ ਬਾਦਲ ਨੇ ਆਖਿਆ ਕਿ ਸਿੱਧੂ ਨੂੰ ਡਰਾਮੇ ਕਰਨ ਦੀ ਆਦਤ ਹੈ। ਉਨ੍ਹਾਂ ਕਿਹਾ ਕਿ ਸਿੱਧੂ ਨੂੰ ਰਾਹੁਲ ਗਾਂਧੀ ਨੂੰ ਚਿੱਠੀ ਲਿਖਣ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਅਸਤੀਫਾ ਦੇਣ ਲਈ ਮੁੱਖ ਮੰਤਰੀ ਨੂੰ ਭੇਜਿਆ ਸੁਨੇਹਾ ਕਾਫੀ ਹੋਣਾ ਸੀ। ਇਸ ਤੋਂ ਸਪਸ਼ਟ ਹੋ ਗਿਆ ਹੈ ਕਿ ਸਿੱਧੂ ਨੇ ਕਾਂਗਰਸ ਪਾਰਟੀ ਨੂੰ ਬਲੈਕਮੇਲ ਕਰਨ ਅਤੇ ਆਪਣੀ ਮਰਜ਼ੀ ਮੁਤਾਬਕ ਝੁਕਾਉਣ ਲਈ ਇਕ ਮਹੀਨੇ ਪਹਿਲਾਂ ਅਸਤੀਫਾ ਦੇ ਦਿੱਤਾ ਸੀ।

## ਅੱਠ ਚੇਅਰਮੈਨਾਂ ਦੇ ਨਾਂਵਾਂ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੋਰਡਾਂ ਤੇ ਨਿਗਮਾਂ ਦੇ ਅੱਠ ਹੋਰ ਚੇਅਰਮੈਨ ਲਾਉਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪਾਰਟੀ ਵਿਚ ਘੱਟ-ਵੱਧ ਹੀ ਜਾਣੇ ਜਾਂਦੇ ਪ੍ਰਗਟ ਸਿੰਘ ਦੂਨਾ ਨੂੰ ਵੀ ਚੇਅਰਮੈਨ ਲਾਉਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਐਚ. ਐਸ. ਹੰਸਪਾਲ ਨੂੰ ਪੰਜਾਬ ਊਰਜਾ ਵਿਕਾਸ ਅਥਾਰਿਟੀ ਅਤੇ ਜਲੰਧਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਤੇਜਿੰਦਰ ਸਿੰਘ ਬਿੱਟੂ ਨੂੰ ਪਨਸਪ ਦਾ ਚੇਅਰਮੈਨ ਲਾਉਣ, ਲੁਧਿਆਣਾ ਦੇ ਕਾਂਗਰਸ ਆਗੂ ਗੁਰਪ੍ਰੀਤ ਸਿੰਘ ਗੋਗੀ ਨੂੰ ਪੰਜਾਬ ਸਟੇਟ ਇੰਡਸਟਰੀਅਲ ਐਕਸਪੋਰਟ ਕਾਰਪੋਰੇਸ਼ਨ ਦਾ ਚੇਅਰਮੈਨ ਤੇ ਕ੍ਰਿਸ਼ਨ ਕੁਮਾਰ ਬਾਵਾ ਨੂੰ ਪੰਜਾਬ ਸਟੇਟ ਇੰਡਸਟਰੀਅਲ ਕਾਰਪੋਰੇਸ਼ਨ ਦਾ ਚੇਅਰਮੈਨ ਲਾਇਆ ਗਿਆ ਹੈ। ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਮਮਤਾ ਦੱਤਾ ਪੰਜਾਬ ਖਾਦੀ ਬੋਰਡ ਦੇ ਚੇਅਰਮੈਨ ਤੇ ਐਮ.ਐਲ. ਸੂਦ ਨੂੰ ਐਸ.ਸੀ. ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਪ੍ਰਵਾਨਗੀ ਦਿੱਤੀ ਹੈ।

# ਨਮੋਸ਼ੀ ਵਾਲੀ ਹਾਰ ਪਿੱਛੋਂ ਵੀ ਆਮ ਆਦਮੀ ਪਾਰਟੀ ਨੇ ਨਹੀਂ ਲਿਆ ਸਬਕ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵਿਚ ਇਕ ਵਾਰ ਮੁੜ ਮੱਤਭੇਦ ਪੈਦਾ ਹੋ ਰਹੇ ਹਨ ਅਤੇ ਪਾਰਟੀ ਵਿਚ ਮੁੱਢ ਤੋਂ ਚੱਲਦੀ ਆ ਰਹੀ ਉਭਰਦੇ ਆਗੂਆਂ ਨੂੰ ਖੂੰਜੇ ਲਾਉਣ ਦੀ ਖੇਡ ਸ਼ੁਰੂ ਹੋ ਗਈ ਹੈ। ਇਸ ਵਾਰ ਸੁਨਾਮ ਦੇ ਵਿਧਾਇਕ ਤੇ ਪਾਰਟੀ ਦੇ ਪੰਜਾਬ ਦੇ ਸਹਿ ਪ੍ਰਧਾਨ ਰਹਿ ਚੁੱਕੇ ਅਮਨ ਅਰੋੜਾ ਦੇ ਪਰ ਕੁਤਰਨ ਦੀ ਚਰਚਾ ਪਾਰਟੀ ਵਿਚ ਚੱਲ ਰਹੀ ਹੈ।

ਦੱਸਣਯੋਗ ਹੈ ਕਿ ਸਮੇਂ-ਸਮੇਂ ਪਾਰਟੀ ਵਿਚੋਂ ਵੱਖ-ਵੱਖ ਢੰਗਾਂ ਨਾਲ ਦੂਰ ਕੀਤੇ ਡਾ ਧਰਮਵੀਰ ਗਾਂਧੀ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰੀਤ ਸਿੰਘ ਘੁੱਗੀ, ਹਰਿੰਦਰ ਸਿੰਘ ਖਾਲਸਾ ਸਮੇਤ ਸੁਖਪਾਲ ਸਿੰਘ ਖਹਿਰਾ ਅਤੇ ਹੋਰ ਵਿਧਾਇਕਾਂ ਆਦਿ ਕਾਰਨ ਪਾਰਟੀ ਨੂੰ ਭਾਰੀ ਢਾਹ ਲੱਗ ਚੁੱਕੀ ਹੈ। 'ਆਪ' ਦੇ ਕੁੱਲ 20 ਵਿਧਾਇਕਾਂ ਵਿਚੋਂ ਇਸ ਵੇਲੇ ਪਾਰਟੀ ਨਾਲ ਮਹਿਜ਼ 11 ਵਿਧਾਇਕ ਹੀ ਹੋਣ ਕਾਰਨ ਪਾਰਟੀ ਕੋਲੋਂ ਵਿਰੋਧੀ ਧਿਰ ਦੇ ਆਗੂ ਦਾ ਅਹੁਦਾ ਵੀ ਖੁੱਸਣ ਦਾ ਖਤਰਾ ਹੈ। ਪਾਰਟੀ ਵਿਚ ਮੁੜ ਪਰ ਕੁਤਰਨ ਦੀ ਚੱਲੀ ਖੇਡ ਕਾਰਨ ਅਗਲੇ ਦਿਨੀਂ 'ਆਪ' ਨੂੰ ਹੋਰ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 2 ਜੂਨ ਨੂੰ ਦਿੱਲੀ ਵਿਖੇ ਪੰਜਾਬ ਦੇ ਵਿਧਾਇਕਾਂ ਦੀ ਹੋਈ ਮੀਟਿੰਗ ਦੌਰਾਨ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਚ ਬਿਜਲੀ ਦੀਆਂ ਮਹਿੰਗੀਆਂ ਦਰਾਂ ਵਿਰੁੱਧ 'ਬਿਜਲੀ ਅੰਦੋਲਨ' ਚਲਾਉਣ ਦੀ ਰੂਪ ਰੇਖਾ ਉਲੀਕੀ ਸੀ ਅਤੇ ਖ਼ੁਦ ਵਿਧਾਇਕ ਅਮਨ ਅਰੋੜਾ ਨੂੰ ਇਸ ਦੀ ਵਾਗਡੋਰ ਫੜਾਉਂਦਿਆਂ ਅੰਦੋਲਨ ਦਾ ਕੋਆਰਡੀਨੇਟਰ ਥਾਪਿਆ ਸੀ।

ਮੀਟਿੰਗ ਵਿਚ 'ਬਿਜਲੀ ਅੰਦੋਲਨ' ਨੂੰ ਵਿਰਾਟ ਰੂਪ ਦੇਣ ਲਈ ਅਮਨ ਅਰੋੜਾ ਨੂੰ ਇਕ ਜੁਲਾਈ ਤੋਂ ਅਣਮਿਥੇ ਸਮੇਂ ਲਈ ਭੁੱਖ ਹੜਤਾਲ 'ਤੇ ਬਿਠਾਉਣ ਦਾ ਫੈਸਲਾ ਵੀ ਕੀਤਾ ਸੀ, ਜਿਸ ਤਹਿਤ ਸ੍ਰੀ ਅਰੋੜਾ ਨੇ ਅੰਦੋਲਨ ਸ਼ੁਰੂ ਕਰਨ ਦਾ ਮੁੱਢ ਬੰਨ੍ਹ ਦਿੱਤਾ ਸੀ ਅਤੇ ਇਸ ਸਬੰਧ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਵੱਲੋਂ ਪੱਤਰ ਲਿਖਣ ਸਮੇਤ ਸੂਬੇ ਦੇ ਡਿਪਟੀ ਕਮਿਸ਼ਨਰਾਂ ਨੂੰ ਮੈਮੋਰੰਡਮ ਦੇਣ ਦੀ ਪ੍ਰਕਿਰਿਆ ਆਰੰਭੀ ਸੀ।

ਜਦੋਂ ਸ੍ਰੀ ਅਰੋੜਾ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਕਰਨ ਲਈ ਤਿਆਰ ਸਨ ਤਾਂ ਇਸੇ ਦੌਰਾਨ ਹੀ ਸ੍ਰੀ ਕੇਜਰੀਵਾਲ ਨੇ ਅਚਨਚੇਤ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਦੀ ਦਿੱਲੀ ਵਿਖੇ ਹੰਗਾਮੀ ਮੀਟਿੰਗ ਸੱਦ ਲਈ, ਜਿਸ ਵਿਚ ਸ੍ਰੀ ਕੇਜਰੀਵਾਲ ਨੇ ਨਾਟਕੀ ਢੰਗ ਨਾਲ 'ਬਿਜਲੀ ਅੰਦੋਲਨ' ਦੀ ਕਮਾਂਡ ਸ੍ਰੀ ਅਰੋੜਾ ਕੋਲੋਂ ਖੋਹ ਕੇ ਬਰਨਾਲਾ ਦੇ ਵਿਧਾਇਕ ਮੀਤ ਹੇਅਰ ਨੂੰ ਸੌਂਪ ਦਿੱਤੀ ਤੇ ਸ੍ਰੀ ਅਰੋੜਾ ਵੱਲੋਂ ਇਕ ਜੁਲਾਈ ਤੋਂ ਸ਼ੁਰੂ ਕੀਤੀ ਜਾਣ ਵਾਲੀ ਅਣਮਿਥੇ ਸਮੇਂ ਦੀ ਭੁੱਖ ਹੜਤਾਲ ਵੀ ਮੁਲਤਵੀ ਕਰ ਦਿੱਤੀ। ਇਸ ਫੈਸਲੇ ਤੋਂ ਬਾਅਦ ਪਾਰਟੀ ਵਿੱਚ ਨਵੀਂ ਤਰ੍ਹਾਂ ਦੀ ਘੁਸਰ-ਮੁਸਰ ਸ਼ੁਰੂ

### ਉਭਰਦੇ ਆਗੂਆਂ ਨੂੰ ਖੂੰਜੇ ਲਾਉਣ ਦੀ ਖੇਡ ਮੁੜ ਸ਼ੁਰੂ

ਹੋ ਗਈ ਅਤੇ ਸ੍ਰੀ ਅਰੋੜਾ ਨੇ ਕੁੱਝ ਦਿਨਾਂ ਤੋਂ ਖਾਮੋਸ਼ੀ ਸਾਧ ਲਈ ਸੀ।

ਇਸੇ ਦੌਰਾਨ 10 ਜੁਲਾਈ ਨੂੰ ਵਿਰੋਧੀ ਧਿਰ ਦੇ ਆਗੂ ਵਕੀਲ ਹਰਪਾਲ ਸਿੰਘ ਚੀਮਾ ਵੱਲੋਂ ਸੱਦੀ ਵਿਧਾਇਕ ਦਲ ਦੀ ਮੀਟਿੰਗ ਵਿਚ ਸ੍ਰੀ ਅਰੋੜਾ ਨੂੰ ਨਾ ਸੱਦਣ ਕਾਰਨ ਪਾਰਟੀ ਵਿਚ ਮੁੜ ਤਰੇੜਾਂ ਪੈਣ ਦੀ ਸੰਭਾਵਨਾ ਪੈਦਾ ਹੋ ਗਈ ਹੈ। ਦੱਸਣਯੋਗ ਹੈ ਕਿ ਸ੍ਰੀ ਅਰੋੜਾ ਪਾਰਟੀ ਦੇ ਪੰਜਾਬ 'ਚ ਪ੍ਰਮੁੱਖ ਹਿੰਦੂ ਚਿਹਰਾ ਹਨ ਅਤੇ ਉਸ ਦੇ ਪਰਿਵਾਰ ਦਾ ਪਿਛੋਕੜ ਸਿਆਸੀ ਹੋਣ ਕਾਰਨ ਉਹ ਨਿਰੰਤਰ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਹਰੇਕ ਮੁੱਦੇ ਉਪਰ ਸਰਗਰਮ ਰਹਿੰਦੇ ਹਨ।

ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਸ੍ਰੀ ਅਰੋੜਾ ਦੇ ਸਿਆਸੀ ਪਿੜ ਵਿਚ ਤੇਜ਼ੀ ਨਾਲ ਉਭਰਨ ਕਾਰਨ ਪਾਰਟੀ ਦੇ ਕਈ ਆਗੂਆਂ ਨੂੰ ਉਹ ਰਾਸ ਨਹੀਂ ਆ ਰਹੇ ਸੀ। ਸੂਤਰਾਂ ਅਨੁਸਾਰ ਇਸੇ ਰਣਨੀਤੀ ਤਹਿਤ ਹੀ ਸ੍ਰੀ ਅਰੋੜਾ ਕੋਲੋਂ 'ਬਿਜਲੀ ਅੰਦੋਲਨ' ਦੀ ਕਮਾਂਡ ਖੋਹ ਕੇ ਪਾਰਟੀ ਨਾਲ ਪੁਰਾਣੇ ਜੁੜੇ ਆਗੂ ਮੀਤ ਹੇਅਰ ਨੂੰ ਸੌਂਪੀ ਗਈ ਹੈ। ਸ੍ਰੀ ਅਰੋੜਾ ਫਿਲਹਾਲ ਖਾਮੋਸ਼ ਹਨ ਅਤੇ ਆਪਣੇ ਪੱਧਰ 'ਤੇ ਹੀ ਸਿਆਸੀ ਸਰਗਰਮੀਆਂ ਚਲਾ ਰਹੇ ਹਨ।


ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।
ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
ਸੰਪਰਕ ਕਰੋ: ਮਿ. ਸਿੰਘ
ਫੋਨ: 515-291-1961
28-

ਵੇਟਰ ਤੇ ਹੈਲਪਰ ਦੀ ਲੋੜ ਹੈ
ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ
ਸੰਪਰਕ ਕਰੋ, ਫੋਨ: 317-709-7800
29-30

Restaurant and Grocery Store
For Sale
A unique combination of Indian Restaurant and Grocery Store for sale in Lake County, IL.
Established business in a rich neighborhood.
Over 85K monthly sale
Asking Price $250K + Inventory
Call: 224-513-1051
29-36

Motel for Sale
in Lewiston, Idaho
Travel Inn Lewiston
42- Room Property
For more information, Please call
Ph: (626) 786-1361
29-30

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖਾਲਿਸਤਾਨ ਪੱਖੀ ਸਿੱਖਸ ਫਾਰ ਜਸਟਿਸ 'ਤੇ ਪਾਬੰਦੀ

**ਨਵੀਂ ਦਿੱਲੀ:** ਸਰਕਾਰ ਨੇ ਖਾਲਿਸਤਾਨੀ ਪੱਖੀ ਜਥੇਬੰਦੀ 'ਦਿ ਸਿੱਖਸ ਫਾਰ ਜਸਟਿਸ' (ਐਸ.ਐਫ.ਜੇ.) 'ਤੇ ਦੇਸ਼ ਵਿਰੋਧੀ ਸਰਗਰਮੀਆਂ ਲਈ ਪਾਬੰਦੀ ਲਾ ਦਿੱਤੀ ਹੈ। ਅਮਰੀਕਾ ਆਧਾਰਿਤ ਐਸ.ਐਫ.ਜੇ. ਵੱਲੋਂ ਆਪਣੇ ਵੱਖਵਾਦੀ ਏਜੰਡੇ ਤਹਿਤ ਸਿੱਖ ਰੈਫਰੈਂਡਮ (ਰਾਇਸ਼ੁਮਾਰੀ) 2020 ਲਈ ਦਬਾਅ ਪਾਇਆ ਜਾ ਰਿਹਾ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਕੇਂਦਰੀ ਕੈਬਨਿਟ ਨੇ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ, 1967 ਦੀ ਧਾਰਾ 3(1) ਤਹਿਤ ਐਸ.ਐਫ.ਜੇ. 'ਤੇ ਪਾਬੰਦੀ ਆਇਦ ਕਰਨ ਦਾ ਫੈਸਲਾ ਕੀਤਾ ਹੈ। ਅਧਿਕਾਰੀ ਨੇ ਕਿਹਾ ਕਿ ਇਸ ਜਥੇਬੰਦੀ ਦਾ ਬੁਨਿਆਦੀ ਮੰਤਵ ਪੰਜਾਬ ਵਿਚ ਇਕ ਵੱਖਰਾ 'ਆਜ਼ਾਦ ਤੇ ਖੁਦਮੁਖ਼ਤਾਰ ਮੁਲਕ' ਸਥਾਪਤ ਕਰਨਾ ਹੈ।

ਉਨ੍ਹਾਂ ਕਿਹਾ ਕਿ ਐਸ.ਐਫ.ਜੇ. 'ਤੇ ਪਾਬੰਦੀ ਲਾਉਣ ਨਾਲ ਵਿਦੇਸ਼ੀ ਧਰਤੀ ਤੋਂ ਸਰਗਰਮੀਆਂ ਚਲਾ ਰਹੇ ਵੱਖਵਾਦੀ ਗੁੱਟਾਂ ਨੂੰ ਸਖਤ ਚਿਤਾਵਨੀ ਦਿੱਤੀ ਗਈ ਹੈ ਕਿ ਭਾਰਤ ਅਜਿਹੀਆਂ ਕਾਰਵਾਈਆਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ ਅਤੇ ਅਜਿਹੀ ਜਥੇਬੰਦੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਕੌਮੀ ਜਾਂਚ ਏਜੰਸੀ, ਪੰਜਾਬ ਅਤੇ ਉੱਤਰਾਖੰਡ ਪੁਲਿਸ ਨੇ ਐਸ.ਐਫ.ਜੇ. ਦੇ ਕਾਰਕੁਨਾਂ ਖਿਲਾਫ 12 ਕੇਸ ਦਰਜ ਕਰਦਿਆਂ 39 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਅਧਿਕਾਰੀ ਨੇ ਕਿਹਾ ਕਿ ਭਾਰਤ 'ਚ ਉਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ ਪਰ ਸ਼ਰਾਰਤ ਕਰਨ ਦੀ ਪੂਰੀ ਗੁੰਜਾਇਸ਼ ਹੈ ਜਿਸ ਕਰਕੇ ਐਸ.ਐਫ.ਜੇ. 'ਤੇ ਪਾਬੰਦੀ ਲਾਉਣ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ 'ਤੇ ਪਾਬੰਦੀ ਲਾਗੂ ਹੋਣ ਮਗਰੋਂ ਹੁਣ ਐਨ.ਆਈ.ਏ. ਉਨ੍ਹਾਂ ਖ਼ਿਲਾਫ਼ ਸਖਤ ਕਾਰਵਾਈ ਲਈ ਵਿਦੇਸ਼ਾਂ 'ਚ ਸੁਰੱਖਿਆ ਏਜੰਸੀਆਂ ਨਾਲ ਮੁੱਦਾ ਉਠਾ ਸਕਦੀ ਹੈ।

# ਐਨ.ਆਈ.ਏ. ਦੇ ਅਧਿਕਾਰਾਂ 'ਚ ਵਾਧੇ ਬਾਰੇ ਬਿੱਲ ਪਾਸ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ. ਆਈ. ਏ.) ਨੂੰ ਵਧੇਰੇ ਤਾਕਤਾਂ ਦੇਣ ਦੀ ਪੈਰਵੀ ਕਰਦਾ ਬਿੱਲ ਲੋਕ ਸਭਾ ਵਿਚ ਪਾਸ ਹੋ ਗਿਆ। ਜ਼ਬਾਨੀ ਵੋਟਿੰਗ ਦੌਰਾਨ ਬਿੱਲ ਦੀ ਹਮਾਇਤ ਵਿਚ 278 ਤੇ ਵਿਰੋਧ ਵਿਚ ਛੇ ਵੋਟਾਂ ਪਈਆਂ।ਇਸ ਬਿੱਲ ਦੇ ਕਾਨੂੰਨ ਦੀ ਸ਼ਕਲ ਲੈਣ ਨਾਲ ਜਾਂਚ ਏਜੰਸੀ ਨੂੰ ਦਹਿਸ਼ਤੀ ਸਰਗਰਮੀਆਂ ਵਿਚ ਸ਼ਾਮਲ ਤੇ ਵਿਦੇਸ਼ ਵਿਚ ਭਾਰਤੀ ਹਿੱਤਾਂ ਨਾਲ ਜੁੜੇ ਕੇਸਾਂ ਦੀ ਜਾਂਚ ਕਰਨ ਦੀ ਖੁੱਲ੍ਹ ਮਿਲ ਜਾਏਗੀ। ਬਿੱਲ ਵਿਚਲੀਆਂ ਸੋਧਾਂ ਐਨ.ਆਈ.ਏ. ਨੂੰ ਸਾਈਬਰ ਅਪਰਾਧਾਂ ਤੇ ਮਨੁੱਖੀ ਤਸਕਰੀ ਦੇ ਕੇਸਾਂ ਦੀ ਜਾਂਚ ਕਰਨ ਦੀ ਵੀ ਇਜਾਜ਼ਤ ਦੇਣਗੀਆਂ।

ਇਸ ਦੌਰਾਨ ਸਰਕਾਰ ਨੇ ਜਿਥੇ ਬਿੱਲ ਨੂੰ ਦੇਸ਼ ਹਿੱਤ ਵਿਚ ਕਰਾਰ ਦਿੱਤਾ ਹੈ, ਉਥੇ ਕਾਂਗਰਸ ਨੇ ਬਿੱਲ ਨੂੰ ਦੇਸ਼ ਨੂੰ 'ਪੁਲਿਸ ਰਾਜ' ਵਿਚ ਤਬਦੀਲ ਕਰਨ ਦਾ ਯਤਨ ਦੱਸਿਆ ਹੈ। ਵਿਰੋਧੀ ਧਿਰ ਨੇ ਖਦਸ਼ਾ ਜਤਾਇਆ ਕਿ ਬਿੱਲ ਦੀ ਵਿਸ਼ੇਸ਼ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਲਈ ਦੁਰਵਰਤੋਂ ਹੋ ਸਕਦੀ ਹੈ। ਲੋਕ ਸਭਾ ਵਿਚ ਕੌਮੀ ਜਾਂਚ ਏਜੰਸੀ (ਸੋਧ) ਬਿੱਲ 2019 ਉਤੇ ਚਰਚਾ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਇਸ ਬਿੱਲ ਨੂੰ ਲਿਆਉਣ ਦਾ ਇਕੋ ਇਕ ਟੀਚਾ ਅਤਿਵਾਦ ਦਾ ਖਾਤਮਾ ਹੈ।

# ਨਹਿਰ ਦੇ ਮੁੱਦੇ 'ਤੇ ਸਿਆਸੀ ਧਿਰਾਂ ਨੇ ਮੁੜ ਸੰਭਾਲੇ ਮੋਰਚੇ

*(ਸਫਾ ਇਕ ਦੀ ਬਾਕੀ)*

ਪੁਰਾਣਾ ਹੈ ਤੇ ਸਿਆਸੀ ਮੁਫਾਦ ਇਸ ਨੂੰ ਹੋਰ ਲੰਮਕਾ ਰਹੇ ਹਨ।

ਐਮਰਜੈਂਸੀ ਦੌਰਾਨ 24 ਮਾਰਚ 1976 ਨੂੰ ਪੰਜਾਬ ਤੇ ਹਰਿਆਣਾ ਦਰਮਿਆਨ ਪਾਣੀ ਦੀ ਵੰਡ ਕਰ ਦਿੱਤੀ ਗਈ ਸੀ। ਪੰਜਾਬ ਸਰਕਾਰ ਨੇ 1979 ਵਿਚ ਕੇਂਦਰ ਸਰਕਾਰ ਵੱਲੋਂ ਕੀਤੇ ਨੋਟੀਫਿਕੇਸ਼ਨ ਖਿਲਾਫ ਪੰਜਾਬ ਪੁਨਰਗਠਨ 1966 ਦੀ ਧਾਰਾ 78, 79 ਅਤੇ 80 ਨੂੰ ਚੁਣੌਤੀ ਦਿੰਦੀ ਪਟੀਸ਼ਨ ਸੁਪਰੀਮ ਕੋਰਟ ਵਿਚ ਦਾਖਲ ਕੀਤੀ ਪਰ 31 ਦਸੰਬਰ 1981 ਨੂੰ ਕੇਂਦਰ ਸਰਕਾਰ ਨੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਦਰਮਿਆਨ ਸਮਝੌਤਾ ਕਰਵਾ ਦਿੱਤਾ ਅਤੇ ਸੁਪਰੀਮ ਕੋਰਟ ਤੋਂ ਕੇਸ ਵਾਪਸ ਲੈਣ ਉਤੇ ਸਹਿਮਤੀ ਬਣ ਗਈ। ਇਸੇ ਸਮਝੌਤੇ ਤਹਿਤ 8 ਅਪਰੈਲ 1982 ਨੂੰ ਐਸ.ਵਾਈ.ਐਲ. ਨਹਿਰ ਦੇ ਨਿਰਮਾਣ ਦੀ ਸ਼ੁਰੂਆਤ ਕਰਨ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਪੂਰੀ ਪਿੰਡ ਆਏ। ਅਕਾਲੀ ਦਲ ਨੇ ਪਾਣੀਆਂ ਦੀ ਵੰਡ ਸਬੰਧੀ ਮੋਰਚਾ ਲਗਾ ਦਿੱਤਾ ਜਿਸ ਨੇ ਬਾਅਦ ਵਿਚ ਧਰਮ ਯੁੱਧ ਦਾ ਰੂਪ ਲੈ ਲਿਆ।

ਸੁਪਰੀਮ ਕੋਰਟ ਨੇ ਪਾਣੀ ਦੇ ਫੈਸਲੇ ਤੋਂ ਅਲੱਗ ਕਰਕੇ ਐਸ.ਵਾਈ.ਐਲ. ਦੀ ਖੁਦਾਈ ਮੁਕੰਮਲ ਕਰਨ ਦਾ ਫੈਸਲਾ ਸੁਣਾਇਆ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਦੇ ਸਮੇਂ (ਜੂਨ 2004 ਵਿਚ) ਵਿਧਾਨ ਸਭਾ ਨੇ ਸਾਰੇ ਜਲ ਸਮਝੌਤੇ ਰੱਦ ਕਰਨ ਦਾ ਕਾਨੂੰਨ ਪਾਸ ਕੀਤਾ। ਇਸ ਤੋਂ ਕੁਝ ਸਮਾਂ ਬਾਅਦ ਫੈਸਲਾ ਮੁੜ ਪੰਜਾਬ ਖਿਲਾਫ ਦੇ ਦਿੱਤਾ ਗਿਆ। ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੇ ਐਸ.ਵਾਈ.ਐਲ. ਲਈ ਖਰੀਦੀ ਜ਼ਮੀਨ ਪੁਰਾਣੇ ਮਾਲਕਾਂ ਨੂੰ ਵਾਪਸ ਕਰਨ ਦਾ ਫੈਸਲਾ ਕਰਕੇ ਮਾਮਲਾ ਟਾਲਣ ਦੀ ਕੋਸ਼ਿਸ਼ ਕੀਤੀ। ਅਸਲ ਵਿਚ ਪਾਣੀ ਦਾ ਇਹ ਮਾਮਲਾ ਸੰਵਿਧਾਨਕ ਤਰੀਕੇ ਨਾਲ ਹੱਲ ਕਰਨ ਦੀ ਥਾਂ ਸਿਆਸੀ ਸਵਾਰਥਾਂ ਦੇ ਆਲੇ-ਦੁਆਲੇ ਘੁੰਮ ਰਿਹਾ ਹੈ। ਕੇਂਦਰ ਅਤੇ ਸਬੰਧਤ ਰਾਜਾਂ ਵਿਚ ਇਕੋ ਪਾਰਟੀ ਜਾਂ ਭਾਈਵਾਲ ਪਾਰਟੀਆਂ ਦੀਆਂ ਸਰਕਾਰਾਂ ਰਹੀਆਂ ਹਨ ਪਰ ਇਸ ਮੁੱਦੇ ਨੂੰ ਕਦੇ ਵੀ ਸੁਹਿਰਦਤਾ ਨਾਲ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ।

## ਤਕਨੀਕੀ ਖਰਾਬੀ ਕਾਰਨ ਚੰਦਰਯਾਨ-2 ਮਿਸ਼ਨ ਟਲਿਆ

**ਸ੍ਰੀਹਰੀਕੋਟਾ:** ਚੰਦਰਯਾਨ-2 ਮਿਸ਼ਨ ਨਿਰਧਾਰਤ ਸਮੇਂ ਤੋਂ ਲਗਭਗ ਇਕ ਘੰਟਾ ਪਹਿਲਾਂ ਤਕਨੀਕੀ ਨੁਕਸ ਦਾ ਪਤਾ ਚੱਲਣ 'ਤੇ ਟਾਲ ਦਿੱਤਾ ਗਿਆ। ਚੰਦਰਯਾਨ-2 ਨੂੰ ਚੰਦਰਮਾ 'ਤੇ ਭੇਜੇ ਜਾਣ ਦੀ ਉਲਟੀ ਗਿਣਤੀ ਚੱਲ ਰਹੀ ਸੀ ਕਿ ਨਿਰਧਾਰਤ ਸਮੇਂ ਤੋਂ ਇਕ ਘੰਟਾ ਪਹਿਲਾਂ ਜੀ.ਐਸ.ਐਲ.ਵੀ. ਐਮ.ਕੇ-3 ਰਾਕੇਟ ਵਿਚ ਤਕਨੀਕੀ ਨੁਕਸ ਦਾ ਪਤਾ ਚੱਲਿਆ ਅਤੇ ਇਸ ਮਿਸ਼ਨ ਨੂੰ ਰੋਕ ਦਿੱਤਾ ਗਿਆ।

# ਪੰਜਾਬ ਸਰਕਾਰ ਦੇ ਦਬਾਅ ਕਾਰਨ ਐਸ.ਐਫ.ਜੇ. 'ਤੇ ਕੱਸਿਆ ਸ਼ਿਕੰਜਾ

**ਚੰਡੀਗੜ੍ਹ:** ਖਾਲਿਸਤਾਨ ਪੱਖੀ ਜਥੇਬੰਦੀ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਵੱਲੋਂ ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਤੇ ਸੂਬੇ ਨਾਲ ਸਬੰਧਤ ਪੁਲਿਸ ਅਧਿਕਾਰੀਆਂ ਦੇ ਵਿਦੇਸ਼ ਰਹਿੰਦੇ ਪਰਿਵਾਰਾਂ ਨੂੰ ਧਮਕੀਆਂ ਦੇਣ ਤੋਂ ਕੁਝ ਹਫਤੇ ਮਗਰੋਂ ਕੇਂਦਰ ਸਰਕਾਰ ਨੇ ਇਸ ਜਥੇਬੰਦੀ 'ਤੇ ਪਾਬੰਦੀ ਲਾ ਦਿੱਤੀ।

ਵੱਖਵਾਦੀ ਏਜੰਡੇ ਵਜੋਂ ਪੰਜਾਬ ਵਿਚ ਵੱਖਰੇ ਖਾਲਿਸਤਾਨ ਲਈ ਸਿੱਖ ਰੈਫਰੈਂਡਮ 2020 ਦੀ ਮੰਗ ਕਰ ਰਹੀ ਐਸ.ਐਫ.ਜੇ. ਖਿਲਾਫ ਸਖਤ ਕਾਰਵਾਈ ਲਈ ਪੰਜਾਬ ਸਰਕਾਰ ਵੱਲੋਂ ਕੇਂਦਰ 'ਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਸੀ। ਐਸ.ਐਫ.ਜੇ. ਖਿਲਾਫ ਦੇਸ਼ ਧਰੋਹ ਤੇ ਦਹਿਸ਼ਤੀ ਸਰਗਰਮੀਆਂ ਨਾਲ ਸਬੰਧਤ ਕਈ ਕੇਸ ਪੰਜਾਬ, ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵਿਚ ਦਰਜ ਹਨ। ਭਾਰਤ ਸਰਕਾਰ ਦੀ ਪੈਰਵੀ 'ਤੇ ਐਸ.ਐਫ.ਜੇ. ਦਾ ਟਵਿੱਟਰ ਹੈਂਡਲ ਤੇ ਹੋਰ ਸੋਸ਼ਲ ਮੀਡੀਆ ਖਾਤੇ ਬੰਦ ਕਰ ਦਿੱਤੇ ਗਏ, ਪਰ ਪੰਜਾਬ ਸਰਕਾਰ ਵੱਲੋਂ ਕੀਤੀਆਂ ਨਿਯਮਤ ਸਿਫਾਰਸ਼ਾਂ ਦੇ ਬਾਵਜੂਦ ਕੇਂਦਰ ਸਰਕਾਰ ਜਥੇਬੰਦੀ 'ਤੇ ਪਾਬੰਦੀਆਂ ਲਾਉਣ ਤੋਂ ਟਲਦੀ ਰਹੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਹਾਲੀਆ ਮੀਟਿੰਗ ਵਿਚ ਉਨ੍ਹਾਂ ਨੂੰ ਐਸ.ਐਫ.ਜੇ. ਵੱਲੋਂ ਖੜੀਆਂ ਕੀਤੀਆਂ ਜਾ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਸੀ। ਪੁਲਿਸ ਹੁਣ ਤੱਕ ਐਸ.ਐਫ.ਜੇ. ਖਿਲਾਫ ਅੱਧੀ ਦਰਜਨ ਤੋਂ ਵੱਧ ਕੇਸ ਦਰਜ ਕਰ ਚੁੱਕੀ ਹੈ।

# ਗ੍ਰੀਨ ਕਾਰਡ: ਅਮਰੀਕੀ ਕਾਂਗਰਸ ਵਲੋਂ ਸੱਤ ਫੀਸਦ ਸੀਲਿੰਗ ਹਟਾਉਣ ਸਬੰਧੀ ਮਤਾ ਪਾਸ

**ਵਾਸ਼ਿੰਗਟਨ:** ਅਮਰੀਕਾ ਦੇ 435 ਮੈਂਬਰੀ ਪ੍ਰਤੀਨਿਧ ਸਦਨ ਨੇ ਵੱਡੇ ਬਹੁਮਤ ਨਾਲ ਪ੍ਰਤੀ ਮੁਲਕ ਸੱਤ ਫੀਸਦ ਗ੍ਰੀਨ ਕਾਰਡ ਜਾਰੀ ਕਰਨ ਸਬੰਧੀ ਸੀਲਿੰਗ ਨੂੰ ਖਤਮ ਕਰਨ ਦੀ ਮੰਗ ਕਰਦਾ ਬਿੱਲ ਪਾਸ ਕਰ ਦਿੱਤਾ। ਬਿੱਲ ਦੇ ਹੱਕ ਵਿਚ 365 ਜਦੋਂ ਕਿ ਵਿਰੋਧ ਵਿਚ ਮਹਿਜ਼ 65 ਵੋਟਾਂ ਪਈਆਂ। ਨਵੇਂ ਬਿੱਲ ਵਿਚ ਸੀਲਿੰਗ ਨੂੰ ਸੱਤ ਤੋਂ ਵਧਾ ਕੇ 15 ਫੀਸਦ ਕਰ ਦਿੱਤਾ ਗਿਆ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਭਾਰਤ ਜਿਹੇ ਮੁਲਕਾਂ ਦੇ ਹਜ਼ਾਰਾਂ ਹੁਨਰਮੰਦ ਪੇਸ਼ੇਵਰਾਂ ਨੂੰ ਲਾਹਾ ਮਿਲੇਗਾ, ਜੋ ਗ੍ਰੀਨ ਕਾਰਡ ਹਾਸਲ ਕਰਨ ਲਈ ਵਰ੍ਹਿਆਂ ਤੋਂ ਕਤਾਰਾਂ ਵਿਚ ਲੱਗੇ ਹੋਏ ਹਨ।

ਗ੍ਰੀਨ ਕਾਰਡ ਧਾਰਕ ਗੈਰ-ਅਮਰੀਕੀ ਨਾਗਰਿਕ ਨੂੰ ਮੁਲਕ ਵਿਚ ਸਥਾਈ ਤੌਰ 'ਤੇ ਰਹਿਣ ਤੇ ਕੰਮ ਕਰਨ ਦੀ ਖੁੱਲ੍ਹ ਹੁੰਦੀ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਹੀ ਮਗਰੋਂ ਇਸ ਬਿੱਲ ਦੇ ਕਾਨੂੰਨ ਦਾ ਰੂਪ ਅਖਤਿਆਰ ਕਰਨ ਤੋਂ ਪਹਿਲਾਂ ਇਸ ਨੂੰ ਅਮਰੀਕੀ ਸੈਨੇਟ ਵਿਚ ਪੇਸ਼ ਕੀਤਾ ਜਾਵੇਗਾ, ਜਿੱਥੇ ਸੱਤਾਧਾਰੀ ਰਿਪਬਲਿਕਨ ਪਾਰਟੀ ਬਹੁਗਿਣਤੀ ਵਿਚ ਹੈ। ਕਾਬਲੇਗੌਰ ਹੈ ਕਿ ਭਾਰਤੀ ਆਈਟੀ ਪੇਸ਼ੇਵਰ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਅਤਿ ਹੁਨਰਮੰਦ ਹਨ ਤੇ ਵਿਸ਼ੇਸ਼ ਕਰਕੇ ਐਚ1ਬੀ ਵੀਜ਼ਾ ਰਾਹੀਂ ਅਮਰੀਕਾ ਆਉਂਦੇ ਹਨ, ਨੂੰ ਅਮਰੀਕਾ ਦੇ ਮੌਜੂਦਾ ਪਰਵਾਸ ਪ੍ਰਬੰਧ ਦੀ ਸਭ ਤੋਂ ਵਧ ਮਾਰ ਝੱਲਣੀ ਪੈ ਰਹੀ ਸੀ। ਇਸ ਪ੍ਰਬੰਧ ਤਹਿਤ ਹੁਣ ਤਕ ਪ੍ਰਤੀ ਮੁਲਕ ਸੱਤ ਫੀਸਦ ਗ੍ਰੀਨ ਕਾਰਡ ਹੀ ਜਾਰੀ ਕੀਤੇ ਜਾ ਸਕਦੇ ਹਨ।

ਨੁਮਾਇੰਦਾ ਸਦਨ ਨੇ ਵੋਟਿੰਗ ਦੌਰਾਨ 'ਫੇਅਰਨੈੱਸ ਫਾਰ ਹਾਈ-ਸਕਿੱਲਡ ਇਮੀਗ੍ਰੈਂਟਸ ਐਕਟ 2019' ਜਾਂ 'ਐੱਚਆਰ 1044' ਨੂੰ 365-65 ਦੇ ਫਰਕ ਨਾਲ ਪਾਸ ਕਰ ਦਿੱਤਾ। ਇਸ ਮਤੇ ਦੇ ਕਾਨੂੰਨ ਬਣਨ ਨਾਲ ਸਭ ਤੋਂ ਵਧ ਫਾਇਦਾ ਭਾਰਤੀ ਪੇਸ਼ੇਵਰਾਂ ਨੂੰ ਪੁੱਜੇਗਾ, ਜਿਨ੍ਹਾਂ ਨੂੰ ਪਿਛਲੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਗ੍ਰੀਨ ਕਾਰਡ ਦੀ ਉਡੀਕ ਹੈ। ਹਾਲੀਆ ਅਧਿਐਨਾਂ ਮੁਤਾਬਕ ਐੱਚ1ਬੀ ਵੀਜ਼ਾ ਪ੍ਰਾਪਤ ਭਾਰਤੀ ਪੇਸ਼ੇਵਰਾਂ ਲਈ ਗ੍ਰੀਨ ਕਾਰਡ ਦੀ ਉਡੀਕ 70 ਸਾਲ ਤੋਂ ਵੱਧ ਸਮੇਂ ਦੀ ਹੈ।

# ਹੁਨਰਮੰਦਾਂ ਨੂੰ ਆਕਰਸ਼ਿਤ ਕਰ ਸਕੇਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਦੇ ਕਾਨੂੰਨਸਾਜ਼ਾਂ ਨੇ ਗ੍ਰੀਨ ਕਾਰਡ ਅਰਜ਼ੀਕਾਰਾਂ 'ਤੇ ਸੀਲਿੰਗ ਹਟਾਉਣ ਵਾਲੇ ਬਿੱਲ ਨੂੰ ਪਾਸ ਕਰਨ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਕਦਮ ਨਾਲ ਹੁਨਰਮੰਦਾਂ ਨੂੰ ਮੁਲਕ 'ਚ ਰੱਖਣ ਅਤੇ ਉਨ੍ਹਾਂ ਨੂੰ ਆਕਰਸ਼ਿਤ ਕਰਨ 'ਚ ਸਹਾਇਤਾ ਮਿਲੇਗੀ। ਮੁਲਕਾਂ 'ਤੇ ਸੱਤ ਫੀਸਦੀ ਦੀ ਸੀਲਿੰਗ ਖਤਮ ਕਰਨ ਨਾਲ ਭਾਰਤ ਸਮੇਤ ਹੋਰ ਕਈ ਮੁਲਕਾਂ ਦੇ ਲੱਖਾਂ ਪੇਸ਼ੇਵਰਾਂ ਨੂੰ ਰਾਹਤ ਮਿਲੇਗੀ। ਕਾਂਗਰਸਮੈਨ ਜ਼ੋਇ ਲੋਫਗਰੇਨ ਨੇ ਕਿਹਾ ਕਿ ਬਿੱਲ ਪਾਸ ਹੋਣ ਨਾਲ ਅਮਰੀਕੀ ਸਨਅਤਾਂ ਨੂੰ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਕੇ ਦੁਨੀਆਂ ਦੇ ਹੁਨਰਮੰਦਾਂ ਨੂੰ ਭਰਤੀ ਕਰਨ ਦਾ ਮੌਕਾ ਮਿਲੇਗਾ। ਭਾਰਤ-ਅਮਰੀਕੀ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਦੋਵੇਂ ਧਿਰਾਂ ਦੇ ਇਕੱਠਿਆਂ ਆਉਣ ਨਾਲ ਅਜਿਹਾ ਸੰਭਵ ਹੋ ਸਕਿਆ ਹੈ ਅਤੇ ਬਿੱਲ ਨਾਲ ਅਮਰੀਕਾ ਦੇ ਕਾਰੋਬਾਰੀ ਤੇ ਆਰਥਿਕ ਵਿਕਾਸ ਨੂੰ ਮਜ਼ਬੂਤੀ ਮਿਲੇਗੀ। ਭਾਰਤ-ਅਮਰੀਕੀ ਕਾਂਗਰਸਵਿਮੈਨ ਪ੍ਰਮਿਲਾ ਜਯਾਪਾਲ ਨੇ ਕਿਹਾ ਕਿ ਬਿੱਲ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਰਾਹਤ ਮਿਲੇਗੀ ਜੋ ਦਹਾਕਿਆਂ ਤੋਂ ਰੁਜ਼ਗਾਰ ਕਾਰਨ ਫਸੇ ਹੋਏ ਸਨ।

# ਬੇਅਦਬੀ ਕਾਂਡ: ਸੀ.ਬੀ.ਆਈ. ਨੇ ਵੀ ਸੁੱਟੇ ਹਥਿਆਰ

*(ਸਫਾ ਇਕ ਦੀ ਬਾਕੀ)*

ਅਦਾਲਤ 'ਚ ਦਰਜ ਕੀਤੇ ਗਏ, ਜਿਨ੍ਹਾਂ ਵਿਚ ਉਨ੍ਹਾਂ ਬੇਅਦਬੀ ਕਰਨ 'ਚ ਸ਼ਾਮਲ ਹੋਣ ਦਾ ਇਕਬਾਲ ਕੀਤਾ ਸੀ। ਇਸ ਤੋਂ ਬਾਅਦ ਸੀ.ਬੀ.ਆਈ. ਨੇ ਵੀ ਉਕਤ ਦੋਸ਼ੀ ਗਰਦਾਨੇ ਤਿੰਨਾਂ ਨੂੰ ਬੇਅਦਬੀ ਦੇ ਦਰਜ ਕੀਤੇ ਮੁਕੱਦਮੇ 'ਚ ਬਕਾਇਦਾ ਗ੍ਰਿਫਤਾਰ ਕਰਕੇ ਸੀ.ਬੀ.ਆਈ. ਦੀ ਮੁਹਾਲੀ ਅਦਾਲਤ 'ਚ ਪੇਸ਼ ਕੀਤਾ ਅਤੇ 6 ਤੋਂ 13 ਜੁਲਾਈ 2018 ਤੱਕ ਉਨ੍ਹਾਂ ਨੂੰ ਰਿਮਾਂਡ ਲੈ ਕੇ ਦਿੱਲੀ 'ਚ ਪੁੱਛ ਕੀਤੀ ਗਈ। ਰਿਮਾਂਡ ਖਤਮ ਹੋਣ ਉਪਰੰਤ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ। ਸੀ.ਬੀ.ਆਈ. ਵਲੋਂ ਤਿੰਨ ਮਹੀਨੇ ਬੀਤ ਜਾਣ ਬਾਅਦ ਵੀ ਚਲਾਨ ਪੇਸ਼ ਨਾ ਕੀਤੇ ਜਾਣ ਕਾਰਨ ਉਨ੍ਹਾਂ ਤਿੰਨਾਂ ਦੀ 6 ਸਤੰਬਰ 2018 ਨੂੰ ਜ਼ਮਾਨਤ ਹੋ ਗਈ।

ਇਸ ਸਬੰਧੀ ਸਭ ਤੋਂ ਵੱਡੇ ਸਵਾਲ ਕੈਪਟਨ ਸਰਕਾਰ ਦੀ ਨੀਅਤ ਉਤੇ ਉਠ ਰਹੇ ਹਨ। ਵਿਧਾਨ ਸਭਾ 'ਚ ਮਤਾ ਪਾਸ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਨੇ ਬੇਅਦਬੀ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਵਾਪਸ ਲੈਣ 'ਚ ਕੋਈ ਗੰਭੀਰਤਾ ਨਹੀਂ ਦਿਖਾਈ। ਪਤਾ ਲੱਗਾ ਹੈ ਕਿ ਇਸ ਬਾਰੇ ਰਸਮੀ ਪੱਤਰ ਤਾਂ ਲਿਖਿਆ ਗਿਆ ਪਰ ਇਸ ਮਾਮਲੇ ਦੀ ਪੈਰਵੀ ਕਦੇ ਨਹੀਂ ਕੀਤੀ। ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠ ਰਹੇ ਹਨ ਕਿ ਇਕ ਪਾਸੇ ਪੰਜਾਬ ਪੁਲਿਸ ਦੀ ਜਾਂਚ ਕਮੇਟੀ ਨੇ ਡੇਰਾ ਪ੍ਰੇਮੀਆਂ ਨੂੰ ਦੋਸ਼ੀ ਮੰਨ ਕੇ ਇਨ੍ਹਾਂ ਖਿਲਾਫ ਅਦਾਲਤ ਵਿਚ ਚਲਾਨ ਵੀ ਪੇਸ਼ ਕਰ ਦਿੱਤੇ ਹਨ ਤੇ ਦੂਜੇ ਪਾਸੇ ਸੀ.ਬੀ.ਆਈ. ਇਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

## Matrimonials

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 33 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਾ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 *29-32*

Wanted suitable sikh girl from USA for New Zealand citizen boy, 29 years, 5'-9", bachelor in business. Good Job with established company in New Zealand. Also have USA tourist visa . Contact with photo, email sunnymaan84@yahoo.com or call Navpreet at 856-693-5401. *27-30*

Wanted suitable match for Jatt Sikh turban wearing boy, 27, 5'-7" B.tech computer engineering. Currently on work permit in Canada. Land -15 acre. One sister in USA and one in Canada. Contact: Ph.630-407-7577 or 630-956-0886. Email: sandeepksohi@gmail.com *27-30*

### ਲੜਕੇ ਦੀ ਲੋੜ ਹੈ

Wanted suitable match for Khatri Sikh girl 33 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in USA. Divorced, no children. Turbaned Sikh boy preferred who resides in USA. Please contact, Ph: 262-444-9289 *29-32*

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. Contact: What's App 1-437-779-2765


# ਪਾਕਿਸਤਾਨ 'ਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ

**ਲਾਹੌਰ:** ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੇ ਜਨਮ ਅਸਥਾਨ ਨਨਕਾਣਾ ਸਾਹਿਬ 'ਚ ਬਾਬਾ ਗੁਰੂ ਨਾਨਕ ਇੰਟਰਨੈਸ਼ਨਲ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਯੂਨੀਵਰਸਿਟੀ ਦਾ ਨੀਂਹ ਪੱਥਰ ਪੰਜਾਬ ਸੂਬੇ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਰੱਖਿਆ। ਦਸ ਏਕੜ ਤੋਂ ਵੱਧ ਰਕਬੇ 'ਚ ਫੈਲੀ ਇਸ ਯੂਨੀਵਰਸਿਟੀ ਦੀ ਉਸਾਰੀ ਉਤੇ 258 ਕਰੋੜ ਰੁਪਏ ਖਰਚੇ ਜਾਣ ਦੀ ਤਜਵੀਜ਼ ਹੈ।

ਪੰਜਾਬ ਸਰਕਾਰ ਦੇ ਅਧਿਕਾਰੀ ਨੇ ਦੱਸਿਆ ਕਿ ਕਾਨੂੰਨੀ ਅਮਲ ਮੁਕੰਮਲ ਹੋਣ ਮਗਰੋਂ ਯੂਨੀਵਰਸਿਟੀ ਦੀ ਉਸਾਰੀ ਆਰੰਭ ਕਰਵਾ ਦਿੱਤੀ ਜਾਵੇਗੀ। ਉਸ ਨੇ ਕਿਹਾ ਕਿ ਪ੍ਰੋਜੈਕਟ 'ਤੇ ਕੰਮ ਛੇਤੀ ਸ਼ੁਰੂ ਹੋ ਜਾਵੇਗਾ ਕਿਉਂਕਿ ਨਨਕਾਣਾ ਸਾਹਿਬ ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਬ੍ਰਿਗੇਡੀਅਰ (ਸੇਵਾ ਮੁਕਤ) ਇਜਾਜ਼ ਸ਼ਾਹ ਦੇ ਹਲਕੇ 'ਚ ਪੈਂਦਾ ਹੈ। ਅਧਿਕਾਰੀ ਮੁਤਾਬਕ ਬ੍ਰਿਗੇਡੀਅਰ ਸ਼ਾਹ ਪ੍ਰਧਾਨ ਮੰਤਰੀ ਇਮਰਾਨ ਖਾਨ ਵਜ਼ਾਰਤ 'ਚ ਤਾਕਤਵਰ ਮੰਤਰੀ ਹਨ ਅਤੇ ਉਨ੍ਹਾਂ ਦੇ ਸੱਦੇ ਉਤੇ ਹੀ ਪੰਜਾਬ ਦੇ ਮੁੱਖ ਮੰਤਰੀ ਬੁਜ਼ਦਾਰ ਨੇ ਨਨਕਾਣਾ ਸਾਹਿਬ ਆ ਕੇ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ।

ਇਸ ਮੌਕੇ ਆਪਣੇ ਸੰਬੋਧਨ 'ਚ ਬੁਜ਼ਦਾਰ ਨੇ ਕਿਹਾ ਕਿ ਨਨਕਾਣਾ ਸਾਹਿਬ ਵਰਗੇ ਅਣਗੌਲੇ ਜ਼ਿਲ੍ਹਿਆਂ ਨੂੰ ਵਿਕਸਤ ਸ਼ਹਿਰਾਂ ਵਰਗਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਨਕਾਣਾ ਸਾਹਿਬ 'ਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੀ ਸਥਾਪਨਾ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਦਾ ਹਿੱਸਾ ਹੈ ਜਿਸ ਤਹਿਤ ਨਨਕਾਣਾ ਸਾਹਿਬ ਅਤੇ ਨਾਲ ਲਗਦੇ ਹੋਰ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਜਾਵੇਗੀ। ਸਿੱਖਾਂ ਵੱਲੋਂ ਲੰਬੇ ਸਮੇਂ ਤੋਂ ਨਨਕਾਣਾ ਸਾਹਿਬ 'ਚ ਗੁਰੂ ਨਾਨਕ ਦੇਵ ਦੇ ਨਾਮ ਉਤੇ ਯੂਨੀਵਰਸਿਟੀ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ। ਯੂਨੀਵਰਸਿਟੀ ਬਣਾਉਣ ਦੀ ਤਜਵੀਜ਼ ਸਭ ਤੋਂ ਪਹਿਲਾਂ 2003 'ਚ ਪਰਵੇਜ਼ ਇਲਾਹੀ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਪੇਸ਼ ਕੀਤੀ ਸੀ। ਦੋ ਸਾਲ ਪਹਿਲਾਂ ਪੀਐਮਐਲ-ਐਨ ਦੀ ਸਰਕਾਰ ਸਮੇਂ ਔਕਾਫ ਬੋਰਡ ਨੇ ਪ੍ਰੋਜੈਕਟ ਨੂੰ ਅੰਤਿਮ ਪ੍ਰਵਾਨਗੀ ਦੇ ਦਿੱਤੀ ਸੀ।

ਔਕਾਫ ਬੋਰਡ ਦੇ ਚੇਅਰਮੈਨ ਸਿੱਦੀਕਉਲ ਫਾਰੂਕ ਨੇ ਕਿਹਾ ਕਿ ਯੂਨੀਵਰਸਿਟੀ ਬਣਨ ਨਾਲ ਪਾਕਿਸਤਾਨ 'ਚ ਧਾਰਮਿਕ ਸੈਰ-ਸਪਾਟੇ ਨੂੰ ਹੱਲਾਸ਼ੇਰੀ ਮਿਲੇਗੀ ਅਤੇ ਕੌਮਾਂਤਰੀ ਪੱਧਰ 'ਤੇ ਮੁਲਕ ਦੀ ਤਸਵੀਰ ਸੁਧਰੇਗੀ। ਸੈਰ-ਸਪਾਟਾ ਵਿਕਾਸ ਨਿਗਮ ਪੰਜਾਬ ਦੇ ਇਕ ਹੋਟਲ ਦਾ ਵੀ ਮੁੱਖ ਮੰਤਰੀ ਨੇ ਨਨਕਾਣਾ ਸਾਹਿਬ 'ਚ ਉਦਘਾਟਨ ਕੀਤਾ। ਉਨ੍ਹਾਂ ਨਨਕਾਣਾ ਸਾਹਿਬ ਜ਼ਿਲ੍ਹੇ ਵਿਚ ਸੜਕਾਂ ਦੀ ਮੁਰੰਮਤ 'ਤੇ 15 ਕਰੋੜ ਰੁਪਏ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਵੀ ਰੱਖਿਆ।

# ਹਾਈ ਕੋਰਟ ਵੱਲੋਂ ਸੁਖਬੀਰ ਤੇ ਮਜੀਠੀਆ ਦੀ ਝਾੜ-ਝੰਬ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦੇਣ ਮੌਕੇ ਦੋਵਾਂ ਆਗੂਆਂ ਦੀ ਝਾੜ-ਝੰਬ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਨਿਆਂ ਪ੍ਰਣਾਲੀ ਦੀ ਖਿੱਲੀ ਉਡਾਉਣ ਅਤੇ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਨਹੀਂ ਹੈ।

ਅਕਾਲੀ ਦਲ ਦੇ ਇਹ ਦੋਵੇਂ ਆਗੂ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਾਲੇ ਬੇਅਦਬੀ ਕੇਸਾਂ ਦੀ ਜਾਂਚ ਲਈ ਗਠਿਤ ਕਮਿਸ਼ਨ ਦੀ ਤੌਹੀਨ ਕਰਨ ਦੇ ਦੋਸ਼ਾਂ ਸਬੰਧੀ ਕੇਸ ਦਾ ਸਾਹਮਣਾ ਕਰ ਰਹੇ ਹਨ। ਇਸ ਸਬੰਧੀ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਵੱਲੋਂ ਦਿੱਤੀ ਗਈ ਫੌਜਦਾਰੀ ਸ਼ਿਕਾਇਤ 'ਤੇ ਦਰਜ ਹੋਇਆ ਸੀ। ਸ਼ਿਕਾਇਤ ਵਿਚ ਉਨ੍ਹਾਂ ਕਿਹਾ ਸੀ ਕਿ ਦੋਵਾਂ ਆਗੂਆਂ ਨੇ ਜਨਤਕ ਤੌਰ 'ਤੇ ਉਨ੍ਹਾਂ ਵਿਰੁਧ ਜਾਣਬੁੱਝ ਕੇ 'ਝੂਠੀਆਂ, ਅਪਮਾਨਜਨਕ ਅਤੇ ਅਣਉਚਿਤ' ਟਿੱਪਣੀਆਂ ਕੀਤੀਆਂ ਸਨ। ਜਸਟਿਸ ਰਣਜੀਤ ਸਿੰਘ ਦਾ ਕਹਿਣਾ ਸੀ ਕਿ ਅਜਿਹੀਆਂ ਟਿੱਪਣੀਆਂ ਕਰਨ ਪਿੱਛੇ ਇਨ੍ਹਾਂ ਦੋਵਾਂ ਆਗੂਆਂ ਦੀ ਮਨਸ਼ਾ ਪਿਛਲੀ ਅਕਾਲੀ ਦਲ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੇ ਕਮਿਸ਼ਨ ਅਤੇ ਉਨ੍ਹਾਂ (ਜਸਟਿਸ ਰਣਜੀਤ ਸਿੰਘ) ਦੀ ਤੌਹੀਨ ਕਰਨਾ ਸੀ।

ਜਸਟਿਸ ਅਮਿਤ ਰਾਵਲ ਦੀ ਅਗਵਾਈ ਵਾਲੇ ਬੈਂਚ ਅੱਗੇ ਪੇਸ਼ ਹੋਏ ਦੋਵਾਂ ਆਗੂਆਂ ਨੂੰ ਕੇਸ ਦੀ ਸੁਣਵਾਈ ਦੌਰਾਨ ਇੱਕ-ਇੱਕ ਲੱਖ ਦੇ ਨਿੱਜੀ ਮੁਚੱਲਕੇ 'ਤੇ ਜ਼ਮਾਨਤ ਦੇ ਦਿੱਤੀ ਗਈ। ਮਾਮਲੇ ਦੀ ਸੁਣਵਾਈ ਦੌਰਾਨ ਜਸਟਿਸ ਰਾਵਲ ਨੇ ਜਸਟਿਸ ਰਣਜੀਤ ਸਿੰਘ ਵੱਲੋਂ ਸ਼ਿਕਾਇਤ ਨਾਲ ਸਬੂਤ ਵਜੋਂ ਦਿੱਤੀਆਂ ਸੀਡੀਜ਼ ਦੇ ਹਵਾਲੇ ਨਾਲ ਸੁਖਬੀਰ ਬਾਦਲ ਦੇ ਵਕੀਲ ਅਸ਼ੋਕ ਅਗਰਵਾਲ ਨੂੰ ਸਵਾਲ ਕੀਤਾ ਕਿ ਕੀ ਉਨ੍ਹਾਂ ਨੇ ਰਿਕਾਰਡਿੰਗਾਂ ਸੁਣੀਆਂ ਹਨ। ਜਸਟਿਸ ਰਾਵਲ ਨੇ ਕਿਹਾ ਕਿ ਉਨ੍ਹਾਂ ਨੇ ਰਿਕਾਰਡਿੰਗਾਂ ਸੁਣਨ ਤੋਂ ਬਾਅਦ (ਦੋਹਾਂ ਨੂੰ) ਨੋਟਿਸ ਜਾਰੀ ਕੀਤਾ ਸੀ। ਉਨ੍ਹਾਂ ਕਿਹਾ ਕਿ ਨਿਆਂ ਪ੍ਰਣਾਲੀ ਦੀ ਇਸ ਤਰ੍ਹਾਂ ਖਿੱਲੀ ਉਡਾ ਕੇ ਨੁਕਸਾਨ ਨਹੀਂ ਕਰਨਾ ਚਾਹੀਦਾ। ਭਾਰਤੀ ਸੰਵਿਧਾਨ ਸਾਨੂੰ ਆਪਣੀ ਗੱਲ ਕਹਿਣ ਅਤੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਦੀ ਆਜ਼ਾਦੀ ਦਿੰਦਾ ਹੈ ਪਰ ਇਹ ਵੀ ਕਿਸੇ ਦਾਇਰੇ ਵਿਚ ਹੁੰਦੀ ਹੈ।

ਦੋਵਾਂ ਆਗੂਆਂ ਨੂੰ ਸੀਨੀਅਰ ਸਿਆਸਤਦਾਨ ਆਖਦਿਆਂ ਜਸਟਿਸ ਰਾਵਲ ਨੇ ਕਿਹਾ ਕਿ ਇਸ ਕੇਸ ਨੂੰ ਫਾਲਤੂ ਵਿਚ ਸੱਦਾ ਦਿੱਤਾ ਗਿਆ ਹੈ ਅਤੇ ਇਸ ਨੂੰ ਟਾਲਿਆ ਵੀ ਜਾ ਸਕਦਾ ਸੀ। ਸਿਆਸਤਦਾਨ ਅਕਸਰ ਆਪਣਾ ਦਿਮਾਗ ਵਰਤਣ ਦੀ ਬਜਾਏ ਭਾਵਨਾਵਾਂ ਵਿਚ ਵਹਿ ਜਾਂਦੇ ਹਨ। ਜਸਟਿਸ ਰਣਜੀਤ ਸਿੰਘ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਏਪੀਐੱਸ ਦਿਓਲ ਨੇ ਅਦਾਲਤ ਨੂੰ ਦੱਸਿਆ ਕਿ ਸ਼ਿਕਾਇਤਕਰਤਾ ਵਲੋਂ ਉਨ੍ਹਾਂ ਗਵਾਹਾਂ ਦੀ ਸੂਚੀ ਦਿੱਤੀ ਜਾਵੇਗੀ, ਜਿਨ੍ਹਾਂ ਤੋਂ ਪੁੱਛ-ਪੜਤਾਲ ਕਰਨੀ ਹੈ। ਦੂਜੇ ਪਾਸੇ ਸੁਖਬੀਰ ਦੇ ਵਕੀਲ ਅਗਰਵਾਲ ਅਤੇ ਮਜੀਠੀਆ ਦੇ ਵਕੀਲ ਆਰ.ਐਸ. ਚੀਮਾ ਨੇ ਅਦਾਲਤ ਨੂੰ ਦੱਸਿਆ ਕਿ ਉਹ ਅਗਲੀ ਸੁਣਵਾਈ ਮੌਕੇ ਇਸ ਮੁੱਦੇ 'ਤੇ ਆਪਣਾ ਪੱਖ ਪੇਸ਼ ਕਰਨਗੇ। ਅਦਾਲਤ ਨੇ ਇਸ ਮਾਮਲੇ ਲਈ ਅਗਲੀ ਸੁਣਵਾਈ 21 ਅਗਸਤ ਲਈ ਤੈਅ ਕਰਦਿਆਂ ਕਿਹਾ ਕਿ ਨਿੱਜੀ ਪੇਸ਼ੀ ਤੋਂ ਛੋਟ ਨਾ ਮਿਲਣ ਦੀ ਸੂਰਤ ਵਿਚ ਦੋਹਾਂ ਆਗੂਆਂ ਨੂੰ ਅਗਲੀ ਪੇਸ਼ੀ ਮੌਕੇ ਹਾਜ਼ਰ ਰਹਿਣਾ ਹੋਵੇਗਾ।

## ਚੋਕਸੀ ਦੀ 24.77 ਕਰੋੜ ਦੀ ਜਾਇਦਾਦ ਕੁਰਕ

**ਨਵੀਂ ਦਿੱਲੀ:** ਐਨਫੋਰਸਮੈਂਟ ਡਾਇਰੈਕਟੋਰੇਟ ਨੇ ਦੱਸਿਆ ਹੈ ਕਿ ਏਜੰਸੀ ਨੇ 13000 ਕਰੋੜ ਰੁਪਏ ਦੇ ਪੀ.ਐਨ.ਬੀ. ਕਰਜ਼ਾ ਘੁਟਾਲੇ ਅਤੇ ਕਾਲੇ ਧਨ ਨੂੰ ਸਫੈਦ ਕਰਨ ਦੇ ਮਾਮਲੇ ਦੇ ਮੁਲਜ਼ਮ ਅਤੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੀਆਂ ਭਾਰਤ ਤੇ ਵਿਦੇਸ਼ਾਂ ਵਿਚ ਸਥਿਤ 24.77 ਕਰੋੜ ਰੁਪਏ ਕੀਮਤ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਹਨ। ਕੁਰਕ ਕੀਤੀਆਂ ਗਈਆਂ ਜਾਇਦਾਦਾਂ ਵਿਚ ਦੁਬਈ ਵਿਚ ਸਥਿਤ ਤਿੰਨ ਵਪਾਰਕ ਜਾਇਦਾਦਾਂ, ਇਕ ਮਰਸਿਡੀਜ਼ ਕਾਰ ਅਤੇ ਦੇਸ਼ ਤੇ ਵਿਦੇਸ਼ਾਂ ਦੇ ਬੈਂਕ ਖਾਤਿਆਂ ਵਿਚ ਪਈਆਂ ਐਫ.ਡੀਜ਼ ਸ਼ਾਮਲ ਹਨ। ਇਨ੍ਹਾਂ ਸਾਰੀਆਂ ਸੰਪਤੀਆਂ ਦੀ ਕੀਮਤ 24.77 ਕਰੋੜ ਰੁਪਏ ਬਣਦੀ ਹੈ।

## ਬੰਗਲਾਦੇਸ਼ ਦੇ ਸਾਬਕਾ ਫੌਜੀ ਤਾਨਾਸ਼ਾਹ ਇਰਸ਼ਾਦ ਦਾ ਦੇਹਾਂਤ

**ਢਾਕਾ:** ਬੰਗਲਾਦੇਸ਼ ਦੇ ਸਾਬਕਾ ਫੌਜੀ ਤਾਨਾਸ਼ਾਹ ਹੁਸੈਨ ਮੁਹੰਮਦ ਇਰਸ਼ਾਦ (91) ਦਾ ਦੇਹਾਂਤ ਹੋ ਗਿਆ। ਜਾਤੀਆ ਪਾਰਟੀ ਦੇ ਮੁਖੀ ਅਤੇ ਸੰਸਦ 'ਚ ਵਿਰੋਧੀ ਧਿਰ ਦੇ ਆਗੂ ਇਰਸ਼ਾਦ ਨੂੰ 22 ਜੂਨ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ।

ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਇਰਸ਼ਾਦ ਦੇ ਦੇਹਾਂਤ 'ਤੇ ਅਫਸੋਸ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਭਾਰਤ ਨਾਲ ਸਬੰਧਾਂ 'ਚ ਦਿੱਤੇ ਯੋਗਦਾਨ ਲਈ ਯਾਦ ਕੀਤਾ ਜਾਵੇਗਾ।


**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

Domestic fares available

**ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ**

ਮਿਸ਼ੀਗਨ ਵਿਚ ਭਾਰਤੀ ਵੈਸ਼ਨੂੰ ਕੈਰੀਆਊਟ (ਬੈਠ ਕੇ ਖਾਣ ਲਈ ਨਹੀਂ) ਲਈ ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ।

ਰੈਸਟੋਰੈਂਟ ਐਤਵਾਰ ਨੂੰ ਬੰਦ ਰਹਿੰਦਾ ਹੈ, ਟਰੇਨਿੰਗ ਦਿਆਂਗੇ।

*ਕਿਚਨ ਸੋਮਵਾਰ ਤੋਂ ਸਨਿਚਰਵਾਰ ਤੱਕ ਰਾਤੀਂ 9 ਵਜੇ ਬੰਦ ਹੋ ਜਾਂਦੀ ਹੈ*

**In person : Ajanta Grocers and Carryout**
**3227 South Blvd, Auburn Hills, MI**

**Call: 248-260-7425 (Bal)**
**519-564-2515 (Preeti)**

**ਰੈਸਟੋਰੈਂਟ ਸਟਾਫ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

**Desi Bazar**

916 E. Main Street #118, Greenwood, IN, 46143
**Tel: 317-888-2040, Fax: 317-887-6116**

*We specialize in all kind of Indian Groceries and Sweets*

- FRESH VEGETABLES EVERY THURSDAY
- FRESH GOAT MEAT

*10% off on all Gurudwara supplies and Religious programs!!*

**We Are Open 7 Days a Week**

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਦਿੱਲੀ ਦੀ ਖਾਨ ਮਾਰਕੀਟ ਦਾ ਖੌਫ

ਲੋਕ ਸਭਾ ਚੋਣਾਂ ਦੇ ਆਖਰੀ ਪੜਾਅ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਅਖਬਾਰ ਨਾਲ ਇੰਟਰਵਿਊ ਵਿਚ ਕਿਹਾ ਕਿ ਭਾਰਤੀ ਲੋਕਾਂ ਦੇ ਮਨਾਂ 'ਚ ਉਨ੍ਹਾਂ ਦਾ ਬਿੰਬ ਉਨ੍ਹਾਂ ਦੀ ਆਪਣੀ 45 ਸਾਲਾਂ ਦੀ ਤਪੱਸਿਆ ਨੇ ਬਣਾਇਆ ਹੈ, ਨਾ ਕਿ ਕਿਸੇ 'ਖਾਨ ਮਾਰਕੀਟ ਗੈਂਗ' ਜਾਂ 'ਲੁਟਯਨ ਸਭਿਆਚਾਰ' ਨੇ। ਇਹ ਦੋਵੇਂ ਸ਼ਬਦ ਦਿੱਲੀ ਦੇ ਦੋ ਬੇਹੱਦ ਚਰਚਿਤ ਇਲਾਕਿਆਂ ਦੇ ਨਾਂ ਹਨ ਪਰ ਪ੍ਰਧਾਨ ਮੰਤਰੀ ਨੇ ਇਨ੍ਹਾਂ ਦੋਹਾਂ ਨਾਂਵਾਂ ਨੂੰ ਜਿਸ ਪ੍ਰਸੰਗ ਵਿਚ ਵਰਤਿਆ ਹੈ, ਉਸ ਨਾਲ ਇਨ੍ਹਾਂ ਥਾਂਵਾਂ ਦੇ ਵਾਸੀ ਜ਼ਰੂਰ ਹੈਰਾਨ ਹੋ ਗਏ ਹਨ।

ਲੁਟਯਨ ਦਿੱਲੀ, ਨਵੀਂ ਦਿੱਲੀ ਵਿਚ ਪੌਸ਼ ਇਲਾਕਾ ਹੈ। ਇਹ ਨਾਂ ਬ੍ਰਿਟਿਸ਼ ਆਰਕੀਟੈਕਟ ਐਡਵਿਨ ਲੁਟਯਨ ਦੇ ਨਾਂ 'ਤੇ ਪਿਆ ਜਿਸ ਨੇ ਇਸ ਇਲਾਕੇ ਦਾ ਡਿਜ਼ਾਈਨ ਤਿਆਰ ਕੀਤਾ ਸੀ।

**ਗੌਰਵ**
ਫੋਨ: +91-83769-84626

ਇਸ ਵਿਚ ਸੰਸਦ ਭਵਨ, ਰਾਸ਼ਟਰਪਤੀ ਭਵਨ, ਸਕੱਤਰੇਤ ਇਮਾਰਤ, ਸਿਆਸੀ ਪਾਰਟੀਆਂ ਦੇ ਮੁੱਖ ਦਫਤਰ ਹਨ। ਇਲਾਕੇ ਦੀ ਦਿਲਕਸ਼ ਥਾਂ ਲੁਟਯਨ ਬੰਗਲੋ ਜ਼ੋਨ ਹੈ। ਇਹ ਬੰਗਲੋ ਜ਼ੋਨ ਇੰਨਾ ਆਰਾਮਦੇਹ ਅਤੇ ਦਿਲਕਸ਼ ਹੈ ਕਿ ਸਿਆਸਤਦਾਨ ਇਥੇ ਬੰਗਲਾ ਲੈਣ ਨੂੰ ਤਰਸਦੇ ਹਨ।

ਪ੍ਰਧਾਨ ਮੰਤਰੀ ਦੇ ਬਿਆਨ ਵਿਚ ਵਰਤਿਆ 'ਲੁਟਯਨ ਸਭਿਆਚਾਰ' ਸ਼ਬਦ ਇਕ ਤਰ੍ਹਾਂ ਦੇ ਪੌਸ਼ ਸਭਿਆਚਾਰ ਨੂੰ ਦਰਸਾਉਂਦਾ ਹੈ। ਪ੍ਰਧਾਨ ਮੰਤਰੀ ਅਨੁਸਾਰ ਉਨ੍ਹਾਂ ਦੀ ਸਾਦੀ ਤੇ ਆਮ ਜੀਵਨ ਸ਼ੈਲੀ ਦੇਸ਼ ਦੀ ਬਹੁਗਿਣਤੀ ਦੀ ਜੀਵਨਸ਼ੈਲੀ ਦੀ ਪ੍ਰਤੀਨਿਧਤਾ ਕਰਦੀ ਹੈ। ਉਹ ਖੁਦ ਕਿਸੇ ਲੁਟਯਨ ਸਭਿਆਚਾਰ ਨਾਲ ਸਬੰਧ ਨਹੀਂ ਰੱਖਦੇ ਸਗੋਂ ਆਪਣੀ ਇਸੇ ਲੋਕਪ੍ਰਿਅਤਾ ਕਾਰਨ ਉਹ ਲੁਟਯਨ ਸਭਿਆਚਾਰ ਨਾਲ ਸਬੰਧਤ ਹੋਰ ਸਿਆਸੀ ਧਿਰਾਂ ਦੀਆਂ ਅੱਖਾਂ ਵਿਚ ਰੜਕ ਰਹੇ ਹਨ।

ਲੁਟਯਨ ਦਿੱਲੀ ਦੇ ਕਰੀਬ ਹੀ ਖਾਨ ਮਾਰਕੀਟ ਇਲਾਕਾ ਹੈ। ਇਸ ਇਲਾਕੇ ਦਾ ਨਾਂ ਕਾਂਗਰਸੀ ਆਗੂ ਅਬਦੁਲ ਗੱਫਾਰ ਖਾਨ ਦੇ ਭਰਾ ਅਬਦੁਲ ਜੱਬਾਰ ਖਾਨ ਦੇ ਨਾਂ 'ਤੇ ਪਿਆ। ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਵਾਲੇ ਪਾਸਿਓਂ ਉਜੜ ਕੇ ਆਏ ਲੋਕਾਂ ਨੇ ਖਾਨ ਮਾਰਕੀਟ ਨੂੰ ਆਪਣੀ ਬਸਤੀ ਬਣਾਇਆ। ਕੋਈ ਸਮਾਂ ਸੀ ਜਦੋਂ ਖਾਨ ਮਾਰਕੀਟ ਪ੍ਰਗਤੀਵਾਦੀ ਸਾਹਿਤਕਾਰਾਂ, ਕਲਾਕਾਰਾਂ ਅਤੇ ਸਿਆਸਤਦਾਨਾਂ ਦੀਆਂ ਸਿਆਸੀ ਸਰਗਰਮੀਆਂ ਲਈ ਜਾਣੀ ਜਾਂਦੀ ਸੀ। ਇਥੋਂ ਦੇ ਕੌਫੀ ਹਾਊਸ ਬੈਠਕਾਂ ਦਾ ਸਬੱਬ ਬਣਦੇ ਪਰ ਹੁਣ ਸਭ ਬਦਲ ਗਿਆ ਹੈ। ਅੱਜ ਖਾਨ ਮਾਰਕੀਟ ਭਾਰਤ ਦਾ ਸਭ ਤੋਂ ਮਹਿੰਗਾ ਬਾਜ਼ਾਰ ਹੈ। ਇਹ ਪੌਸ਼ ਬਾਜ਼ਾਰ ਦੁਨੀਆਂ ਦੇ ਸਭ ਤੋਂ ਮਹਿੰਗੇ 25 ਬਾਜ਼ਾਰਾਂ ਵਿਚ ਵੀ ਸ਼ੁਮਾਰ ਹੈ। ਦੁਨੀਆਂ ਭਰ ਦੇ ਸਭ ਤੋਂ ਚਰਚਿਤ ਫੈਸ਼ਨ ਅਤੇ ਖਾਧ ਪਦਾਰਥ ਤੁਹਾਨੂੰ ਇਥੇ ਮਿਲ ਸਕਦੇ ਹਨ। ਉਦੋਂ ਦੇ ਕੌਫੀ ਹਾਊਸ ਹੁਣ ਮਹਿੰਗੇ ਰੈਸਤੋਰਾਂ ਅਤੇ ਕੈਫੇਟੇਰੀਆ ਵਿਚ ਤਬਦੀਲ ਹੋ ਚੁੱਕੇ ਹਨ। ਇਥੇ ਹੁਣ ਸਮਾਜਿਕ ਸਰੋਕਾਰਾਂ ਜਾਂ ਫਿਕਰਾਂ ਬਾਰੇ ਕੋਈ ਬਹਿਸ ਨਹੀਂ ਹੁੰਦੀ ਅਤੇ ਨਾ ਹੀ ਤਰੱਕੀ ਪਸੰਦ ਤੇ ਖੱਬੇ ਪੱਖੀ ਸੋਚ ਰੱਖਣ ਵਾਲੇ ਨੌਜਵਾਨ, ਲੇਖਕ, ਕਲਾਕਾਰ ਜਾਂ ਸਿਆਸਤਦਾਨ ਇਕੱਤਰ ਹੁੰਦੇ ਹਨ।

ਪ੍ਰਧਾਨ ਮੰਤਰੀ ਦੇ ਬਿਆਨ ਤੋਂ ਇਹ ਲੱਗਦਾ ਹੈ ਕਿ ਖਾਨ ਮਾਰਕੀਟ ਦੇ ਸਾਰੇ ਵਪਾਰੀ ਅਤੇ ਸਾਰੇ ਗਾਹਕ ਸ਼ਾਹੀ ਕਿਸਮ ਦੇ ਜਾਂ ਕੁਲੀਨ ਵਰਗ ਨਾਲ ਸਬੰਧਤ ਹਨ। ਇਹ ਲੋਕ ਉਦਾਰਵਾਦੀ ਪ੍ਰਵਿਰਤੀ ਜਾਂ ਪੱਛਮੀ ਤਾਣੇ-ਬਾਣੇ ਵਿਚ ਪੂਰੀ ਤਰ੍ਹਾਂ ਢਲ ਚੁੱਕੇ ਲੋਕ ਹਨ। ਇਨ੍ਹਾਂ ਲੋਕਾਂ ਨੂੰ ਮੋਦੀ ਦੀ ਸਮਾਜ ਦੇ ਨਿਮਨ ਵਰਗ ਪੱਖੀ ਦਿਆਨਤਦਾਰੀ ਤੇ ਉਨ੍ਹਾਂ ਲਈ ਸ਼ੁਰੂ ਕੀਤੀਆਂ ਨੀਤੀਆਂ ਰਾਸ ਨਹੀਂ ਆਉਂਦੀਆਂ। ਇਸੇ ਲਈ ਪ੍ਰਧਾਨ ਮੰਤਰੀ ਨੇ ਇਹ ਬਿਆਨ ਦੇ ਦਿੱਤਾ ਕਿ ਉਨ੍ਹਾਂ ਦੇ ਬਿੰਬ ਨੂੰ ਖਾਨ ਮਾਰਕੀਟ ਗੈਂਗ, ਭਾਵ ਕੁਲੀਨ ਵਰਗ ਨੇ ਨਹੀਂ ਬਣਾਇਆ ਸਗੋਂ ਭਾਰਤ ਦੇ ਉਨ੍ਹਾਂ ਲੋਕਾਂ ਨੇ (ਨਿਮਨ ਵਰਗ) ਬਣਾਇਆ ਹੈ, ਜਿਸ ਦੀ ਉਨ੍ਹਾਂ ਪਿਛਲੇ 45 ਸਾਲਾਂ ਤੋਂ ਸੇਵਾ ਕੀਤੀ ਹੈ; ਹਾਲਾਂਕਿ ਇਥੇ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਉਨ੍ਹਾਂ ਖਾਨ ਮਾਰਕੀਟ ਵਿਚਲੇ ਮੱਧ ਵਰਗੀ ਵਪਾਰੀਆਂ ਅਤੇ ਗਾਹਕਾਂ ਨੂੰ ਨਜ਼ਰਅੰਦਾਜ਼ ਕਿਵੇਂ ਕਰ ਦਿੱਤਾ? ਕੀ ਖਾਨ ਮਾਰਕੀਟ ਦੇ ਵਪਾਰੀ ਅਤੇ ਗਾਹਕ ਮੋਦੀ ਦੇ ਵੋਟ ਬੈਂਕ ਦਾ ਹਿੱਸਾ ਨਹੀਂ ਹਨ? ਪਰ ਇਸ ਦੇ ਬਾਵਜੂਦ ਚੋਣਾਂ ਤੋਂ ਪਹਿਲਾਂ ਦਿੱਤਾ ਇਹ ਬਿਆਨ ਦੇਸ਼ ਦੇ ਬਾਕੀ ਨਿਮਨ ਵਰਗ ਦੀ ਹਮਾਇਤ ਹਾਸਲ ਕਰਨ ਦਾ ਹਥਕੰਡਾ ਵੀ ਹੋ ਸਕਦਾ ਹੈ।

ਪ੍ਰਧਾਨ ਮੰਤਰੀ ਦੀ ਵਿਵਾਦ ਵਾਲੀ ਅਤੇ ਅਜੀਬ ਟਿੱਪਣੀ ਪਿਛੋਂ ਲੁਟਯਨ ਇਲਾਕੇ ਤੇ ਖਾਨ ਮਾਰਕੀਟ ਨਾਲ ਜੁੜੇ ਲੋਕ ਹੈਰਾਨ ਹਨ। ਉਨ੍ਹਾਂ ਨੂੰ ਸਮਝ ਨਹੀਂ ਲੱਗ ਰਹੀ ਕਿ ਪ੍ਰਧਾਨ ਮੰਤਰੀ ਦਾ ਅਸਲ ਇਸ਼ਾਰਾ ਕਿਨ੍ਹਾਂ ਵੱਲ ਸੀ। ਲੁਟਯਨ ਸਭਿਆਚਾਰ ਅਤੇ ਖਾਨ ਮਾਰਕੀਟ ਗੈਂਗ ਦੇ ਅਰਥ ਬੇਸ਼ੱਕ ਵੱਖ-ਵੱਖ ਪ੍ਰਸੰਗਾਂ ਵਾਲੇ ਹੋਣ ਪਰ ਪ੍ਰਧਾਨ ਮੰਤਰੀ ਨੇ ਆਪਣੀ ਬਿਆਨਬਾਜ਼ੀ ਵਿਚ ਇਨ੍ਹਾਂ ਨੂੰ ਇਕ ਕਰਾਰ ਦਿੱਤਾ ਹੈ। ਕਿਸੇ ਕਿਸਮ ਦੀ ਬੌਧਿਕ/ ਸਿਆਸੀ ਸਰਗਰਮੀ ਲਈ ਖਾਨ ਮਾਰਕੀਟ ਮੈਟਾਫਰ ਵਜੋਂ ਇੰਨਾ ਮਕਬੂਲ ਹੋ ਚੁਕਾ ਹੈ ਕਿ ਹੁਣ ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਜਾਂ ਉਸ ਵਿਚ ਮੀਨ-ਮੇਖ ਕੱਢਣ ਵਾਲੀ ਹਰ ਧਿਰ ਨੂੰ ਖਾਨ ਮਾਰਕੀਟ ਗੈਂਗ ਦੀ ਉਪਾਧੀ ਦੇ ਦਿੱਤੀ ਜਾਂਦੀ ਹੈ। ਇਸ ਲਈ ਪ੍ਰਧਾਨ ਮੰਤਰੀ ਵਲੋਂ ਵਰਤੇ 'ਖਾਨ ਮਾਰਕੀਟ ਗੈਂਗ' ਸ਼ਬਦ ਵਿਚ ਉਹ ਤਰੱਕੀ ਪਸੰਦ ਧਿਰਾਂ ਸ਼ਾਮਿਲ ਹਨ, ਜੋ ਸਿਆਸੀ ਵਿਵਸਥਾ 'ਤੇ ਲਗਾਤਾਰ ਸਵਾਲ ਉਠਾਉਂਦੀਆਂ ਹਨ ਅਤੇ ਆਮ ਜਨਤਾ ਦੇ ਮਨ ਵਿਚ ਉਨ੍ਹਾਂ ਦੇ ਬਿੰਬ ਨੂੰ ਧੁੰਧਲਾ ਕਰਨ ਦੀ ਕੋਸ਼ਿਸ਼ ਵਿਚ ਲੱਗੀਆਂ ਰਹਿੰਦੀਆਂ ਹਨ। ਇਉਂ ਜੋ ਵੀ ਮੋਦੀ ਨੂੰ ਪਸੰਦ ਨਹੀਂ ਕਰਦਾ, ਉਹ ਲੁਟਯਨ ਜਾਂ ਖਾਨ ਮਾਰਕੀਟ ਗੈਂਗ ਦਾ ਵਾਸੀ ਹੈ।

ਮੋਦੀ ਭਾਰਤ ਦੇ ਪਹਿਲੇ ਸਿਆਸਤਦਾਨ ਨਹੀਂ ਹਨ, ਜਿਨ੍ਹਾਂ ਨੂੰ ਮਜਲਿਸਾਂ ਰੜਕੀਆਂ ਹਨ। ਇੰਡੀਅਨ ਕੌਫੀ ਹਾਊਸ ਕਿਸੇ ਸਮੇਂ ਦਿੱਲੀ ਦੀਆਂ ਸਭ ਤੋਂ ਚਰਚਿਤ ਥਾਂਵਾਂ ਵਿਚੋਂ ਇਕ ਹੁੰਦਾ ਸੀ। ਤਤਕਾਲੀ ਸਮੇਂ ਦੇ ਨਾਮਵਰ ਸਿਆਸਤਦਾਨ ਤੇ ਪੱਤਰਕਾਰ ਇਥੇ ਕੌਫੀ ਪੀਣ ਲਈ ਜੁੜਦੇ ਤੇ ਕੌਫੀ ਦੇ ਬਹਾਨੇ ਦੇਸ਼ ਦੀ ਵਿਵਸਥਾ ਉਪਰ ਘੰਟਿਆਂ ਬੱਧੀ ਗੱਲਾਂ/ਬਹਿਸ ਕਰਦੇ। ਇਨ੍ਹਾਂ ਵਿਚ ਜੈ ਪ੍ਰਕਾਸ਼ ਨਰਾਇਣ, ਰਾਮ ਮਨੋਹਰ ਲੋਹੀਆ, ਚੰਦਰਸ਼ੇਖਰ ਜਿਹੇ ਆਗੂਆਂ ਦੇ ਨਾਂ ਸ਼ਾਮਿਲ ਸਨ। ਇੰਡੀਅਨ ਕੌਫੀ ਹਾਊਸ ਤੋਂ ਬਿਨਾ ਦਿੱਲੀ ਦਾ ਯੂਨੀਵਰਸਿਟੀ ਕੌਫੀ ਹਾਊਸ ਵੀ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। 1974 ਵਿਚ ਸੇਂਟ ਸਟੀਫਨ ਕਾਲਜ ਦੀ ਕੰਟੀਨ ਵਿਚ ਸਿਰਫ ਬੁਰਜੂਆ ਲੋਕ ਇਕੱਠੇ ਹੁੰਦੇ ਸਨ ਤੇ ਇਥੇ ਭੋਜਨ ਕਰਨਾ ਸਟੇਟਸ ਸਿੰਬਲ ਹੁੰਦਾ ਸੀ, ਕਿਉਂਕਿ ਬਹੁਤਿਆਂ ਨੂੰ ਉਨ੍ਹਾਂ ਦੀ ਜੇਬ ਉਥੇ ਜਾਣ ਦੀ ਇਜਾਜ਼ਤ ਨਹੀਂ ਸੀ ਦਿੰਦੀ। ਅਜਿਹੀ ਸੂਰਤ ਵਿਚ ਯੂਨੀਵਰਸਿਟੀ ਕੌਫੀ ਹਾਊਸ ਕਈ ਦਾਨਿਸ਼ਵਰਾਂ ਅਤੇ ਚਿੰਤਕਾਂ ਦਾ ਮੱਕਾ ਬਣ ਗਿਆ। ਇਥੇ ਸਮਕਾਲੀ ਹਾਲਾਤ ਉਪਰ ਹਰ ਤਰ੍ਹਾਂ ਦੀਆਂ ਬਹਿਸਾਂ ਹੁੰਦੀਆਂ। ਹੌਲੀ ਹੌਲੀ ਇਹ ਗੱਲ ਸਰਕਾਰੀ ਕੰਨਾਂ ਤਕ ਪੁੱਜ ਗਈ ਕਿ ਇਹ ਕੌਫੀ ਹਾਊਸ ਇੰਦਰਾ ਸਰਕਾਰ ਖਿਲਾਫ ਰਣਨੀਤੀਆਂ ਘੜ ਰਹੇ ਹਨ। 1976 ਵਿਚ ਐਮਰਜੈਂਸੀ ਦੌਰਾਨ ਇਨ੍ਹਾਂ ਕੌਫੀ ਹਾਊਸਾਂ ਨੂੰ ਬੰਦ ਕਰ ਦਿੱਤਾ ਗਿਆ। ਬਹੁਤੇ ਬਹਿਸਬਾਜ਼ਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ।



*ਦਿੱਲੀ ਦੀ ਖਾਨ ਮਾਰਕੀਟ ਦੀ ਇਕ ਗਲੀ।*

ਇਸ ਮਗਰੋਂ ਦੇਸ਼ ਭਰ ਵਿਚ ਕਈ ਕੌਫੀ ਅਤੇ ਟੀ ਹਾਊਸ ਬੰਦ ਕਰ ਦਿੱਤੇ ਗਏ। 1977 ਦੇ ਸ਼ੁਰੂ ਵਿਚ ਜਦੋਂ ਐਮਰਜੈਂਸੀ ਹਟੀ ਤਾਂ ਇਨ੍ਹਾਂ ਕੌਫੀ ਹਾਊਸਾਂ ਨੂੰ ਮੁੜ ਸ਼ੁਰੂ ਕੀਤਾ ਗਿਆ।

ਅੱਜ ਖਾਨ ਮਾਰਕੀਟ ਦੀਆਂ ਚਾਹ ਦੀਆਂ ਦੁਕਾਨਾਂ, ਯੂਨੀਵਰਸਿਟੀ ਕੌਫੀ ਹਾਊਸ, ਇੰਡੀਅਨ ਕੌਫੀ ਹਾਊਸ ਆਦਿ ਮਜਲਿਸਾਂ ਬੇਸ਼ੱਕ ਉਹ ਮੁਕਾਮ ਨਹੀਂ ਰੱਖਦੀਆਂ, ਫਿਰ ਵੀ ਸਥਾਪਤੀ ਨੂੰ ਅਵਚੇਤਨ ਪੱਧਰ 'ਤੇ ਇਨ੍ਹਾਂ ਮਜਲਿਸਾਂ ਤੋਂ ਡਰ ਲੱਗਦਾ ਹੈ। ਉਹ ਇਨ੍ਹਾਂ ਥਾਂਵਾਂ ਨੂੰ ਤਰਜੀਹ ਨਹੀਂ ਦੇਣਾ ਚਾਹੁੰਦੇ; ਮਸਲਨ, ਕਈ ਸਾਲਾਂ ਤੋਂ ਖਾਨ ਮਾਰਕੀਟ ਟ੍ਰੈਫਿਕ ਤੇ ਪਾਰਕਿੰਗ ਦੀ ਸਮੱਸਿਆ ਨਾਲ ਜੂਝ ਰਹੀ ਹੈ; ਹਾਲਾਂਕਿ ਇਹ ਥਾਂ ਪ੍ਰਧਾਨ ਮੰਤਰੀ ਦੇ ਨਿਵਾਸ ਤੋਂ ਸਿਰਫ 4 ਕੁ ਕਿਲੋਮੀਟਰ ਦੂਰ ਹੈ। ਇਸ ਤੋਂ ਬਿਨਾ ਇਥੋਂ ਦੀ ਇਕ ਹੋਰ ਵੱਡੀ ਸਮੱਸਿਆ ਅੱਗ ਦਾ ਖਤਰਾ ਹੈ। ਸਾਰੀ ਮਾਰਕੀਟ ਦਾ ਬਹੁਤਾ ਹਿੱਸਾ ਲੱਕੜ ਦਾ ਬਣਿਆ ਹੋਇਆ ਹੈ। ਮਹਿੰਗੇ ਰੈਸਤੋਰਾਂ ਤੇ ਦੁਕਾਨਾਂ ਵਾਲਿਆਂ ਨੇ ਤਾਂ ਆਪਣੇ ਪੱਧਰ 'ਤੇ ਹੀ ਅੱਗ ਤੋਂ ਬਚਾਉ ਦਾ ਇੰਤਜ਼ਾਮ ਕੀਤਾ ਹੋਇਆ ਹੈ, ਪਰ ਅੱਗ ਲੱਗਣ ਦੀ ਸੂਰਤ ਵਿਚ ਛੋਟੀਆਂ ਦੁਕਾਨਾਂ ਲਈ ਗੰਭੀਰ ਹਾਲਾਤ ਪੈਦਾ ਹੋ ਸਕਦੇ ਹਨ।

ਦੇਸ਼ ਵੰਡ ਦੌਰਾਨ ਅਬਦੁਲ ਜੱਬਾਰ ਖਾਨ ਨੇ ਪਾਕਿਸਤਾਨ ਵਾਲੇ ਪਾਸਿਓਂ ਉਜੜ ਕੇ ਆਏ ਮੁਸਲਿਮ ਵਪਾਰੀਆਂ ਨੂੰ ਖਾਨ ਮਾਰਕੀਟ ਕੋਲ ਵਸਣ ਵਿਚ ਮਦਦ ਕੀਤੀ। ਵਪਾਰੀਆਂ ਨੇ ਅਬਦੁਲ ਜੱਬਾਰ ਖਾਨ ਲਈ ਸਤਿਕਾਰ ਵਜੋਂ ਇਸ ਇਲਾਕੇ ਦਾ ਨਾਂ ਖਾਨ ਮਾਰਕੀਟ ਰੱਖ ਦਿੱਤਾ। ਖਾਨ ਮਾਰਕੀਟ ਦਾ ਨਾਂ ਬਦਲਣ ਦੀ ਮੰਗ ਮੀਡੀਆ ਵਿਚ ਲੰਮੇ ਚਿਰ ਤੋਂ ਚੱਲ ਰਹੀ ਹੈ, ਜੋ ਪ੍ਰਧਾਨ ਮੰਤਰੀ ਦੇ ਬਿਆਨ ਤੋਂ ਬਾਅਦ ਹੋਰ ਤੇਜ਼ ਹੋ ਗਈ। ਮੌਜੂਦਾ ਸਰਕਾਰ ਮੁਸਲਿਮ ਨਾਂਵਾਂ ਵਾਲੀਆਂ ਸੜਕਾਂ ਅਤੇ ਸ਼ਹਿਰਾਂ ਦੇ ਨਾਂ ਬਦਲਣ ਵਿਚ ਵਧੇਰੇ ਰੁਚੀ ਦਿਖਾ ਰਹੀ ਹੈ। ਦਰਅਸਲ, ਇਸ ਤਬਦੀਲੀ ਵਾਲੀ ਸਿਆਸਤ ਦਾ ਮੰਤਵ ਮੁਸਲਿਮ ਵਸੋਂ ਵਿਚ ਅਸਹਿਜ ਜਾਂ ਡਰ ਦੀ ਭਾਵਨਾ ਪੈਦਾ ਕਰਕੇ ਉਨ੍ਹਾਂ ਨੂੰ ਮੁੱਖ ਧਾਰਾ ਤੋਂ ਦੂਰ ਕਰਨਾ ਹੈ।

ਦੁਬਾਰਾ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰਿੰਦਰ ਮੋਦੀ ਨੇ ਆਪਣੇ ਪਹਿਲੇ ਹੀ ਭਾਸ਼ਣ ਵਿਚ ਕਿਹਾ, "ਪਿਛਲੇ ਕੁਝ ਸਮੇਂ ਤੋਂ ਦੇਸ਼ ਵਿਚ ਘੱਟ ਗਿਣਤੀਆਂ ਇਕ ਕਾਲਪਨਿਕ ਡਰ ਦੇ ਪਰਛਾਵੇਂ ਵਿਚ ਜੀਅ ਰਹੀਆਂ ਹਨ। ਦੇਸ਼ ਦੇ ਸੰਪੂਰਨ ਵਿਕਾਸ ਲਈ ਉਨ੍ਹਾਂ ਨੂੰ ਨਾਲ ਲੈ ਕੇ ਚੱਲਣਾ ਜ਼ਰੂਰੀ ਹੈ।" ਹੁਣ ਇਸ ਬਿਆਨ ਵਿਚ ਉਨ੍ਹਾਂ ਨੇ ਮੁਸਲਮਾਨਾਂ ਦੀ ਥਾਂ 'ਘੱਟ ਗਿਣਤੀ' ਸ਼ਬਦ ਵਰਤਿਆ; ਦੂਜੀ ਗੱਲ, ਉਨ੍ਹਾਂ ਇਹ ਸਪਸ਼ਟ ਨਹੀਂ ਕੀਤਾ ਕਿ ਡਰ ਦੇ ਪਰਛਾਵੇਂ ਪੈਦਾ ਹੋਣ ਦਾ ਕਾਰਨ ਉਨ੍ਹਾਂ ਦੀ ਆਪਣੀ ਪਾਰਟੀ ਸੀ, ਜਾਂ ਕੋਈ ਹੋਰ ਧਿਰ। ਖੈਰ, ਉਨ੍ਹਾਂ ਇਸ ਵਾਰ 'ਸਭ (ਸਭ) ਕਾ ਸਾਥ, ਸਭ ਕਾ ਵਿਕਾਸ, ਸਭ ਕਾ ਵਿਸ਼ਵਾਸ' ਨਾਅਰਾ ਦੇ ਕੇ ਘੱਟ ਗਿਣਤੀਆਂ ਦੇ ਮਨਾਂ ਵਿਚ ਆਪਣੀ ਪਾਰਟੀ ਲਈ ਫੈਲੀ ਨਫਰਤ ਨੂੰ ਘੱਟ ਕਰਨ ਦਾ ਯਤਨ ਕੀਤਾ ਹੈ ਪਰ ਇਹ ਦੇਖਣਾ ਬੇਹੱਦ ਦਿਲਚਸਪ ਹੋਵੇਗਾ ਕਿ ਉਹ ਆਪਣੀ ਕਹੀ ਗੱਲ ਨੂੰ ਅਮਲ ਵਿਚ ਕਿਵੇਂ ਲਿਆਉਂਦੇ ਹਨ।

ਖਾਨ ਮਾਰਕੀਟ ਦੇ ਨਾਲ-ਨਾਲ ਦੇਸ਼ ਦੀਆਂ ਹੋਰ ਮੁਸਲਿਮ ਥਾਂਵਾਂ ਅਤੇ ਮਜਲਿਸਾਂ ਦਾ ਨਾਂ ਬਦਲਣ ਦੀ ਥਾਂ ਉਨ੍ਹਾਂ ਦਾ ਸੰਸਥਾਈ ਵਿਕਾਸ ਵਧੇਰੇ ਜ਼ਰੂਰੀ ਹੈ। ਅਜਿਹਾ ਹੋਣ ਨਾਲ ਹੀ 'ਸਭ ਕਾ ਵਿਸ਼ਵਾਸ' ਜਿੱਤਿਆ ਜਾ ਸਕਦਾ ਹੈ। ਜੇ ਪ੍ਰਧਾਨ ਮੰਤਰੀ ਇਸ ਇਲਾਕੇ ਵੱਲ ਗੰਭੀਰ ਹੋ ਕੇ ਧਿਆਨ ਦੇਣ ਤਾਂ ਫਿਰ ਉਨ੍ਹਾਂ ਨੂੰ ਖਾਨ ਮਾਰਕੀਟ ਕੋਈ ਗੈਂਗ ਜਾਂ ਬੇਗਾਨੀ ਮਹਿਸੂਸ ਨਹੀਂ ਹੋਵੇਗੀ। ਬਦਲੇ ਵਿਚ ਇਹ ਲੋਕ ਵੀ ਪ੍ਰਧਾਨ ਮੰਤਰੀ ਦਾ ਅਸਲ ਬਿੰਬ ਘੜ ਸਕਣਗੇ।

# ਨਵਦੀਪ ਗਿੱਲ ਦੇ ਸਾਹਿਤਕ ਚਿਹਰੇ: ਨੌਲੱਖਾ ਬਾਗ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਪੁਸਤਕ 'ਨੌਲੱਖਾ ਬਾਗ' ਵਿਚ ਨਵਦੀਪ ਸਿੰਘ ਗਿੱਲ ਨੇ ਨੌਂ ਲੇਖਕਾਂ ਦੇ ਸ਼ਬਦ ਚਿੱਤਰ ਪੇਸ਼ ਕੀਤੇ ਹਨ। ਨਵਦੀਪ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪੱਤਰਕਾਰੀ ਤੇ ਜਨ ਸੰਚਾਰ ਦੀ ਐਮ. ਏ. ਕੀਤੀ ਹੈ। ਉਸ ਦੇ ਚਿੱਤਰਾਂ ਵਿਚ ਪੱਤਰਕਾਰੀ ਪ੍ਰਧਾਨ ਹੈ। ਉਹ ਰਾਮ ਸਰੂਪ ਅਣਖੀ ਨੂੰ ਪੰਜਾਬੀ ਸਾਹਿਤ ਦਾ ਥਾਮਸ ਹਾਰਡੀ ਲਿਖਦਾ ਹੈ। ਪ੍ਰਿੰ. ਸਰਵਣ ਸਿੰਘ ਨੂੰ ਵਾਰਤਕ ਦਾ ਓਲੰਪੀਅਨ, ਓਮ ਪ੍ਰਕਾਸ਼ ਗਾਸੋ ਨੂੰ ਸ਼ਬਦਾਂ ਦਾ ਵਣਜਾਰਾ, ਰਵਿੰਦਰ ਭੱਠਲ ਨੂੰ ਚੁੱਪ ਦੀ ਬੁੱਕਲ ਅਤੇ ਜਗਦੇਵ ਸਿੰਘ ਜੱਸੋਵਾਲ ਨੂੰ ਕਲਾ ਕਾਫਲੇ ਦਾ ਸ਼ਾਹ ਅਸਵਾਰ। ਗੁਰਭਜਨ ਗਿੱਲ, ਸਿੱਧੂ ਦਮਦਮੀ, ਸ਼ਮਸ਼ੇਰ ਸੰਧੂ ਤੇ ਨਿਰਮਲ ਜੌੜਾ ਬਾਰੇ ਜਾਨਣ ਲਈ ਤੁਹਾਨੂੰ 'ਨੌਲੱਖਾ ਬਾਗ' ਪੜ੍ਹਨੀ ਪਵੇਗੀ।

ਪੰਜਾਬੀ 'ਚ ਸ਼ਬਦ ਚਿੱਤਰਾਂ ਦੀ ਪਿਰਤ ਪਾਉਣ ਵਾਲਾ ਬਲਵੰਤ ਗਾਰਗੀ ਸੀ। ਉਸ ਨੂੰ ਇਹ ਕਲਾ ਉਰਦੂ ਅਫਸਾਨਾਨਿਗਾਰ ਸਆਦਤ ਹਸਨ ਮੰਟੋ ਦੀਆਂ ਲਿਖਤਾਂ ਤੋਂ ਸੁੱਝੀ। ਸੁਰਮਾ ਮੰਟੋ ਦਾ ਸੀ, ਮਟਕਾਇਆ ਗਾਰਗੀ ਨੇ। ਮਟਕਾਉਣ ਵਾਲੇ ਹੋਰ ਵੀ ਹੋਏ ਨੇ। ਨਵਦੀਪ ਨੇ ਉਨ੍ਹਾਂ ਦੀ ਪੂਛ ਫੜੀ ਹੈ।

ਲੁਧਿਆਣੇ ਮੋਹਨ ਸਿੰਘ ਮੇਲਿਆਂ ਦੇ ਬਾਨੀ ਜਗਦੇਵ ਸਿੰਘ ਜੱਸੋਵਾਲ ਵੱਲੋਂ ਵਿਉਂਤੇ ਇਕ ਮੇਲੇ ਵਿਚ ਜਗਮੋਹਨ ਕੌਰ ਪ੍ਰਵੇਸ਼ ਕਰਦੀ ਹੈ, ਤਾਂ ਨਵਦੀਪ ਦੇ ਲਿਖਣ ਅਨੁਸਾਰ, ਜੱਸੋਵਾਲ ਉਸ ਨੂੰ 'ਉਦੋਂ ਕਿਉਂ ਨਾ ਆਇਓਂ ਮਿੱਤਰਾ, ਜਦੋਂ ਰੰਗ ਸੀ ਸਰ੍ਹੋਂ ਦੇ ਫੁੱਲ ਵਰਗਾ' ਲੋਕ ਟੱਪੇ ਨਾਲ ਜੀ ਆਇਆਂ ਨੂੰ ਕਹਿੰਦਾ ਹੈ। ਜਗਮੋਹਨ ਕੌਰ ਆਪਣੀ ਗਾਇਕੀ ਨਾਲ ਸਰੋਤਿਆਂ ਨੂੰ ਬਾਗੋ ਬਾਗ ਕਰਨ ਪਿੱਛੋਂ ਮਾਈਕ ਤੋਂ ਪਰੇ ਹੋਣ ਲਗਦੀ ਹੈ ਤਾਂ 'ਚੰਗੇ ਵੇਲੇ ਆਇਓਂ ਮਿੱਤਰਾ, ਅਜੇ ਦੁੱਧ ਨੂੰ ਜਾਗ ਨਹੀਂ ਲਾਇਆ' ਨਾਲ ਨਿਵਾਜਦੀ ਹੈ। 'ਨੌਲੱਖਾ ਬਾਗ' ਵਿਚ ਇਹ ਰੰਗ ਗਾਰਗੀ ਵਾਲਾ ਹੈ।

ਪਰ ਨਵਦੀਪ ਗਿੱਲ ਗਾਰਗੀ ਵਾਲੀ ਪੀਂਘ




ਦੇ ਝੂਟੇ ਨਹੀਂ ਲੈਂਦਾ। ਹੋ ਸਕਦਾ ਹੈ, ਲੈਣੇ ਨਾ ਚਾਹੁੰਦਾ ਹੋਵੇ। ਉਸ ਦੇ ਸ਼ਬਦ ਚਿੱਤਰਾਂ ਵਿਚ ਜਾਣਕਾਰੀ ਦੀਆਂ ਪੰਡਾਂ ਨੇ। ਉਹ ਆਪਣੇ ਨਾਇਕਾਂ ਨਾਲ ਤੁਰਿਆ ਵੀ ਹੈ ਤੇ ਉਨ੍ਹਾਂ ਦੇ ਮੋਢੇ ਚੜ੍ਹ ਕੇ ਨੱਚਿਆ ਵੀ ਹੈ। ਖੂਬੀ ਇਹ ਕਿ ਉਸ ਨੇ ਹਰ ਕਿਸੇ ਬਾਰੇ ਇੰਨੀ ਸਮਗਰੀ ਇਕੱਠੀ ਕੀਤੀ ਹੈ ਕਿ ਵਿਦਿਆਰਥੀ ਇਸ ਨੂੰ ਆਪਣੇ ਖੋਜ ਪੱਤਰਾਂ ਦਾ ਆਧਾਰ ਬਣਾ ਕੇ ਡਿਗਰੀਆਂ ਲੈ ਸਕਦੇ ਹਨ।

ਪੰਜਾਬੀ ਵਾਰਤਕ ਦਾ ਓਲੰਪੀਅਨ ਸਰਵਣ ਸਿੰਘ ਆਪਣੇ ਅਧਿਆਪਕ ਦੇ ਕਹਿਣ ਉਤੇ ਕਾਲਜ ਦੇ ਪਹਿਲੇ ਦਿਨ ਬਾਰੇ ਆਪਣੇ ਅਨੁਭਵ ਲਿਖਦਾ ਹੈ ਤਾਂ ਗੇਟ ਵਿਚ ਦਾਖਲੇ ਤੋਂ ਸ਼ੁਰੂ ਕਰਕੇ ਨਲਕੇ ਦੀ ਚੀਂ ਚੀਂ, ਗਰਾਊਂਡ ਦੇ ਘਾਹ ਦੀ ਮਹਿਕ, ਫੁੱਲ ਪੱਤੀਆਂ ਦੇ ਰੰਗ, ਕਲਾਸ ਰੂਮ ਦੀ ਦਿੱਖ ਤੇ ਪਾੜ੍ਹਿਆਂ ਦੇ ਪਹਿਰਾਵੇ ਤੱਕ ਬਿਆਨ ਦਿੰਦਾ ਹੈ। ਨਵਦੀਪ ਗਿੱਲ ਉਸ ਨੂੰ ਸੌ ਮੀਟਰ ਦੀ ਦੌੜ ਲਈ ਉਤਰਿਆ ਖਿਡਾਰੀ ਬਣਾ ਕੇ ਪੇਸ਼ ਕਰਦਾ ਹੈ, ਜੋ 42 ਕਿਲੋਮੀਟਰ ਦੀ ਮੈਰਾਥਨ ਦੌੜ ਲਾ ਕੇ ਵੀ ਦੌੜਦਾ ਰਹਿੰਦਾ ਹੈ ਤੇ ਦੌੜੀ ਜਾ ਰਿਹਾ ਹੈ।

ਗੀਤਕਾਰ ਸ਼ਮਸ਼ੇਰ ਸੰਧੂ ਦੀ ਪਛਾਣ ਉਹ ਬਿੰਦਰਖੀਏ ਨਾਲ ਮੇਲ ਮਿਲਾਪ ਤੋਂ ਸ਼ੁਰੂ ਕਰਕੇ ਸੰਧੂ ਦੇ ਮੂੰਹੋਂ ਇੱਕ ਗੀਤ ਦੀ ਸ਼ੂਟਿੰਗ ਲਈ ਖੇਤ ਦੇ ਮਾਲਕ ਵਲੋਂ ਪੈਸੇ ਮੰਗਣ ਨਾਲ ਮੁਕਾਉਂਦਾ ਹੈ। ਮਾਲਕ ਤੇ ਉਸ ਦੀ ਪਤਨੀ ਅਜਿਹੀ ਸਹੂਲਤ ਦੇਣ ਦੇ ਅੱਠ ਹਜ਼ਾਰ ਰੁਪਏ ਮੰਗ ਲੈਂਦੇ ਹਨ, ਇੱਕ ਮੰਮਣੇ ਕੋਲ ਖਲੋ ਕੇ ਸ਼ੂਟਿੰਗ ਕਰਨ ਦੇ ਸੌ ਰੁਪਏ ਤੇ ਬਲਦਾਂ ਦੀ ਜੋੜੀ ਕੋਲ ਸ਼ੂਟਿੰਗ ਕਰਨ ਦੇ ਸੌ ਰੁਪਏ ਹੋਰ। ਸ਼ਮਸ਼ੇਰ ਨਿਰਾ 'ਤੇਰੇ 'ਚ ਤੇਰਾ ਯਾਰ ਬੋਲਦਾ' ਵਰਗੇ ਰਸੀਲੇ ਬੋਲ ਲਿਖਣ ਵਾਲਾ ਗੀਤਕਾਰ ਹੀ ਨਹੀਂ, ਆਪਣੀ ਗੱਲ ਵਿਚ ਰੌਚਕਤਾ ਭਰਨ ਲਈ ਵੀ ਜਾਣਿਆ ਜਾਂਦਾ ਹੈ। ਨਵਦੀਪ ਨੇ ਉਸ ਦੀ ਰੌਚਕਤਾ ਵਿਚ ਕਿੰਨਾ ਕੁ ਮਿਰਚ ਮਸਾਲਾ ਭਰਿਆ ਹੈ, ਉਹ ਜਾਣੇ ਜਾਂ ਉਹ। ਮੈਂ ਤਾਂ ਏਨਾ ਹੀ ਕਹਿ ਸਕਦਾ ਹਾਂ ਕਿ ਜੇ ਨਵਦੀਪ ਆਪਣੀ ਪੁਸਤਕ ਵਿਚ ਇਹੋ ਜਿਹੇ ਰੰਗ ਹੋਰ ਭਰ ਦਿੰਦਾ ਤਾਂ ਉਸ ਨੇ ਸ਼ਬਦ ਚਿੱਤਰ ਲੇਖਕਾਂ ਦੀ ਪੂਛ ਛੱਡ ਕੇ ਪਲਾਕੀ ਮਾਰ ਕਾਠੀ ਉਤੇ ਜਾ ਬਹਿਣਾ ਸੀ। ਉਸ ਦੇ ਸ਼ਬਦ ਚਿੱਤਰਾਂ ਵਿਚ ਰਸ ਦੀ ਘਾਟ ਤਾਂ ਖਟਕਦੀ ਹੈ, ਪਰ ਜਾਣਕਾਰੀ ਮਾਲਾ ਮਾਲ ਹੈ।

**ਮਾਸਕੋ ਤੋਂ ਮੱਤੋਂ ਬਰਾਸਤਾ ਜਲੰਧਰ ਤੇ ਬਲਾਚੌਰ:** ਦਰਸ਼ਨ ਸਿੰਘ ਨਾਵਲਕਾਰ ਪਿਛਲੀ ਸਦੀ ਦੇ ਸੱਠਵਿਆਂ ਵਿਚ ਸੋਵੀਅਤ ਯੂਨੀਅਨ ਵਲੋਂ ਪ੍ਰਕਾਸ਼ਿਤ ਪ੍ਰਗਤੀਵਾਦੀ ਸਾਹਿਤ ਦੀ ਪੰਜਾਬੀ ਇਕਾਈ ਮਾਸਕੋ ਵਿਚ ਕੰਮ ਕਰਦਾ ਰਿਹਾ ਹੈ। ਕੁਝ ਮਹੀਨਿਆਂ ਪਿੱਛੋਂ ਉਸ ਨੂੰ ਰੇਡੀਓ ਵਲੋਂ ਸ਼ੁਰੂ ਕੀਤੇ ਜਾਣ ਵਾਲੇ ਪੰਜਾਬੀ ਪ੍ਰੋਗਰਾਮ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ ਗਈ। ਉਸ ਦੀ ਅਣਛਪੀ ਸਵੈਜੀਵਨੀ ਅਨੁਸਾਰ ਦੋ ਰੂਸਣਾਂ ਹਿੰਦੀ ਤੋਂ ਬਦਲ ਕੇ ਪੰਜਾਬੀ ਇਕਾਈ ਵਿਚ ਲਾ ਦਿੱਤੀਆਂ ਗਈਆਂ। ਉਨ੍ਹਾਂ ਵਿਚੋਂ ਲੁਦਮਿਲਾ ਬਲਾਇਨੀਕੋਵਾ ਨੇ ਪਹਿਲੇ ਦਿਨ ਤੋਂ ਹੀ ਸਿਰ ਸੜਿਆਂ ਵਾਂਗ ਪੰਜਾਬੀ ਪੜ੍ਹਨੀ ਸ਼ੁਰੂ ਕਰ ਦਿੱਤੀ। ਨਵੇਂ ਲਫਜ਼ਾਂ ਨੂੰ ਉਚੀ-ਉਚੀ ਘੋਟੇ ਲਾਉਂਦੀ। ਟੇਪਾਂ ਲਾ ਲਾ ਸੁਣਦੀ। ਉਹ ਛੇਤੀ ਹੀ ਛੋਟੀ ਅਨਾਊਂਸਰ ਦਾ ਕੰਮ ਸੰਭਾਲਣਾ ਚਾਹੁੰਦੀ ਸੀ। ਦੋ-ਤਿੰਨ ਮਹੀਨਿਆਂ ਪਿਛੋਂ ਉਸ ਨੇ ਰੂਸੀ ਤੋਂ ਖਬਰਾਂ ਪੰਜਾਬੀ ਵਿਚ ਬੋਲਣੀਆਂ ਸ਼ੁਰੂ ਕਰ ਦਿੱਤੀਆਂ। ਉਹ ਪੰਜਾਬੀ ਪੜ੍ਹਨ, ਲਿਖਣ ਲਈ ਪੰਜਾਬ ਵੀ ਆਈ ਤੇ ਪੰਜਾਬੀ ਦੇ ਮੋਢੀ ਪੱਤਰਕਾਰ ਸਾਧੂ ਸਿੰਘ ਹਮਦਰਦ ਦੇ ਘਰ ਪਰਿਵਾਰ ਦੇ ਮੈਂਬਰ ਵਜੋਂ ਲੰਮਾ ਸਮਾਂ ਉਨ੍ਹਾਂ ਦੇ ਘਰ ਰਹੀ। ਬੋਲੀ ਤੇ ਉਚਾਰਨ ਪੱਖੋਂ ਬਿਲਕੁਲ ਦੁਆਬਣ ਬਣ ਗਈ।

ਦਰਸ਼ਨ ਸਿੰਘ ਦੇ ਦਿੱਲੀ ਪਰਤਣ ਤੋਂ ਪਿੱਛੋਂ ਵੀ ਉਹ ਕਈ ਵਰ੍ਹੇ ਪੰਜਾਬੀ ਸੈਕਸ਼ਨ ਦੀ ਰੂਹੇ-ਰਵਾਂ ਰਹੀ। ਦੁਆਬਣਾਂ ਵਾਂਗ ਵਿਚਰੀ। ਨਿਸ਼ਚੇ ਹੀ ਉਸ ਦਾ ਉਚਾਰਨ ਬਲਾਚੌਰ ਤੇ ਜਲੰਧਰ ਦਾ ਮਿਸ਼ਰਣ ਸੀ। ਹਮਦਰਦ ਹੁਰੀਂ ਬਲਾਚੌਰ ਵਿਆਹੇ ਹੋਏ ਸਨ। ਦਰਸ਼ਨ ਸਿੰਘ ਅਨੁਸਾਰ ਉਸ ਪ੍ਰੋਗਰਾਮ ਵਿਚ ਪੰਜਾਬੀਆਂ ਦੀ ਦਿਲਚਸਪੀ ਵਾਲੀ ਕੋਈ ਗੱਲ ਨਹੀਂ ਸੀ, ਸਿਵਾਏ ਲੁਦਮਿਲਾ (ਲੂਦਾ) ਦੇ ਪੰਜਾਬੀ ਉਚਾਰਣ ਦੇ। ਦਰਸ਼ਨ ਸਿੰਘ ਨਹੀਂ ਸੀ ਜਾਣਦਾ ਕਿ ਉਸ ਵਿਚ ਬਲਾਚੌਰੀ ਪੁੱਠ ਸ੍ਰੀਮਤੀ ਹਮਦਰਦ ਦੀ ਸੀ। ਮੈਂ ਇਹ ਪੁੱਠ ਦੇਸ਼ ਵੰਡ ਸਮੇਂ ਪਿੰਡ ਮੱਤੋਂ ਤੋਂ ਉਠ ਕੇ ਪਾਕਿਸਤਾਨ ਗਏ ਐਡਵੋਕੇਟ ਸ਼ਈਦ ਤਾਰਿਕ ਦੇ ਪਰਿਵਾਰਕ ਮੈਂਬਰਾਂ ਦੇ ਬੋਲਾਂ ਵਿਚ ਲਾਹੌਰ 'ਚ ਮਾਣ ਕੇ ਆਇਆ ਹਾਂ।


ਪਿੰਡ ਮੱਤੋਂ ਬਲਾਚੌਰ-ਨਵਾਂ ਸ਼ਹਿਰ ਮਾਰਗ 'ਤੇ ਪੈਂਦਾ ਹੈ। ਦੁਆਬੀ ਉਚਾਰਣ ਜ਼ਿੰਦਾਬਾਦ!

**ਅੰਤਿਕਾ: ਲੋਕ ਨਾਥ**

ਬਿਰਖ ਆਖੇ ਬੰਦਿਆ ਲੱਭ ਆਪਣੀ ਔਕਾਤ
ਕਿੱਥੇ ਫਿਰਦਾ ਭਟਕਦਾ,
ਜੀਵਨ ਦੀ ਸਿੱਖ ਜਾਚ।
ਨਦੀ ਆਖਦੀ ਬੰਦਿਆ ਦੇਖ ਆਪਣੀ ਤਕਦੀਰ
ਰੇਗਿਸਤਾਨ ਨੂੰ ਲੰਘ ਆ,
ਪਿਆਸ ਬੁਝਾਵੇ ਨੀਰ।
ਰਸਤਾ ਆਖੇ ਬੰਦਿਆ ਪਿੱਛੇ ਵੱਲ ਨਾ ਵੇਖ
ਸੱਚ ਸਿਦਕ ਦੀ ਆਸ ਕਰ,
ਜਿੱਤਣਗੇ ਤੇਰੇ ਲੇਖ।

# ਨਹਿਰੂ ਦੀ ਸੋਚ ਨੂੰ ਤਿਲਾਂਜਲੀ ਨੇ ਕਾਂਗਰਸ ਨੂੰ ਦਿਖਾਏ ਆਹ ਦਿਨ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਾਂਗਰਸ ਸਵਾ ਸੌ ਸਾਲ ਤੋਂ ਵੱਧ ਪੁਰਾਣੀ ਪਾਰਟੀ ਹੈ, ਇਹ ਕਦੇ ਡੁੱਬਣ ਨਹੀਂ ਲੱਗੀ। ਜੋ ਲੋਕ ਪਹਿਲਾਂ ਏਦਾਂ ਦਾ ਦਾਅਵਾ ਹਿੱਕ ਠੋਕ ਕੇ ਕਰਿਆ ਕਰਦੇ ਸਨ, ਅੱਜ ਉਹ ਦੱਬਵੀਂ ਜ਼ਬਾਨ ਨਾਲ ਕਹਿੰਦੇ ਹਨ ਕਿ ਜੋ ਵੀ ਹੁੰਦਾ ਰਹੇ, ਕਾਂਗਰਸ ਪਾਰਟੀ ਇਸ ਦੇਸ਼ ਦੀ ਰਾਜਨੀਤੀ ਤੋਂ ਮਨਫੀ ਨਹੀਂ ਹੋ ਸਕਦੀ। ਇਸ ਤਰ੍ਹਾਂ ਦੀ ਗੱਲ ਕਹਿਣ ਦੇ ਵਕਤ ਉਨ੍ਹਾਂ ਸੱਜਣਾਂ ਦੀ ਜ਼ਬਾਨ ਥਿੜਕਣ ਲੱਗਦੀ ਹੈ, ਪਹਿਲਾਂ ਵਾਲੀ ਸਾਬਤ-ਕਦਮੀ ਉਨ੍ਹਾਂ ਸੱਜਣਾਂ ਵਿਚ ਨਹੀਂ ਲੱਭਦੀ ਤੇ ਉਨ੍ਹਾਂ ਦੇ ਉਲਟ ਬੋਲਣ ਵਾਲੇ ਸੱਜਣ ਪਹਿਲਾਂ ਨਾਲੋਂ ਦੁੱਗਣੇ ਖੜਾਕ ਨਾਲ ਬੋਲਦੇ ਹਨ।



ਕਾਰਨ ਸਾਫ ਹੈ, ਭਾਜਪਾ ਵੱਲ ਉਲਾਰ ਹੋਏ ਸੱਜਣ ਇਸ ਵਕਤ 'ਮੋਦੀ ਹੈ ਤਾਂ ਮੁਮਕਿਨ ਹੈ' ਵਾਲੀ ਧਾਰਨਾ 'ਤੇ ਅਮਲ ਹੁੰਦਾ ਵੇਖ ਰਹੇ ਹਨ ਤੇ ਉਸ ਘੜੀ ਦੀ ਉਡੀਕ ਵਿਚ ਹਨ, ਜਦੋਂ ਉਨ੍ਹਾਂ ਦੇ ਇਸ ਆਗੂ ਦੀ ਕਾਂਗਰਸ ਬਾਰੇ ਕਹੀ ਗਈ ਗੱਲ ਸੱਚੀ ਸਾਬਤ ਹੋਵੇਗੀ। ਮੋਦੀ ਦੀ ਇਹ ਗੱਲ ਕੱਟਣ ਵਾਲਿਆਂ ਦੀ ਗਿਣਤੀ ਦਿਨੋ-ਦਿਨ ਘਟਦੀ ਜਾ ਰਹੀ ਹੈ ਤੇ ਆਵਾਜ਼ ਵੀ ਮੱਠੀ ਪੈਂਦੀ ਜਾ ਰਹੀ ਹੈ।

ਭਾਰਤ ਇਸ ਵਕਤ ਉਸ ਪਾਸੇ ਵੱਲ ਵਧ ਰਿਹਾ ਹੈ, ਜਿੱਥੇ ਬਹੁ-ਗਿਣਤੀ ਦੀ ਫਿਰਕਾਪ੍ਰਸਤੀ ਆਪਣੇ ਅਸਲੀ ਰੰਗ ਵਿਚ ਆ ਕੇ ਉਸ ਧੱਕੜਸ਼ਾਹੀ ਤੱਕ ਜਾ ਸਕਦੀ ਹੈ, ਜਿਸ ਦੇ ਝਲਕਾਰੇ ਵੇਖੇ ਜਾਣ ਲੱਗੇ ਹਨ। ਕਿਸੇ ਥਾਂ ਕੋਈ ਝਗੜਾ ਹੋਵੇ ਤਾਂ ਕਾਰਨ ਭਾਵੇਂ ਕ੍ਰਿਕਟ ਦੇ ਮੈਚ ਵਿਚ ਸਾਧਾਰਨ ਅੱਲ੍ਹੜਪੁਣੇ ਦੀ ਖਹਿਬਾਜ਼ੀ ਦਾ ਹੋਵੇ, ਪਰ ਫਿਰਕੂ ਰੰਗ ਚੜ੍ਹਨ ਨੂੰ ਦੇਰ ਨਹੀਂ ਲੱਗਦੀ। ਬੱਸ ਜਾਂ ਰੇਲ ਗੱਡੀ ਵਿਚ ਸੀਟ ਦਾ ਝਗੜਾ ਵੀ ਇਹੋ ਰੰਗ ਫੜ ਲੈਂਦਾ ਹੈ। ਕੁਝ ਲਫੰਡਰ ਕਿਸਮ ਦੇ ਲੋਕ ਅਜਿਹੇ ਮਾਹੌਲ ਵਿਚ ਬਦੋ-ਬਦੀ ਘੜੰਮ ਚੌਧਰੀ ਕਿਸ ਤਰ੍ਹਾਂ ਬਣ ਜਾਂਦੇ ਹਨ, ਇਹ ਅਸੀਂ ਕਈ ਵਾਰ ਵੇਖ ਚੁਕੇ ਹਾਂ ਅਤੇ ਅੱਜ ਕੱਲ੍ਹ ਦੇਸ਼ ਦੇ ਲਗਭਗ ਹਰ ਰਾਜ ਵਿਚੋਂ ਏਦਾਂ ਦੀਆਂ ਖਬਰਾਂ ਆ ਰਹੀਆਂ ਹਨ।

ਲਹਿਰ ਕੋਈ ਵੀ ਹੋਵੇ, ਉਹ ਆਪੇ ਬਣੇ ਅਜਿਹੇ ਘੜੰਮ ਚੌਧਰੀਆਂ ਨੂੰ ਕਦੇ ਰੋਕਦੀ ਨਹੀਂ ਹੁੰਦੀ, ਕਿਉਂਕਿ ਇਹ ਅੰਤਲੇ ਮੋੜ ਵੱਲ ਜਾਣ ਲਈ ਉਸ ਲਹਿਰ ਦੀ ਚੜ੍ਹਤ ਵਧਾਉਣ ਦਾ ਕੰਮ ਕਰਿਆ ਕਰਦੇ ਹਨ ਤੇ ਜਦੋਂ ਖਤਰਾ ਬਣ ਸਕਦੇ ਹੋਣ ਤਾਂ ਉਹੋ ਲਹਿਰਾਂ ਇਨ੍ਹਾਂ ਨੂੰ ਝਟਕਾ ਦੇ ਸਕਦੀਆਂ ਹਨ, ਪਰ ਬਹੁਤੀ ਵਾਰ ਉਦੋਂ ਵੀ ਝਟਕਾ ਨਹੀਂ ਦਿੰਦੀਆਂ। ਜਿਹੜਾ ਗੁੰਡਾ ਅਨਸਰ ਆਜ਼ਾਦ ਦੇਸ਼ ਦੇ ਮੁੱਢਲੇ ਸਾਲਾਂ ਵਿਚ ਕਾਂਗਰਸ ਨਾਲ ਹੁੰਦਾ ਸੀ, ਫਿਰ ਕਾਂਗਰਸ ਵਿਰੋਧ ਦਾ ਝੰਡਾ ਚੁੱਕਣ ਵਾਲੀ ਹਰ ਕਿਸੇ ਹੋਰ ਪਾਰਟੀ ਨਾਲ ਜੁੜ ਜਾਂਦਾ ਰਿਹਾ ਸੀ, ਉਹ ਇਸ ਵੇਲੇ ਇਸ ਨਵੀਂ ਕਿਸਮ ਦੀ ਫਿਰਕਾਪ੍ਰਸਤੀ ਦੇ ਨੇਜ਼ੇ ਦੀ ਨੋਕ ਬਣਿਆ ਦਿੱਸਦਾ ਹੈ। ਕਾਂਗਰਸ ਦੀ ਗੋਦ ਵਿਚ ਖੇਡਦਾ ਇਥੋਂ ਤੱਕ ਪੁੱਜਾ ਇਹ ਅਨਸਰ ਅੱਜ ਆਪਣਾ ਰੰਗ ਵਿਖਾ ਰਿਹਾ ਹੈ।

ਅੱਜ ਦੀ ਤਰੀਕ ਵਿਚ ਜੋ ਆਗੂ ਸਭ ਤੋਂ ਵੱਧ ਘਿਰਿਆ ਪਿਆ ਹੈ, ਉਹ ਕਾਂਗਰਸ ਦੀ ਪ੍ਰਧਾਨਗੀ ਛੱਡ ਚੁਕਾ ਰਾਹੁਲ ਗਾਂਧੀ, ਜੋ ਹਰ ਤੀਸਰੇ ਦਿਨ ਕਿਸੇ ਅਦਾਲਤ ਦੇ ਕਟਹਿਰੇ ਵਿਚ ਜਾ ਖੜੋਂਦਾ ਹੈ, ਪਰ ਜਿਸ ਮਾਹੌਲ ਵਿਚ ਉਹ ਫਸਿਆ ਪਿਆ ਹੈ, ਉਸ ਦੀ ਸ਼ੁਰੂਆਤ ਉਸ ਦੇ ਆਪਣੇ ਬਾਪ ਨੇ ਕੀਤੀ ਸੀ। ਅਯੁੱਧਿਆ ਵਾਲੀ ਬਾਬਰੀ ਮਸਜਿਦ ਨੂੰ ਬੜੇ ਚਿਰ ਤੋਂ ਅਦਾਲਤ ਦੇ ਹੁਕਮ ਨਾਲ ਤਾਲਾ ਲੱਗਾ ਪਿਆ ਸੀ, ਚੋਣ ਮੁਹਿੰਮ ਲਈ ਚੜ੍ਹਨ ਵਾਸਤੇ ਉਹ ਤਾਲਾ ਖੁੱਲ੍ਹਵਾ ਕੇ ਪੂਜਾ ਕਰਨ ਲਈ ਜਦੋਂ ਰਾਜੀਵ ਗਾਂਧੀ ਉਥੇ ਉਚੇਚਾ ਗਿਆ, ਸੈਕੂਲਰ ਸੋਚ ਵਾਲੇ ਕਾਂਗਰਸੀਆਂ ਨੇ ਇਸ ਨੂੰ ਗਲਤ ਬੇਸ਼ੱਕ ਕਿਹਾ ਸੀ, ਪਰ ਇਸ ਦਾ ਵਿਰੋਧ ਨਹੀਂ ਸੀ ਕੀਤਾ। ਤਾਲਾ ਰਾਜੀਵ ਗਾਂਧੀ ਖੁੱਲ੍ਹਵਾ ਗਿਆ, ਅਗਲੀ ਮੁਹਿੰਮ ਚਲਾਉਣ ਲਈ ਉਹ ਲੋਕ ਅੱਗੇ ਆ ਗਏ, ਜੋ ਮੁੱਢ ਤੋਂ ਕਾਂਗਰਸ ਅਤੇ ਨਹਿਰੂ-ਗਾਂਧੀ ਪਰਿਵਾਰ ਦੇ ਵਿਰੋਧੀ ਸਨ। ਫਿਰ ਰਾਜੀਵ ਗਾਂਧੀ ਦਾ ਅਚਾਨਕ ਕਤਲ ਹੋ ਗਿਆ ਤਾਂ ਜਿਸ ਨਰਸਿਮਹਾ ਰਾਓ ਦੇ ਹੱਥ ਕਮਾਨ ਆਈ, ਉਸ ਨੇ ਨਵਾਂ ਪੁੱਠਾ ਕੰਮ ਇਹ ਕੀਤਾ ਕਿ ਬਾਹਰੋਂ ਧਰਮ ਨਿਰਪੱਖ ਬਣਦਾ ਰਿਹਾ, ਪਰ ਅੰਦਰ-ਖਾਤੇ ਬਾਬਰੀ ਮਸਜਿਦ ਢਾਹੁਣ ਵਾਲਿਆਂ ਨਾਲ ਸੈਨਤ ਮਿਲਾ ਕੇ ਚੱਲਦਾ ਰਿਹਾ। ਬਾਬਰੀ ਮਸਜਿਦ ਢਾਹੇ ਜਾਣ ਤੋਂ ਇੱਕ ਦਿਨ ਪਹਿਲਾਂ ਰਾਓ ਨੇ ਖੱਬੇ ਪੱਖੀ ਆਗੂਆਂ ਨੂੰ ਵੀ ਸੱਦਿਆ ਤੇ ਕੁਝ ਹੋਰ ਧਰਮ ਨਿਰਪੱਖ ਧਿਰਾਂ ਦੇ ਆਗੂਆਂ ਨੂੰ ਵੀ, ਪਰ ਜਦੋਂ ਉਹ ਉਸ ਦੇ ਘਰ ਗਏ ਤਾਂ ਨਰਸਮਿਹਾ ਰਾਓ ਅਗੇਤੇ ਆ ਚੁਕੇ ਭਾਜਪਾ ਆਗੂਆਂ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਨਾਲ ਅੰਦਰਲੇ ਕਮਰੇ ਵਿਚ ਮੀਟਿੰਗ ਲਾਈ ਬੈਠਾ ਸੀ।

ਧਰਮ ਨਿਰਪੱਖ ਮੰਨੇ ਜਾਂਦੇ ਆਗੂ ਉਥੇ ਕਈ ਘੰਟੇ ਬਾਹਰਲੇ ਕਮਰੇ ਵਿਚ ਬੈਠੇ ਚਾਹ ਪੀਂਦੇ ਤੇ ਉਬਾਸੀਆਂ ਲੈਂਦੇ ਰਹੇ ਤੇ ਅੰਦਰਲੀ ਮੀਟਿੰਗ ਨਿਰਵਿਘਨ ਚੱਲੀ ਗਈ। ਜਦੋਂ ਅੱਕ ਕੇ ਕਾਮਰੇਡ ਇੰਦਰਜੀਤ ਗੁਪਤਾ ਨੇ ਕਹਿ ਦਿੱਤਾ ਕਿ ਕਾਮਰੇਡ ਸੁਰਜੀਤ ਜੀ, ਆਉ ਚੱਲੀਏ, ਏਦਾਂ ਦੀ ਚਾਹ ਅਤੇ ਬਿਸਕੁਟ ਆਪਣੇ ਦਫਤਰ ਵੀ ਮਿਲ ਜਾਣਗੇ ਤਾਂ ਕਾਹਲੀ ਵਿਚ ਬਾਹਰ ਆਏ ਨਰਸਿਮਹਾ ਰਾਓ ਨੇ ਚਿੰਤਾ ਦਾ ਚਲਿੱਤਰ ਅਰੰਭ ਕਰ ਦਿੱਤਾ ਸੀ। ਇਹ ਸਾਰਾ ਕੁਝ ਜਦੋਂ ਹੋ ਰਿਹਾ ਸੀ, ਕਾਂਗਰਸ ਦੇ ਬਾਕੀ ਲੀਡਰ ਰੋਕਣ ਨੂੰ ਅੱਗੇ ਨਹੀਂ ਸਨ ਆਏ, ਕਿਉਂਕਿ ਉਨ੍ਹਾਂ ਵਿਚੋਂ ਬਹੁਤਿਆਂ ਦਾ ਧਿਆਨ ਭਵਿੱਖ ਵਿਚ ਉੱਭਰ ਸਕਣ ਵਾਲੀ ਜਾਪਦੀ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਨਾਲ ਸੰਪਰਕ ਕਰਨ 'ਤੇ ਲੱਗਾ ਹੋਇਆ ਸੀ।

ਅੱਜ ਦੀ ਨਰਿੰਦਰ ਮੋਦੀ ਸਰਕਾਰ ਦਾ ਮੰਤਰੀ ਬਣਿਆ ਰਾਓ ਇੰਦਰਜੀਤ ਸਿੰਘ ਪਹਿਲਾਂ ਹਰਿਆਣੇ ਤੋਂ ਕਾਂਗਰਸ ਦਾ ਪਾਰਲੀਮੈਂਟ ਮੈਂਬਰ ਹੁੰਦਾ ਸੀ। ਸੁਰਿੰਦਰ ਸਿੰਘ ਆਹਲੂਵਾਲੀਆ ਵੀ ਨਰਸਿਮਹਾ ਰਾਓ ਵਾਲੀ ਕਾਂਗਰਸ ਸਰਕਾਰ ਵਿਚ ਮੰਤਰੀ ਹੁੰਦਾ ਸੀ। ਫੋਲਣ ਲੱਗੋ ਤਾਂ ਏਦਾਂ ਦੇ ਕਈ ਮਿਲ ਜਾਣਗੇ। ਬਾਬਰੀ ਮਸਜਿਦ ਢਾਹੇ ਜਾਣ ਮਗਰੋਂ ਪਾਰਲੀਮੈਂਟ ਵਿਚ ਭਾਜਪਾ ਦਾ ਤਿੱਖਾ ਵਿਰੋਧ ਕਰਨ ਵਾਲੇ ਮੈਂਬਰਾਂ ਵਿਚ ਆਹਲੂਵਾਲੀਆ ਵੀ ਸ਼ਾਮਲ ਸੀ।

ਆਜ਼ਾਦੀ ਲਹਿਰ ਦੇ ਦਿਨਾਂ ਵਿਚ ਕਾਫੀ ਹੱਦ ਤੱਕ ਕਾਂਗਰਸ ਪਾਰਟੀ ਵੱਖ-ਵੱਖ ਧਰਮਾਂ ਦੇ ਲੋਕਾਂ ਦਾ ਸੰਤੁਲਨ ਬਣਾ ਕੇ ਚੱਲਦੀ ਰਹੀ ਸੀ ਤੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਨਾਂ ਨਾਲ 'ਪੰਡਿਤ' ਭਾਵੇਂ ਪੱਕਾ ਲੱਗਾ ਪਿਆ ਸੀ, ਫਿਰ ਵੀ ਉਹ ਆਗੂ ਧਰਮਾਂ ਦੇ ਪੱਖ ਤੋਂ ਆਮ ਕਰ ਕੇ ਨਿਰਲੇਪ ਰਹਿੰਦਾ ਸੀ। ਉਸ ਦੇ ਬਾਅਦ ਉਸ ਦੀ ਧੀ ਇੰਦਰਾ ਗਾਂਧੀ ਨੇ ਥਿੜਕਣ ਵਿਖਾਈ ਸੀ। ਜੋ ਵੀ ਹਾਲਾਤ ਹੋਣ, ਜੋ ਥਿੜਕਣ ਇੰਦਰਾ ਗਾਂਧੀ ਵੇਲੇ ਸ਼ੁਰੂ ਹੋਈ, ਉਹ ਅੱਜ ਇੰਦਰਾ ਗਾਂਧੀ ਦੇ ਪੋਤੇ ਨੂੰ ਭੁਗਤਣੀ ਪੈ ਰਹੀ ਹੈ। ਪਾਰਟੀ ਦੀ ਅੰਦਰੂਨੀ ਹਾਲਤ ਇਸ ਤਰ੍ਹਾਂ ਦੀ ਹੈ ਕਿ ਉਹ ਕਿਸੇ 'ਤੇ ਜ਼ਰਾ ਜਿੰਨਾ ਵੀ ਭਰੋਸਾ ਕਰਨ ਲਈ ਦਿਲੋਂ ਤਿਆਰ ਨਹੀਂ ਹੋ ਸਕਦਾ ਹੋਣਾ। ਬਾਹਰੀ ਪਾਸਿਆਂ ਤੋਂ ਉਸ ਨੂੰ ਚੁਫੇਰਿਓਂ ਸਿਆਸੀ ਤੇ ਕਾਨੂੰਨੀ ਪੱਖ ਤੋਂ ਘੇਰਿਆ ਜਾ ਰਿਹਾ ਹੈ।

ਕਦੇ-ਕਦੇ ਇਹੋ ਜਿਹੇ ਦਿਨ ਆ ਜਾਂਦੇ ਹਨ, ਜਦੋਂ ਬੜੇ ਨੇੜਲੇ ਵੀ ਸਾਥ ਛੱਡ ਖੜੋਂਦੇ ਅਤੇ 'ਘਰ ਦਾ ਭੇਤੀ, ਲੰਕਾ ਢਾਹੇ' ਵਾਲੀ ਗੱਲ ਬਣ ਜਾਂਦੀ ਹੈ। ਇੰਦਰਾ ਗਾਂਧੀ ਦੇ ਮਾੜੇ ਵਕਤ ਵਿਚ ਉਸ ਦੀ ਭੂਆ ਵਿਜੇ ਲਕਸ਼ਮੀ ਉਸ ਨੂੰ ਛੱਡ ਕੇ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਾਲੀ ਲਹਿਰ ਵਿਚ ਜਾ ਖੜੋਤੀ ਸੀ। ਨਹਿਰੂ ਪਰਿਵਾਰ ਦਾ ਨੇੜਲਾ ਰਿਸ਼ਤੇਦਾਰ ਅਰੁਣ ਨਹਿਰੂ, ਜੋ ਇੰਦਰਾ ਗਾਂਧੀ ਦੇ ਵਕਤ ਤੋਂ ਰਾਜ-ਭਾਗ ਮਾਣਦਾ ਰਿਹਾ ਸੀ, ਇੰਦਰਾ ਗਾਂਧੀ ਦਾ ਕਤਲ ਹੋਣ ਪਿੱਛੋਂ ਦਿੱਲੀ ਵਿਚ ਹੋਏ ਸਿੱਖ ਵਿਰੋਧੀ ਕਤਲੇਆਮ ਵਿਚ ਆਪਣੀ ਮੁੱਖ ਭੂਮਿਕਾ ਲਈ ਚਰਚਾ 'ਚ ਰਿਹਾ ਸੀ। ਉਹ ਰਾਜੀਵ ਗਾਂਧੀ ਦੇ ਰਾਜ ਵਾਲੇ ਦਿਨਾਂ ਤੱਕ ਮਜ਼ੇ ਮਾਣਦਾ ਰਿਹਾ, ਪਰ ਜਦੋਂ ਮਾੜੇ ਦਿਨ ਆਏ ਤਾਂ ਰਾਜੀਵ ਗਾਂਧੀ ਨੂੰ ਛੱਡ ਗਿਆ। ਫਿਰ ਉਹ ਰਾਜੀਵ ਗਾਂਧੀ ਦੇ ਵਿਰੁਧ ਰਾਜਾ ਵੀ. ਪੀ. ਸਿੰਘ ਨਾਲ ਜਾ ਜੁੜਿਆ ਸੀ ਤੇ ਜਨਤਾ ਦਲ ਦੀ ਟਿਕਟ 'ਤੇ ਪਾਰਲੀਮੈਂਟ ਮੈਂਬਰ ਬਣ ਕੇ ਕੇਂਦਰੀ ਮੰਤਰੀ ਬਣ ਗਿਆ ਸੀ।



ਇੰਦਰਾ ਗਾਂਧੀ



ਪੀ. ਵੀ. ਨਰਸਿਮਹਾ ਰਾਓ

ਬੜੇ ਲੋਕਾਂ ਨੂੰ ਪਤਾ ਨਹੀਂ ਕਿ ਨਹਿਰੂ-ਗਾਂਧੀ ਖਾਨਦਾਨ ਨਾਲ ਅਰੁਣ ਨਹਿਰੂ ਦਾ ਸਬੰਧ ਬੜਾ ਨੇੜੇ ਦਾ ਸੀ। ਉਸ ਦਾ ਬਾਪ ਅਨੰਦ ਕੁਮਾਰ ਸੀ ਤੇ ਅਨੰਦ ਕੁਮਾਰ ਦਾ ਬਾਪ ਸ਼ਾਮ ਲਾਲ; ਅੱਗੋਂ ਨੰਦ ਲਾਲ ਨਹਿਰੂ ਦਾ ਪੁੱਤਰ ਸੀ। ਇਹ ਨੰਦ ਲਾਲ ਕੋਈ ਓਪਰਾ ਨਹੀਂ, ਪੰਡਿਤ ਜਵਾਹਰ ਲਾਲ ਨਹਿਰੂ ਦਾ ਸਕਾ ਤਾਇਆ ਤੇ ਮੋਤੀ ਲਾਲ ਨਹਿਰੂ ਦਾ ਵੱਡਾ ਭਰਾ ਸੀ। ਇਸ ਪਰਿਵਾਰ ਨੇ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦੇ ਰਾਜ ਤੱਕ ਮੌਜ ਮਾਣੀ, ਮਾਲ ਵੀ ਕਮਾਇਆ ਤੇ ਰਾਜੀਵ ਗਾਂਧੀ ਵੇਲੇ ਜੋ ਚੈਕੋਸਲੋਵਾਕੀਆ ਤੋਂ ਪਿਸਤੌਲ ਮੰਗਵਾਉਣ ਦਾ ਵੱਡਾ ਘਪਲਾ ਹੋਇਆ, ਉਸ ਖੇਡ ਦਾ ਮੁੱਖ ਖਿਡਾਰੀ ਵੀ ਇਹੋ ਅਰੁਣ ਨਹਿਰੂ ਕਿਹਾ ਜਾਂਦਾ ਸੀ, ਜੋ ਪਿਛੋਂ ਵੀ. ਪੀ. ਸਿੰਘ ਨਾਲ ਜੁੜ ਗਿਆ ਸੀ ਅਤੇ ਰਾਜੀਵ ਗਾਂਧੀ ਨੂੰ ਭ੍ਰਿਸ਼ਟਾਚਾਰੀਆ ਕਹਿ ਕੇ ਭੰਡਦਾ ਫਿਰਦਾ ਸੀ। ਜੋ ਲੋਕ ਉਸ ਵਕਤ ਪਾਰਟੀ ਵਿਚ ਰਹਿ ਗਏ ਸਨ ਤੇ ਪਿਛੋਂ ਕਾਂਗਰਸੀ ਸਰਕਾਰਾਂ ਵੇਲੇ ਸੁਖ ਮਾਣਦੇ ਰਹੇ ਸਨ, ਉਹ ਅੱਜ ਰਾਹੁਲ ਗਾਂਧੀ ਦੇ ਖਿਲਾਫ ਨਰਿੰਦਰ ਮੋਦੀ ਦੇ 'ਕਾਂਗਰਸ ਮੁਕਤ ਭਾਰਤ' ਵਾਲੇ ਨਾਅਰੇ ਨੂੰ ਸਿਰੇ ਚਾੜ੍ਹਨ ਲਈ ਕਮਰਾਂ ਕੱਸੀ ਫਿਰਦੇ ਹਨ।

ਇਹ ਸਾਰਾ ਕੁਝ ਜਦੋਂ ਕਾਂਗਰਸ ਪਾਰਟੀ ਨੂੰ ਵੇਖਣਾ ਚਾਹੀਦਾ ਸੀ, ਪੰਡਿਤ ਜਵਾਹਰ ਲਾਲ ਨਹਿਰੂ ਵਾਲੀ ਲੀਹ ਛੱਡੇ ਬਿਨਾ ਰਾਜਨੀਤੀ ਕਰਨੀ ਚਾਹੀਦੀ ਸੀ, ਉਦੋਂ ਕਾਂਗਰਸ ਦੀ ਲੀਡਰਸ਼ਿਪ ਇਸ ਤੋਂ ਖੁੰਝ ਗਈ ਸੀ। ਸਿਧਾਂਤਕ ਪੱਖੋਂ ਸਭ ਤੋਂ ਵੱਧ ਨੁਕਸਾਨ ਜਵਾਹਰ ਲਾਲ ਨਹਿਰੂ ਦੀ ਧੀ ਇੰਦਰਾ ਗਾਂਧੀ ਨੇ ਕੀਤਾ ਸੀ, ਜੋ ਧੀਰੇਂਦਰ ਬ੍ਰਹਮਚਾਰੀ ਜਿਹਿਆਂ ਨੂੰ ਮਾਣ-ਤਾਣ ਦੇਣ ਵਾਲੇ ਰਾਹੇ ਪੈ ਤੁਰੀ ਸੀ। ਰਹਿੰਦੀ ਕਸਰ ਉਸ ਦੇ ਪੁੱਤਰ ਰਾਜੀਵ ਗਾਂਧੀ ਨੇ ਕੱਢ ਦਿੱਤੀ। ਪੰਜਾਬੀ ਦਾ ਇੱਕ ਮੁਹਾਵਰਾ ਹੈ, ਦਾਦੇ ਦੀਆਂ ਕੀਤੀਆਂ ਪੋਤੇ ਨੂੰ ਭੁਗਤਣੀਆਂ ਪੈਂਦੀਆਂ ਹਨ। ਲੱਗਦਾ ਹੈ ਕਿ ਇਸ ਵਾਰ ਦਾਦੇ ਦੀਆਂ ਨਹੀਂ, ਇੰਦਰਾ ਗਾਂਧੀ ਵਰਗੀ ਦਾਦੀ ਦੀਆਂ ਕੀਤੀਆਂ ਰਾਹੁਲ ਗਾਂਧੀ ਵਰਗੇ ਪੋਤੇ ਨੂੰ ਭੁਗਤਣੀਆਂ ਪੈ ਰਹੀਆਂ ਹਨ।

# ਬਜ਼ੁਰਗਾਂ ਦੀ ਸਾਂਭ ਸੰਭਾਲ ਅਤੇ ਸਰਕਾਰਾਂ

ਰਵਿੰਦਰ ਚੋਟ ਫਗਵਾੜਾ
ਫੋਨ: 91-98726-73703

ਬਜ਼ੁਰਗ ਅਤੇ ਜਵਾਨ ਕਿਸੇ ਵੀ ਦੇਸ਼ ਲਈ ਵੱਡਾ ਸਰਮਾਇਆ ਹੁੰਦੇ ਹਨ। ਬਜ਼ੁਰਗਾਂ ਨੇ ਸਾਰੀ ਜ਼ਿੰਦਗੀ ਦੇਸ਼ ਦੀ ਤਰੱਕੀ ਲਈ ਲਾਈ ਹੁੰਦੀ ਹੈ ਅਤੇ ਜਵਾਨੀ ਨੇ ਦੇਸ਼ ਦਾ ਭਾਰ ਆਪਣੇ ਮੋਢਿਆਂ 'ਤੇ ਚੁਕ ਕੇ ਇਸ ਨੂੰ ਖੁਸ਼ਹਾਲ ਬਣਾਉਣ ਲਈ ਮਿਹਨਤ ਕਰਨੀ ਹੁੰਦੀ ਹੈ। ਅਫਸੋਸ ਭਾਰਤ ਦੀ ਜਵਾਨੀ ਦਾ ਰੁੱਖ ਜਾਂ ਤਾਂ ਬਾਹਰਲੇ ਦੇਸ਼ਾਂ ਵਲ ਹੈ ਜਾਂ ਨਸ਼ਿਆਂ ਵਲ। ਬੁਢਾਪਾ ਸਾਡੀਆਂ ਸਰਕਾਰਾਂ ਨੇ ਰੋਲ ਛਡਿਆ ਹੈ। ਦੁਨੀਆਂ ਦੇ ਬਹੁਤੇ ਦੇਸ਼ਾਂ ਵਿਚ ਤਾਂ ਸਰਕਾਰਾਂ ਬਜ਼ੁਰਗਾਂ ਅਤੇ ਬੱਚਿਆਂ ਦੀ ਸਾਂਭ ਸੰਭਾਲ ਦੀ ਜਿੰਮੇਵਾਰੀ ਸਾਂਭਦੀਆਂ ਹਨ। ਉਨ੍ਹਾਂ ਦੇਸ਼ਾਂ ਵਿਚ ਕੰਮ ਕਰਨ ਵੇਲੇ ਹਰ ਬੰਦੇ ਦੀ ਤਨਖਾਹ ਵਿਚੋਂ ਕੁਝ ਪੈਸੇ ਕੱਟੇ ਜਾਂਦੇ ਹਨ, ਉਸ ਦੇ ਬਦਲੇ ਉਨ੍ਹਾਂ ਦੇ ਬੁਢੇਪੇ ਵੇਲੇ ਸਰਕਾਰ ਉਨ੍ਹਾਂ ਦੇ ਰਹਿਣ ਸਹਿਣ, ਸਿਹਤ, ਰਖਿਆ ਲਈ ਹਰ ਬਨਦਾ ਉਪਰਾਲਾ ਕਰਦੀ ਹੈ। ਹੁਣੇ ਹੁਣੇ ਛੋਟੇ ਜਿਹੇ ਦੇਸ਼ ਨੇਪਾਲ ਨੇ ਤਾਂ ਬਜ਼ੁਰਗਾਂ ਲਈ ਬਣੇ ਸੀਨੀਅਰ ਸਿਟੀਜ਼ਨ ਐਕਟ 2006 ਵਿਚ ਸੋਧ ਕਰ ਕੇ ਕਾਨੂੰਨ ਪਾਸ ਕੀਤਾ ਹੈ ਕਿ ਹਰ ਪੁੱਤਰ-ਧੀ ਆਪਣੀ ਕਮਾਈ ਵਿਚੋਂ ਪੰਜ ਤੋਂ ਦਸ ਪ੍ਰਤੀਸ਼ਤ ਆਪਣੇ ਬਜ਼ੁਰਗਾਂ ਦੇ ਖਾਤੇ ਵਿਚ ਜਮਾਂ ਕਰਵਾਏਗਾ। ਜੇ ਉਹ ਅਜਿਹਾ ਨਹੀਂ ਕਰਨਗੇ ਤਾਂ ਸਰਕਾਰ ਜੁਰਮਾਨਾ ਲਾਏਗੀ। ਜੁਰਮਾਨੇ ਤੋਂ ਪ੍ਰਾਪਤ ਪੈਸੇ ਬਜ਼ੁਰਗਾਂ ਦੇ ਖਾਤੇ ਵਿਚ ਜਮਾਂ ਕਰਵਾਏ ਜਾਣਗੇ।

ਬਜ਼ੁਰਗ ਜਾਂ ਸੀਨੀਅਰ ਸਿਟੀਜ਼ਨ ਦੀ ਪਰਿਭਾਸ਼ਾ ਵੀ ਵੱਖ ਵੱਖ ਦੇਸ਼ਾਂ ਦੀ ਵਖਰੀ ਹੈ। ਕੁਝ ਦੇਸ਼ਾਂ ਨੇ ਇਸ ਲਈ ਉਮਰ ਦੀ ਹੱਦ 60 ਸਾਲ ਰੱਖੀ ਹੈ ਤੇ ਕੁਝ ਨੇ 65-67 ਸਾਲ ਕੀਤੀ ਹੋਈ ਹੈ। ਭਾਰਤ ਵਿਚ ਸੀਨੀਅਰ ਸਿਟੀਜ਼ਨ ਲਈ ਉਮਰ 60 ਸਾਲ ਹੀ ਮੰਨੀ ਗਈ ਹੈ। ਭਾਰਤ ਸਰਕਾਰ ਦੇ ਮਿਨਿਸਟਰੀ ਆਫ ਸਟੈਟਿਸਟਿਕਸ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ ਵਿਭਾਗ ਦੇ ਅੰਕੜੇ ਦਸਦੇ ਹਨ ਕਿ ਭਾਰਤ ਵਿਚ ਪੇਂਡੂ ਖੇਤਰ ਵਿਚ ਬਜ਼ੁਰਗਾਂ ਦੀ ਗਿਣਤੀ 7.33 ਕਰੋੜ ਅਤੇ ਸ਼ਹਿਰੀ ਖੇਤਰ ਵਿਚ ਇਹ ਗਿਣਤੀ 3.06 ਕਰੋੜ ਹੈ। ਕੋਈ 10.4 ਕਰੋੜ ਬਜ਼ੁਰਗਾਂ ਵਿਚੋਂ 5.3 ਕਰੋੜ ਔਰਤਾਂ ਹਨ ਤੇ 5.1 ਕਰੋੜ ਪੁਰਸ਼। ਇਨ੍ਹਾਂ ਵਿਚੋਂ ਕਰੀਬ 14.2 ਪ੍ਰਤੀਸ਼ਤ ਹੋਰਨਾਂ ਦੇ ਸਹਾਰੇ ਹਨ, ਆਪ ਕਮਾ ਨਹੀਂ ਸਕਦੇ; 41.6 ਪ੍ਰਤੀਸ਼ਤ ਨੂੰ ਬਿਰਧ ਉਮਰ ਹੋਣ 'ਤੇ ਵੀ ਆਪਣੀ ਰੋਜ਼ੀ ਰੋਟੀ ਲਈ ਕੰਮ ਕਰਨਾ ਪੈਂਦਾ ਹੈ। ਬਜ਼ੁਰਗ ਔਰਤਾਂ ਦੀ ਗਿਣਤੀ ਵੱਧ ਹੈ ਅਤੇ ਆਪਣੀ ਰੋਜ਼ੀ ਲਈ ਦੂਸਰਿਆਂ 'ਤੇ ਨਿਰਭਰ ਕਰਦੀਆਂ ਹਨ।

ਪਹਿਲੇ ਸਮਿਆਂ ਤੋਂ ਹੁਣ ਵਧੀਆ ਆਰਥਕ ਵਿਵਸਥਾ, ਵਧੀਆ ਸਿਹਤ ਸਹੂਲਤਾਂ ਅਤੇ ਦਵਾਈਆਂ ਤੇ ਮੌਤ ਦਰ ਘਟਣ ਕਰਕੇ ਬਜ਼ੁਰਗਾਂ ਦੀ ਗਿਣਤੀ ਦਿਨੋ ਦਿਨ ਵਧਦੀ ਜਾ ਰਹੀ ਹੈ। ਇਹ ਵਰਤਾਰਾ ਸਾਰੀ ਦੁਨੀਆਂ ਵਿਚ ਹੀ ਚਲ ਰਿਹਾ ਹੈ। ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ ਐਂਡ ਹੈਰੀਟੇਜ ਇੰਡੀਆ ਦੀ 2017 ਦੀ ਰਿਪੋਰਟ ਅਨੁਸਾਰ 2026 ਤਕ ਇਹ ਗਿਣਤੀ ਵਧ ਕੇ 17.3 ਕਰੋੜ ਹੋ ਜਾਵੇਗੀ। ਉਨ੍ਹਾਂ ਬਜ਼ੁਰਗਾਂ ਵਿਚ 76 ਪ੍ਰਤੀਸ਼ਤ ਵਿਆਹੇ ਹੋਏ ਹਨ ਅਤੇ 22 ਪ੍ਰਤੀਸ਼ਤ ਦੇ ਸਾਥੀ ਮਰ ਚੁਕੇ ਹਨ ਤੇ 2 ਪ੍ਰਤੀਸ਼ਤ ਛੜੇ ਹਨ। ਸਾਡੇ ਦੇਸ਼ ਵਿਚ ਇਕਹਿਰੇ ਪਰਿਵਾਰਾਂ ਨੇ ਬਜ਼ੁਰਗਾਂ ਦਾ ਜੀਵਨ ਔਖਾ ਕਰ ਦਿਤਾ ਹੈ ਅਤੇ ਉਨ੍ਹਾਂ ਨੂੰ ਬੁਢਾਪਾ ਘਰਾਂ ਵਲ ਧੱਕਿਆ ਜਾ ਰਿਹਾ ਹੈ। ਹੁਣ ਇਹ ਵਧਦੀ ਆਬਾਦੀ ਸਰਕਾਰਾਂ ਅਤੇ ਸਮਾਜ ਲਈ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ।

ਸੀਨੀਅਰ ਸਿਟੀਜ਼ਨਾਂ ਦੇ ਭਲੇ ਲਈ 1999 ਵਿਚ ਇਕ ਕੌਮੀ ਨੀਤੀ ਬਣਾਈ ਗਈ ਸੀ, ਉਸ ਨੂੰ ਸੋਧਣ ਲਈ ਇਕ ਕਮੇਟੀ ਬਣਾਈ ਗਈ, ਜਿਸ ਨੇ ਆਪਣੀ ਰਿਪੋਰਟ 2011 ਵਿਚ ਸਰਕਾਰ ਨੂੰ ਭੇਜ ਦਿੱਤੀ ਸੀ, ਪਰ ਉਹ ਅਜ ਤਕ ਵੀ ਸਹੀ ਅਰਥਾਂ ਵਿਚ ਲਾਗੂ ਨਹੀਂ ਕੀਤੀ ਗਈ। ਇੰਦਰਾ ਗਾਂਧੀ ਨੈਸ਼ਨਲ ਓਲਡ ਏਜ਼ ਪੈਨਸ਼ਨ ਸਕੀਮ ਅਧੀਨ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ 60 ਤੋਂ 79 ਸਾਲ ਉਮਰ ਦੇ ਬਜ਼ੁਰਗਾਂ ਲਈ 200 ਰੁਪਏ ਅਤੇ 80 ਸਾਲ ਤੋਂ ਉਪਰ ਵਾਲਿਆਂ ਲਈ 500 ਰੁਪਏ ਪੈਨਸ਼ਨ ਲਾਗੂ ਕੀਤੀ ਗਈ। ਹੁਣ ਦੀਆਂ ਕੀਮਤਾਂ ਮੁਤਾਬਕ 200 ਰੁਪਏ ਦੀ ਕੀਮਤ 92 ਰੁਪਏ ਤੋਂ ਵੀ ਘੱਟ ਹੈ। ਇਹ ਬਜ਼ੁਰਗਾਂ ਨਾਲ ਮਜ਼ਾਕ ਤੋਂ ਘਟ ਨਹੀਂ। ਸੰਨ 2007 ਤੋਂ ਬਾਅਦ ਇਸ ਵਿਚ ਕੋਈ ਸੋਧ ਨਹੀਂ ਕੀਤੀ ਗਈ।

ਭਾਰਤੀ ਜਨਤਾ ਪਾਰਟੀ ਨੇ 2014 ਦੀਆਂ ਲੋਕ ਸਭਾ ਚੋਣਾਂ ਵੇਲੇ ਆਪਣੇ ਮੈਨੀਫੈਸਟੋ ਵਿਚ ਬਜ਼ੁਰਗਾਂ ਦੀ ਭਲਾਈ, ਆਰਥਕ ਮਦਦ ਅਤੇ ਸਿਹਤ ਲਈ ਵੱਡੇ ਵੱਡੇ ਵਾਅਦੇ ਕੀਤੇ ਸਨ, ਪਰ ਉਨ੍ਹਾਂ ਵਲ ਅਜੇ ਇਕ ਕਦਮ ਵੀ ਨਹੀ ਪੁੱਟਿਆ ਗਿਆ। ਜਿਨ੍ਹਾਂ ਬਜ਼ੁਰਗਾਂ ਨੇ ਸਾਰੀ ਉਮਰ ਸਰਕਾਰੀ ਜਾਂ ਅਰਧ ਸਰਕਾਰੀ ਅਦਾਰਿਆਂ ਵਿਚ ਨੌਕਰੀ ਕਰ ਕੇ ਦੇਸ਼ ਦੀ ਸੇਵਾ ਕੀਤੀ ਹੁੰਦੀ ਹੈ, ਉਨ੍ਹਾਂ ਨੇ ਬੁਢਾਪਾ ਪੈਨਸ਼ਨ ਜਾਂ ਰਿਟਾਇਰਮੈਂਟ 'ਤੇ ਮਿਲੇ ਪੈਸਿਆਂ ਦੇ ਵਿਆਜ ਦੇ ਸਹਾਰੇ ਕੱਟਣਾ ਹੁੰਦਾ ਹੈ, ਪਰ ਸਾਡੀ ਸਰਕਾਰ ਦੋਹਾਂ ਪਾਸਿਆਂ ਤੋਂ ਮਾਰ ਕਰਦੀ ਹੈ। ਬੈਂਕਾਂ ਦੇ ਵਿਆਜ ਵੀ ਘਟਾ ਦਿਤੇ ਹਨ, ਦੂਜੇ ਪਾਸੇ ਖਜਾਨਾ ਖਾਲੀ ਹੋਣ ਦੇ ਬਹਾਨੇ ਡੀ. ਏ. ਦੀਆਂ ਕਿਸ਼ਤਾਂ ਵੀ ਰੋਕ ਛਡਦੀ ਹੈ।

ਹੁਣੇ ਹੁਣੇ ਭਾਰਤ ਦੀ ਸਰਵ ਉਚ ਅਦਾਲਤ ਨੇ 13 ਦਸੰਬਰ 2018 ਨੂੰ ਡਾ. ਅਸ਼ਵਨੀ ਕੁਮਾਰ ਵਰਸਿਜ਼ ਯੂਨੀਅਨ ਆਫ ਇੰਡੀਆ ਐਂਡ ਅਦਰਜ਼ (ਰਿਟ ਪਟੀਸ਼ਨ -ਸੀ -ਨੰ:193 ਆਫ 2016) ਦੇ ਕੇਸ ਵਿਚ ਫੈਸਲਾ ਕਰਦਿਆਂ ਬਜ਼ੁਰਗਾਂ ਦੀ ਭਲਾਈ ਲਈ ਸਰਕਾਰ ਨੂੰ ਸਖਤ ਹਦਾਇਤਾਂ ਦਿੱਤੀਆਂ ਹਨ। ਸੰਵਿਧਾਨ ਦੀ ਧਾਰਾ 21 ਮੁਤਾਬਕ ਹਰ ਨਾਗਰਿਕ ਨੂੰ ਆਤਮ ਸਨਮਾਨ ਨਾਲ ਜਿਉਣ ਦਾ ਬੁਨਿਆਦੀ ਹੱਕ ਹੈ। ਇਸੇ ਤਰ੍ਹਾਂ ਬਜ਼ੁਰਗਾਂ ਨੂੰ ਵੀ ਤਿੰਨ ਤਰ੍ਹਾਂ ਦੇ ਹੱਕ ਦਿੱਤੇ ਗਏ ਹਨ-ਸਨਮਾਨ ਨਾਲ ਜਿਉਣ ਦਾ ਹੱਕ, ਸਿਰ 'ਤੇ ਛਤ ਦਾ ਹੱਕ ਅਤੇ ਸਿਹਤ ਦਾ ਹੱਕ। ਇਸ ਲਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਹੱਕਾਂ ਦੀ ਰਾਖੀ ਕਰਨ ਦੇ ਨਾਲ ਇਨ੍ਹਾਂ ਨੂੰ ਹਰ ਬਜ਼ੁਰਗ ਲਈ ਹਾਜ਼ਰ ਕਰੇ। ਇਸ ਫੈਸਲੇ ਵਿਚ 'ਮੇਨਟੇਨੈਂਸ ਐਂਡ ਵੇਲਫੇਅਰ ਆਫ ਪੇਰੇਂਟਸ ਐਂਡ ਸੀਨੀਅਰ ਸਿਟੀਜ਼ਨ ਐਕਟ 2007' ਨੂੰ ਸਹੀ ਅਰਥਾਂ ਵਿਚ ਲਾਗੂ ਕਰਨ 'ਤੇ ਜੋਰ ਦਿਤਾ ਗਿਆ ਹੈ। ਇਸ ਐਕਟ ਦੀ ਧਾਰਾ 30 ਅਧੀਨ ਕੇਂਦਰ ਸਰਕਾਰ ਸੂਬਿਆਂ ਨੂੰ ਇਹ ਐਕਟ ਲਾਗੂ ਕਰਨ ਦੀ ਹਦਾਇਤ ਕਰ ਸਕਦੀ ਹੈ।

ਜੇ ਪੰਜਾਬ ਵਿਚ ਬਜ਼ੁਰਗਾਂ ਦੀ ਹਾਲਤ 'ਤੇ ਨਜ਼ਰ ਮਾਰੀਏ ਤਾਂ ਵੀ ਨਿਰਾਸ਼ਾਜਨਕ ਤੱਥ ਸਾਹਮਣੇ ਆਉਂਦੇ ਹਨ। ਇਥੇ ਵੀ ਐਕਟ 2007 ਸਹੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਭਾਵੇਂ ਪੰਜਾਬ ਸਰਕਾਰ ਨੇ ਜਨਵਰੀ 2016 ਵਿਚ ਬੁਢਾਪਾ ਪੈਨਸ਼ਨ 500 ਰੁਪਏ ਕਰ ਦਿੱਤੀ ਸੀ, ਪਰ ਇਹ ਵੀ ਸਨਮਾਨ ਨਾਲ ਜਿਉਣ ਲਈ ਕਾਫੀ ਨਹੀਂ। ਸਰਕਾਰ ਨੇ ਸ਼ੋਸ਼ਲ ਸਿਕਿਉਰਿਟੀ ਫੰਡ ਇਕੱਠਾ ਕਰਨ ਲਈ ਸ਼ਹਿਰੀ ਜਾਇਦਾਦ ਦੀ ਵਿਕਰੀ 'ਤੇ 3% ਅਤੇ ਬਿਜਲੀ 'ਤੇ 5% ਸੈਸ ਲਾਇਆ, ਪਰ ਇਸ ਵਿਚੋਂ ਕੁਝ ਵੀ ਬਜ਼ੁਰਗਾਂ ਲਈ ਨਹੀਂ ਖਰਚਿਆ ਗਿਆ। ਉਪਰੋਕਤ ਐਕਟ ਦੀ ਧਾਰਾ 20 ਵਿਚ ਸਪਸ਼ਟ ਕੀਤਾ ਗਿਆ ਹੈ ਕਿ ਸਰਕਾਰ ਬਜ਼ੁਰਗਾਂ ਦੀ ਚੰਗੀ ਸਿਹਤ ਲਈ ਜਿੰਮੇਵਾਰ ਹੈ। ਉਨ੍ਹਾਂ ਨੂੰ ਹਸਪਤਾਲਾਂ ਵਿਚ ਪਹਿਲ ਮਿਲਣੀ ਚਾਹੀਦੀ ਹੈ, ਪਰ ਅਜਿਹਾ ਹੁੰਦਾ ਨਹੀਂ। ਇਸ ਐਕਟ ਦੀ ਧਾਰਾ 19 ਮੁਤਾਬਕ ਹਰ ਜਿਲ੍ਹੇ ਵਿਚ ਸਰਕਾਰੀ ਬੁਢਾਪਾ ਘਰ ਬਣਾਉਣ ਲਈ ਵਚਨਬੱਧ ਹੈ, ਪਰ ਪੰਜਾਬ ਵਿਚ ਸਿਰਫ ਇਕੋ ਇਕ ਸਰਕਾਰੀ ਬੁਢਾਪਾ ਘਰ ਹੁਸ਼ਿਆਰਪੁਰ ਵਿਚ ਹੈ, ਬਾਕੀ ਕਰੀਬ 40 ਬੁਢਾਪਾ ਘਰ ਪ੍ਰਾਈਵੇਟ ਹਨ, ਜੋ ਚੋਖੇ ਪੈਸੇ ਲੈ ਕੇ ਬਜ਼ੁਰਗਾਂ ਨੂੰ ਰੱਖਦੇ ਹਨ।

ਪੰਜਾਬ ਸਰਕਾਰ ਨੇ ਔਰਤਾਂ, ਪਛੜੀਆਂ ਸ਼੍ਰੇਣੀਆਂ ਅਤੇ ਵਿਦੇਸ਼ੀਆਂ ਲਈ ਵਖਰੇ ਕਮਿਸ਼ਨ ਬਣਾਏ ਹੋਏ ਹਨ, ਜੋ ਉਨ੍ਹਾਂ ਦੇ ਮਸਲੇ ਹੱਲ ਕਰਦੇ ਹਨ। ਬਜ਼ੁਰਗਾਂ ਲਈ ਵੀ ਵਖਰਾ ਕਮਿਸ਼ਨ ਬਣਨਾ ਚਾਹੀਦਾ ਹੈ, ਜੋ ਉਨ੍ਹਾਂ ਦੇ ਮਸਲੇ ਹੱਲ ਕਰ ਸਕੇ।

ਪੰਜਾਬ ਟਾਈਮਜ਼

ਸਨਿਚਰਵਾਰ, 20 ਜੁਲਾਈ 2019

# ਪੰਜਾਬ ਦਾ ਸਿਆਸੀ ਪਿੜ

ਪੰਜਾਬ ਦਾ ਸਿਆਸੀ ਪਿੜ ਇਕ ਵਾਰ ਫਿਰ ਭਖਣ ਲੱਗ ਪਿਆ ਹੈ। ਇਸ ਵਾਰ ਵੀ ਇਸ ਦੀਆਂ ਤਾਰਾਂ ਜਾਂ ਵਿਉਂਤਾਂ ਦਿੱਲੀ ਬੈਠੇ ਹਾਕਮਾਂ ਜਾਂ ਕੇਂਦਰੀ ਸੰਸਥਾਵਾਂ ਨਾਲ ਜੁੜੀਆਂ ਹੋਈਆਂ ਹਨ। ਕੇਂਦਰ ਸਰਕਾਰ ਨੇ 'ਸਿੱਖਸ ਫਾਰ ਜਸਟਿਸ' ਉਤੇ ਪਾਬੰਦੀ ਲਾ ਦਿੱਤੀ ਹੈ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਬੇਅਦਬੀ ਦੀਆਂ ਘਟਨਾਵਾਂ ਨਾਲ ਕੇਸ ਬੰਦ ਕਰਨ ਬਾਰੇ ਆਪਣੀ ਰਿਪੋਰਟ (ਕਲੋਜ਼ਰ ਰਿਪੋਰਟ) ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ। ਸੁਪਰੀਮ ਕੋਰਟ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮਾਮਲਾ ਇਕ ਵਾਰ ਫਿਰ ਉਭਰ ਆਇਆ ਹੈ। ਇਹ ਤਿੰਨੇ ਹੀ ਮਸਲੇ ਪੰਜਾਬ ਲਈ ਬੇਹੱਦ ਅਹਿਮ ਹਨ ਅਤੇ ਇਨ੍ਹਾਂ ਦਾ ਵੱਧ ਜਾਂ ਘੱਟ ਰੂਪ ਵਿਚ ਪੰਜਾਬ ਦੀ ਸਿਆਸਤ ਉਤੇ ਅਸਰ ਪੈਣ ਦੀ ਸੰਭਾਵਨਾ ਹੈ। 'ਸਿੱਖਸ ਫਾਰ ਜਸਟਿਸ' ਉਤੇ ਪਾਬੰਦੀ ਦੇ ਮਾਮਲੇ ਉਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੜੀ ਫੁਰਤੀ ਦਿਖਾਈ ਹੈ ਅਤੇ ਇਸ ਪਾਬੰਦੀ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦਾ ਯਤਨ ਕੀਤਾ ਹੈ ਜਦਕਿ ਤੱਥ ਇਹ ਬੋਲਦੇ ਹਨ ਕਿ ਮੋਦੀ ਸਰਕਾਰ ਨੇ ਇਹ ਪਾਬੰਦੀ ਬਹੁਤ ਸੋਚ-ਵਿਚਾਰ ਤੋਂ ਬਾਅਦ ਲਾਈ ਹੈ। ਸਾਰਾ ਜੱਗ ਜਾਣਦਾ ਹੈ ਕਿ 'ਸਿੱਖਸ ਫਾਰ ਜਸਟਿਸ' ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਦੀ ਸਿਆਸਤ ਉਤੇ ਅਸਰ ਬੇਹੱਦ ਨਿਗੂਣਾ ਹੈ। ਇਸੇ ਕਰਕੇ ਇਸ ਪਾਬੰਦੀ ਨੂੰ ਕੇਂਦਰ ਵਲੋਂ ਪੰਜਾਬ ਸਿਰ ਇਕ ਹੋਰ ਸੰਕਟ ਖੜ੍ਹਾ ਕਰਨ ਦੀ ਸਿਆਸਤ ਵਜੋਂ ਦੇਖਿਆ-ਵਿਚਾਰਿਆ ਜਾ ਰਿਹਾ ਹੈ। ਪਿਛਲੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਨੇ ਦਰਸਾ ਦਿੱਤਾ ਹੈ ਕਿ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦੀ ਭਾਈਵਾਲ ਧਿਰ, ਸ਼੍ਰੋਮਣੀ ਅਕਾਲੀ ਦਲ ਵੱਡੀ ਸਿਆਸੀ ਪਛਾੜ ਝੱਲ ਰਿਹਾ ਹੈ। ਭਾਰਤੀ ਜਨਤਾ ਪਾਰਟੀ ਇਸ ਪਛਾੜ ਨੂੰ ਹੁਣ ਆਪਣੀ ਤਾਕਤ ਵਧਾਉਣ ਲਈ ਵਰਤਣ ਦੇ ਰਉਂ ਵਿਚ ਹੈ।

ਉਂਜ ਵੀ ਪਾਰਟੀ ਦੀ ਪੰਜਾਬ ਇਕਾਈ ਦਾ ਇਕ ਵੱਡਾ ਹਿੱਸਾ ਲੰਮੇ ਸਮੇਂ ਤੋਂ ਇਹ ਕਹਿੰਦਾ ਆ ਰਿਹਾ ਹੈ ਕਿ ਸੂਬੇ ਵਿਚ ਪਾਰਟੀ ਨੂੰ ਭਾਈਵਾਲੀ ਛੱਡ ਕੇ ਇਕੱਲਿਆਂ ਵਿਚਰਨਾ ਚਾਹੀਦਾ ਹੈ ਤਾਂ ਕਿ ਇਹ ਵੱਡੀ ਧਿਰ ਬਣ ਸਕੇ। ਪੰਜਾਬ ਇਕਾਈ ਦੇ ਪ੍ਰਧਾਨ ਸ਼ਵੇਤ ਮਲਿਕ ਦੇ ਇਸ ਬਿਆਨ ਨੇ ਹੁਣ ਸਭ ਸਪਸ਼ਟ ਕਰ ਦਿੱਤਾ ਹੈ। ਆਪਣੇ ਬਿਆਨ ਵਿਚ ਇਸ ਆਗੂ ਨੇ ਆਖਿਆ ਹੈ ਕਿ ਪਾਰਟੀ ਨੂੰ ਸੂਬੇ ਦੀ ਸਭ ਤੋਂ ਵੱਡੀ ਧਿਰ ਬਣਾਇਆ ਜਾਵੇਗਾ। ਲੋਕ ਸਭਾ ਚੋਣਾਂ ਦੇ ਵਿਸ਼ਲੇਸ਼ਣ ਨੇ ਇਹ ਦਰਸਾ ਹੀ ਦਿੱਤਾ ਹੈ ਕਿ ਪੰਜਾਬ ਦੀਆਂ ਹਿੰਦੂ ਵੋਟਾਂ ਦਾ ਚੋਖਾ ਹਿੱਸਾ ਐਤਕੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਿਆ ਹੈ। ਜାਹਰ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਲਈ ਹਾਲਾਤ ਹੋਰ ਕਸੂਤੇ ਬਣ ਸਕਦੇ ਹਨ। ਪੰਜਾਬ ਸਦਾ ਆਰ.ਐਸ.ਐਸ. ਤੇ ਭਾਜਪਾ ਦੇ ਏਜੰਡੇ ਉਤੇ ਰਿਹਾ ਹੈ ਅਤੇ ਹੁਣ ਇਹ ਪੰਜਾਬ ਵਿਚ ਆਪਣੀ ਪੈਂਠ ਬਣਾਉਣ ਲਈ ਮੌਕਾ ਹੀ ਤਲਾਸ਼ ਰਿਹਾ ਹੈ। ਇਸ ਦੀਆਂ ਗਿਣਤੀਆਂ-ਮਿਣਤੀਆਂ ਮੁਤਾਬਕ, ਕਾਂਗਰਸ ਅੰਦਰਲੀ ਪਾਟੋ-ਧਾੜ ਨੇ ਇਸ ਦਾ ਕਾਰਜ ਆਸਾਨ ਕਰ ਦੇਣਾ ਹੈ। ਹੁਣ ਗੋਲਬੰਦੀ ਲਈ 'ਸਿੱਖਸ ਫਾਰ ਜਸਟਿਸ' 'ਤੇ ਨਿਸ਼ਾਨਾ ਲਾਇਆ ਗਿਆ ਹੈ।

ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਇਕ ਤਰ੍ਹਾਂ ਨਾਲ ਬੇਵਸ ਜਿਹੇ ਹੋਏ ਜਾਪਦੇ ਹਨ। ਦਲ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਭਾਵੇਂ ਇਸ ਮਸਲੇ ਉਤੇ ਕਾਨੂੰਨੀ ਲੜਾਈ ਛੇੜਨ ਦਾ ਐਲਾਨ ਕੀਤਾ ਗਿਆ ਹੈ, ਪਰ ਇਹ ਲੜਾਈ ਹੋਣੀ ਕੀਹਦੇ ਖਿਲਾਫ ਹੈ? ਇਸ ਵੇਲੇ ਕੇਂਦਰ ਵਿਚ ਜਿਹੜੀ ਸਰਕਾਰ ਹੈ, ਉਸ ਵਿਚ ਅਕਾਲੀ ਦਲ ਖੁਦ ਭਾਈਵਾਲ ਹੈ ਅਤੇ ਇਸ ਉਤੇ ਇਹ ਦੋਸ਼ ਲਗਾਤਾਰ ਲਗਦੇ ਰਹੇ ਹਨ ਕਿ ਬਾਦਲ ਪਰਿਵਾਰ ਇਸ ਮਾਮਲੇ ਵਿਚ ਪੰਜਾਬ ਦੀ ਥਾਂ ਆਪਣੇ ਨਿੱਜੀ ਹਿਤਾਂ ਨੂੰ ਵਧੇਰੇ ਤਰਜੀਹ ਦਿੰਦਾ ਰਿਹਾ ਹੈ। ਪਿਛਲੇ ਪੰਜ ਸਾਲਾਂ ਦਾ ਇਤਿਹਾਸ ਵੀ ਗਵਾਹ ਹੈ ਕਿ ਨਾ ਤਾਂ ਪ੍ਰਧਾਨ ਮੰਤਰੀ ਅਤੇ ਨਾ ਹੀ ਭਾਜਪਾ ਨੇ ਅਕਾਲੀ ਆਗੂਆਂ ਦੇ ਕਹਿਣ ਉਤੇ ਪੰਜਾਬ ਦੇ ਮੁੱਦਿਆਂ ਵੱਲ ਕੋਈ ਧਿਆਨ ਹੀ ਦਿੱਤਾ ਹੈ।

ਸਤਲੁਜ-ਯਮੁਨਾ ਲਿੰਕ ਨਹਿਰ ਦਾ ਮੁੱਦਾ ਅਜਿਹਾ ਅਹਿਮ ਮਸਲਾ ਹੈ, ਜੋ ਆਉਣ ਵਾਲੇ ਸਮੇਂ ਦੌਰਾਨ ਅਕਾਲੀ ਦਲ ਲਈ ਹੋਰ ਸੰਕਟ ਖੜ੍ਹਾ ਕਰ ਸਕਦਾ ਹੈ। ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਇਸੇ ਸਾਲ ਹੋਣੀਆਂ ਹਨ ਅਤੇ ਭਾਰਤੀ ਜਨਤਾ ਪਾਰਟੀ ਦਾ ਇਸ ਮਸਲੇ 'ਤੇ ਪੂਰਾ ਜ਼ੋਰ ਲੱਗਿਆ ਹੋਇਆ ਹੈ। ਪਿਛਲੇ ਦਿਨੀਂ ਡੇਰਾ ਸਿਰਸਾ ਦੇ ਮੁਖੀ, ਜੋ ਬਲਾਤਕਾਰ ਤੇ ਕਤਲ ਦੇ ਕੇਸਾਂ 'ਚ ਜੇਲ੍ਹ ਅੰਦਰ ਬੰਦ ਹੈ, ਨੂੰ ਪੈਰੋਲ 'ਤੇ ਛੱਡਣ ਲਈ ਭਾਜਪਾ ਅਤੇ ਇਸ ਦੀ ਸਰਕਾਰ ਜਿੰਨੀ ਕਾਹਲ ਕਰ ਰਹੀ ਸੀ, ਉਸ ਤੋਂ ਪਤਾ ਲਗਦਾ ਹੈ ਕਿ ਵੋਟਾਂ ਹਾਸਲ ਕਰਨ ਲਈ ਇਹ ਪਾਰਟੀ ਕਿਸ ਹੱਦ ਤਕ ਜਾ ਸਕਦੀ ਹੈ। ਇਸ ਮਾਮਲੇ 'ਤੇ ਇਹ ਆਪਣੀ ਭਾਈਵਾਲ ਧਿਰ ਅਕਾਲੀ ਦਲ ਦੀ ਬਲੀ ਲੈਣ ਤੋਂ ਵੀ ਹਿਚਕਚਾਏਗੀ ਨਹੀਂ। ਇਸ ਰੂਪ 'ਚ ਹਰਿਆਣਾ ਵਿਧਾਨ ਸਭਾ ਚੋਣਾਂ ਦਾ ਅਸਰ ਇਕ ਤਰ੍ਹਾਂ ਪੰਜਾਬ ਦੀ ਸਿਆਸਤ 'ਤੇ ਪ੍ਰਤੱਖ ਪੈਣ ਦੀਆਂ ਸੰਭਾਵਨਾਵਾਂ ਹਨ। ਇਨ੍ਹਾਂ ਹਾਲਾਤ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਕਿਸ ਤਰ੍ਹਾਂ ਨਜਿੱਠਦੇ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਹ ਆਸਾਰ ਸਾਫ ਨਜ਼ਰ ਆ ਰਹੇ ਹਨ ਕਿ ਪੰਜਾਬ ਦੀ ਸਿਆਸਤ ਅੰਦਰ ਸਿਫਤੀ ਤਬਦੀਲੀ ਲਈ ਮਾਹੌਲ ਬਣਾਇਆ ਜਾ ਰਿਹਾ ਹੈ। ਹੁਣ ਦੇਸ਼ ਵਿਚ ਬਹੁਤ ਥੋੜ੍ਹੇ ਸੂਬੇ ਰਹਿ ਗਏ ਹਨ, ਜਿਥੇ ਭਾਜਪਾ ਦੀ ਪੈਂਠ ਮੁਕਾਬਲਤਨ ਘੱਟ ਹਨ। ਪਾਰਟੀ ਦੀ ਕੇਂਦਰੀ ਲੀਡਰਸ਼ਿਪ ਇਹ ਖਾਮੀ ਪੂਰਨ ਲਈ ਹਰ ਸੰਭਵ-ਅਸੰਭਵ ਯਤਨ ਕਰ ਰਹੀ ਹੈ। ਇਸ ਕਾਰਜ ਲਈ ਦੂਜੀਆਂ ਸਥਾਪਿਤ ਪਾਰਟੀਆਂ ਦੇ ਆਗੂਆਂ ਨੂੰ ਵੀ ਕਿਸੇ ਨਾ ਕਿਸੇ ਢੰਗ-ਤਰੀਕੇ ਆਪਣੇ ਪਾਲੇ ਵਿਚ ਲਿਆਂਦਾ ਜਾ ਰਿਹਾ ਹੈ। ਪੱਛਮੀ ਬੰਗਾਲ ਇਸ ਦੀ ਸਭ ਤੋਂ ਉਘੀ ਮਿਸਾਲ ਹੈ। ਇਹ ਪਾਰਟੀ ਪੰਜਾਬ 'ਚ ਵੀ ਇਸ ਢੰਗ-ਤਰੀਕੇ ਨਾਲ ਵਿਚਾਰਾਂ ਵੀ ਕਰ ਰਹੀ ਹੈ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਚੋਟੀ ਦਾ ਅਕਾਲੀ ਆਗੂ, ਪਾਰਟੀ ਦੇ ਕੇਂਦਰੀ ਆਗੂਆਂ ਨਾਲ ਲਗਾਤਾਰ ਸੰਪਰਕ 'ਚ ਰਿਹਾ ਹੈ ਤੇ ਕੇਂਦਰ 'ਚ ਸੱਤਾਧਾਰੀ ਧਿਰ ਕੋਲ ਸਤਰੰਜ ਦੀਆਂ ਗੋਟੀਆਂ ਸਭ ਤੋਂ ਵੱਧ ਹੁੰਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਖਾਮੋਸ਼ੀ ਦੇ ਅਰਥ?

ਗੱਲ ਸੋਚ ਵਿਚਾਰ ਤੋਂ ਬਾਹਰ ਦੀ ਏ, ਕਰੀਏ ਨਿਰਖ ਕੀ ਵਰਤ ਗਏ ਭਾਣਿਆਂ ਦਾ।
ਛਾਇਆ ਧਰਮ ਜਨੂੰਨ ਜਾਂ ਅਸਰ ਹੋਇਆ, ਰਾਸ਼ਟਰਵਾਦ ਦੇ ਗਾਏ ਗਏ 'ਗਾਣਿਆਂ' ਦਾ।
ਬਣ ਗਿਆ 'ਸ਼ਿਕਾਰ' ਹੈ ਲੋਕਤੰਤਰ, ਸੌੜੀ ਸਿਆਸਤ ਦੇ 'ਤਾਣਿਆਂ-ਬਾਣਿਆਂ' ਦਾ।
ਛੌਰਾ ਪੈ ਗਿਆ ਬੁਰਾ ਗੁਲਦਸਤਿਆਂ 'ਤੇ, ਇੱਕੋ ਈ ਰੰਗ ਦੇ ਫੁੱਲਾਂ 'ਪੁਰਾਣਿਆਂ' ਦਾ।
ਗੁੰਮ-ਸੁੰਮ ਜਿਹਾ ਦੇਖ ਮਾਹੌਲ ਹੋਇਆ, ਸਿਆਣੇ ਕਹਿ ਦਿੰਦੇ ਆਊ ਤੂਫਾਨ ਯਾਰੋ।
ਸੁੰਨ ਵਰਤੀ ਹੈ 'ਕਮਲ-ਤੂਫਾਨ' ਮਗਰੋਂ, ਲਾਈਏ ਏਸ ਤੋਂ ਕਿਹੜਾ ਅਨੁਮਾਨ ਯਾਰੋ?

# ਅਮਰੀਕਾ-ਇਰਾਨ ਸੰਕਟ ਦੀ ਸਿਆਸਤ

*ਸੰਸਾਰ ਭਰ ਵਿਚ ਅਮਰੀਕਾ ਦੀ ਸਰਦਾਰੀ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੈ। ਵੱਖ-ਵੱਖ ਮੁਲਕਾਂ ਵਿਚ ਇਸ ਦਾ ਸਿੱਧਾ-ਅਸਿੱਧਾ ਦਖਲ ਅਕਸਰ ਚਰਚਾ ਦਾ ਵਿਸ਼ਾ ਬਣਦਾ ਰਿਹਾ ਹੈ। ਅੱਜ ਕੱਲ੍ਹ ਅਮਰੀਕਾ ਦਾ ਇਰਾਨ ਨਾਲ ਰੱਫੜ ਚਲ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਪਿਛਲੇ ਸਮੇਂ ਦੌਰਾਨ ਇਰਾਨ ਬਾਰੇ ਆਪਣਾ ਸਖਤ ਰੁਖ ਜ਼ਾਹਿਰ ਕਰਦੇ ਰਹੇ ਹਨ। ਡਾ. ਕੁਲਦੀਪ ਸਿੰਘ ਨੇ ਆਪਣੇ ਇਸ ਲੇਖ ਵਿਚ ਅਮਰੀਕਾ ਅਤੇ ਇਰਾਨ ਦੇ ਝੇੜੇ ਕਾਰਨ ਖਾੜੀ ਖਿੱਤੇ ਵਿਚ ਬਣ ਰਹੇ ਹਾਲਾਤ ਬਾਰੇ ਵਿਚਾਰ-ਚਰਚਾ ਕੀਤੀ ਹੈ। -ਸੰਪਾਦਕ*

ਬਸਤੀਵਾਦੀ ਦੌਰ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਬਰਤਾਨੀਆ ਦਾ ਸੂਰਜ ਕਦੇ ਵੀ ਨਹੀਂ ਸੀ ਛਿਪਦਾ। ਹੁਣ ਇਹ ਕਿਹਾ ਜਾਂਦਾ ਹੈ ਕਿ ਅਮਰੀਕਾ ਦੀ ਮਿਲਟਰੀ ਦੁਨੀਆ ਦੇ ਹਰ ਕੋਨੇ ਵਿਚ ਹੈ, ਉਸ ਦਾ ਵੀ ਕਿਤੇ ਸੂਰਜ ਨਹੀਂ ਛਿਪਦਾ। ਅਮਰੀਕਨ ਧੌਂਸ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਇਹ ਆਏ ਦਿਨ ਕਿਸੇ ਨਾਲ ਕਿਸੇ ਮੁਲਕ ਨਾਲ ਟਕਰਾਅ ਵਿਚ ਆ ਰਿਹਾ ਹੈ। 20ਵੀਂ ਸਦੀ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸ ਵਿਚ ਇਸ ਨੇ ਦੁਨੀਆ ਦੇ ਵੱਖ ਵੱਖ ਕੋਨਿਆਂ ਵਿਚ ਕਈ ਮੁਲਕਾਂ ਦੀਆਂ ਸਰਕਾਰਾਂ ਤੋੜੀਆਂ, ਜੰਗਾਂ ਲੜੀਆਂ ਅਤੇ ਤਬਾਹੀ ਕੀਤੀ ਹੈ।



ਡਾ. ਕੁਲਦੀਪ ਸਿੰਘ
ਫੋਨ: +91-98151-15429

ਉਂਜ, ਹਕੀਕਤ ਇਹ ਹੈ ਕਿ ਵੱਖ-ਵੱਖ ਜੰਗਾਂ ਵਿਚੋਂ ਨਿਕਲਣ ਦੀ ਥਾਂ ਅਮਰੀਕਾ ਲਗਾਤਾਰ ਫਸਦਾ ਰਿਹਾ ਹੈ ਅਤੇ ਜੰਗ ਦੀ ਤਬਾਹੀ ਤੋਂ ਬਾਅਦ ਆਪਣੇ ਹਿੱਤਾਂ ਦੀ ਰੱਖਿਆ ਲਈ ਆਪਣੇ ਪੱਖੀ ਸਰਕਾਰਾਂ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਫਿਰ ਵੀ, ਜੰਗਾਂ ਤੋਂ ਪੀੜਤ ਮੁਲਕ ਜਾਂ ਤਾਂ ਆਪਸੀ ਲੜਾਈਆਂ ਵਿਚ ਉਲਝ ਗਏ ਜਾਂ ਫਿਰ ਆਰਥਿਕ ਮੰਦਵਾੜਿਆਂ ਦਾ ਸ਼ਿਕਾਰ ਹੋ ਗਏ ਤੇ ਭਿਆਨਕ ਤਰਾਸਦੀਆਂ ਵਿਚ ਬਦਲ ਗਏ। ਇਰਾਕ, ਅਫਗਾਨਿਸਤਾਨ, ਸੀਰੀਆ, ਲਿਬਨਾਨ ਆਦਿ ਅਜਿਹੀਆਂ ਹੀ ਮਿਸਾਲਾਂ ਹਨ।

ਅਮਰੀਕਾ ਨੇ ਖਾੜੀ ਵਿਚ ਸਭ ਤੋਂ ਵੱਡੀ ਜੰਗ ਇਰਾਕ ਖਿਲਾਫ ਸੱਦਾਮ ਹੁਸੈਨ ਨੂੰ ਸੱਤਾ ਵਿਚੋਂ ਲਾਂਭੇ ਕਰਨ ਲਈ ਇਸ ਕਰਕੇ ਲੜੀ ਕਿ ਉਹ ਉਸ ਦੇ ਟੀਚਿਆਂ ਦੀ ਪੂਰਤੀ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਸੀ। ਤੇਲ ਭੰਡਾਰਾਂ ਪਿੱਛੇ ਜਿਸ ਤਰ੍ਹਾਂ ਦੀ ਲਲਕ ਅਮਰੀਕਾ ਅੰਦਰ ਪੈਦਾ ਹੋਈ, ਉਸ ਨੇ ਇਸ ਖਿੱਤੇ ਨੂੰ ਤਬਾਹੀ ਤੱਕ ਪਹੁੰਚਾ ਦਿੱਤਾ। ਸਾਊਦੀ ਅਰਬ ਜਿਸ ਦੀ ਸਮੁੱਚੀ ਸੁਰੱਖਿਆ ਇਕ ਤਰ੍ਹਾਂ ਨਾਲ ਅਮਰੀਕਾ ਕੋਲ ਠੇਕੇ 'ਤੇ ਹੈ, ਵਿਚ ਵੱਖ-ਵੱਖ ਇਸਲਾਮੀ ਧੜਿਆਂ ਨੂੰ ਮਦਦ ਕਰਨ ਅਤੇ ਪਨਾਹ ਦੇਣ ਦੇ ਦੋਸ਼ ਦੁਨੀਆ ਭਰ ਵਿਚ ਲੱਗ ਚੁੱਕੇ ਹਨ।



ਇਸ ਦੇ ਨਾਲ ਹੀ ਇਸ ਖਿੱਤੇ ਵਿਚ ਸਭ ਤੋਂ ਵੱਡੀ ਸੰਕਟ ਦੀ ਜੜ੍ਹ ਇਸਰਾਈਲ ਦੀਆਂ ਇੱਛਾਵਾਂ ਅਤੇ ਇਰਾਦਿਆਂ ਵਿਚ ਸਮੋਈ ਹੋਈ ਹੈ ਜਿਸ ਨੇ ਫਲਸਤੀਨ ਦੀ ਹੋਂਦ ਮਿਟਾਉਣ ਲਈ ਕੋਈ ਕਸਰ ਨਹੀਂ ਛੱਡੀ। ਤੱਤ ਰੂਪ ਵਿਚ ਇਸਰਾਈਲ ਅਮਰੀਕਾ ਦਾ ਉਹ ਪਿੱਠੂ ਹੈ ਜੋ ਇਸ ਖੇਤਰ ਵਿਚ ਕਿਸੇ ਵੀ ਹਾਲ ਸ਼ਾਂਤੀ ਦੇ ਪੱਖ ਵਿਚ ਨਹੀਂ, ਕਿਉਂਕਿ ਉਸ ਦਾ ਬਹੁਤਾ ਦਾਰਮੋਦਾਰ ਅਮਰੀਕਾ 'ਤੇ ਹੀ ਹੈ। ਇਸ ਖੇਤਰ ਵਿਚ ਜਿਸ ਤਰ੍ਹਾਂ ਇਰਾਨ ਨੇ ਆਪਣੀ ਪ੍ਰਭੂਸੱਤਾ ਬਰਕਰਾਰ ਰੱਖੀ ਹੋਈ ਹੈ, ਉਹ ਅਮਰੀਕਾ ਦੀਆਂ ਅੱਖਾਂ ਵਿਚ ਵੀ ਰੜਕਦੀ ਵੀ ਹੈ ਬਲਕਿ ਇਸਰਾਈਲ ਇਸ ਨੂੰ ਹੋਰ ਸ਼ਹਿ ਦੇ ਰਿਹਾ ਹੈ।

ਅਮਰੀਕਾ ਯੂ.ਐਨ.ਓ. ਰਾਹੀਂ ਵੱਖ-ਵੱਖ ਮੁਲਕਾਂ ਦੇ ਪਰਮਾਣੂ ਊਰਜਾ ਪ੍ਰੋਜੈਕਟਾਂ ਨੂੰ ਪਰਮਾਣੂ ਹਥਿਆਰਾਂ ਨਾਲ ਜੋੜ ਕੇ ਪਾਬੰਦੀਆਂ ਅਤੇ ਸ਼ਰਤਾਂ ਲਗਾਉਣ ਤੱਕ ਪਹੁੰਚ ਜਾਂਦਾ ਹੈ। ਪਿਛਲੇ 40 ਸਾਲਾਂ ਤੋਂ ਜਿਸ ਤਰ੍ਹਾਂ ਅਮਰੀਕਾ ਅਤੇ ਇਰਾਨ ਦਾ ਟਕਰਾਅ ਬਣਿਆ ਹੋਇਆ ਹੈ, ਉਹ ਹੁਣ ਚਰਮ ਸੀਮਾ 'ਤੇ ਹੈ। ਆਏ ਦਿਨ ਇਕ ਦੂਜੇ ਉਪਰ ਕੌਮਾਂਤਰੀ ਕਾਇਦੇ-ਕਾਨੂੰਨ ਭੰਨਣ ਦੇ ਇਲਜ਼ਾਮ ਲਗਾਏ ਜਾ ਰਹੇ ਹਨ ਪਰ ਖਿੱਤੇ ਦੇ ਬਹੁਗਿਣਤੀ ਮੁਲਕਾਂ ਨੂੰ ਪਤਾ ਹੈ ਕਿ ਅਮਰੀਕਾ ਕਿਸੇ ਮੁਲਕ ਵਿਚ ਤਬਾਹੀ ਤਾਂ ਮਚਾ ਸਕਦਾ ਹੈ ਪਰ ਇਹ ਮੁੜ ਉਸ ਦੀ ਪਿੱਠ ਤੇ ਨਹੀਂ ਖੜ੍ਹਦਾ ਅਤੇ ਉਸ ਮੁਲਕ ਨੂੰ ਆਰਥਿਕ ਸੰਕਟ ਵਿਚੋਂ ਉਭਾਰਨ ਦਾ ਅਮਰੀਕਾ ਦਾ ਕੋਈ ਵੀ ਸਰੋਕਾਰ ਨਹੀਂ ਹੁੰਦਾ। ਅਜਿਹੀਆਂ ਮਿਸਾਲਾਂ ਅਰਬ ਖਾੜੀ ਤੋਂ ਲੈ ਕੇ ਲਾਤੀਨੀ ਅਮਰੀਕਾ ਅਤੇ ਏਸ਼ੀਆ ਤੱਕ ਭਰੀਆਂ ਪਈਆਂ ਹਨ।

ਅਮਰੀਕਾ ਦਾ ਸਭ ਤੋਂ ਵੱਡਾ ਸਰੋਕਾਰ ਇਸ ਖਿੱਤੇ ਵਿਚਲੇ ਤੇਲ ਭੰਡਾਰਾਂ ਉਪਰ ਆਪਣੀ ਸਰਦਾਰੀ ਕਾਇਮ ਰੱਖਣਾ ਹੈ ਤਾਂ ਕਿ ਇਸ ਰਾਹੀਂ ਦੁਨੀਆ ਦੇ ਵੱਖ ਵੱਖ ਮੁਲਕਾਂ, ਇਥੋਂ ਤੱਕ ਯੂਰਪ ਦੇ ਮੁਲਕਾਂ ਨੂੰ ਵੀ ਹੇਠਾਂ ਲਗਾਇਆ ਜਾ ਸਕੇ। ਅਮਰੀਕਾ ਨੇ ਜਿਸ ਪੱਧਰ ਤੇ ਆਪਣੇ ਮੁਲਕ ਦੀ ਆਰਥਿਕਤਾ ਨੂੰ ਮਿਲਟਰੀ ਸਨਅਤ ਆਰਥਿਕਤਾ ਬਣਾ ਲਿਆ ਹੈ, ਆਧੁਨਿਕ ਹਥਿਆਰ ਬਣਾਉਣੇ, ਵੇਚਣੇ ਅਤੇ ਇਨ੍ਹਾਂ ਦੀ ਦੁਰਵਰਤੋਂ ਕਰਨਾ ਇਸ ਦਾ ਕੇਂਦਰੀ ਸਰੋਕਾਰ ਬਣ ਚੁਕਿਆ ਹੈ। ਹੁਣ ਜਦੋਂ ਨਿੱਤ ਰੋਜ਼ ਕਿਸੇ ਨਾ ਕਿਸੇ ਮੁਲਕ ਨਾਲ ਅਮਰੀਕਾ ਟਕਰਾਅ ਵਿਚ ਆ ਰਿਹਾ ਹੈ, ਧਮਕੀਆਂ ਤੋਂ ਲੈ ਕੇ ਜੰਗ ਤੱਕ ਦੀ ਨੌਬਤ ਆ ਚੁੱਕੀ ਹੈ।

ਇਨ੍ਹਾਂ ਸਾਰੇ ਪੱਖਾਂ ਨੂੰ ਦੇਖਦਿਆਂ ਹਰ ਮੁਲਕ ਅਮਰੀਕਾ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਦਾ ਹੈ ਅਤੇ ਇਸ ਦਾ ਸਾਥ ਦੇਣ ਤੋਂ ਕੰਨੀਂ ਕਤਰਾਉਂਦਾ ਹੈ। ਇਰਾਨ ਅਮਰੀਕਾ ਸੰਕਟ ਵਿਚ ਭਾਵੇਂ ਯੂਰਪੀ ਮੁਲਕ ਅਮਰੀਕਾ ਨਾਲ ਖੜ੍ਹੇ ਦਿਖਾਈ ਦਿੰਦੇ ਹਨ ਪਰ ਉਨ੍ਹਾਂ ਅੰਦਰ ਇੰਨੀ ਜਾਨ ਨਹੀਂ ਕਿ ਉਸ ਦੇ ਹਮਲਾਵਰ ਰੁਖ ਨਾਲ ਜੁੜ ਕੇ ਕੋਈ ਪਹਿਲਕਦਮੀ ਕਰ ਸਕਣ ਦੇ ਸਮਰਥ ਹੋਣ। ਅਜਿਹੇ ਹਾਲਾਤ ਵਿਚ ਇਰਾਨ ਵਲੋਂ ਦਿਖਾਈ ਜਾ ਰਹੀ ਜੁਰਅਤ ਅਮਰੀਕਾ ਅਤੇ ਯੂਰਪੀ ਮੁਲਕਾਂ ਨੂੰ ਕੰਬਣੀ ਛੇੜ ਰਹੀ ਹੈ; ਹਾਲਾਂਕਿ ਅਮਰੀਕਾ ਨੇ ਆਪਣੇ ਪੁਰਾਣੇ ਕਾਇਦੇ-ਕਾਨੂੰਨਾਂ ਅਨੁਸਾਰ ਇਰਾਨ ਤੇ ਆਰਥਿਕ ਬੰਦਸ਼ਾਂ ਲਗਾ ਦਿੱਤੀਆਂ ਹਨ ਜੋ ਕਈ ਵਾਰੀ ਪਹਿਲਾਂ ਵੀ ਲੱਗ ਚੁੱਕੀਆਂ ਹਨ। ਇਸ ਦਾ ਮੋੜਵਾਂ ਜਵਾਬ ਦਿੰਦੇ ਹੋਏ ਇਰਾਨ ਨੇ ਪਰਮਾਣੂ ਊਰਜਾ ਦੇ ਸਵਾਲ ਤੇ ਸੰਧੀ (2015) ਨੂੰ ਖੁੱਲ੍ਹੇਆਮ ਤੋੜਨ ਦਾ ਐਲਾਨ ਹੀ ਨਹੀਂ ਕੀਤਾ ਬਲਕਿ ਇਸ ਹੱਦ ਤੱਕ ਅਮਰੀਕਾ ਅਤੇ ਯੂਰਪੀ ਮੁਲਕਾਂ ਨੂੰ ਵੰਗਾਰਿਆ ਹੈ ਕਿ ਇਹ ਸੰਧੀ ਦੇ ਨਿਯਮ ਛਿੱਕੇ ਟੰਗ ਰਿਹਾ ਹੈ। ਯੂਰੇਨੀਅਮ ਦੀ ਸੁਧਾਈ ਜੋ ਪਰਮਾਣੂ ਹਥਿਆਰ ਬਣਾਉਣ ਲਈ ਜ਼ਰੂਰੀ ਹੈ, ਵਿਚ ਵਾਧਾ ਕਰ ਰਿਹਾ ਹੈ। ਇਰਾਨ ਨੇ ਯੂਰਪੀ ਮੁਲਕਾਂ ਨੂੰ ਵੰਗਾਰਿਆ ਹੈ ਕਿ ਇਨ੍ਹਾਂ ਅੰਦਰ ਅਮਰੀਕਾ ਨੂੰ ਕੁਝ ਕਹਿਣ ਦੀ ਜੁਅਰਤ ਹੀ ਨਹੀਂ ਹੈ।

ਯਾਦ ਰਹੇ ਕਿ ਭਾਰਤ ਨੇ ਇਰਾਨ ਤੋਂ ਤੇਲ ਦੀ ਸਪਲਾਈ ਰੋਕਣ ਸਬੰਧੀ ਅਮਰੀਕਾ ਅੱਗੇ ਗੋਡੇ ਟੇਕ ਦਿੱਤੇ ਹਨ। ਅਰਬ ਦੀ ਖਾੜੀ ਦੇ ਪ੍ਰਸਿਧ ਵਿਸ਼ਲੇਸ਼ਕ ਰੌਬਰਟ ਫਿਸਕ ਦਾ ਕਹਿਣਾ ਹੈ ਕਿ ਇਰਾਨ ਅਮਰੀਕਾ ਦੇ ਤਜਰਬਿਆਂ ਤੋਂ ਪੂਰੀ ਤਰ੍ਹਾਂ ਵਾਕਿਫ ਹੈ; ਜਿਵੇਂ ਆਰਥਿਕ ਮੰਦਵਾੜੇ ਵਿਚ ਮੁਲਕ ਨੂੰ ਫਸਾਉਣਾ, ਬੇਚੈਨੀ ਪੈਦਾ ਕਰਨੀ, ਰਾਜ ਪਲਟੇ ਕਰਨੇ ਆਦਿ।

ਇਸ ਵੇਲੇ ਖਾੜੀ ਵਿਚ ਜੋ ਹਾਲਾਤ ਹਨ, ਉਸ ਤੋਂ ਸ਼ਾਇਦ ਅਮਰੀਕਾ ਵੀ ਅਨਜਾਣ ਹੈ। ਥਾਂ-ਥਾਂ ਅਮਰੀਕਾ ਖਿਲਾਫ ਲੁਕਵੇਂ ਜਾਂ ਖੁੱਲ੍ਹੇ ਰੂਪ ਵਿਚ ਵਿਰੋਧ ਧੁਖ ਰਿਹਾ ਹੈ। ਹੁਣੇ ਜਿਹੇ ਡੋਨਲਡ ਟਰੰਪ ਨੇ ਉਤਰੀ ਕੋਰੀਆ ਜਿਸ ਨੂੰ ਅਮਰੀਕਾ ਨਿੱਤ ਹਮਲਾ ਕਰਨ ਦੀਆਂ ਧਮਕੀਆਂ ਦਿੰਦਾ ਸੀ, ਦੀ ਧਰਤੀ 'ਤੇ ਜਾ ਕੇ ਉਸ ਨੂੰ ਦੋਸਤ ਕਹਿਣਾ ਪਿਆ, ਕਿਉਂਕਿ ਇਸ ਖਿੱਤੇ ਵਿਚ ਚੀਨ ਨੇ ਸਿੱਧੀ ਪੁਜ਼ੀਸ਼ਨ ਲਈ ਹੋਈ ਹੈ ਕਿ ਉਹ ਇਰਾਨ ਤੋਂ ਤੇਲ ਦੀ ਸਪਲਾਈ ਜਾਰੀ ਰੱਖੇਗਾ। ਅਜਿਹੀ ਹੀ ਪੁਜ਼ੀਸ਼ਨ ਜਾਪਾਨ ਦੀ ਹੈ, ਹਾਲਾਂਕਿ ਅਮਰੀਕਾ ਜਾਪਾਨ ਨੂੰ ਇਰਾਨ ਖਿਲਾਫ ਭੜਕਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ।

ਅੱਜ ਹਾਲਾਤ ਇਹ ਹਨ ਕਿ ਅਮਰੀਕਾ ਆਪਣੀਆਂ ਪਹਿਲਾਂ ਵਾਲੀਆਂ ਪੁਜ਼ੀਸ਼ਨਾਂ ਤੋਂ ਹਿਲ ਵੀ ਰਿਹਾ ਹੈ। ਇਸ ਨੂੰ ਤੌਖਲਾ ਹੈ ਕਿ ਥਾਂ-ਥਾਂ 'ਤੇ ਸ਼ੁਰੂ ਕੀਤੀਆਂ ਜੰਗਾਂ ਜੋ ਉਸ ਦਾ ਖਹਿੜਾ ਨਹੀਂ ਛੱਡ ਰਹੀਆਂ, ਵੱਡੇ ਵਿਰੋਧਾਂ ਨੂੰ ਜਨਮ ਦੇ ਰਹੀਆਂ ਹਨ। ਹੁਣੇ-ਹੁਣੇ ਲਾਤੀਨੀ ਅਮਰੀਕਾ ਵਿਚ ਵੈਨੇਜ਼ੁਏਲਾ ਅਤੇ ਹੋਰ ਮੁਲਕਾਂ ਨਾਲ ਪਏ ਰੱਫੜ ਇਸ ਦੀ ਬੇਚੈਨੀ ਵਧਾ ਰਹੇ ਹਨ। ਅਫਗਾਨਿਸਤਾਨ ਜੰਗ ਤੋਂ ਬਾਅਦ ਵੀ ਇਸ ਦੇ ਪੈਰ ਨਹੀਂ ਲੱਗਣ ਦੇ ਰਿਹਾ। ਇਨ੍ਹਾਂ ਹਾਲਾਤ ਦੇ ਬਾਵਜੂਦ ਪੈਂਟਾਗਨ ਦਾ ਮੀਡੀਆ ਅਮਰੀਕਾ ਇਰਾਨ ਟਕਰਾਅ ਨੂੰ ਜੰਗ ਦੇ ਰੂਪ ਵਿਚ ਅਗਾਂਹ ਵਧਾਉਣ ਲਈ ਅੱਡੀ ਜੋਟੀ ਦਾ ਜ਼ੋਰ ਲਗਾ ਰਿਹਾ ਹੈ। ਟਰੰਪ ਦੇ ਦੋ ਸਲਾਹਕਾਰ ਜੌਨ ਬੋਲਟਨ ਅਤੇ ਮਾਈਕ ਪੌਂਪੀਓ ਜੰਗ ਦਾ ਫੋਬੀਆ ਖੜ੍ਹਾ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ ਹਾਲਾਂਕਿ ਅੰਦਰੋ-ਅੰਦਰੀ ਅਮਰੀਕਨਾਂ ਨੂੰ ਪਤਾ ਹੈ, ਇਥੋਂ ਤੱਕ ਟਰੰਪ ਨੂੰ ਵੀ ਪਤਾ ਹੈ ਕਿ ਇਕ ਵਾਰੀ ਜੰਗ ਸ਼ੁਰੂ ਹੋ ਗਈ ਤਾਂ ਇਹ ਵੱਡਾ ਰੂਪ ਲੈ ਸਕਦੀ ਹੈ।

ਰੂਸ ਦੇ ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਰਾਨ ਤਾਂ ਅਮਰੀਕਾ ਲਈ ਵਿਚਕਾਰਲਾ ਕਦਮ ਹੈ। ਅਸਲ ਜੰਗ ਤਾਂ ਉਹ ਰੂਸ ਖਿਲਾਫ ਹੀ ਸੇਧਤ ਕਰਨੀ ਚਾਹੁੰਦਾ ਹੈ, ਕਿਉਂਕਿ ਅਮਰੀਕਾ ਦਾ ਨਵ-ਉਦਾਰਵਾਦੀ ਪ੍ਰੋਜੈਕਟ ਪੂਰੀ ਤਰ੍ਹਾਂ ਖੋਖਲਾ ਹੋ ਚੁੱਕਾ ਹੈ। ਅਮਰੀਕਾ ਦੀ ਮੱਧ ਵਰਗ ਸ਼੍ਰੇਣੀ ਬੇਚੈਨੀ ਦੇ ਆਲਮ ਵਿਚੋਂ ਗੁਜ਼ਰ ਰਹੀ ਹੈ। ਰਾਸ਼ਟਰਪਤੀ ਦੀਆਂ ਆ ਰਹੀਆਂ ਚੋਣਾਂ ਵੀ ਟਰੰਪ ਨੂੰ ਸਤਾ ਰਹੀਆਂ ਹਨ। ਉਹ ਵੀ ਮੁਲਕ ਅੰਦਰ ਜੰਗ ਦਾ ਫੋਬੀਆ ਖੜ੍ਹਾ ਕਰਨਾ ਚਾਹੁੰਦਾ ਹੈ। ਖਾੜੀ ਬਾਰੇ ਸਿਆਸੀ ਵਿਸ਼ਲੇਸ਼ਕ ਤਾਰਿਕ ਅਲੀ ਦਾ ਕਹਿਣਾ ਹੈ ਕਿ ਅਰਬ ਸਾਗਰ ਵਿਚ ਅਮਰੀਕਾ ਇਸ ਕਰਕੇ ਵੀ ਵੱਧ ਰੁਚੀ ਲੈਂਦਾ ਹੈ, ਕਿਉਂਕਿ ਸਮੁੱਚੀ ਦੁਨੀਆ ਨੂੰ ਇਥੋਂ ਤੇਲ ਦੀ ਸਪਲਾਈ ਹੁੰਦੀ ਹੈ। ਅਮਰੀਕਾ ਸਾਰੀ ਦੁਨੀਆ ਨੂੰ ਇਹ ਦਿਖਾਉਣਾ ਚਾਹੁੰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਤੇ ਕਿਥੋਂ ਤੇਲ ਲੈ ਰਹੇ ਹੋ, ਇਹ ਸਭ ਕੁਝ ਉਸ ਦੀਆਂ ਨਜ਼ਰਾਂ ਵਿਚ ਹੈ। ਇਹ ਖਿੱਤਾ ਅਮਰੀਕਨਾਂ ਲਈ ਗਲੋਬਲ ਸਿਆਸੀ ਪੱਖਾਂ ਤੋਂ ਅਹਿਮੀਅਤ ਰੱਖਦਾ ਹੈ।

ਸਾਰੀ ਦੁਨੀਆ ਇਸ ਵਕਤ ਆਰਥਿਕ ਸੰਕਟ ਵਿਚ ਫਸੀ ਹੋਈ ਹੈ। ਇਹ ਭਾਵੇਂ ਅਮਰੀਕਾ ਹੈ ਜਾਂ ਕੋਈ ਹੋਰ, ਜੰਗ ਤੋਂ ਕੋਈ ਵੱਡਾ ਲਾਭ ਨਹੀਂ ਲੈ ਸਕਦਾ ਬਲਕਿ ਖੁਦ ਅਤੇ ਦੁਨੀਆ ਨੂੰ ਹੋਰ ਸੰਕਟਾਂ ਵਿਚ ਸੁੱਟ ਸਕਦਾ ਹੈ। ਖਾੜੀ ਵਿਚ ਜੰਗ ਦੇ ਬੱਦਲ ਸੰਕਟ ਵਿਚ ਘਿਰੇ ਖਿੱਤੇ ਨੂੰ ਹੋਰ ਸੰਕਟਾਂ ਵਿਚ ਫਸਾ ਸਕਦੇ ਹਨ। ਅਜਿਹੇ ਹਾਲਾਤ ਵਿਚੋਂ ਉਭਰਨ ਲਈ ਵੱਖ ਵੱਖ ਮੁਲਕਾਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਮਰੀਕਾ ਵਲੋਂ ਖਾੜੀ ਵਿਚ ਬਣਾਏ ਜਾ ਰਹੇ ਜੰਗ ਵਾਲੇ ਮਾਹੌਲ ਨੂੰ ਰੋਕਣ ਲਈ ਇਸ ਦਾ ਡਟ ਕੇ ਵਿਰੋਧ ਕਰਨ ਅਤੇ ਇਰਾਨ ਦੀ ਖੁਦਮੁਖਤਾਰੀ ਨੂੰ ਬਰਕਰਾਰ ਰੱਖਣ। ਇਸ ਦੇ ਨਾਲ ਹੀ ਇਰਾਨ ਦੇ ਲੋਕਾਂ ਉਤੇ ਲਗਾਈਆਂ ਆਰਥਿਕ ਬੰਦਸ਼ਾਂ ਹਟਾਉਣ ਦੀ ਵਕਾਲਤ ਵੀ ਕਰਨੀ ਚਾਹੀਦੀ ਹੈ।

# ਨਵੀਂ ਸਿੱਖਿਆ ਨੀਤੀ ਦੀ ਭਗਵੇਂਕਰਨ ਵਾਲੀ ਲੀਹ

***ਭਾਰਤ ਸਰਕਾਰ ਨੇ ਨਵੀਂ ਸਿੱਖਿਆ ਨੀਤੀ ਤਿਆਰ ਕਰਨ ਲਈ ਖਰੜਾ ਨਸ਼ਰ ਕੀਤਾ ਹੈ। ਮੁਲਕ ਦੀ ਪਹਿਲੀ ਸਿੱਖਿਆ ਨੀਤੀ 1968 ਅਤੇ ਦੂਜੀ 1986 ਵਿਚ ਬਣੀਆਂ ਹਨ। 1992 ਵਿਚ 1986 ਵਾਲੀ ਨੀਤੀ ਵਿਚ ਕੁਝ ਕੁ ਸੋਧਾਂ ਕੀਤੀਆਂ ਗਈਆਂ ਸਨ। ਹੁਣ ਤੀਜੀ ਨੀਤੀ ਤਿਆਰ ਕਰਨ ਦੀ ਕਵਾਇਦ ਚੱਲ ਰਹੀ ਹੈ। ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਇਹ ਨੀਤੀ ਕਰਨ ਲਈ 2015 ਤੋਂ ਜੁਟੇ ਹੋਏ ਹਨ। ਨੀਤੀ ਦੇ ਖਰੜੇ ਵਿਚ ਜੋ ਕੁਝ ਸ਼ਾਮਲ ਕੀਤਾ ਗਿਆ ਹੈ, ਉਸ ਤੋਂ ਸਾਫ ਹੋ ਰਿਹਾ ਹੈ ਕਿ ਸਿੱਖਿਆ ਨੀਤੀ ਉਤੇ ਭਗਵੇਂਕਰਨ ਦਾ ਭਰਪੂਰ ਅਸਰ ਦਿਸੇਗਾ। ਇਸ ਬਾਰੇ ਚਰਚਾ ਡਾ. ਰਾਜਿੰਦਰ ਪਾਲ ਸਿੰਘ ਬਰਾੜ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਭਾਰਤ ਦੀ ਨਵੀਂ ਸਿੱਖਿਆ ਨੀਤੀ ਅਸਲ ਵਿਚ 1986 ਵਾਲੀ ਸਿੱਖਿਆ ਨੀਤੀ ਦਾ ਹੀ ਅਗਲਾ ਪੜਾਅ ਹੈ। ਸੰਸਾਰੀਕਰਨ ਦੇ ਪ੍ਰਭਾਵ ਅਧੀਨ ਜਿਹੜਾ ਨਿੱਜੀਕਰਨ, ਉਦਾਰੀਕਰਨ ਅਤੇ ਪੂੰਜੀਵਾਦ ਦਾ ਨਵਾਂ ਦੌਰ ਚਲਿਆ ਸੀ, ਇਹ ਉਸ ਦਾ ਹੀ ਸਿੱਖਿਆ 'ਤੇ ਪਿਆ ਪ੍ਰਭਾਵ ਸੀ। ਇਹ ਸਿੱਖਿਆ ਨੀਤੀ ਉਸ ਸਮੇਂ ਹੋਂਦ ਵਿਚ ਆਈ ਸੀ ਜਦੋਂ ਕਾਂਗਰਸ ਸਰਕਾਰ ਨੇ ਨਹਿਰੂ ਮਾਡਲ ਤੋਂ ਪਿੱਛੇ ਹਟ ਕੇ ਜਨਤਕ ਸੇਵਾਵਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣਾ ਸ਼ੁਰੂ ਕੀਤਾ ਸੀ। ਹੁਣ ਭਾਜਪਾ ਸਰਕਾਰ ਨੇ ਇਹ ਹੱਥ ਪਿੱਛੇ ਖਿੱਚਣ ਦੇ ਅਮਲ ਨੂੰ ਤੇਜ਼ ਕਰਦਿਆਂ ਸਿਰਫ ਆਪਣੀ ਵਿਚਾਰਧਾਰਾ ਦਾ ਤੜਕਾ ਲਾਇਆ ਹੈ।

ਬਿਨਾ ਸ਼ੱਕ ਸਮੇਂ ਨਾਲ ਸਿੱਖਿਆ ਨੂੰ ਨਵੀਆਂ ਚੁਣੌਤੀਆਂ ਦੇ ਹਾਣੀ ਬਣਾਉਣ ਦੀ ਲੋੜ ਹੁੰਦੀ ਹੈ ਪਰ ਇਹ ਵੀ ਸਮਝਣ ਵਾਲੀ ਗੱਲ ਹੁੰਦੀ ਹੈ ਕਿ ਸਮੇਂ ਦਾ ਹਾਣੀ ਬਣਾਉਣ ਦੇ ਨਾਂ ਹੇਠ ਸਮਾਜ ਦੇ ਕਿਹੜੇ ਤਬਕੇ ਦੇ ਹਿਤਾਂ ਦੇ ਅਨੁਸਾਰੀ ਤਬਦੀਲੀ ਕੀਤੀ ਜਾ ਰਹੀ ਹੈ ਅਤੇ ਕਿਹੜੀ ਧਿਰ ਦੇ ਹਿਤਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਸਰਕਾਰ ਦਾ

**ਡਾ. ਰਾਜਿੰਦਰ ਪਾਲ ਸਿੰਘ ਬਰਾੜ**
ਫੋਨ: +91-98150-50617

ਸਿੱਖਿਆ ਵਿਚ ਸਭ ਤੋਂ ਅਹਿਮ ਯੋਗਦਾਨ ਸਰਮਾਏ ਦਾ ਹੁੰਦਾ ਹੈ ਪਰ ਇਸ ਸਿੱਖਿਆ ਨੀਤੀ ਵਿਚ ਸਰਕਾਰ ਫੰਡਿੰਗ ਦੀ ਜ਼ਿੰਮੇਵਾਰੀ ਤੋਂ ਪਿੱਛੇ ਹਟ ਰਹੀ ਹੈ। ਫੰਡਿੰਗ ਬਾਰੇ ਪ੍ਰਾਈਵੇਟ ਹਿੱਸੇਦਾਰੀ ਵਧਾਉਣ ਦੀ ਗੱਲ ਕੀਤੀ ਗਈ ਹੈ।

ਬੜੀ ਦਿਲਚਸਪ ਗੱਲ ਹੈ ਕਿ ਇਕ ਪਾਸੇ ਤਾਂ ਸਰਕਾਰ ਪ੍ਰਾਈਵੇਟ ਅਦਾਰਿਆਂ ਨੂੰ ਅੱਗੇ ਆਉਣ ਦਾ ਸੱਦਾ ਦੇ ਰਹੀ ਹੈ, ਦੂਜੇ ਪਾਸੇ ਸਿੱਖਿਆ ਦੇ ਪ੍ਰਾਈਵੇਟ ਅਦਾਰਿਆਂ ਨੂੰ 'ਨਫਾ ਨਹੀਂ' ਆਧਾਰ 'ਤੇ ਚਲਾਉਣ ਦੀ ਗੱਲ ਕਰ ਰਹੀ ਹੈ। ਕੋਈ ਸ਼ਖਸ ਜਾਂ ਪ੍ਰਾਈਵੇਟ ਅਦਾਰਾ ਮੁਨਾਫੇ ਦੇ ਲਾਲਚ ਤੋਂ ਬਗੈਰ ਸਿੱਖਿਆ ਵਿਚ ਪੈਸਾ ਕਿਉਂ ਲਾਵੇਗਾ? ਅਸਲ ਵਿਚ ਇਹ ਸਿਰਫ ਸ਼ਬਦਾਵਲੀ ਦਾ ਹੀ ਮਸਲਾ ਹੈ; ਇਕ ਹੋਰ ਥਾਂ ਤੇ ਵਿਦਿਅਕ ਅਦਾਰਿਆਂ ਨੂੰ ਖੁਦਮੁਖਤਾਰੀ ਦੇਣ ਅਤੇ ਫੀਸਾਂ ਤੈਅ ਕਰਨ ਦਾ ਮਾਮਲਾ ਸਬੰਧਤ ਅਦਾਰਿਆਂ ਤੇ ਛੱਡਣ ਦੀ ਗੱਲ ਕੀਤੀ ਗਈ ਹੈ। ਅੱਜ ਵੀ ਅਜਿਹਾ ਹੀ ਹੋ ਰਿਹਾ ਹੈ, ਸਿੱਖਿਆ ਅਦਾਰਿਆਂ ਨੂੰ ਅੱਜ ਵੀ ਜਿਹੜੇ ਟਰੱਸਟ ਅਤੇ ਸੰਸਥਾਵਾਂ ਚਲਾ ਰਹੀਆਂ ਹਨ, ਉਹ ਕਾਗਜ਼ਾਂ ਵਿਚ 'ਨਫਾ ਨਹੀਂ' ਆਧਾਰ ਤੇ ਧਰਮ ਅਰਥ ਹੀ ਚੱਲ ਰਹੀਆਂ ਹਨ ਜਦਕਿ ਹਕੀਕਤ ਵਿਚ ਸਾਰਾ ਕੁਝ ਸੁਸਾਇਟੀ ਜਾਂ ਟਰੱਸਟ ਦੇ ਚੇਅਰਮੈਨ ਦੀ ਨਿੱਜੀ ਮਾਲਕੀ ਹੁੰਦੀ ਹੈ। ਨਵੀਂ ਸਿੱਖਿਆ ਨੀਤੀ ਸਭ ਕੁਝ ਪ੍ਰਾਈਵੇਟ ਹੱਥਾਂ ਵਿਚ ਦੇਣ ਦੀ ਗੱਲ ਕਰ ਰਹੀ ਹੈ। ਇਹ ਪ੍ਰਾਈਵੇਟ ਸੰਸਥਾਵਾਂ ਨੂੰ ਖੁੱਲ੍ਹਾ ਮੁਨਾਫਾ ਕਮਾਉਣ ਦੀ ਛੋਟ ਦੇ ਰਹੀ ਹੈ ਪਰ ਲੁਭਾਉਣੇ ਸ਼ਬਦਾਂ ਰਾਹੀਂ ਪੇਸ਼ ਕਰ ਰਹੀ ਹੈ।

ਦੂਜਾ ਮੁੱਖ ਮੁੱਦਾ ਢਾਂਚਾਗਤ ਬਦਲਾਓ ਦਾ ਹੈ ਜਿਸ ਵਿਚ ਮੌਜੂਦਾ ਸੰਸਥਾਵਾਂ ਦੀ ਥਾਂ ਨਵੀਆਂ ਸੰਸਥਾਵਾਂ ਖੜ੍ਹੀਆਂ ਕਰਨਾ ਹੈ। ਇਸ ਬਦਲਾਓ ਦੀਆਂ ਦੋ ਦਿਸ਼ਾਵਾਂ ਹਨ; ਇਕ ਵਧੇਰੇ ਕੇਂਦਰੀਕਰਨ ਅਤੇ ਦੂਜਾ ਪੁਰਾਣੇ ਨਾਵਾਂ ਦੀ ਤਬਦੀਲੀ। ਪਹਿਲੀ ਦਾ ਸਬੰਧ ਕੇਂਦਰੀ ਰਾਜਸੀ ਸੱਤਾ ਵੱਲੋਂ ਆਪਣੇ ਹੱਥ ਵਧੇਰੇ ਅਧਿਕਾਰ ਲੈਣ ਨਾਲ ਹੈ, ਦੂਜੀ ਦਾ ਸਬੰਧ ਮੁੱਖ ਰੂਪ ਵਿਚ ਕਾਂਗਰਸੀ ਕਾਰਜਕਾਲ ਦੀਆਂ ਅਤੇ ਉਨ੍ਹਾਂ ਦੇ ਨਾਂ ਨਾਲ ਜੁੜੀਆਂ ਨੂੰ ਸੰਸਥਾਵਾਂ ਨੂੰ ਹਟਾਉਣ ਮਿਟਾਉਣ ਦਾ ਪ੍ਰਾਜੈਕਟ ਹੈ। ਮਸਲਨ, ਯੂ.ਜੀ.ਸੀ. ਖਤਮ ਕਰਕੇ ਨਵੀਂ ਫੰਡਿੰਗ ਏਜੰਸੀ ਬਣਾਈ ਜਾ ਰਹੀ ਹੈ। ਇਕ ਪਾਸੇ ਤਾਂ ਯੂ.ਜੀ.ਸੀ. ਕਾਂਗਰਸ ਕਾਰਜਕਾਲ ਦੀ ਦੇਣ ਹੈ। ਦੂਜਾ, ਇਸ ਵਿਚ ਰਾਜਸੀ ਦਖਲਅੰਦਾਜ਼ੀ ਵਧਾਉਣੀ ਹੈ। ਹੁਣ ਤੱਕ ਸਾਰੀਆਂ ਫੰਡਿੰਗ ਏਜੰਸੀਆਂ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੀ ਕੰਮ ਕਰਦੀਆਂ ਹਨ ਪਰ ਇਸ ਪ੍ਰਬੰਧਨ ਵਿਚ ਸਬੰਧਤ ਵਿਭਾਗ ਦੇ ਸਿੱਖਿਆ ਪੇਸ਼ਾਵਰਾਂ ਨੂੰ ਅੰਸ਼ਕ ਖੁਦਮੁਖਤਾਰੀ ਹਾਸਲ ਸੀ। ਹੁਣ ਇਹ ਨਾਂਮਾਤਰ ਖੁਦਮੁਖਤਾਰੀ ਵੀ ਖੋਹੀ ਜਾ ਰਹੀ ਹੈ।

ਬਹੁਤੀਆਂ ਨਵੀਆਂ ਸੰਸਥਾਵਾਂ ਪ੍ਰਧਾਨ ਮੰਤਰੀ ਅਤੇ ਮੰਤਰੀਆਂ ਦੇ ਸਿੱਧੇ ਕੰਟਰੋਲ ਵਿਚ ਚਲੀਆਂ ਗਈਆਂ ਹਨ। ਰਾਜਸੀ ਦਖਲਅੰਦਾਜ਼ੀ ਪਹਿਲਾਂ ਨਾਲੋਂ ਵਧ ਜਾਵੇਗੀ। ਜੇ ਕਿਸੇ ਅਦਾਰੇ ਵਿਚ ਭ੍ਰਿਸ਼ਟਾਚਾਰ ਜਾਂ ਨਾਅਹਿਲੀਅਤ ਸੀ ਤਾਂ ਲੋੜ ਉਸ ਨੂੰ ਠੀਕ ਕਰਨ ਦੀ ਸੀ, ਨਾ ਕਿ ਉਸ ਅਦਾਰੇ ਨੂੰ ਹੀ ਖਤਮ ਕਰ ਦੇਣਾ। ਦਰਅਸਲ, ਸਰਕਾਰ ਨੇ ਲੋਕਾਂ ਨੂੰ ਕਾਰਪੋਰੇਟ ਅਤੇ ਅਮੀਰ ਲੋਕਾਂ ਦੇ ਹੱਕ ਵਿਚ ਕਰਨ ਲਈ ਮਨੋਵਿਗਿਆਨਕ ਯੁੱਧ ਵਿੱਢਿਆ ਹੋਇਆ ਹੈ: ਪਹਿਲਾਂ ਅਦਾਰਿਆਂ ਨੂੰ ਭ੍ਰਿਸ਼ਟਾਚਾਰ ਦੇ ਅੱਡੇ ਬਣਨ ਦਿਓ, ਉਸ ਭ੍ਰਿਸ਼ਟਾਚਾਰ ਵਿਚੋਂ ਹਿੱਸਾ ਪੱਤੀ ਲਓ, ਅਦਾਰਿਆਂ ਦੇ ਕਰਮਚਾਰੀਆਂ ਨੂੰ ਕਾਣੇ ਕਰੋ, ਫਿਰ ਲੋਕ ਰੌਲਾ ਪਾਉਣ ਤਾਂ ਸਾਰਾ ਕੁਝ ਸਿੱਧਾ ਆਪਣੇ ਹੱਥ ਹੇਠ ਲੈ ਲਵੋ।

ਇਹ ਵੀ ਦਿਲਚਸਪ ਗੱਲ ਹੈ ਕਿ ਸਿੱਖਿਆ ਨੀਤੀ ਅਧਿਆਪਕਾਂ ਦੀਆਂ ਤਨਖਾਹਾਂ ਬਾਰੇ ਚੁੱਪ ਹੈ; ਸਿਰਫ ਇਹ ਲਿਖਿਆ ਹੈ ਕਿ ਜਦੋਂ ਸੰਭਵ ਹੋਇਆ, ਸਭ ਨੂੰ ਬਰਾਬਰ ਅਤੇ ਹੁਣ ਨਾਲੋਂ ਵੱਧ ਤਨਖਾਹ ਦਿੱਤੀ ਜਾਵੇਗੀ। ਅਧਿਆਪਕਾਂ ਦੀ ਟ੍ਰੇਨਿੰਗ ਨੂੰ ਇਕ ਪਾਸੇ ਲੰਮਾ ਤੇ ਮਹਿੰਗਾ ਕਰਨ ਦਾ ਪ੍ਰੋਗਰਾਮ ਹੈ, ਦੂਜੇ ਪਾਸੇ ਉਨ੍ਹਾਂ ਨੂੰ ਠੇਕੇ ਉਤੇ ਕਰਨ ਦਾ ਪੱਕਾ ਵਿਧਾਨ ਹੈ। ਕਾਰਗੁਜ਼ਾਰੀ ਦੇ ਨਾਂ ਤੇ ਤਰੱਕੀ ਬੰਦ ਸਗੋਂ ਛਾਂਟੀ ਦਾ ਦਬਾਅ ਬਣਾਇਆ ਜਾ ਰਿਹਾ ਹੈ। ਅਧਿਆਪਕਾਂ ਦਾ ਹਰ ਪੱਖੋਂ ਰੁਤਬਾ ਘਟਾਈ ਕੀਤੀ ਗਈ ਹੈ।

ਉਚ ਸਿੱਖਿਆ ਵਿਚ ਮੌਜੂਦਾ ਢਾਂਚੇ ਦੀ ਥਾਂ ਤਿੰਨ ਅਦਾਰੇ ਦਰਸਾਏ ਹਨ। ਇਕ ਵਰਲਡ ਕਲਾਸ ਰਿਸਰਚ ਤੇ ਟੀਚਿੰਗ ਯੂਨੀਵਰਸਿਟੀਆਂ




ਗਿਣਤੀ ਵਿਚ ਥੋੜ੍ਹੀਆਂ ਹੋਣਗੀਆਂ ਪਰ ਹਰ ਇਕ ਵਿਚ ਵੱਡੀ ਗਿਣਤੀ ਵਿਚ ਵਿਦਿਆਰਥੀ ਪੜ੍ਹਨਗੇ। ਇਹ ਉਚ ਪੱਧਰ ਦਾ ਖੋਜ ਕੰਮ ਕਰਨਗੀਆਂ। ਇਕ ਤਰ੍ਹਾਂ ਨਾਲ ਇਹ ਅਮੀਰ ਲੋਕਾਂ ਲਈ ਹੋਣਗੀਆਂ। ਦੂਜੀਆਂ ਉਹ ਯੂਨੀਵਰਸਿਟੀਆਂ ਹੋਣਗੀਆਂ ਜਿਹੜੀਆਂ ਪੜ੍ਹਾਈ ਦੇ ਨਾਲ ਖੋਜ ਵੀ ਕਰਵਾਉਣਗੀਆਂ। ਇਨ੍ਹਾਂ ਨਾਲ ਕੋਈ ਕਾਲਜ ਸਬੰਧਤ ਨਹੀਂ ਹੋਵੇਗਾ। ਇਹ ਦਰਮਿਆਨੇ ਵਰਗ ਦੇ ਵਿਦਿਆਰਥੀਆਂ ਲਈ ਹੋਣਗੀਆਂ। ਜਾਪਦਾ ਹੈ, ਇਨ੍ਹਾਂ ਨੂੰ ਨੌਕਰੀਆਂ ਵੀ ਦਰਮਿਆਨੇ ਪੱਧਰ ਦੀਆਂ ਮਿਲਣਗੀਆਂ। ਤੀਜੇ ਆਮ ਖੁਦਮੁਖਤਾਰ ਕਾਲਜ ਹੋਣਗੇ ਜੋ ਫੀਸ ਵੀ ਆਪਣੇ ਆਪ ਤੈਅ ਕਰਨਗੇ, ਸਿਲੇਬਸ ਵੀ ਆਪ ਬਣਾਉਣਗੇ ਅਤੇ ਡਿਗਰੀਆਂ ਵੀ ਆਪ ਵੰਡਣਗੇ, ਇਨ੍ਹਾਂ ਉਪਰ ਕਿਸੇ ਯੂਨੀਵਰਸਿਟੀ ਦਾ ਕੋਈ ਕੁੰਡਾ ਨਹੀਂ ਹੋਵੇਗਾ। ਬਹੁ ਗਿਣਤੀ ਵਿਦਿਆਰਥੀ ਇਥੇ ਹੀ ਜਾਣਗੇ, ਇਥੇ ਹੀ ਪੜ੍ਹਨਗੇ ਤੇ ਇਥੋਂ ਹੀ ਹਟਣਗੇ, ਇਥੋਂ ਹੀ ਤਥਾ ਕਥਿਤ ਫਲੈਕਸੀਬਲ ਪ੍ਰੋਗਰਾਮ ਅਧੀਨ ਕਦੇ ਫੀਸ ਹੋਈ, ਪੈਸੇ ਜੁੜੇ ਤਾਂ ਆ ਜਾਇਆ ਕਰਨਗੇ, ਜਦੋਂ ਪੈਸੇ ਖਤਮ ਤਾਂ ਪੜ੍ਹਾਈ ਛੱਡ ਦਿਆ ਕਰਨਗੇ। ਇਕ ਕੋਰਸ ਕਰਨਗੇ, ਜੇ ਨਾ ਚੱਲ ਸਕੇ ਤਾਂ ਬਦਲ ਲਿਆ ਕਰਨਗੇ। ਇੰਜ ਆਪਣੀ ਜ਼ਿੰਦਗੀ ਦਾਅ ਤੇ ਲਾ ਕੇ ਆਪਣੇ ਉਪਰ, ਆਪਣੇ ਪੈਸਿਆਂ ਨਾਲ ਖੁਦ ਪ੍ਰਯੋਗ ਕਰਨਗੇ, ਉਹ ਜ਼ਿੰਦਗੀ ਵਿਚ ਕਾਫੀ ਕੁਝ ਸਿੱਖ ਜਾਣਗੇ ਪਰ ਭਾਰੀ ਕੀਮਤ ਤਾਰ ਕੇ ਇਕ ਪੀੜ੍ਹੀ ਦੀ ਜ਼ਿੰਦਗੀ ਬਰਬਾਦ ਹੋ ਜਾਵੇਗੀ।

ਸਰਕਾਰ ਆਰ.ਟੀ.ਈ. ਐਕਟ ਨੂੰ ਕਮਜ਼ੋਰ ਬਣਾਉਣ ਤੁਰੀ ਹੋਈ ਹੈ। ਸਥਾਨਕ ਭੂਗੋਲਿਕ ਸਭਿਆਚਾਰਕ ਵੰਨ-ਸਵੰਨਤਾ ਦੇ ਨਾਂ ਹੇਠ ਗੁਰੂਕੁਲਾਂ, ਪਾਠਸ਼ਾਲਾਵਾਂ ਅਤੇ ਮਦਰੱਸਿਆਂ ਨੂੰ ਬਦਲਵੇਂ ਪ੍ਰਬੰਧ ਵਜੋਂ ਚਿਤਵਿਆ ਜਾ ਰਿਹਾ ਹੈ। ਇਕ ਤਰ੍ਹਾਂ ਨਾਲ ਹਰ ਤਰ੍ਹਾਂ ਦੇ ਨਿਯਮਾਂ ਵਿਚ ਢਿੱਲ ਦੇਣ ਦੀ ਗੱਲ ਕੀਤੀ ਜਾ ਰਹੀ ਹੈ। ਜਾਪ ਰਿਹਾ ਹੈ, ਜਿਵੇਂ ਸਰਕਾਰ ਸਿੱਖਿਆ ਨੂੰ ਪ੍ਰਾਈਵੇਟ ਮੁਨਾਫਾਖੋਰ ਅਦਾਰਿਆਂ ਦੇ ਹਵਾਲੇ ਕਰ ਰਹੀ ਹੈ ਪਰ ਸਰਕਾਰ ਨੂੰ ਇਹ ਵੀ ਲੱਗਦਾ ਹੈ ਕਿ ਕੁਝ ਘੱਟ ਮੁਨਾਫੇ ਵਾਲੀ ਸਿੱਖਿਆ ਵਿਚ ਸ਼ਾਇਦ ਮੁਨਾਫਾਖੋਰ ਅੱਗੇ ਨਾ ਆਉਣ ਤਾਂ ਉਹ ਪੰਡਤਾਂ, ਭਾਈਆਂ ਅਤੇ ਮੁਲਾਣਿਆਂ ਨੂੰ ਕੋਰੀਆਂ ਸਲੇਟਾਂ ਸੌਂਪਣ ਦੀ ਤਿਆਰੀ ਕਰ ਰਹੀ ਹੈ।

ਸਿੱਖਿਆ ਨੀਤੀ ਵਿਚ ਭਾਸ਼ਾ ਬਾਰੇ ਬੜਾ ਵਿਸ਼ਾਲ ਪਰ ਧੁੰਦਲਾ ਜਿਹਾ ਸੰਕਲਪ ਹੈ ਕਿ ਮੁੱਢਲੀ ਸਿੱਖਿਆ ਮਾਂ ਬੋਲੀ ਵਿਚ ਹੀ ਹੋਣੀ ਚਾਹੀਦੀ ਹੈ ਪਰ ਨਾਲ ਦੀ ਨਾਲ ਇਹ ਲਿਖ ਦਿੱਤਾ ਹੈ ਕਿ ਕਿਤਾਬਾਂ ਦੀ ਘਾਟ ਹੈ, ਮੁਸ਼ਕਿਲਾਂ ਬਹੁਤ ਹਨ। ਗ੍ਰੇਡ ਤਿੰਨ ਤੱਕ ਤਿੰਨ ਭਾਸ਼ਾਵਾਂ ਨੂੰ ਸਮਝਣਾ, ਬੋਲਣਾ, ਪੜ੍ਹਨਾ ਅਤੇ ਲਿਖਣਾ ਸਿੱਖਣ ਦੀ ਗੱਲ ਕੀਤੀ ਹੈ। ਇਹ ਦਲੀਲ ਦਿੱਤੀ ਗਈ ਹੈ ਕਿ ਮੁੱਢਲੀ ਸਟੇਜ ਤੇ ਬੱਚਾ ਇਕ ਤੋਂ ਜ਼ਿਆਦਾ ਭਾਸ਼ਾਵਾਂ ਸੌਖਿਆਂ ਹੀ ਸਿੱਖ ਸਕਦਾ ਹੈ। ਇਸ ਪ੍ਰਕਾਰ ਆਰੰਭ ਤੋਂ ਹੀ ਅੰਗਰੇਜ਼ੀ, ਹਿੰਦੀ ਉਪਰ ਜ਼ੋਰ ਦੇਣ ਦੀ ਗੁਪਤ ਕੋਸ਼ਿਸ਼ ਹੈ। ਅੰਗਰੇਜ਼ੀ ਨੂੰ ਤਰਜੀਹ ਦਿੱਤੀ ਗਈ ਹੈ। ਸੰਸਕ੍ਰਿਤ ਉਪਰ ਬੇਲੋੜਾ ਜ਼ੋਰ ਹੈ। ਇਹ ਸਿੱਖਿਆ ਦੇ ਕੇਂਦਰੀਕਰਨ ਤੇ ਭਗਵੇਂਕਰਨ ਵੱਲ ਇਕ ਹੋਰ ਪੁਲਾਂਘ ਹੈ।

ਸਾਰਾ ਖਰੜਾ ਹੀ ਚਤੁਰਾਈ ਨਾਲ ਲਿਖਿਆ ਗਿਆ ਹੈ। ਪਹਿਲਾਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕੀਤੀ ਹੈ, ਬਾਅਦ ਵਿਚ ਕਾਰਨ ਦੱਸਦਿਆਂ ਮੂਲ ਕਾਰਨਾਂ ਦੀ ਥਾਵੇਂ ਮੂਲ ਕਾਰਨਾਂ ਕਰਕੇ ਪੈਦਾ ਹੋਏ ਸਹਾਇਕ ਕਾਰਨਾਂ ਦੀ ਸੂਚੀ ਬਣਾਈ ਹੈ ਜਿਸ ਵਿਚ ਹਲਕਾ ਜਿਹਾ ਮੂਲ ਕਾਰਨਾਂ ਦਾ ਜ਼ਿਕਰ ਵੀ ਹੈ। ਇੰਜ ਮੂਲ ਕਾਰਨਾਂ ਅਤੇ ਸਹਿ ਕਾਰਨਾਂ ਨੂੰ ਬਰਾਬਰ ਕਰ ਦਿੱਤਾ ਹੈ। ਇਸ ਤੋਂ ਬਾਅਦ ਗੱਲ ਘੁਮਾ ਫਿਰਾ ਨਾਲੰਦਾ, ਤਕਸ਼ਸ਼ਿਲਾ, ਫਲੈਕਸੀਬਲ, ਸੱਭਿਆਚਾਰਕ ਵੰਨ-ਸਵੰਨਤਾ', 'ਪਿੱਛੇ ਰਹਿ ਗਏ ਵਰਗ' ਵਰਗੇ ਸ਼ਬਦ ਬੜੇ ਢੰਗ ਨਾਲ ਵਰਤੇ ਗਏ ਹਨ।

ਇਸ ਅੰਦਰ ਤਿੰਨ ਭਾਸ਼ਾਈ ਫਾਰਮੂਲਾ ਜਾਰੀ ਰੱਖਣ ਦੀ ਗੱਲ ਕੀਤੀ ਗਈ ਹੈ। ਇਹ ਵੀ ਆਖਿਆ ਗਿਆ ਕਿ ਮੁੱਢਲੀ ਸਿੱਖਿਆ ਮਾਤ ਭਾਸ਼ਾ ਵਿਚ ਦਿੱਤੀ ਜਾਵੇ ਪਰ ਨਾਲ ਹੀ ਹਿੰਦੀ ਤੇ ਅੰਗਰੇਜ਼ੀ ਨੂੰ ਵੀ ਮੁੱਢ ਤੋਂ ਹੀ ਸ਼ੁਰੂ ਕਰਨ ਦੀ ਵਕਾਲਤ ਕੀਤੀ ਗਈ ਹੈ। ਸੰਸਕ੍ਰਿਤ ਭਾਵੇਂ ਕਿਤੇ ਨਹੀਂ ਬੋਲੀ ਜਾਂਦੀ ਪਰ ਉਸ ਦੀ ਮਹਿਮਾ ਤੋਂ ਬਾਅਦ ਉਸ ਨੂੰ ਦੂਸਰੀਆਂ ਭਾਸ਼ਾਵਾਂ ਦੇ ਬਰਾਬਰ ਹੀ ਥਾਂ ਦੇਣ ਦੀ ਹਾਮੀ ਭਰੀ ਹੈ।

ਸਿੱਖਿਆ ਨੀਤੀ ਵਿਚ ਬੇਰੁਜ਼ਗਾਰੀ ਨਾਲ ਨਜਿੱਠਣ ਲਈ ਕੋਈ ਅਹਿਮ ਕਦਮ ਨਜ਼ਰ ਨਹੀਂ ਆਉਂਦਾ। ਪ੍ਰੋਫੈਸ਼ਨਲ ਕਾਲਜਾਂ ਨੂੰ ਪ੍ਰਾਈਵੇਟ ਬਣਾਉਣ ਅਤੇ ਖੁਦਮੁਖਤਾਰੀ ਦੇ ਨਾਂ ਹੇਠ ਰੈਗੂਲੇਸ਼ਨ ਢਿੱਲੇ ਕਰਨ ਦੀ ਗੱਲ ਹੈ ਜਿਸ ਨਾਲ ਵਿਦਿਆਰਥੀਆਂ ਦੀ ਲੁੱਟ ਵਧੇਗੀ। ਹਰ ਪੜਾਅ ਤੇ ਵੋਕੇਸ਼ਨਲ ਅਤੇ ਅਕਾਦਮਿਕਤਾ ਦੇ ਭੇਦ ਨੂੰ ਮਿਟਾਉਣ ਦੀ ਗੱਲ ਕੀਤੀ ਹੈ ਪਰ ਅਕਾਦਮਿਕਤਾ ਨੂੰ ਵੋਕੇਸ਼ਨਲ ਨਾਲ ਕਿਵੇਂ ਜੋੜਿਆ ਜਾਵੇ, ਇਸ ਬਾਰੇ 484 ਪੰਨਿਆਂ ਵਿਚ ਕੋਈ ਠੋਸ ਖਾਕਾ ਨਹੀਂ ਮਿਲਦਾ।

ਕਹਿਣ ਨੂੰ ਤਾਂ ਭਾਵੇਂ ਉਚ ਸਿੱਖਿਆ ਵਿਚ 50 ਫੀਸਦੀ ਐਨਰੋਲਮੈਂਟ ਕਰਨ ਦਾ ਨਿਸ਼ਾਨਾ ਰੱਖਿਆ ਹੈ ਪਰ ਅਸਲ ਵਿਚ ਤਾਂ ਸਰਕਾਰ ਮੌਜੂਦਾ ਦਰ ਨੂੰ ਵੀ ਘਟਾਉਣਾ ਚਾਹ ਰਹੀ ਹੈ। ਉਚੇਰੀ ਗੁਣਵੱਤਾ ਭਰਪੂਰ ਖੋਜ ਉਪਰ ਜ਼ੋਰ ਦਿੱਤਾ ਗਿਆ ਹੈ ਪਰ ਇਸ ਪਾਸੇ ਸਰਕਾਰ ਅਮਲੀ ਪੱਧਰ ਤੇ ਕਿੰਨੀ ਕੁ ਗੰਭੀਰ ਹੈ, ਇਸ ਦਾ ਅੰਦਾਜ਼ਾ ਤਾਜ਼ਾ ਕੇਂਦਰੀ ਬਜਟ ਤੋਂ ਲੱਗ ਸਕਦਾ ਹੈ ਜਿਸ ਵਿਚ ਉਚੇਰੀ ਖੋਜ ਲਈ ਚਾਰ ਸੌ ਕਰੋੜ ਰੁਪਏ ਰੱਖੇ ਹਨ। ਇਕ ਆਮ ਜਿਹੀ ਸਟੇਟ ਯੂਨੀਵਰਸਿਟੀ ਦਾ ਸਾਲਾਨਾ ਬਜਟ ਵੀ ਪੰਜ ਸੌ ਕਰੋੜ ਤੋਂ ਵੱਧ ਹੁੰਦਾ ਹੈ। ਜ਼ਾਹਰ ਹੈ ਕਿ ਜੋ ਕੁਝ ਸਿੱਖਿਆ ਨੀਤੀ ਵਿਚ ਦਰਜ ਹੈ, ਉਹ ਵੀ ਸਰਕਾਰ ਨੇ ਨਹੀਂ ਕਰਨਾ। ਇਹ ਸਿੱਖਿਆ ਨੀਤੀ ਕੁੱਲ ਮਿਲਾ ਕੇ ਸਿੱਖਿਆ ਦੇ ਕੇਂਦਰੀਕਰਨ, ਨਿੱਜੀਕਰਨ, ਵਪਾਰੀਕਰਨ ਅਤੇ ਭਗਵੇਂਕਰਨ ਨੂੰ ਅੱਗੇ ਵਧਾਉਂਦੀ ਹੈ।

# ਪਰਵਾਸ ਤੇ ਪੰਜਾਬ ਦਾ ਸਭਿਆਚਾਰਕ ਸੰਕਟ

ਪੰਜਾਬੀਆਂ ਦੇ ਵਿਦੇਸ਼ ਜਾਣ ਦਾ ਰੁਝਾਨ ਹੁਣ ਦੁਆਬੇ ਤੱਕ ਸੀਮਤ ਨਹੀਂ ਰਿਹਾ। ਹੁਣ ਪੂਰਾ ਪੰਜਾਬ ਇਸ ਰੁਝਾਨ ਦੀ ਲਪੇਟ ਵਿਚ ਹੈ। ਸ਼ਹਿਰੀ ਕੀ, ਪੇਂਡੂ ਕੀ, ਉਚਿਆਂ ਘਰਾਂ ਵਾਲੇ ਕੀ, ਦਰਮਿਆਨੇ ਵਰਗਾਂ ਵਾਲੇ ਕੀ; ਹੁਣ ਤਾਂ ਸਾਧਾਰਨ ਕਾਮਿਆਂ ਦੇ ਪੁੱਤਰ-ਧੀਆਂ ਵੀ ਅੰਗਰੇਜ਼ੀ ਦਾ ਇਮਤਿਹਾਨ ਆਈਲੈਟਸ ਪਾਸ ਕਰ ਕੇ ਵਿਦੇਸ਼ਾਂ ਵੱਲ ਉਡਾਰੀ ਮਾਰਨ ਦੇ ਜੁਗਾੜ ਵਿਚ ਹਨ। ਕੋਈ ਆਪਣਾ ਬੈਂਕ ਖਾਤਾ ਖਾਲੀ ਕਰ ਰਿਹਾ ਹੈ ਇਸ ਕੰਮ ਵਾਸਤੇ, ਕੋਈ ਆਪਣਾ ਖੇਤ ਗਹਿਣੇ ਰੱਖ ਰਿਹਾ ਅਤੇ ਆਮ ਬੰਦਾ ਆਪਣਾ ਘਰ ਬੈਂਕ ਕੋਲ ਗਹਿਣੇ ਧਰ ਆਪਣੇ ਵਿਦੇਸ਼ ਜਾਣ ਵਾਲੇ ਬੱਚੇ

**ਗੁਰਮੀਤ ਸਿੰਘ ਪਲਾਹੀ**

ਲਈ ਫੀਸ ਦਾ ਜੁਗਾੜ ਕਰ ਰਿਹਾ ਹੈ। ਇਹ ਸੋਚ ਕੇ ਕਿ ਇਕ ਵਾਰ ਦੀ ਫੀਸ ਜੋਗੇ ਪੈਸੇ ਹੋ ਜਾਣ, ਬਾਕੀ ਕਾਕਾ/ਕਾਕੀ ਆਪੇ ਜਾ ਕੇ 'ਵਿਦੇਸ਼ੀ ਦਰਖ਼ਤਾਂ' ਤੋਂ ਤੋੜ ਲੈਣਗੇ।

ਵਿਦੇਸ਼ ਜਾਣ ਦੇ ਇਸ ਰੁਝਾਨ ਦਾ ਕਾਰਨ ਭਾਵੇਂ ਬੇਰੁਜ਼ਗਾਰੀ ਹੋਵੇ ਜਾਂ ਪੰਜਾਬ 'ਚ ਪਸਰੇ ਨਸ਼ੇ ਤੇ ਮਾਫੀਆ ਦੀ ਆਪਣੀ ਔਲਾਦ ਨੂੰ ਇਨ੍ਹਾਂ ਤੋਂ ਬਚਾਉਣ ਦੀ ਤਰਕੀਬ, ਪਰ ਇਸ ਰੁਝਾਨ ਨੇ ਪੰਜਾਬ ਦੀ ਜੁਆਨੀ ਨੂੰ ਉਨ੍ਹਾਂ ਔਝੜ ਰਾਹਾਂ 'ਤੇ ਪਾ ਦਿੱਤਾ ਹੈ, ਜਿਥੇ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ? ਇਸ ਦਾ ਫਾਇਦਾ ਚੁਕਦਿਆਂ ਟਰੈਵਲ ਏਜੰਟਾਂ ਦੀ ਚਾਂਦੀ ਬਣੀ ਹੋਈ ਹੈ। ਆਈਲੈਟਸ ਸੈਂਟਰ ਹਰ ਛੋਟੇ-ਵੱਡੇ ਸ਼ਹਿਰ-ਕਸਬੇ ਵਿਚ ਖੁੱਲ੍ਹ ਰਹੇ ਹਨ ਜਿਥੇ ਨੌਜਵਾਨ ਬਾਰ੍ਹਵੀਂ ਤੋਂ ਬਾਅਦ ਛੇ-ਸਾਢੇ ਛੇ-ਸੱਤ ਬੈਂਡ ਲੈਣ ਲਈ ਤਰਲੋਮੱਛੀ ਹੋਏ ਹਜ਼ਾਰਾਂ ਰੁਪਏ ਫੀਸਾਂ ਤਾਰ ਰਹੇ ਹਨ। ਫੀਸਾਂ ਵੱਧ ਜਾਂ ਘੱਟ ਉਗਰਾਉਣ ਦਾ ਸਰਕਾਰੀ ਕੁੰਡਾ ਵੀ ਕੋਈ ਨਹੀਂ। ਇਸ ਤੋਂ ਅਗਾਂਹ ਇਹ ਲੁੱਟ ਅੰਬੈਸੀਆਂ ਵਲੋਂ ਵੀਜ਼ਾ ਫੀਸਾਂ ਦੇ ਵਾਧੇ ਦੇ ਰੂਪ 'ਚ ਵੇਖੀ ਜਾ ਸਕਦੀ ਹੈ। ਜਾਅਲੀ ਵਿਦੇਸ਼ੀ ਕਾਲਜ, ਯੂਨੀਵਰਸਿਟੀਆਂ ਧੜਾ-ਧੜ ਦਾਖਲੇ ਦੇ ਕੇ ਇਨ੍ਹਾਂ ਵਿਦਿਆਰਥੀਆਂ ਤੋਂ ਡਾਲਰ ਇੱਕਠੇ ਕਰ ਲੈਂਦੀਆਂ ਹਨ, ਭਾਵੇਂ ਇਨ੍ਹਾਂ ਦੇ ਜਾਅਲੀ ਹੋਣ ਦਾ ਖਾਮਿਆਜ਼ਾ ਵਿਦਿਆਰਥੀਆਂ ਨੂੰ ਹੀ ਭੁਗਤਣਾ ਪੈਂਦਾ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਦੀ ਸਰਕਾਰ ਜਿਸ ਜ਼ਿੰਮੇ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਹੈ, ਉਹ ਇਨ੍ਹਾਂ ਨੌਜਵਾਨਾਂ ਨੂੰ ਗਲੋਂ ਲਾਹੁਣ ਲਈ ਖੁਦ ਆਈਲੈਟਸ ਸੈਂਟਰ ਖੋਲ੍ਹਣ ਦੀ ਤਿਆਰੀ ਕਰਦੀ ਦੱਸੀ ਜਾਂਦੀ ਹੈ।

ਇਸ ਰੁਝਾਨ ਦਾ ਖਾਮਿਆਜ਼ਾ ਸਭ ਤੋਂ ਵੱਧ ਪੰਜਾਬ ਵਿਚ ਖੁੱਲ੍ਹੇ ਉਚ ਸਿੱਖਿਆ ਤੇ ਪ੍ਰੋਫੈਸ਼ਨਲ ਕਾਲਜਾਂ ਨੂੰ ਭੁਗਤਣਾ ਪੈ ਰਿਹਾ ਹੈ। ਇਨ੍ਹਾਂ ਦੀਆਂ ਨੀਅਤ ਮਨਜ਼ੂਰਸ਼ੁਦਾ ਸੀਟਾਂ ਵੀ ਪੂਰੀਆਂ ਭਰ ਨਹੀਂ ਹੋ ਰਹੀਆਂ। ਸੂਬੇ ਵਿਚ 100 ਇੰਜਨੀਅਰਿੰਗ ਕਾਲਜ ਤੇ ਦੋ ਸਰਕਾਰੀ ਯੂਨੀਵਰਸਿਟੀਆਂ ਹਨ ਜਿਨ੍ਹਾਂ ਵਿਚ 43200 ਸੀਟਾਂ ਮਕੈਨੀਕਲ, ਇਲੈਕਟ੍ਰੀਕਲ, ਸਿਵਲ ਇਲੈਕਟ੍ਰੋਨਿਕਸ, ਕੰਪਿਊਟਰ ਆਦਿ ਬੀ.ਟੈਕ. ਡਿਗਰੀ ਲਈ ਹਨ। ਐਮ.ਬੀ.ਏ. ਦੀਆਂ ਸੀਟਾਂ ਵੱਖਰੀਆਂ ਹਨ। ਆਈ.ਆਈ.ਟੀ. ਰੋਪੜ ਅਤੇ ਸੰਤ ਲੌਂਗੋਵਾਲ ਇੰਜਨੀਅਰਿੰਗ ਦੀ ਡੀਮਡ ਯੂਨੀਵਰਸਿਟੀ ਵੱਖੋ-ਵੱਖਰੇ ਕੋਰਸ ਚਲਾ ਰਹੀ ਹੈ। ਇਨ੍ਹਾਂ ਸਾਰਿਆਂ ਸੰਸਥਾਵਾਂ ਵਿਚ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ.ਆਈ.ਸੀ.ਟੀ.ਈ.) ਵਲੋਂ ਮਨਜ਼ੂਰ ਸੀਟਾਂ ਹਨ ਪਰ ਉਹ ਭਰ ਨਹੀਂ ਰਹੀਆਂ। ਅਜਿਹੇ ਬਹੁਤੇ ਕਾਲਜ ਬੰਦ ਹੋਣ ਕਿਨਾਰੇ ਹਨ। ਜਦੋਂ ਇਹ ਇੰਜਨੀਅਰਿੰਗ ਕਾਲਜ ਖੁੱਲ੍ਹੇ ਸਨ, ਉਦੋਂ ਸੂਬੇ ਦੇ ਆਰਟਸ ਕਾਲਜ ਬੰਦ ਹੋਣ ਕਿਨਾਰੇ ਹੋ ਗਏ ਸਨ। ਇਨ੍ਹਾਂ ਪ੍ਰਾਈਵੇਟ ਸੰਸਥਾਵਾਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਦਾ ਸੰਕਟ ਖੜ੍ਹਾ ਹੋ ਚੁੱਕਾ ਹੈ।

ਪੰਜਾਬ ਦੇ ਆਈਲੈਟਸ ਸੈਂਟਰ ਵੱਡੀਆਂ ਕਮਾਈਆਂ ਕਰ ਰਹੇ ਹਨ, ਜਿਨ੍ਹਾਂ ਵਿਚ ਸਾਲਾਨਾ ਤਿੰਨ-ਚਾਰ ਲੱਖ ਵਿਦਿਆਰਥੀ ਟਰੇਨਿੰਗ ਲੈਂਦੇ ਹਨ। ਕਈ ਵਿਦਿਆਰਥੀ ਘੱਟ ਬੈਂਡ ਪ੍ਰਾਪਤ ਕਰਨ ਕਾਰਨ ਮੁੜ-ਮੁੜ ਕੋਚਿੰਗ ਲੈਣ ਸੈਂਟਰਾਂ ਤੇ ਪੁੱਜਦੇ ਹਨ। ਇਨ੍ਹਾਂ ਵਿਚ ਉਨ੍ਹਾਂ ਮੁੰਡੇ-ਕੁੜੀਆਂ ਦੀ ਤਾਂ ਕਮੀ ਹੀ ਨਹੀਂ, ਜਿਹੜੇ ਸ਼ਹਿਰਾਂ ਦੇ ਪਬਲਿਕ ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ 'ਚ ਪਹਿਲੀ ਜਮਾਤ ਤੋਂ ਸਿੱਖਿਆ ਪ੍ਰਾਪਤ ਕਰਦੇ ਹਨ, ਪਰ ਹੁਣ ਸਰਕਾਰੀ ਜਾਂ ਪ੍ਰਾਈਵੇਟ ਸਕੂਲਾਂ ਦੇ ਪੇਂਡੂ-ਸ਼ਹਿਰੀ ਵਿਦਿਆਰਥੀ ਵੀ ਰੀਸੋ-ਰੀਸੀ ਇਸ ਇਮਤਿਹਾਨ ਵਿਚ ਬੈਠਦੇ ਹਨ। ਕਈ ਪਾਸ ਹੁੰਦੇ ਹਨ ਪਰ ਬਹੁਤੇ ਘੱਟ ਬੈਂਡ ਆਉਣ ਕਾਰਨ ਨਿਰਾਸ਼ਾ ਦੇ ਆਲਮ ਵਿਚ ਨਾ ਇਧਰ ਜੋਗੇ ਰਹਿੰਦੇ ਹਨ, ਨਾ ਉਧਰ ਜੋਗੇ।

ਉਚ ਸਿੱਖਿਆ ਲਈ ਵਿਦੇਸ਼ ਜਾਣਾ ਮਾੜੀ ਗੱਲ ਨਹੀਂ, ਪਰ ਉਚ ਸਿੱਖਿਆ ਦੇ ਨਾਂ ਉਤੇ ਵਿਦੇਸ਼ਾਂ ਵਿਚ ਜਾ ਕੇ ਹੀਲੇ-ਵਸੀਲੇ ਉਥੇ ਹੀ ਟਿਕ ਜਾਣਾ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੀ ਜੁਆਨੀ ਦਾ ਪਰਵਾਸ ਪੰਜਾਬ 'ਚ ਸਭਿਆਚਾਰਕ ਸੰਕਟ ਤਾਂ ਪੈਦਾ ਕਰ ਹੀ ਰਿਹਾ ਹੈ, ਪਰ ਨਾਲ ਦੀ ਨਾਲ ਅਰਬਾਂ ਰੁਪਿਆ ਹਰ ਸਾਲ ਪੰਜਾਬੋਂ ਬਾਹਰ ਵੱਡੀਆਂ ਫੀਸਾਂ ਦੇ ਰੂਪ 'ਚ ਵਿਦੇਸ਼ੀ ਯੂਨੀਵਰਸਿਟੀਆਂ/ਕਾਲਜਾਂ ਕੋਲ ਜਾ ਰਿਹਾ ਹੈ। ਪੰਜਾਬ ਜਿਹੜਾ ਪਹਿਲਾਂ ਹੀ ਆਰਥਿਕ ਸੰਕਟ 'ਚ ਗ੍ਰਸਿਆ ਹੈ, ਇਸ ਦੀ ਕਿਸਾਨੀ ਮਾਨਸਿਕ ਤੌਰ 'ਤੇ ਟੁੱਟ ਚੁੱਕੀ ਹੈ, ਉਸ ਉਤੇ ਤੇ ਸੂਬੇ ਦੇ ਮੱਧ ਵਰਗ ਪਰਿਵਾਰਾਂ ਉਤੇ ਇਹ ਨਾ-ਸਹਿਣਯੋਗ ਮਾਲੀ ਬੋਝ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਪੰਜਾਬ ਦੇ 90 ਫੀਸਦੀ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ, ਪਰ ਹੁਣ ਤਾਂ ਹਰ ਪੰਜਾਬੀ ਹੀ ਵੱਡੇ ਕਰਜ਼ੇ ਦੀ ਮਾਰ ਹੇਠ ਹੈ।

ਪੰਜਾਬ ਜਿਹੜਾ ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਵੱਧ ਕੈਂਸਰ ਦੇ ਮਰੀਜ਼ ਆਪਣੀ ਗੋਦੀ ਲਈ ਬੈਠਾ ਹੈ। ਦੇਸ਼ 'ਚ ਸਭ ਤੋਂ ਵੱਧ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰ ਕੇ ਆਪ ਰੇਗਿਸਤਾਨ ਬਣਨ ਵੱਲ ਪੁਲਾਂਘਾਂ ਪੁੱਟ ਰਿਹਾ ਹੈ, ਉਹ ਪੰਜਾਬ ਸਭਿਆਚਾਰਕ ਤੇ ਆਰਥਿਕ ਤੌਰ 'ਤੇ ਵੀ ਬੁਰੀ ਤਰ੍ਹਾਂ ਟੁੱਟ ਰਿਹਾ ਹੈ। ਇਸ ਲਈ ਲੋੜ ਇਸ ਅਣਚਾਹੇ ਪਰਵਾਸ ਨੂੰ ਰੋਕਣ ਦੀ ਹੈ, ਉਤਸ਼ਾਹਤ ਕਰਨ ਦੀ ਨਹੀਂ। ਪੰਜਾਬ ਸਰਕਾਰ ਆਈਲੈਟਸ ਸੈਂਟਰ ਕੋਚਿੰਗ ਸੈਂਟਰ ਖੋਲ੍ਹਣ ਦੀ ਥਾਂ ਕਾਲਜਾਂ/ਯੂਨੀਵਰਸਿਟੀਆਂ 'ਚ ਦੇਸ਼ ਪੱਧਰ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਬੈਠਣ ਲਈ ਕੋਚਿੰਗ ਸੈਂਟਰ ਖੋਲ੍ਹੇ।

ਉਨ੍ਹਾਂ ਕਾਲਜਾਂ/ਯੂਨੀਵਰਸਿਟੀਆਂ 'ਚ ਵੋਕੇਸ਼ਨਲ ਕੋਰਸ ਚਾਲੂ ਕਰੇ ਜਿਥੇ ਇੰਜਨੀਅਰਿੰਗ ਦੀਆਂ ਮਨਜ਼ੂਰਸ਼ੁਦਾ ਸੀਟਾਂ ਪੂਰੀਆਂ ਨਹੀਂ ਹੁੰਦੀਆਂ ਤੇ ਸੂਬੇ ਦੇ ਕਾਰਖਾਨੇਦਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਟੈਕਨੀਸ਼ਨਾਂ ਨੂੰ ਸਿੱਖਿਆ ਦੇਣ ਦਾ ਪ੍ਰਬੰਧ ਕਰੇ। ਇਸ ਤੋਂ ਵੀ ਵੱਡੀ ਗੱਲ ਇਹ ਕਿ ਮੁਫਤ ਅੰਨ-ਦਾਣਾ ਸਕੀਮਾਂ ਦੀ ਥਾਂ ਹਰ ਘਰ ਵਿਚ ਘੱਟੋ-ਘੱਟ ਇਕ ਜੀਅ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੇ ਅਤੇ ਉਹ ਸਾਰੀਆਂ ਸਰਕਾਰੀ ਨੌਕਰੀਆਂ ਭਰੇ, ਜਿਨ੍ਹਾਂ ਵਿਚ ਸਰਕਾਰੀ ਸਕੂਲਾਂ ਦੇ ਅਧਿਆਪਕ, ਦਫਤਰਾਂ 'ਚ ਕਲਰਕ, ਕੰਪਿਊਟਰ ਓਪਰੇਟਰ, ਵੱਖੋ-ਵੱਖਰੇ ਮਹਿਕਮਿਆਂ 'ਚ ਟੈਕਨੀਕਲ ਸਟਾਫ ਸ਼ਾਮਲ ਹਨ ਅਤੇ ਜਿਨ੍ਹਾਂ ਦੀਆਂ ਮਨਜ਼ੂਰਸ਼ੁਦਾ ਪੋਸਟਾਂ ਸਾਲਾਂ ਤੋਂ ਭਰਨ ਤੋਂ ਪਈਆਂ ਹਨ। ਤਦੇ ਇਸ ਪਰਵਾਸ ਨੂੰ ਠੱਲ੍ਹ ਪਏਗੀ।

## ਇਕ ਗੱਲ ਜੇ ਮਨ ਲੱਗੇ ਤਾਂ...

# ਦੇਸ

*ਪੰਜਾਬ ਉਜੜ ਰਿਹਾ ਹੈ। ਪੰਜਾਬੀ ਫਿਕਰ ਵਿਚ ਹਨ ਕਿ ਨੌਜਵਾਨ ਪੀੜ੍ਹੀ ਪਰਵਾਸ ਖਾਤਰ ਹਰ ਹੀਲਾ-ਵਸੀਲਾ ਜੁਟਾ ਰਹੀ ਹੈ। ਖਾਲੀ ਹੋ ਰਹੇ ਪੰਜਾਬ ਵਿਚ ਭਾਰਤ ਦੇ ਹੋਰ ਸੂਬਿਆਂ ਦੇ ਕਾਮੇ ਆਣ ਕੇ ਵਸ ਰਹੇ ਹਨ। ਉਨ੍ਹਾਂ ਦੇ ਬੱਚੇ ਪੰਜਾਬ ਵਿਚ ਹੀ ਪੜ੍ਹ-ਲਿਖ ਰਹੇ ਹਨ ਅਤੇ ਕੰਮ-ਕਾਰ ਵੀ ਸ਼ੁਰੂ ਕਰ ਰਹੇ ਹਨ। ਪੰਜਾਬ ਦੀ ਇਸ ਬਦਲਦੀ ਤਸਵੀਰ ਦੀ ਸਹਿਜ-ਸੁਭਾਅ ਤਸਵੀਰ ਬੀਬੀ ਸ਼ਵਿੰਦਰ ਕੌਰ ਨੇ ਆਪਣੇ ਇਸ ਲੇਖ ਵਿਚ ਖਿੱਚੀ ਹੈ। -ਸੰਪਾਦਕ*

ਸਰਕਦੀ ਸਰਕਦੀ ਰਾਤ ਆਪਣਾ ਪੰਧ ਮੁਕਾ ਕੇ ਸਵੇਰ ਨੂੰ ਖੁਸ਼ਆਮਦੀਦ ਕਹਿੰਦੀ ਹੋਈ ਕਿਸੇ ਹੋਰ ਦੇਸ਼ ਵਲ ਜਾ ਰਹੀ ਸੀ। ਸੂਰਜ ਦਾ ਗੋਲਾ ਆਪਣੇ ਆਉਣ ਦਾ ਸੰਕੇਤ ਇਸ ਤਰ੍ਹਾਂ ਦੇ ਰਿਹਾ ਸੀ, ਜਿਵੇਂ ਰੋਹੀ ਦੇ ਰੁੱਖਾਂ ਵਿਚੋਂ ਕੇਸੂ ਦਾ ਸੰਤਰੀ ਫੁੱਲ ਖੂਬਸੂਰਤ ਭਾਹ ਮਾਰਦਾ ਹੈ। ਮੈਂ ਚਾਹ ਪੀ ਕੇ ਰਸੋਈ ਦੇ ਕੰਮਾਂ ਨੂੰ ਹੱਥ ਪਾਇਆ ਹੀ ਸੀ ਕਿ ਗੇਟ 'ਤੇ ਲੱਗੀ ਘੰਟੀ ਖੜਕ ਪਈ।

"ਸਦੇਹਾਂ ਹੀ ਕਿਹੜਾ ਆ ਗਿਆ?" ਆਪਣੇ ਹੀ ਮਨ 'ਚ ਸੋਚਦੀ ਨੇ, ਮੈਂ ਬਾਹਰ ਨਿਕਲ ਕੇ ਦੇਖਿਆ। ਕੁੜਤੇ ਪਜਾਮੇ 'ਚ ਕੋਈ ਅੱਧਖੜ ਉਮਰ ਦਾ ਬੰਦਾ ਗੇਟ ਅੱਗੇ ਖੜ੍ਹਾ ਸੀ। ਮੈਂ ਸਵਾਲੀਆ ਨਜ਼ਰਾਂ ਨਾਲ ਉਸ ਵਲ ਤੱਕਿਆ ਤਾਂ ਉਹ ਸਮਝ ਗਿਆ ਕਿ ਮੈਂ ਉਸ ਨੂੰ ਪਛਾਣਿਆ ਨਹੀਂ।

"ਬੀਬੀ, ਮੈਂ ਸੁਖਦੇਵ, ਜ਼ਿਲੇਦਾਰ ਦਾ ਛੋਟਾ ਭਰਾ।" ਉਸ ਨੇ ਉਥੇ ਖੜ੍ਹੇ ਨੇ ਹੀ ਜੁਆਬ ਦਿੱਤਾ।

"ਅੱਛਾ ਅੱਛਾ! ਮੈਂ ਤੈਨੂੰ ਪਛਾਣਿਆ ਨਹੀਂ। ਆ ਜਾ ਗੇਟ ਖੋਲ੍ਹ ਕੇ ਉਪਰ ਆ ਜਾ।" ਇਹ ਕਹਿੰਦਿਆਂ ਮੇਰੀ ਸੁਰਤ ਤੀਹ ਪੈਂਤੀ ਸਾਲ ਪਿੱਛੇ ਘੁੰਮ ਗਈ; ਜਦੋਂ ਸਾਡੇ ਨਿਆਈਂ ਵਾਲੇ ਖੇਤ ਵਿਚ ਜਿਲੇਦਾਰ ਮਾਲੀ ਆਪਣੇ ਪਰਿਵਾਰ ਨਾਲ ਰਹਿਣ ਲੱਗਿਆ ਸੀ। ਸਾਡਾ ਕਾਫੀ ਵੱਡਾ ਸਾਂਝਾ ਪਰਿਵਾਰ

**ਸ਼ਵਿੰਦਰ ਕੌਰ**
ਫੋਨ: +91-76260-63596

ਸੀ ਜਿਸ ਲਈ ਸਬਜ਼ੀ ਉਗਾਉਣੀ ਅਤੇ ਅੰਗੂਰਾਂ ਦੇ ਬਾਗ ਦੀ ਸਾਂਭ-ਸੰਭਾਲ ਕਰਨੀ ਉਸ ਦਾ ਕੰਮ ਸੀ। ਹੌਲੀ ਹੌਲੀ ਉਸ ਦੇ ਚਾਰ ਭਰਾ ਅਤੇ ਇਕ ਭੈਣ ਵੀ ਸਾਡੇ ਪਿੰਡ ਆ ਗਏ ਸਨ। ਕੁਝ ਸਮਾਂ ਤਾਂ ਉਹ ਖੇਤ ਵਿਚ ਜਿਲੇਦਾਰ ਨਾਲ ਹੀ ਰਹਿੰਦੇ ਰਹੇ। ਹੌਲੀ ਹੌਲੀ ਸਾਰਿਆਂ ਨੇ ਆਪਣਾ ਟਿਕਾਣਾ ਬਣਾ ਲਿਆ ਸੀ। ਉਹ ਸਾਰੇ ਮੈਨੂੰ ਅਤੇ ਮੇਰੀਆਂ ਦਰਾਣੀਆਂ ਜਠਾਣੀਆਂ ਨੂੰ ਬੀਬੀ ਕਹਿ ਕੇ ਬੁਲਾਉਂਦੇ ਸਨ।

ਸੁਖਦੇਵ, ਜਿਲੇਦਾਰ ਤੋਂ ਤੀਜੇ ਨੰਬਰ 'ਤੇ ਸੀ। ਉਹ ਤੇ ਉਸ ਦੀ ਪਤਨੀ ਦੋ ਜੀਅ ਸਨ। ਬੱਚਾ ਅਜੇ ਕੋਈ ਨਹੀਂ ਸੀ। ਇਹ ਆਪ ਤਾਂ ਸੁਸਤ ਜਿਹਾ ਸੀ ਪਰ ਇਸ ਦੀ ਪਤਨੀ ਕੰਮ ਕਰਨ ਨੂੰ ਬਹੁਤ ਤੇਜ਼ ਤਰਾਰ ਸੀ। ਸੁਸਤ ਜਿਹਾ ਹੋਣ ਕਰਕੇ ਅਸੀਂ ਆਪਸ 'ਚ ਗੱਲ ਕਰਦਿਆਂ ਉਸ ਨੂੰ 'ਬੌਂਦਲਿਆ' ਕਹਿੰਦੇ ਸਾਂ। ਜਿਲੇਦਾਰ ਦੇ ਕਹਿਣ 'ਤੇ ਅਸੀਂ ਉਸ ਨੂੰ ਖੇਤਾਂ 'ਚ ਬਣੇ ਗਿੱਲ ਦੇ ਪੋਲਟਰੀ ਫਾਰਮ 'ਤੇ ਰਖਵਾ ਦਿੱਤਾ। ਉਹ ਆਪਣੀ ਪਤਨੀ ਨਾਲ ਉਥੇ ਹੀ ਰਹਿਣ ਲੱਗ ਪਿਆ।

ਮੈਨੂੰ ਸੋਚਾਂ ਵਿਚ ਗੁਆਚੀ ਦੇਖ ਕੇ ਸੁਖਦੇਵ ਮੇਰੇ ਕੋਲ ਬੈਠਦਾ ਬੋਲਿਆ, "ਬੀਬੀ, ਮੈਂ ਤਾਂ ਗੁਰੀ ਦੇ ਵਿਆਹ ਦਾ ਕਾਰਡ ਦੇਣ ਲਈ ਆਇਆ ਸੀ।"

"ਉਹ ਵਿਆਹੁਣ ਜੋਗੀ ਹੋ ਗਈ! ਕੱਲ੍ਹ ਪਰਸੋਂ ਦੀਆਂ ਗੱਲਾਂ ਲੱਗਦੀਆਂ ਜਦੋਂ ਉਹ ਫੱਟੀ, ਬਸਤਾ ਚੁੱਕੀ ਸਕੂਲ ਆਉਂਦੀ ਹੁੰਦੀ ਸੀ।" ਮੈਂ ਹੈਰਾਨ ਹੋ ਕੇ ਪੁੱਛਿਆ।

"ਬੀਬੀ, ਉਹ ਤਾਂ ਬੀ.ਐਡ. ਕਰਕੇ ਪ੍ਰਾਈਵੇਟ ਸਕੂਲ ਵਿਚ ਪੜ੍ਹਾਉਂਦੀ ਐ। ਜਿਸ ਲੜਕੇ ਨਾਲ ਉਸ ਦੀ ਸ਼ਾਦੀ ਹੋਣੀ ਹੈ, ਉਹ ਜੇ.ਈ. ਲੱਗਿਆ ਹੋਇਐ।" ਦੱਸਦੇ ਸਮੇਂ ਉਸ ਦੇ ਮੂੰਹ 'ਤੇ ਮਾਣਮੱਤੀ ਮੁਸਕਾਨ ਸੀ।

ਮੈਂ ਚਾਹ ਬਣਾ ਕੇ ਦੋ ਗਲਾਸਾਂ ਵਿਚ ਪਾ ਲਿਆਈ। ਇਕ ਗਲਾਸ ਉਸ ਨੂੰ ਫੜਾ ਕੇ, ਉਸ ਕੋਲ ਹੀ ਬੈਠ ਗਈ। ਉਸ ਨਾਲ ਗੱਲੀਂ ਲੱਗ ਗਈ।

"ਸੁਖਦੇਵ, ਆਹ ਬਹੁਤ ਵਧੀਆ ਕੀਤਾ ਸਾਰੇ ਬੱਚੇ ਪੜ੍ਹਾ ਲਏ। ਤੇਰਾ ਛੋਟਾ ਬੇਟਾ ਹਰਜੀਤਾ ਹੁਣ ਕੀ ਕਰਦਾ ਹੈ?"

"ਉਸ ਨੂੰ ਤਾਂ ਬੀਬੀ ਚਾਰ ਸਾਲ ਹੋ ਗਏ ਫੌਜ ਵਿਚ ਭਰਤੀ ਹੋ ਗਿਆ ਸੀ। ਹੁਣ ਤੁਹਾਨੂੰ ਤਾਂ ਉਸ ਦੀ ਪਛਾਣ ਹੀ ਨਹੀਂ ਆਉਣੀ। ਉਸ ਨੇ ਤਾਂ ਦਾੜ੍ਹੀ ਰੱਖੀ ਹੋਈ ਹੈ। ਪੱਗ ਬੰਨ੍ਹਦਾ ਐ। ਛੇ ਫੁੱਟ ਲੰਬਾ ਪੂਰਾ ਭਰਵਾਂ ਜਵਾਨ ਬਣ ਗਿਆ ਹੈ ਉਹ ਤਾਂ।" ਦੱਸਦੇ ਸਮੇਂ ਉਸ ਦੀਆਂ ਅੱਖਾਂ ਵਿਚ ਨੱਚਦੀ ਖੁਸ਼ੀ ਮੈਨੂੰ ਬੜੀ ਚੰਗੀ ਲੱਗ ਰਹੀ ਸੀ।

ਉਹ ਬੱਚਿਆਂ ਨੂੰ ਸੱਦ ਕੇ ਉਨ੍ਹਾਂ ਨੂੰ ਵਿਆਹ 'ਤੇ ਜ਼ਰੂਰ ਆਉਣ ਦੀ ਤਾਕੀਦ ਕਰਦਾ, ਗੱਲੀਂ ਲੱਗ ਗਿਆ ਸੀ। ਮੇਰੀ ਸੋਚਾਂ ਦੀ ਲੜੀ ਅੱਗੇ ਤੁਰ ਪਈ ਸੀ। ਗਿੱਲ ਬਹੁਤ ਹੀ ਨੇਕ ਇਨਸਾਨ ਸੀ। ਪੋਲਟਰੀ ਫਾਰਮ ਨਾਲ ਪਈ ਜ਼ਮੀਨ ਉਸ ਨੇ ਸੁਖਦੇਵ ਨੂੰ ਸਬਜ਼ੀ ਉਗਾਉਣ ਲਈ ਦੇ ਦਿੱਤੀ। ਦੋਹਾਂ ਘਰਾਂ ਦੀ ਲੋੜ ਜੋਗੀ ਸਬਜ਼ੀ ਰੱਖ ਕੇ ਬਾਕੀ ਵਧਦੀ ਸੁਖਦੇਵ ਵੇਚ ਦਿੰਦਾ। ਕੁਝ ਬੱਚਤ ਕਰਕੇ ਉਸ ਨੇ ਦੋ ਬੱਕਰੀਆਂ ਲੈ ਲਈਆਂ ਜਿਨ੍ਹਾਂ ਦਾ ਹੋਇਆ ਵਾਧਾ ਉਸ ਲਈ ਚੰਗੀ ਆਮਦਨ ਦਾ ਸਾਧਨ ਬਣ ਗਿਆ।

ਉਥੇ ਰਹਿੰਦਿਆਂ ਹੀ ਉਸ ਦੇ ਦੋ ਪੁੱਤਰ ਅਤੇ ਇਕ ਧੀ-ਤਿੰਨ ਬੱਚੇ ਪੈਦਾ ਹੋਏ। ਜਦੋਂ ਵੱਡੇ ਹੋਏ ਤਾਂ ਗਿੱਲ ਦੇ ਜ਼ੋਰ ਪਾਉਣ 'ਤੇ ਉਹ ਉਮਰ ਮੁਤਾਬਕ ਵਾਰੀ ਵਾਰੀ ਸਕੂਲ ਦਾਖਲ ਕਰਾ ਗਿਆ। ਪਤਾ ਨਹੀਂ, ਪੰਜਾਬ 'ਚ ਰਹਿਣ ਦਾ ਅਸਰ ਸੀ ਜਾਂ ਉਸ ਨੂੰ ਇਹ ਨਾਂ ਸੋਹਣੇ ਲੱਗੇ, ਉਸ ਨੇ ਮੁੰਡਿਆਂ ਦੇ ਨਾਂ ਗੁਰਜੀਤ, ਹਰਜੀਤ ਅਤੇ ਕੁੜੀ ਦਾ ਨਾਂ ਗੁਰਪ੍ਰੀਤ ਕੌਰ ਰੱਖਿਆ।

ਜਦੋਂ ਤਕ ਬੱਚੇ ਸਕੂਲ ਪੜ੍ਹਦੇ ਸਨ, ਉਨ੍ਹਾਂ ਨਾਲ ਰਾਬਤਾ ਬਣਿਆ ਰਿਹਾ। ਫਿਰ ਅਸੀਂ ਵੀ ਸ਼ਹਿਰ ਰਹਿਣ ਲੱਗ ਪਏ। ਮੇਰਾ ਸੰਪਰਕ ਉਨ੍ਹਾਂ ਨਾਲੋਂ ਦਿਨੋ-ਦਿਨ ਘਟਦਾ ਗਿਆ। ਕਦੇ ਪਿੰਡ ਜਾਂਦੇ ਤਾਂ ਜਿਲੇਦਾਰ ਤੋਂ ਰਸਮੀ ਜਿਹੀ ਸਾਰਿਆਂ ਦੀ ਸੁੱਖਸਾਂਦ ਪੁੱਛ ਲੈਂਦੇ।

ਇਕ ਦਿਨ ਮੇਰੀ ਨੂੰਹ ਦਾ ਰਿਸ਼ਤੇਦਾਰੀ ਵਿਚੋਂ ਲੱਗਦਾ ਚਾਚਾ ਮਿਲਣ ਆਇਆ। ਉਹ ਹੱਸਦਾ ਹੋਇਆ ਗੱਲ ਸੁਣਾਉਣ ਲੱਗ ਪਿਆ, "ਅਸੀਂ ਟਰੈਕਟਰ ਟਰਾਲੀਆਂ ਨਾਲ ਗਿੱਲ ਕੇ ਪੋਲਟਰੀ ਫਾਰਮ ਤੋਂ ਮੁਰਗੀਆਂ ਦੀ ਖਾਦ ਲੈਣ ਗਏ। ਟੋਕਰਿਆਂ 'ਤੇ ਬੋਰੀਆਂ ਸਿਉਂ ਕੇ ਉਨ੍ਹਾਂ ਨੂੰ ਭਰ ਭਰ ਟਰਾਲੀਆਂ ਵਿਚ ਸੁੱਟਣ ਲੱਗੇ ਹੀ ਸੀ ਕਿ ਉਨ੍ਹਾਂ ਦਾ ਕਾਮਾ ਆ ਗਿਆ। ਗੱਲਾਂ-ਬਾਤਾਂ ਵਿਚ ਉਸ ਨੇ ਦੱਸਿਆ ਕਿ ਉਸ ਦਾ ਵੱਡਾ ਭਰਾ ਪਿੰਡ ਵਿਚ ਮਾਸਟਰ ਕੇ ਖੇਤ ਰਹਿੰਦਾ ਹੈ। ਮੈਂ ਉਸ ਨੂੰ ਦੱਸਿਆ ਕਿ ਉਹ ਤਾਂ ਸਾਡੇ ਰਿਸ਼ਤੇਦਾਰ ਹਨ। ਮੇਰੀ ਭਤੀਜੀ ਉਸ ਦੇ ਮੁੰਡੇ ਨੂੰ ਵਿਆਹੀ ਹੈ।



ਉਸ ਨੇ ਆਪਣੀ ਪਤਨੀ ਨੂੰ ਚਾਹ ਬਣਾਉਣ ਲਈ ਕਹਿ ਕੇ ਮੇਰੇ ਵਾਲਾ ਟੋਕਰਾ ਆਪ ਚੁੱਕ ਲਿਆ। ਮੈਨੂੰ ਮੰਜੇ 'ਤੇ ਬਿਠਾ ਦਿੱਤਾ। ਮੇਰੇ ਨਾਲ ਦੇ ਕਹਿਣ ਲੱਗੇ ਕਿ ਤੂੰ ਉਸ ਨੂੰ ਕੀ ਗਿੱਦੜਸਿੰਗੀ ਸੁੰਘਾ ਦਿੱਤੀ। ਨਾਲੇ ਆਪਾਂ ਨੂੰ ਚਾਹ ਪਿਆਈ, ਨਾਲੇ ਤੇਰੇ ਹਿੱਸੇ ਦੇ ਉਸ ਨੇ ਖਾਦ ਦੇ ਟੋਕਰੇ ਭਰ ਭਰ ਸੁੱਟੇ। ਮੈਂ ਕਿਹਾ, ਤੁਸੀਂ ਨਹੀਂ ਸਮਝ ਸਕਦੇ ਭਾਈ, ਇਹ ਰਿਸ਼ਤੇਦਾਰੀ ਦਾ ਮਾਮਲਾ ਹੈ।"

ਇਕ ਦਿਨ ਅਜਿਹਾ ਵੀ ਆਇਆ, ਗਿੱਲ ਹੋਰੀਂ ਪੋਲਟਰੀ ਫਾਰਮ ਬੰਦ ਕਰ ਕੇ ਮੁਹਾਲੀ ਰਹਿਣ ਲੱਗੇ ਪਰ ਜਾਣ ਤੋਂ ਪਹਿਲਾਂ ਸੁਖਦੇਵ ਦੀ ਕੀਤੀ ਬੱਚਤ ਨਾਲ ਉਸ ਨੂੰ ਸ਼ਹਿਰ ਦੇ ਬਾਹਰਵਾਰ ਘਰ ਲੈ ਕੇ ਦੇ ਗਏ। ਇਥੇ ਆ ਕੇ ਉਹ ਜ਼ਮੀਨ ਠੇਕੇ 'ਤੇ ਲੈ ਕੇ ਸਬਜ਼ੀ ਲਾਉਣ ਲੱਗ ਪਿਆ। ਉਸ ਦੀ ਪਤਨੀ ਹਰ ਵਕਤ ਉਸ ਨਾਲ ਕੰਮ ਕਰਾਉਂਦੀ। ਵਿਹਲੇ ਸਮੇਂ ਬੱਚੇ ਵੀ ਉਨ੍ਹਾਂ ਨਾਲ ਹੱਥ ਵੰਡਾਉਂਦੇ। ਇਥੇ ਆ ਕੇ ਵੀ ਉਸ ਨੇ ਸੋਹਣੀ ਕਬੀਲਦਾਰੀ ਰੋੜ੍ਹ ਲਈ। ਚਾਰ ਕੁ ਸਾਲ ਪਹਿਲਾਂ ਵੀ ਉਹ ਆਪਣੇ ਵੱਡੇ ਪੁੱਤਰ ਗੁਰਜੀਤ ਦੇ ਵਿਆਹ ਦਾ ਕਾਰਡ ਦੇਣ ਆਇਆ ਸੀ। ਅਸੀਂ ਵਿਆਹ ਗਏ। ਜਿਹੜਾ ਆਵੇ, ਸਾਡੇ ਪੈਰੀਂ ਹੱਥ ਲਾਵੇ। ਇਕ ਜਾਣ-ਪਛਾਣ ਵਾਲਾ ਕਹਿਣ ਲੱਗਾ, "ਤੁਹਾਡੇ ਵਲ ਬੜਾ ਭੱਜੇ ਆਉਂਦੇ ਆ।" ਮੇਰੇ ਪਤੀ ਕਹਿਣ ਲੱਗੇ, "ਇਨ੍ਹਾਂ ਵਿਚੋਂ ਬਹੁਤਿਆਂ ਦੀ ਪੈਦਾਇਸ਼ ਸਾਡੇ ਖੇਤ ਦੀ ਹੈ।"

ਖੈਰ! ਮੈਂ ਸੁਖਦੇਵ ਨੂੰ ਉਸ ਦੇ ਵੱਡੇ ਪੁੱਤਰ ਬਾਰੇ ਪੁੱਛਿਆ ਕਿ ਉਹ ਕੀ ਕਰਦਾ ਹੈ।

ਉਸ ਦੱਸਿਆ, "ਬੀਬੀ, ਉਹ ਤਾਂ ਵਧੀਆ ਮਕੈਨਿਕ ਬਣ ਗਿਆ। ਕਾਰਾਂ ਦੀ ਏਜੰਸੀ ਵਾਲੇ ਉਸ ਨੂੰ ਚੰਗੇ ਪੈਸੇ ਦੇ ਦਿੰਦੇ ਹਨ। ਨੂੰਹ ਸਿਲਾਈ ਕਢਾਈ ਦਾ ਕੰਮ ਜਾਣਦੀ ਹੈ। ਉਸ ਕੋਲ ਤਾਂ ਏਨਾ ਕੰਮ ਹੈ ਕਿ ਉਸ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ। ਅਸੀਂ ਤਾਂ ਬੀਬੀ ਛੋਟੇ ਵਾਸਤੇ ਵੀ ਪਲਾਟ ਲੈ ਰੱਖਿਐ।"

"ਲੈ ਭਾਈ, ਤੁਸੀਂ ਤਾਂ ਬੜੀ ਤਰੱਕੀ ਕਰ ਲਈ। ਆਪਣਾ ਘਰ ਹੈ। ਬੱਚੇ ਆਪਣੇ ਕੰਮਾਂ 'ਤੇ ਲੱਗੇ ਹੋਏ ਹਨ। ਕੁੜੀ ਨੂੰ ਵਿਆਹ ਕੇ ਤੂੰ ਕਬੀਲਦਾਰੀ ਵਲੋਂ ਬੇਫਿਕਰ ਹੋ ਜਾਵੇਂਗਾ।"

"ਬੀਬੀ, ਸਮੇਂ ਦੀਆਂ ਗੱਲਾਂ ਹਨ। ਜਦੋਂ ਅਸੀਂ ਤੁਹਾਡੇ ਕੋਲ ਆਏ ਸੀ, ਸਾਡੇ ਕੋਲ ਚਾਰ ਹੱਥਾਂ ਤੋਂ ਬਿਨਾ ਕੀ ਸੀ। ਸਭ ਤੁਹਾਡੀ ਕਿਰਪਾ ਹੈ।"

"ਨਾ ਭਾਈ ਸਾਡੀ ਕਾਹਦੀ ਕਿਰਪਾ! ਇਹ ਸਭ ਕੁਝ ਤੁਸੀਂ ਆਪਣੀ ਹਿੰਮਤ, ਸਿਰੜ ਅਤੇ ਕਿਰਤ ਨਾਲ ਕਮਾਇਆ ਹੈ। ਚਾਰੇ ਹੱਥ ਦਿਨ ਰਾਤ ਕਿਰਤ ਕਰਨ ਲਈ ਜੁੜੇ ਰਹੇ। ਉਂਜ ਵੀ ਸਾਡੀ ਜ਼ਿੰਦਗੀ ਵਿਚ ਹੱਥਾਂ ਦਾ ਕੰਮ ਸਭ ਤੋਂ ਵਧੇਰੇ ਅਹਿਮ ਹੈ। ਇਹ ਜ਼ਿੰਦਗੀ ਦੇ ਸਿਰਜਣਹਾਰ ਜੋ ਹੋਏ। ਸਾਨੂੰ ਤਾਂ ਤੁਹਾਡੇ ਉਤੇ ਇਸ ਗੱਲ ਦਾ ਮਾਣ ਹੈ ਕਿ ਤੁਸੀਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਜਾਨ ਤੋੜ ਕੇ ਮਿਹਨਤ ਕੀਤੀ। ਤੁਹਾਥੋਂ ਸਿੱਖ ਕੇ ਹਰ ਇਕ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਿਗਾਨੀਆਂ ਛਾਂਵਾਂ ਮਾਣਨ ਵਾਲਿਆਂ ਨੂੰ ਜ਼ਿੰਦਗੀ ਦੇ ਸਹੀ ਰੰਗਾਂ ਦਾ ਪਤਾ ਨਹੀਂ ਲੱਗਦਾ।"

"ਚੰਗਾ ਬੀਬੀ, ਮੈਂ ਚੱਲਦਾਂ। ਤੁਸੀਂ ਜ਼ਰੂਰ ਆਉਣਾ ਹੈ। ਨਾਲੇ ਹਰਜੀਤ ਨੂੰ ਮਿਲ ਲੈਣਾ, ਛੁੱਟੀ ਆਇਆ ਹੋਇਆ ਹੈ।"

"ਸੁਖਦੇਵ, ਕਦੇ ਇਨ੍ਹਾਂ ਨੂੰ ਯੂ. ਪੀ. ਵੀ ਲੈ ਕੇ ਗਿਆਂ ਜਾਂ ਨਹੀਂ?" ਮੈਂ ਉਸ ਨੂੰ ਜਾਂਦੇ ਨੂੰ ਪੁੱਛਿਆ।

"ਨਾ ਬੀਬੀ, ਇਹ ਤਾਂ ਇਥੇ ਜੰਮੇ ਪਲੇ, ਵੱਡੇ ਹੋਏ, ਪੰਜਾਬੀ ਬੋਲਦੇ ਆ। ਇਹ ਕਿਹੜਾ ਉਥੇ ਕਿਸੇ ਨੂੰ ਜਾਣਦੇ ਆ। ਨਾਲੇ ਤਹਾਨੂੰ ਪਤਾ ਈ ਐ, ਅਸੀਂ ਤਾਂ ਸਾਰੇ ਭੈਣ ਭਰਾ ਇਥੇ ਹੀ ਆ ਗਏ ਸਾਂ। ਉਂਜ ਵੀ ਬੀਬੀ, ਪਨੀਰੀ ਵਾਂਗ ਅਸੀਂ ਉਥੋਂ ਪੁੱਟ ਕੇ ਆਪਣੀਆਂ ਜੜ੍ਹਾਂ ਇਥੇ ਆਣ ਲਾਈਆਂ ਸਨ। ਇਥੇ ਇਨ੍ਹਾਂ ਨੇ ਆਪਣੀ ਜਕੜ ਬਣਾ ਲਈ। ਹੁਣ ਤਾਂ ਇਹੀ ਸਾਡਾ ਦੇਸ ਹੈ।"

ਸੁਖਦੇਵ ਤਾਂ ਚਲਾ ਗਿਆ ਪਰ ਮੇਰੇ ਅੱਗੇ ਵੱਡਾ ਸਵਾਲ ਛੱਡ ਗਿਆ ਕਿ ਇਨ੍ਹਾਂ ਨੇ ਤਾਂ ਇਥੇ ਆਪਣੀਆਂ ਜੜ੍ਹਾਂ ਜਮਾ ਲਈਆਂ ਹਨ; ਕਦੇ ਸੱਚੀ ਸੁੱਚੀ ਕਿਰਤ-ਕਮਾਈ 'ਤੇ ਮਾਣ ਕਰਨ ਵਾਲੇ, ਹਾਰ ਨੂੰ ਆਪਣੇ ਦ੍ਰਿੜ ਇਰਾਦੇ ਨਾਲ ਜਿੱਤ 'ਚ ਬਦਲਣ ਵਾਲੇ, ਮੁਸ਼ਕਿਲਾਂ ਨੂੰ ਮਿਹਨਤ ਨਾਲ ਹਰਾ ਕੇ ਤਕਦੀਰ ਅਤੇ ਤਦਬੀਰ ਨੂੰ ਨਵੇਂ ਅਰਥ ਦੇਣ ਵਾਲੇ ਪੰਜਾਬੀਆਂ ਦੀ ਸੋਚ ਨੂੰ ਕਿਥੋਂ ਜੰਗ ਲੱਗ ਗਈ ਹੈ ਕਿ ਉਹ ਜੀਣ ਨਾਲੋਂ ਮੌਤ ਨੂੰ ਤਰਜੀਹ ਦੇਣ ਲੱਗ ਪਏ ਹਨ। ਹੁਣ ਹਾਲ ਇਹ ਹੈ ਕਿ ਨੌਜਵਾਨ ਪੀੜ੍ਹੀ ਜਿੰਨੀ ਛੇਤੀ ਹੋ ਸਕੇ, ਆਪਣੀਆਂ ਜੜ੍ਹਾਂ ਇਥੋਂ ਪੁੱਟ ਕੇ ਵਿਦੇਸ਼ਾਂ ਵਿਚ ਲਾਉਣ ਲਈ ਹਰ ਹੀਲਾ ਵਰਤ ਰਹੀ ਹੈ।

## ਕਾਵਿ ਕਿਆਰੀ

### ਸੋਚਾਂ

ਹੱਕ ਸੱਚ 'ਤੇ ਪਹਿਰਾ ਦੇਣ ਲਈ
ਜਦ ਵੀ ਹੱਥ ਕਲਮ ਉਠਾਉਂਦੀ ਹਾਂ।
ਮੈਂ ਡਰਾਂ ਨਾ ਕਾਲੀਆਂ ਰਾਤਾਂ 'ਤੋਂ
ਨਾ ਝੱਖੜਾਂ ਵਿਚ ਘਬਰਾਉਂਦੀ ਹਾਂ।
ਜਦ ਦਿਲ ਦੇ ਵਿਚ ਝਰਨਾਹਟ ਛਿੜੇ
ਸੋਚਾਂ ਵਿਚ ਡੁੱਬਕੀ ਲਾਉਂਦੀ ਹਾਂ।
ਇਕ ਸੋਚ ਹੈ ਪਾਕ-ਮੁਹੱਬਤ ਦੀ
ਜੋ ਕੋਝੀਆਂ ਰਸਮਾਂ ਤੋੜਦੀ ਏ।
ਜੀਵਨ ਦੀ ਧੁੱਪ-ਛਾਂ ਮਾਣਨ ਲਈ
ਕੁਝ ਪਲ ਵਸਲ ਦੇ ਲੋੜਦੀ ਏ।
ਉਮਰਾਂ ਦਾ ਸਾਥ ਨਿਭਾਉਣੇ ਲਈ
ਫਰਜ਼ਾਂ ਦੀਆਂ ਲੜੀਆਂ ਜੋੜਦੀ ਏ।
ਇਕ ਸੋਚ ਏ ਚਾਨਣ ਖੇੜੇ ਦੀ
ਚੌਗਿਰਦਾ ਜੋ ਮਹਿਕਾਉਂਦੀ ਏ।
ਮੇਰਾ ਰੂਪ ਸਵਾਇਆ ਕਰਨ ਲਈ
ਸ਼ਬਦਾਂ ਦਾ ਵਟਣਾ ਲਾਉਂਦੀ ਏ।
ਇਹ ਬਹਿ ਅੱਖਰਾਂ ਦੀ ਲੋਅ ਹੇਠਾਂ
ਮੇਰੇ ਜੀਵਨ ਨੂੰ ਰੁਸ਼ਨਾਉਂਦੀ ਏ।
ਇਕ ਸੋਚ ਏ ਨਵੀਂ ਨੁਹਾਰ ਜਿਹੀ
ਵੰਗਾਰ ਜੋ ਬਣ ਕੇ ਖੜ੍ਹਦੀ ਏ।
ਸਵੈਮਾਣ ਬਚਾ ਕੇ ਰੱਖਣ ਲਈ,
ਲਲਕਾਰ ਜੋ ਬਣ ਕੇ ਖੜ੍ਹਦੀ ਏ।
ਜ਼ਬਰ-ਜ਼ੁਲਮ ਨੂੰ ਸਾੜਨ ਲਈ
ਅੰਗਿਆਰ ਜੋ ਬਣ ਕੇ ਖੜ੍ਹਦੀ ਏ।
ਇਕ ਸੋਚ ਏ ਆਧੁਨਿਕ ਸਿਰਜਣ ਦੀ
ਚਿੰਤਨ ਲਈ ਜੁਗਤ ਬਣਾਉਂਦੀ ਏ।
ਕਾਇਨਾਤ ਜਦੋਂ ਸੌਂ ਜਾਂਦੀ ਏ
ਇਹ ਉੱਠ ਕੇ ਦੀਪ ਜਗਾਉਂਦੀ ਏ।
ਜ਼ਿੰਦੀ ਲੋਕ ਗੀਤ ਜਿੰਨੀ ਉਮਰ ਹੋਵੇ
ਇਕ ਨਜ਼ਮ ਇਹ ਲਿਖਣਾ ਚਾਹੁੰਦੀ ਏ।
ਇਕ ਸੋਚ ਏ ਮੰਜ਼ਿਲ ਪਾਉਣੇ ਦੀ
ਨਾ ਵਾਟ ਲੰਮੀ ਤੋਂ ਡਰਦੀ ਏ।
ਕੰਕਰ ਕੋਈ ਚੁੱਭੇ ਪੈਰਾਂ ਵਿਚ
ਇਹ 'ਸੀ' ਤਾਈਂ ਨਾ ਕਰਦੀ ਏ।
ਇਕ ਵੱਖਰੀ ਪੈੜ ਬਣਾਉਣੇ ਲਈ
ਪੱਬ ਕੰਡਿਆਂ 'ਤੇ ਹੁਣ ਧਰਦੀ ਏ।

*-ਲਾਜ ਨੀਲਮ ਸੈਣੀ*
*ਫੋਨ: 510-502-0551*

---

### ਲੂੰਬੜ ਚਿੱਤ

ਦਾਤਾ ਤੇਰੀ ਦਹਿਲੀਜ਼ 'ਤੇ
ਸਿਰ ਝੁਕਾਉਂਦਾ ਹਾਂ ਮੈਂ।
ਆਪਣੇ ਪਾਪਾਂ ਪੁੰਨਾਂ ਦਾ
ਹਿਸਾਬ ਚੁਕਾਉਂਦਾ ਹਾਂ ਮੈਂ।
ਦੁਨੀਆਂ ਤੋਂ ਅੱਖ ਚੁਰਾ
ਗੁਨਾਹ ਬਖਸ਼ਾਉਂਦਾ ਹਾਂ ਮੈਂ।
ਨਿੱਤ ਪੁੱਛਾਂ ਜ਼ਮੀਰ ਤੋਂ
ਕੀ ਸੱਚੀਂ ਧਿਆਉਂਦਾ ਹਾਂ ਮੈਂ?
ਹੱਥ ਜੋੜ ਵਾਂਗ ਮੰਗਤੇ
ਨਿੱਤ ਮੰਗਦਾ ਟੁੱਕਰ ਹਾਂ।
ਸਿਰ 'ਤੇ ਛੱਤ, ਸੌਣ ਨੂੰ
ਇੱਕ ਮੰਗਦਾ ਨੁੱਕਰ ਹਾਂ।
ਤੇ ਸੁਖੀ ਵਸੇ ਪਰਿਵਾਰ
ਤੇਰਾ ਕਰਦਾ ਸ਼ੁਕਰ ਹਾਂ।
ਦਿਲੋਂ ਕਿੰਨਾ ਸੁਆਰਥੀ
ਉਂਜ ਦੱਸਦਾ ਕੂਕਰ ਹਾਂ।

ਛੁਪਾਉਂਦਾ ਹਾਂ ਜੱਗ ਤੋਂ
ਪਰ ਤੂੰ ਸਭ ਜਾਣਦਾ ਹੈਂ।
ਬਣਦਾ ਹਾਂ ਚਲਾਕ ਤੈਥੋਂ
ਔਕਾਤ ਤੂੰ ਪਛਾਣਦਾ ਹੈਂ।
ਕਰਦਾ ਨਾਦਾਨੀਆਂ ਮੈਂ
ਲਾ ਛਾਨਣੀ ਛਾਣਦਾ ਹੈਂ।
ਕਾਲੇ ਲਿਖਦਾਂ ਲੇਖ
ਰੋਜ਼ ਫੜ ਵਹੀ ਚਾੜ੍ਹਦਾ ਹੈਂ।

ਹੁਣ ਤੂੰ ਹੀ ਮੇਰਾ ਜੱਜ
ਬਣ ਜਾ ਤੂੰ ਹੀ ਵਕੀਲ।
ਬਖਸ਼ ਦੇ ਗੁਨਾਹ ਮੇਰੇ
ਜਾਂ ਟੰਗ ਦੇਹ ਫਸੀਲ।
ਪਰਤੱਖ ਸਾਹਮਣੇ ਹੈ
ਚੱਲੂ ਨਾ ਕੋਈ ਦਲੀਲ।
ਨਿਬੇੜਾ ਅਮਲਾਂ ਦਾ
ਨਾ ਹੁਣ ਚੱਲਣੀ ਅਪੀਲ।

*-ਸੇਵਾ ਸਿੰਘ ਨੂਰਪੁਰੀ*

---

### ਰਿਸ਼ਤੇ

ਨਿੱਤ ਪਛਾਣੇ ਜਾਂਦੇ ਰਿਸ਼ਤੇ
ਹੋ ਫਿਰ ਕਾਣੇ ਜਾਂਦੇ ਰਿਸ਼ਤੇ।
ਦੁਨੀਆਂ ਦੀ ਇਸ ਮੰਡੀ ਅੰਦਰ
ਜਦੋਂ ਨੇ ਛਾਣੇ ਜਾਂਦੇ ਰਿਸ਼ਤੇ।

ਗਰਜ਼ਾਂ ਦੇ ਇਹ ਬੱਝੇ ਪਿਆਰੇ
ਬਾਂਹ ਕੋਈ ਜ਼ਰਾ ਕੁ ਉਤਾਂਹ ਉਲਾਰੇ
ਉਸ ਦੇ ਘਰ ਤੋਂ ਸਿਵਿਆਂ ਤੀਕਰ
ਨਿੱਤ ਮਕਾਣੇ ਜਾਂਦੇ ਰਿਸ਼ਤੇ...।

ਮੈਂ ਤੇ ਮੋਇਆ ਤੂੰ ਤੇ ਤਰ ਜਾ
ਝੂਠੀ ਇਸ ਹਉਮੈ ਨਾਲ ਲੜ ਜਾ
ਛੱਡ ਝੂਠ ਤੇ ਸੱਚ ਨਾਲ ਖੜ੍ਹ ਜਾ
ਇੰਜ ਨੇ ਤਾਣੇ ਜਾਂਦੇ ਰਿਸ਼ਤੇ...।

ਕਿਸੇ ਦੇ ਘਰ 'ਚ ਕਿਸੇ ਦੀ ਬਸਤੀ
ਜਿਸ ਦਾ ਘਰ ਉਹਦੀ ਕੋਈ ਹਸਤੀ
ਫੁੱਟ ਪਾਓ ਤੇ ਰਾਜ ਕਰੋ ਬਸ
ਇੰਜ ਨੇ ਮਾਣੇ ਜਾਂਦੇ ਰਿਸ਼ਤੇ...।
'ਸੁਖਵਿੰਦਰਾ' ਰਿਸ਼ਤੇ ਸੱਚੇ ਸੁੱਚੇ
ਪਰ ਆ ਪਰਦੇਸਾਂ ਐਸੇ ਨੱਚੇ
911 ਦੀ ਆਕੜ ਉਤੇ
ਨਿੱਤ ਨੇ ਥਾਣੇ ਜਾਂਦੇ ਰਿਸ਼ਤੇ।
ਨਿੱਤ ਪਛਾਣੇ ਜਾਂਦੇ ਰਿਸ਼ਤੇ।

*-ਸੁਖਵਿੰਦਰ ਹਮਦਮ, ਬੋਦਲਾਂ ਵਾਲਾ*
*ਫੋਨ: 360-281-2624*

---

### ਮੇਰਾ ਦੇਸ਼

ਰੰਗਲਾ ਪੰਜਾਬ ਬਰਬਾਦ ਹੋ ਗਿਆ।
ਗੱਲੀ ਬਾਤੀਂ ਵੇਖ ਜ਼ਿੰਦਾਬਾਦ ਹੋ ਗਿਆ।
ਬੇਈਮਾਨ, ਲਾਰੇਬਾਜ਼ ਨੇਤਾ ਹੋ ਗਏ,
ਭਾਸ਼ਣਾਂ 'ਚ ਵੇਖ ਇਨਕਲਾਬ ਹੋ ਗਿਆ।
ਭੁੱਕੀ ਤੇ ਸ਼ਰਾਬ ਵੰਡ ਜਿੱਤ ਗਿਆ ਚੋਣ,
ਲੰਡੂ ਜਿਹਾ ਮੈਂਬਰ 'ਸਾਹਬ' ਹੋ ਗਿਆ।
ਖਾਦ, ਸਪਰੇ, ਬੀਜ, ਤੇਲ, ਕਰਜ਼ਾ,
ਖੇਤੀ ਦਾ ਲੰਮਾ ਹਿਸਾਬ ਹੋ ਗਿਆ।
ਦੇਸ਼ ਆ ਵਿਦੇਸ਼ੀਆਂ ਨੇ ਪਾਣੀ ਜਦੋਂ ਪੀਤਾ,
ਸਾਰਿਆਂ ਦਾ ਹਾਜ਼ਮਾ ਖਰਾਬ ਹੋ ਗਿਆ।
ਗੋਰੇ, ਕਾਲੇ, ਨੀਲਿਆਂ ਨੇ ਦੇਸ਼ ਲੁੱਟਿਆ,
ਪਤਾ ਕਰੋ ਕਿਸ ਨੂੰ ਕੀ ਲਾਭ ਹੋ ਗਿਆ।
ਅਜੇ ਤਕ ਮਿਲਿਆ ਨਹੀਂ 'ਗਿੱਲ' ਇਨਸਾਫ,
ਇੱਜ਼ਤਾਂ ਦਾ ਘਾਣ ਬੇਹਿਸਾਬ ਹੋ ਗਿਆ।

*-ਜੁਗਰਾਜ ਸਿੰਘ, ਸ਼ਾਰਲਟ*
*ਫੋਨ: 704-257-6693*

# 4 ਜੁਲਾਈ ਦੇ ਜਸ਼ਨਾਂ ਵਿਚ ਡੇਅਟਨ ਤੇ ਕੋਲੰਬਸ ਦੇ ਸਿੱਖਾਂ ਨੇ ਕੀਤੀ ਸ਼ਮੂਲੀਅਤ

## ਸਿੱਖਾਂ ਦੀ ਨਿਵੇਕਲੀ ਪਛਾਣ ਰਹੀ ਖਿੱਚ ਦਾ ਕੇਂਦਰ

**ਡੇਅਟਨ, ਓਹਾਇਓ (ਬਿਊਰੋ):** ਅਮਰੀਕਾ ਵਿਚ ਆਜ਼ਾਦੀ ਦਿਵਸ 4 ਜੁਲਾਈ ਨੂੰ ਹਰ ਸਾਲ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਸ਼ਹਿਰਾਂ ਵਿਚ ਪਰੇਡਾਂ ਕੱਢੀਆਂ ਜਾਂਦੀਆਂ ਹਨ, ਜਿਸ ਵਿਚ ਵਿੱਦਿਅਕ ਅਦਾਰਿਆਂ ਦੇ ਬੈਂਡ ਭਾਗ ਲੈਂਦੇ ਹਨ, ਵੱਖ ਵੱਖ ਵਿਭਾਗ, ਵਪਾਰਕ ਅਤੇ ਹੋਰ ਅਦਾਰਿਆਂ ਦੀਆਂ ਝਾਕੀਆਂ, ਜਿਨ੍ਹਾਂ ਨੂੰ ਇੱਥੇ ਫਲੋਟ ਕਹਿੰਦੇ ਹਨ ਕੱਢੀਆਂ ਜਾਂਦੀਆਂ ਹਨ।

ਓਹਾਇਓ ਸੂਬੇ ਦੀ ਰਾਜਧਾਨੀ ਕੋਲੰਬਸ ਦੇ ਡਾਊਨ ਟਾਊਨ ਅਤੇ ਹਵਾਈ ਜਹਾਜ ਦੀ ਜਨਮ ਭੂਮੀ ਵਜੋਂ ਜਾਣੇ ਜਾਂਦੇ ਸ਼ਹਿਰ ਡੇਅਟਨ ਵਿਚ ਆਜ਼ਾਦੀ ਦਿਵਸ 4 ਜੁਲਾਈ ਮੌਕੇ ਪਰੇਡ ਕੱਢੀ ਗਈ, ਜਿਸ ਵਿਚ ਸਿੱਖਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਗੁਰੂ ਨਾਨਕ ਰਿਲੀਜੀਅਸ ਸੁਸਾਇਟੀ, ਕੋਲੰਬਸ ਅਤੇ ਸਿੱਖ ਸੁਸਾਇਟੀ ਆਫ ਡੇਅਟਨ ਤੋਂ ਸਿੱਖ ਭਾਈਚਾਰਾ ਵੀ ਇਨ੍ਹਾਂ ਪਰੇਡਾਂ ਵਿਚ ਸ਼ਾਮਲ ਹੋਇਆ।

ਡੇਅਟਨ ਦੇ ਨਾਲ ਲਗਦੇ ਸ਼ਹਿਰ ਸਪਰਿੰਗਫੀਲਡ ਦੀ ਜੋੜੀ ਸ. ਅਵਤਾਰ ਸਿੰਘ ਤੇ ਬੀਬੀ ਸਰਬਜੀਤ ਕੌਰ ਨੇ ਉਚੇਚੇ ਤੌਰ 'ਤੇ ਆਜ਼ਾਦੀ ਦਿਵਸ ਨਾਲ ਸਬੰਧਿਤ ਫਲੋਟ ਤਿਆਰ ਕੀਤਾ। ਉਨ੍ਹਾਂ ਦਾ ਕਹਿਣਾ ਹੈ ਕਿ ਸਭ ਸ਼ਹਿਰਾਂ ਵਿਚ ਵੱਖ-ਵੱਖ ਮੌਕਿਆਂ 'ਤੇ ਨਿਕਲਦੀਆਂ ਪਰੇਡਾਂ ਵਿਚ ਸਿੱਖ ਸੰਸਥਾਵਾਂ ਨੂੰ ਵੱਖ-ਵੱਖ ਦਿਵਸਾਂ ਨਾਲ ਸਬੰਧਿਤ ਫਲੋਟ ਤਿਆਰ ਕਰਕੇ ਇਨ੍ਹਾਂ ਪਰੇਡਾਂ ਵਿਚ ਸ਼ਮੂਲੀਅਤ ਕਰਨੀ ਚਾਹੀਦੀ ਹੈ। ਇਸ ਨਾਲ ਅਮਰੀਕੀ ਲੋਕਾਂ ਨੂੰ ਸਿੱਖਾਂ ਵਲੋਂ ਅਮਰੀਕੀ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਪਾਏ ਜਾ ਰਹੇ ਯੋਗਦਾਨ ਬਾਰੇ ਵੀ ਜਾਣੂ ਕਰਾਇਆ ਜਾ ਸਕਦਾ ਹੈ।

ਸ. ਅਵਤਾਰ ਸਿੰਘ ਸਪਰਿੰਗਫੀਲਡ ਆਪਣੇ ਪਰਿਵਾਰ ਤੇ ਫਲੋਟ ਸਮੇਤ ਕੋਲੰਬਸ ਅਤੇ ਬੀਵਰਕਰੀਕ (ਡੇਅਟਨ) ਦੀਆਂ ਪਰੇਡਾਂ ਵਿਚ ਸ਼ਾਮਲ ਹੋਏ। ਅਮਰੀਕੀ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਏ ਗਏ ਸਿੱਖ ਫਲੋਟ ਦਾ ਦਰਸ਼ਕਾਂ ਨੇ ਭਰਵਾਂ ਸੁਆਗਤ ਕੀਤਾ। ਸਿੱਖਾਂ ਦੀ ਨਿਵੇਕਲੀ ਪਛਾਣ ਵੀ ਪਰੇਡ ਵਿਚ ਖਿੱਚ ਦਾ ਕੇਂਦਰ ਰਹੀ ਅਤੇ ਕਈਆਂ ਨੇ ਉਨ੍ਹਾਂ ਦੀ ਪਛਾਣ ਬਾਰੇ ਜਾਣਕਾਰੀ ਲੈਣ ਵਿਚ ਦਿਲਚਸਪੀ ਦਿਖਾਈ। ਫਲੋਟ 'ਤੇ ਲਾਏ ਬੈਨਰਾਂ ਰਾਹੀਂ ਸਿੱਖਾਂ ਦੀ ਤਰਫੋਂ ਸਭ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਗਈ। ਲੋਕ 'ਹੈਪੀ ਫੋਰਥ ਆਫ ਜੁਲਾਈ', 'ਹੈਪੀ ਇੰਡੀਪੈਂਡੈਂਸ ਡੇ' ਕਹਿ ਕੇ ਸੁਆਗਤ ਕਰ ਰਹੇ ਸਨ।

















## ਕੋਲੰਬਸ ਪਰੇਡ ਦੀਆਂ ਝਲਕੀਆਂ









*Dayton parade Picture Courtesy is by a volunteer Sunil Malhi (A&A Photography).*


# ਤਣਾਅ ਕੀ ਹੈ, ਇਸ 'ਤੇ ਕਾਬੂ ਕਿਵੇਂ ਪਾਈਏ?

## ਸਿਹਤ ਸੰਭਾਲ

**ਸ਼ਿਕਾਗੋ (ਬਿਊਰੋ):** ਸਿੱਖ ਸੀਨੀਅਰ ਸਿਟੀਜ਼ਨਜ਼ ਦੀ ਪਿਛਲੇ ਦਿਨੀਂ ਹੋਈ ਮਹੀਨਾਵਾਰ ਮੀਟਿੰਗ ਵਿਚ ਡਾ. ਧਰਮ ਸਿੰਘ ਬੈਂਸ ਨੇ 'ਤਣਾਅ ਉਤੇ ਕਾਬੂ ਕਿਵੇਂ ਪਾਈਏ' ਬਾਰੇ ਵਿਚਾਰ ਸਾਂਝੇ ਕੀਤੇ। ਡਾ. ਬੈਂਸ ਸਾਇਕਾਲੌਜੀ ਕਾਊਂਸਲਿੰਗ ਵਿਚ ਪੀਐਚ. ਡੀ. ਹਨ। ਉਨ੍ਹਾਂ ਦੀ ਖੋਜ ਜ਼ਿਆਦਾਤਰ ਪੀ. ਟੀ. ਐਸ. ਡੀ. (ਪੋਸਟ ਟਰਾਮੈਟਿਕ ਸਟਰੈਸ ਡਿਸਆਰਡਰ) 'ਤੇ ਹੀ ਨਿਰਭਰ ਰਹੀ ਹੈ। ਉਨ੍ਹਾਂ ਨੇ ਪੀਐਚ. ਡੀ. ਕੈਨਸਸ ਸਟੇਟ ਯੂਨੀਵਰਸਿਟੀ ਤੋਂ ਕੀਤੀ ਹੈ ਅਤੇ ਕੈਨਸਸ ਤੇ ਫਿਰ ਬੈਟਲ ਕਰੀਕ ਮਿਸ਼ੀਗਨ 'ਚ ਵੀ. ਏ. ਹਸਪਤਾਲ ਵਿਚ ਕਲਿਨਿਕਲ ਸਾਇਕਾਲੌਜਿਸਟ ਤੇ ਕਲਿਨਿਕਲ ਡਾਇਰੈਕਟਰ ਵਜੋਂ ਸੇਵਾ ਮੁਕਤ ਹੋਏ ਹਨ। ਉਹ ਅੱਜ ਕੱਲ੍ਹ ਸ਼ਿਕਾਗੋ ਦੀ ਸਬਰਬ ਗਰੇਸ ਲੇਕ ਵਿਚ ਰਹਿੰਦੇ ਹਨ। ਉਨ੍ਹਾਂ ਨੂੰ ਖੋਜ ਦੇ ਆਧਾਰ 'ਤੇ ਚੋਟੀ ਦੇ ਇਨਾਮ ਵੀ ਪ੍ਰਾਪਤ ਹੋਏ ਹਨ। ਉਨ੍ਹਾਂ ਦੇ ਖੋਜ ਪੱਤਰ ਸਾਇਕਾਲੌਜੀ ਦੇ ਕਈ ਪ੍ਰਮਾਣਿਤ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੋ ਚੁਕੇ ਹਨ।

ਡਾ. ਬੈਂਸ ਨੇ ਲੈਕਚਰ ਦੀ ਸ਼ੁਰੂਆਤ ਬੇਚੈਨੀ ਬਾਰੇ ਚਰਚਾ ਨਾਲ ਕੀਤੀ। ਉਨ੍ਹਾਂ ਦਸਿਆ ਕਿ ਬੇਚੈਨੀ ਹੀ ਬਹੁਤੀਆਂ ਦਿਮਾਗੀ ਬਿਮਾਰੀਆਂ ਦੀ ਜੜ੍ਹ ਹੈ। ਤਣਾਅ ਵੀ ਇਸੇ ਦੀ ਉਪਜ ਹੈ ਤੇ ਇਹ ਕਿਸੇ ਵੇਲੇ ਵੀ ਛੋਟੀ ਤੋਂ ਵੱਡੀ ਖਤਰਨਾਕ ਬਿਮਾਰੀ ਬਣ ਸਕਦੀ ਹੈ। ਅਮਰੀਕਾ ਵਿਚ 44-46% ਲੋਕ ਇਸ ਬਿਮਾਰੀ ਤੋਂ ਪੀੜਤ ਹਨ। ਔਰਤਾਂ ਵਿਚ ਇਹ ਅਨੁਪਾਤ 86% ਹੈ। ਇਸੇ ਕਰਕੇ ਵਡੇਰੀਆਂ ਸੰਸਥਾਵਾਂ ਇਸ ਨਾਲ ਨਜਿੱਠਣ ਲਈ ਆਪੋ-ਆਪਣੇ ਇੰਤਜ਼ਾਮ ਕਰਦੀਆਂ ਹਨ, ਜਿਵੇਂ ਵੱਡੀ ਕੰਪਨੀਆਂ ਐਮਾਜੋਨ ਆਦਿ। ਤਕਰੀਬਨ 70 ਵੀ. ਏ. ਹਸਪਤਾਲ ਇਸ 'ਤੇ ਕਾਬੂ ਪਾਉਣ ਲਈ ਆਪਣੇ ਪ੍ਰੋਗਰਾਮ ਚਲਾਉਂਦੇ ਹਨ। ਇਸ ਬਿਮਾਰੀ ਦੀ ਸ਼ੁਰੂਆਤੀ ਅਤੇ ਵਧੇਰੇ ਖੋਜ ਹੰਸ ਸਿਆਲੀ ਨੇ ਕੀਤੀ, ਜੋ ਹੰਗਰੀ ਦੇਸ਼ ਤੋਂ ਸੀ।

ਡਾ. ਬੈਂਸ ਨੇ ਦਸਿਆ ਕਿ ਇਸ ਬਿਮਾਰੀ 'ਤੇ ਕਾਬੂ ਪਾਉਣ ਲਈ 35 ਕੁ ਸਾਲ ਤੋਂ ਬਾਅਦ ਇਨਸਾਨ ਨੂੰ ਖਾਣਾ ਘੱਟ ਅਤੇ ਕੰਮ ਜ਼ਿਆਦਾ ਕਰਨਾ ਚਾਹੀਦਾ ਹੈ। ਤਾਇ ਚੀ, ਯੋਗ ਜਾਂ ਸਿਮਰਨ ਵੀ ਬੇਚੈਨੀ ਘਟਾਉਣ ਵਿਚ ਮਦਦ ਕਰਦੇ ਹਨ। ਬਿਮਾਰੀ ਦੀ ਹੱਦ ਹਰ ਇਨਸਾਨ ਲਈ ਵੱਖ ਹੈ।




ਉਮਰ ਵਧਣ ਨਾਲ ਤਜਰਬਾ ਵੀ ਵਧ ਜਾਂਦਾ ਹੈ ਤੇ ਕਾਬੂ ਕਰਨ ਲਈ ਸਹਾਈ ਹੁੰਦਾ ਹੈ। ਪਰਿਵਾਰਕ ਤੇ ਸਮਾਜਕ ਜੀਵਨ ਸਥਿਰ ਰੱਖਣ ਤੇ ਕੰਮ ਵਿਚ ਕਾਮਯਾਬੀ ਲਈ ਦਿਮਾਗੀ ਸੰਤੁਲਨ ਜ਼ਰੂਰੀ ਹੈ। ਤਣਾਅ ਵਾਲੇ ਇਨਸਾਨ ਦੀ ਕੰਮ ਕਰਨ ਦੀ ਤਾਕਤ ਸਹੀ ਸੰਤੁਲਨ ਵਾਲੇ ਬੰਦੇ ਤੋਂ 25% ਤੱਕ ਘਟ ਜਾਂਦੀ ਹੈ। ਤਣਾਅ ਵਾਲੇ ਇਨਸਾਨ ਦੀ ਕਾਰਜਸ਼ੈਲੀ ਨੈਗੇਟਿਵ ਜਾਂ ਪਾਜੇਟਿਵ ਹੋ ਸਕਦੀ ਹੈ।

ਤਣਾਅ ਨੂੰ ਸਮਝਣ ਲਈ ਜੋ ਪ੍ਰਕ੍ਰਿਆ ਇਨਸਾਨ ਅੰਦਰ ਵਾਪਰਦੀ ਹੈ, ਉਸ ਨੂੰ ਡਾ. ਬੈਂਸ ਨੇ ਮਾਡਲ ਬਣਾ ਕੇ ਸਮਝਾਇਆ ਕਿ ਤਣਾਅ ਵਾਲੇ ਇਨਸਾਨ ਦੀ ਕਾਰਜਸ਼ਕਤੀ ਮੰਗ 'ਤੇ ਕਿਵੇਂ ਨਿਰਭਰ ਹੋ ਜਾਂਦੀ ਹੈ। ਉਸ ਤਹਿਤ ਮੇਲ-ਮਿਲਾਪ, ਉਪਯੋਗਤਾ ਅਤੇ ਸੋਝੀ ਬਦਲ ਜਾਂਦੀ ਹੈ। ਬਜੁਰਗਾਂ ਦੇ ਤਜਰਬੇ ਬਾਰੇ ਉਨ੍ਹਾਂ ਕਿਹਾ ਕਿ ਇਹ ਜ਼ਿੰਦਗੀ ਦੇ ਤਜਰਬੇ ਹੀ ਸਨ, ਜੋ ਪਿੰਡਾਂ ਦੇ ਸੰਸਕਾਰ ਸਥਾਪਿਤ ਕਰਦੇ ਹਨ।

ਪ੍ਰਤੀਕ੍ਰਿਆ ਬਾਰੇ ਉਨ੍ਹਾਂ ਕਿਹਾ ਕਿ ਦੇਖਣਾ ਇਹ ਬਣਦਾ ਹੈ ਕਿ ਇਹ ਚੁਣੌਤੀ ਹੈ ਜਾਂ ਖਤਰਾ ਜਿਸ ਤਹਿਤ ਸਰੀਰ ਹਰਕਤ ਵਿਚ ਆਉਂਦਾ ਹੈ। ਖਤਰਾ ਵਧ ਜਾਵੇ ਤਾਂ ਘਬਰਾਹਟ ਵੀ ਵਧ ਜਾਂਦੀ ਹੈ ਤੇ ਸਰੀਰ ਉਪਰ ਅਸਰ ਕਰਦੀ ਹੈ। ਸਰੀਰ ਅੰਦਰ ਟੁੱਟ-ਭੱਜ ਵਧਦੀ ਹੈ। ਇਸ ਨਾਲ ਭਾਵਨਾਵਾਂ 'ਤੇ ਅਸਰ ਪੈਂਦਾ ਹੈ ਅਤੇ ਸਰੀਰਕ ਪ੍ਰਕ੍ਰਿਆ ਬਦਲਦੀ ਹੈ। ਇਸ ਦਾ ਅਸਰ ਨਾਕਾਰਾਤਮਕ ਹੁੰਦਾ ਹੈ। ਸਰੀਰ ਬੇਜਾਨ ਜਿਹਾ ਹੋ ਜਾਂਦਾ ਹੈ। ਦਰਦਾਂ ਹੁੰਦੀਆਂ ਹਨ, ਚਿੜਚਿੜਾਪਨ ਆ ਜਾਂਦਾ ਹੈ ਅਤੇ ਜੀਵਨ ਦੁਖੀ ਜਾਪਦਾ ਹੈ। ਸਹੀ ਦਿਸ਼ਾ ਗਾਇਬ ਹੁੰਦੀ ਜਾਪਦੀ ਹੈ। ਖਤਰੇ ਵਿਚ ਇਨਸਾਨ ਮਹਿਫੂਜ਼ ਨਹੀਂ ਮਹਿਸੂਸ ਕਰਦਾ। ਘਬਰਾਹਟ ਵਧ ਜਾਂਦੀ ਹੈ ਪਰ ਜੇ ਤੁਸੀਂ ਸਹੀ ਕਦਮ ਪੁੱਟਣ ਦਾ ਮਨ ਬਣਾ ਲਉ ਤਾਂ ਸਰੀਰ ਸਾਥ ਦਿੰਦਾ ਹੈ। ਇਸ ਲਈ ਤਨ ਮਨ ਨਾਲ ਉਤੇ ਉਠਣ ਦੀ ਹਿੰਮਤ ਕਰੋ, ਸਾਹਸ ਕਰੋ, ਸਾਕਾਰਾਤਮਕ ਸੋਚ ਉਭਾਰੋ।

ਡਾ. ਬੈਂਸ ਨੇ ਦੱਸਿਆ ਕਿ ਸਰੀਰ ਦੇ ਨਰਵਸ ਸਿਸਟਮ ਦੇ ਦੋ ਭਾਗ ਹਨ: ਆਟੋਮੈਟਿਕ (ਸਵੈਚਾਲਿਤ) ਜਾਂ ਸਿੰਪੇਥੈਟਿਕ ਅਤੇ ਪੈਰਾਸਿੰਪੇਥੈਟਿਕ। ਜੇ ਇਨਸਾਨ ਹਾਲਤ ਸੁਧਾਰਨ ਦੀ ਕੋਸ਼ਿਸ਼ ਕਰੇ, ਟੀਚਾ ਮਿਥ ਲਵੇ ਅਤੇ ਉਸ ਨੂੰ ਹਾਸਲ ਕਰਨ ਦਾ ਉਪਰਾਲਾ ਕਰੇ ਤਾਂ ਨਤੀਜਾ ਚੰਗਾ ਨਿਕਲ ਸਕਦਾ ਹੈ।

ਆਟੋਮੈਟਿਕ ਤਣਾਅ ਵਿਚ ਅੱਖਾਂ ਬੰਦ ਹੋ ਜਾਂਦੀਆਂ ਹਨ, ਨੱਕ ਖੁਸ਼ਕ, ਦਿਲ ਦੀ ਧੜਕਣ ਵਧ ਜਾਂਦੀ ਹੈ। ਫੇਫੜਿਆਂ ਵਿਚ ਖੂਨ ਵਧ ਪਹੁੰਚਦਾ ਹੈ। ਜਿਗਰ ਵਿਚ ਮਿੱਠੇ ਦੀ ਮਿਕਦਾਰ ਵਧ ਜਾਂਦੀ ਹੈ। ਗੁਰਦਿਆਂ ਵਿਚ ਪਿਸ਼ਾਬ ਘੱਟ ਬਣਦਾ ਹੈ। ਪਸੀਨਾ ਵਧ ਆਉਂਦਾ ਹੈ ਜਦਕਿ ਪੈਰਾਸਿੰਪੇਥੈਟਿਕ ਇਹ ਸਾਰਾ ਕੁਝ ਨਾਰਮਲ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਮਨ ਦੇ ਕੋਲ ਇਨ੍ਹਾਂ ਨੂੰ ਠੀਕ ਰਖਣ ਲਈ ਸੀਮਤ ਸਾਧਨ ਹਨ, ਜੋ ਵਰਤੋਂ ਵਿਚ ਲਿਆਉਣੇ ਚਾਹੀਦੇ ਹਨ।

ਇਨਸਾਨ ਦੀ ਕਹਿਣੀ ਅਤੇ ਕਰਨੀ ਇਕਸਾਰ ਹੋਣੀ ਜ਼ਰੂਰੀ ਹੈ। ਕਹਿਣਾ ਤੁਹਾਡਾ ਵਰਤਾਰਾ ਹੈ ਜਦਕਿ ਕਰਨਾ ਕਰਮ ਹੈ, ਜਿਸ ਤੋਂ ਤੁਹਾਡੀ ਸੋਚ ਪ੍ਰਭਾਵਿਤ ਹੁੰਦੀ ਹੈ। ਇਹਦੇ ਕਰਕੇ ਭਾਵਨਾਵਾਂ ਵਿਚ ਉਤਰਾਅ-ਚੜ੍ਹਾਅ ਆਉਂਦਾ ਹੈ ਜਾਂ ਇਹ ਕਹਿ ਲਉ ਸੋਚ, ਭਾਵਨਾ, ਅਮਲ, ਕਹਿਣੀ, ਕਰਨੀ ਨੂੰ ਹਾਂ-ਪੱਖੀ ਰੱਖੋ।

ਆਪਣੀ ਗੱਲ ਜਾਰੀ ਰੱਖਦਿਆਂ ਡਾ. ਬੈਂਸ ਨੇ ਕਿਹਾ ਕਿ ਕੁਝ ਹਾਲਾਤ ਅਜਿਹੇ ਹੁੰਦੇ ਹਨ, ਜਿਨ੍ਹਾਂ ਦਾ ਅਸਰ ਥੋੜ੍ਹੇ ਸਮੇਂ ਲਈ ਹੁੰਦਾ ਹੈ ਜਦੋਂ ਕਿ ਕੁਝ ਲੰਮੇ ਸਮੇਂ ਲਈ। ਜ਼ਰੂਰੀ ਹੈ ਕਿ ਫੈਸਲਾ ਉਸ ਹਾਲਤ ਨੂੰ ਹਟਾਉਣ ਦਾ ਹੋਵੇ ਜਾਂ ਹਾਲਾਤ ਬਦਲਣ ਦਾ। ਥੋੜ੍ਹੇ ਸਮੇਂ ਦੇ ਹਾਲਾਤ ਹਨ, ਜਿਵੇਂ ਪਾਇਲਟ ਜਹਾਜ ਰੋਕਦਾ ਹੈ, ਪਰ ਲੰਮੇ ਸਮੇਂ ਵਾਲੇ ਹਾਲਾਤ ਹਨ ਜਿਵੇਂ ਬਿਮਾਰੀ, ਕੈਂਸਰ ਆਦਿ, ਪੈਸੇ ਦੀ ਕਮੀ। ਨਾਂਹ-ਪੱਖੀ ਸੋਚ ਯਾਦਦਾਸ਼ਤ ਘਟਾਉਂਦੀ ਹੈ। ਸਵੈਮਾਣ ਘਟਦਾ ਹੈ, ਹੱਥ ਠੰਢੇ ਰਹਿੰਦੇ ਹਨ। ਸਾਹ ਤੇਜ਼ ਆਉਂਦਾ ਹੈ, ਮੂੰਹ ਖੁਸ਼ਕ ਰਹਿੰਦਾ ਹੈ। ਵਾਰ-ਵਾਰ ਪਿਸ਼ਾਬ ਤੇ ਗੰਦੀ ਹਵਾ ਨਿਕਲਦੀ ਹੈ। ਦਿਲ ਦੀ ਧੜਕਣ ਵਧਦੀ ਹੈ, ਮੂਡ ਵਿਚਲਦਾ ਹੈ, ਨੀਂਦ ਨਹੀਂ ਆਉਂਦੀ ਤੇ ਅੱਗੇ ਜਾ ਕੇ ਇਹ ਬਲੱਡ ਪ੍ਰੈਸ਼ਰ ਵਧਾ ਦਿੰਦੇ ਹਨ। ਦਿਲ 'ਤੇ ਅਸਰ ਪੈਂਦਾ ਹੈ। ਸਿਰ ਦਰਦ ਤੋਂ ਇਲਾਵਾ ਪੇਟ 'ਚ ਜ਼ਖਮ ਹੋ ਸਕਦੇ ਹਨ। ਸਹਿਣਸ਼ਕਤੀ ਘਟ ਜਾਂਦੀ ਹੈ। ਚਾਹੀਦਾ ਹੈ ਕਿ ਲੰਮੇ ਸਮੇਂ ਦੀ ਤਕਲੀਫ ਘਟ ਸਮੇਂ 'ਚ ਬਦਲਣ ਦੀ ਕੋਸ਼ਿਸ਼ ਹੋਵੇ। ਇਕ-ਇਕ ਤਕਲੀਫ ਨੂੰ ਹੱਥ ਪਾਉ। ਪੂਰਾ ਢੇਰ ਉਠਾਉਣ ਦੀ ਕੋਸ਼ਿਸ਼ ਨਾ ਕਰੋ। ਦੂਜਿਆਂ ਨਾਲ ਦੁੱਖ ਸਾਂਝਾ ਕਰੋ, ਛੁਪਾਓ ਨਹੀਂ। ਸਮਾਜ ਵਿਚ ਵਿਚਰਨਾ ਵਧਾਓ, ਇਕੱਲੇ ਬੈਠ ਕੇ ਝੂਰਨ ਨਾਲੋਂ ਚੰਗੇ ਸਮਾਜ ਦਾ ਹਿੱਸਾ ਬਣੋ। ਆਪਣੀਆਂ ਭਾਵਨਾਵਾਂ 'ਤੇ ਕਾਬੂ ਪਾਓ। ਦਵਾਈ ਦੀ ਲੋੜ ਪਵੇ ਤਾਂ ਕੋਈ ਹਰਜ ਨਹੀਂ। ਨਾਲ ਕਸਰਤ, ਯੋਗ, ਸਰੀਰ ਢਿੱਲਾ ਛੱਡਣ ਦਾ ਪ੍ਰਯੋਗ ਵਧਾਓ। ਸਿਮਰਨ 'ਚ ਜੁੜੋ ਜਾਂ ਹੋਰ ਸਰੀਰਕ ਤੇ ਮਾਨਸਿਕ ਟਿਕਾਓ ਦੇ ਸਾਧਨ ਵਰਤੋ। UHAM ਸਾਹ ਖਿੱਚ ਕੇ ਲੈਣ ਦੀ ਵਿਧੀ ਹੈ, ਜਿਸ ਤਹਿਤ 1 ਤੋਂ 5 ਗਿਣ ਕੇ ਅੰਦਰ ਸਾਹ ਲਉ, 1 ਤੋਂ 6 ਦੀ ਗਿਣਤੀ ਕਰਕੇ ਰੋਕੋ ਤੇ 1 ਤੋਂ 7 ਦੀ ਗਿਣਤੀ ਤੱਕ ਬਾਹਰ ਛੱਡੋ।

ਸਿੱਖ ਸੀਨੀਅਰ ਸਿਟੀਜ਼ਨਜ਼ ਦੀਆਂ ਗਤੀਵਿਧੀਆਂ ਬਾਰੇ ਇਕਬਾਲ ਸਿੰਘ ਚੋਪੜਾ (ਫੋਨ: 224-358-7769), ਸੁਰਿੰਦਰਪਾਲ ਸਿੰਘ ਕਾਲੜਾ (847-305-9119), ਜਸਬੀਰ ਸਿੰਘ ਭੱਲਾ (630-229-1460) ਜਾਂ ਠਾਕਰ ਸਿੰਘ ਬਸਾਤੀ ਨਾਲ Basatit@aol.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# 36ਵੇਂ ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਗਾਖਲ ਭਰਾ ਦੇਣਗੇ ਸਾਢੇ 5 ਲੱਖ ਦਾ ਇਨਾਮ

**ਯੂਨੀਅਨ ਸਿਟੀ (ਐਸ. ਅਸ਼ੋਕ ਭੌਰਾ):** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 36ਵੇਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਅਮਰੀਕਾ ਦੇ ਪ੍ਰਸਿੱਧ ਕਾਰੋਬਾਰੀ ਅਤੇ ਖੇਡ ਪ੍ਰੋਮੋਟਰ ਗਾਖਲ ਭਰਾ-ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਵਲੋਂ ਪਹਿਲਾ ਵੱਡਾ ਸਾਢੇ 5 ਲੱਖ ਰੁਪਏ ਦਾ ਇਨਾਮ ਜੇਤੂ ਟੀਮ ਨੂੰ ਦਿੱਤਾ ਜਾਵੇਗਾ। ਗਾਖਲ ਭਰਾ ਆਪਣੇ ਪਿਤਾ ਸਵਰਗੀ ਸ. ਨਸੀਬ ਸਿੰਘ ਗਾਖਲ ਦੀ ਯਾਦ 'ਚ ਇਹ ਇਨਾਮ ਦੇਣਗੇ।

ਇੱਥੇ ਰਾਜਾ ਸਵੀਟਸ ਵਿਖੇ ਯੂਨਾਈਟਡ ਸਪੋਰਟਸ ਕਲੱਬ ਦੀ ਹੋਈ ਅਹਿਮ ਮੀਟਿੰਗ ਪਿੱਛੋਂ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਕਿਹਾ ਕਿ ਖੇਡਾਂ ਤੇ ਸਮਾਜਕ ਖੇਤਰ ਵਿਚ ਨਾ ਸਿਰਫ ਕੈਲੀਫੋਰਨੀਆ, ਸਗੋਂ ਉਤਰੀ ਅਮਰੀਕਾ ਅਤੇ ਆਪਣੀ ਜਨਮ ਭੋਇੰ 'ਤੇ ਹੋਣ ਵਾਲੇ ਹਰ ਸਰੋਕਾਰ 'ਚ ਗਾਖਲ ਭਰਾਵਾਂ ਨੇ ਮੋਹਰੀ ਭੂਮਿਕਾ ਨਿਭਾਈ ਹੈ।


ਜਲੰਧਰ ਦੇ ਡਿਪਟੀ ਕਮਿਸ਼ਨਰ ਅਤੇ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਵਰਿੰਦਰ ਕੁਮਾਰ ਸ਼ਰਮਾ (ਆਈ. ਏ. ਐਸ.) ਨੇ ਫੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਇਸ ਪੇਸ਼ਕਸ਼ ਨੂੰ ਗਾਖਲ ਭਰਾਵਾਂ ਨੇ ਖੁਸ਼ੀ ਨਾਲ ਸਵੀਕਾਰ ਕੀਤਾ ਤੇ ਹੋਰ ਵੀ ਹਰ ਤਰ੍ਹਾਂ ਦਾ ਉਤਸ਼ਾਹ ਦੇਣ ਦਾ ਵਾਅਦਾ ਕੀਤਾ।



ਸਵਰਗੀ ਨਸੀਬ ਸਿੰਘ ਗਾਖਲ

ਜ਼ਿਕਰਯੋਗ ਹੈ ਕਿ ਗਾਖਲ ਪਰਿਵਾਰ ਨੇ ਕਬੱਡੀ ਤੇ ਹਾਕੀ ਤੋਂ ਇਲਾਵਾ ਹੋਰ ਖੇਡਾਂ ਨੂੰ ਵੀ ਉਤਸ਼ਾਹਿਤ ਕਰਨ ਲਈ ਅੱਗੇ ਹੋ ਕੇ ਅਹਿਮ ਅਤੇ ਸਲਾਹੁਣਯੋਗ ਭੂਮਿਕਾ ਨਿਭਾਈ ਹੈ। ਉਨ੍ਹਾਂ ਪਿਛਲੀਆਂ ਉਲੰਪਿਕ ਖੇਡਾਂ ਦੌਰਾਨ ਸ਼ੂਟਿੰਗ ਵਿਚ ਗੋਲਡ ਮੈਡਲ ਪ੍ਰਾਪਤ ਕਰਨ ਵਾਲੇ ਭਾਰਤੀ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੂੰ ਵੀ ਦਸ ਲੱਖ ਰੁਪਏ ਦਾ ਇਨਾਮ ਦੇ ਕੇ ਸਨਮਾਨਿਤ ਕੀਤਾ ਸੀ। ਗਾਖਲ ਭਰਾ ਆਪਣੇ ਜੱਦੀ ਪਿੰਡ ਗਾਖਲਾਂ (ਜਲੰਧਰ) ਵਿਖੇ ਵੀ ਖੇਡ ਤੇ ਸਮਾਜਕ ਸਰਗਰਮੀਆਂ 'ਚ ਹਿੱਸਾ ਲੈਂਦੇ ਆ ਰਹੇ ਹਨ ਅਤੇ ਆਉਂਦੀ 15 ਸਤੰਬਰ ਨੂੰ ਕੈਲੀਫੋਰਨੀਆ 'ਚ ਹੋਣ ਵਾਲਾ ਯੂਨਾਈਟਡ ਸਪੋਰਟਸ ਕਲੱਬ ਦਾ 15ਵਾਂ ਵਿਸ਼ਵ ਕਬੱਡੀ ਕੱਪ ਵੀ ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ ਹੀ ਹੋ ਰਿਹਾ ਹੈ।

ਮੱਖਣ ਸਿੰਘ ਬੈਂਸ ਤੇ ਜੁਗਰਾਜ ਸਿੰਘ ਸਹੋਤਾ ਨੇ ਕਿਹਾ ਕਿ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਗਾਖਲ ਭਰਾ ਬਾਬੇ ਨਾਨਕ ਦੀ ਫਿਲਾਸਫੀ 'ਤੇ ਨਿਮਰਤਾ ਨਾਲ ਚੱਲਣ ਵਾਲਾ ਪਰਿਵਾਰ ਹੈ ਅਤੇ ਕੋਈ ਆਸਵੰਦ ਉਨ੍ਹਾਂ ਕੋਲ ਪਹੁੰਚਦਾ ਹੈ ਤਾਂ ਉਹ ਕਦੇ ਨਿਰਾਸ਼ ਨਹੀਂ ਕਰਦੇ।



ਅਮੋਲਕ ਸਿੰਘ ਗਾਖਲ


ਇਕਬਾਲ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ

# ਗੈਰੀ ਗਰੇਵਾਲ ਨੇ ਪੰਜਾਬ ਰਾਜ ਐਨ. ਆਰ. ਆਈ. ਕਮਿਸ਼ਨ ਦੇ ਮੈਂਬਰ ਵਜੋਂ ਅਹੁਦਾ ਸੰਭਾਲਿਆ

**ਸ਼ਿਕਾਗੋ (ਬਿਊਰੋ):** ਪੰਜਾਬ ਸਰਕਾਰ ਨੇ ਲਾਸ ਏਂਜਲਸ ਵਸਦੇ ਉਘੇ ਕਾਂਗਰਸੀ ਆਗੂ ਅਤੇ ਬਿਜਨਸਮੈਨ ਗੁਰਬਚਨ ਸਿੰਘ (ਗੈਰੀ) ਗਰੇਵਾਲ ਨੂੰ ਪੰਜਾਬ ਰਾਜ ਐਨ. ਆਰ. ਆਈ. ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤਾ ਹੈ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਪਿਛਲੀ ਅਮਰੀਕਾ ਫੇਰੀ ਦੌਰਾਨ ਗੈਰੀ ਗਰੇਵਾਲ ਤੇ ਉਨ੍ਹਾਂ ਦੇ ਸਾਥੀ ਅਮਰੀਕਾ ਵਿਚ ਹੋਏ ਵੱਖ ਵੱਖ ਸਮਗਮਾਂ 'ਚ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਰਹੇ ਸਨ।



ਗੈਰੀ ਗਰੇਵਾਲ ਲੁਧਿਆਣਾ ਜਿਲੇ ਦੇ ਪਿੰਡ ਫੱਲੇਵਾਲ (ਨੇੜੇ ਗੁੱਜਰਵਾਲ) ਤੋਂ ਹਨ। ਇਹ ਵੀ ਜ਼ਿਕਰਯੋਗ ਹੈ ਕਿ ਗੈਰੀ ਗਰੇਵਾਲ ਦੇ ਯਤਨਾਂ ਸਦਕਾ ਹੀ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਦੀ ਸ਼ਾਨ 'ਬੈਲ ਗੱਡੀਆਂ ਦੀ ਦੌੜ' ਨੂੰ ਮੁੜ ਸੁਰਜੀਤ ਕੀਤਾ ਜਾ ਸਕਿਆ ਹੈ। ਗੈਰੀ ਗਰੇਵਾਲ ਦੇ ਅਹੁਦਾ ਸੰਭਾਲਣ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਰਾਣਾ ਗੁਰਮੀਤ ਸਿੰਘ ਸੋਢੀ, ਕੇਵਲ ਕ੍ਰਿਸ਼ਨ ਬਾਵਾ ਅਤੇ ਕਈ ਹੋਰ ਕਾਂਗਰਸੀ ਆਗੂ ਹਾਜ਼ਰ ਸਨ। ਇਸ ਤੋਂ ਇਲਾਵਾ ਇੰਗਲੈਂਡ ਵਸਦੇ ਉਘੇ ਕਾਂਗਰਸੀ ਆਗੂ ਦਲਜੀਤ ਸਿੰਘ ਸਹੋਤਾ ਨੂੰ ਵੀ ਪੰਜਾਬ ਰਾਜ ਐਨ. ਆਰ. ਆਈ. ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਇੰਡੀਅਨ ਓਵਰਸੀਜ਼ ਕਾਂਗਰਸ, ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ, ਪੰਜਾਬ ਚੈਪਟਰ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ, ਸ਼ਿਕਾਗੋ ਤੋਂ ਪਰਮਿੰਦਰ ਸਿੰਘ ਵਾਲੀਆ ਸਮੇਤ ਹੋਰਨਾਂ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਗੈਰੀ ਗਰੇਵਾਲ ਅਤੇ ਦਲਜੀਤ ਸਿੰਘ ਸਹੋਤਾ ਨੂੰ ਐਨ. ਆਰ. ਆਈ. ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤੇ ਜਾਣ 'ਤੇ ਵਧਾਈ ਦਿੱਤੀ ਹੈ।

# ਡਾਕਟਰ ਨੇ ਨਾਬਾਲਗ ਪੁੱਤ ਨੂੰ ਹਿੱਕ ਨਾਲ ਬੰਨ੍ਹ ਕੇ ਨਹਿਰ 'ਚ ਛਾਲ ਮਾਰੀ

**ਫਾਜ਼ਿਲਕਾ:** ਫਾਜ਼ਿਲਕਾ ਤਹਿਸੀਲ 'ਚ ਪੈਂਦੇ ਪਿੰਡ ਸਜਰਾਣਾ ਦੇ ਵਸਨੀਕ ਵੈਟਰਨਰੀ ਆਰ.ਐਮ.ਪੀ. ਡਾਕਟਰ ਨੇ ਆਪਣੀ ਪਤਨੀ ਅਤੇ ਸਹੁਰੇ ਪਰਿਵਾਰ ਤੋਂ ਤੰਗ ਆ ਕੇ ਆਪਣੇ ਤਿੰਨ ਸਾਲ ਪੁੱਤਰ ਨਾਲ ਖੁਦਕੁਸ਼ੀ ਕਰ ਲਈ। ਮ੍ਰਿਤਕ ਦਾ ਨਾਂ ਛਿੰਦਰ ਪਾਲ (27) ਦੱਸਿਆ ਗਿਆ ਹੈ।

ਪਰਿਵਾਰਕ ਮੈਂਬਰਾਂ ਤੇ ਪਿੰਡ ਦੇ ਸਰਪੰਚ ਰਾਜ ਕੁਮਾਰ ਨੇ ਦੱਸਿਆ ਕਿ ਛਿੰਦਰਪਾਲ ਸਿੰਘ ਪਿੰਡ 'ਚ ਪਸ਼ੂਆਂ ਦਾ ਆਰ.ਐਮ.ਪੀ. ਡਾਕਟਰ ਸੀ। ਉਸ ਦਾ ਪਿਛਲੇ ਕੁਝ ਸਮੇਂ ਤੋਂ ਆਪਣੀ ਪਤਨੀ ਰਾਜਪਾਲ ਕੌਰ ਅਤੇ ਸਹੁਰੇ ਪਰਿਵਾਰ ਨਾਲ ਝਗੜਾ ਚੱਲ ਰਿਹਾ ਸੀ। ਤਿੰਨ ਮਹੀਨੇ ਪਹਿਲਾਂ ਛਿੰਦਰਪਾਲ ਦੀ ਪਤਨੀ ਉਸ ਨਾਲ ਝਗੜਾ ਕਰ ਕੇ ਲੜਕੀ ਨੂੰ ਨਾਲ ਲੈ ਕੇ ਪੇਕੇ (ਕਰਨਪੁਰ, ਰਾਜਸਥਾਨ) ਚਲੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਛਿੰਦਰਪਾਲ ਦੀ ਪਤਨੀ ਅਤੇ ਉਸ ਦਾ ਸਹੁਰਾ ਪਰਿਵਾਰ ਅਖੌਤੀ ਰੂਪ ਨਾਲ ਉਸ ਨੂੰ ਤਲਾਕ ਦੇਣ ਅਤੇ ਦਾਜ ਦਾ ਕੇਸ ਦਰਜ ਕਰਵਾਉਣ ਦੀਆਂ ਧਮਕੀਆਂ ਦਿੰਦਾ ਸੀ। ਇਸ ਤੋਂ ਪਰੇਸ਼ਾਨ ਹੋ ਕੇ ਛਿੰਦਰਪਾਲ ਨੇ ਆਪਣੇ ਪੁੱਤਰ ਅਨਮੋਲ (3) ਨੂੰ ਰੱਸੀ ਨਾਲ ਆਪਣੀ ਛਾਤੀ ਨਾਲ ਬੰਨ੍ਹਿਆ ਤੇ ਗੰਗ ਕੈਨਾਲ 'ਚ ਛਾਲ ਮਾਰ ਦਿੱਤੀ। ਦੋਵੇਂ ਲਾਸ਼ਾਂ ਗੰਗ ਕੈਨਾਲ 'ਚੋਂ ਬਰਾਮਦ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਮ੍ਰਿਤਕ ਕੋਲੋਂ ਖੁਦਕੁਸ਼ੀ ਨੋਟ ਵੀ ਮਿਲਿਆ ਹੈ, ਜਿਸ 'ਚ ਉਸ ਨੇ ਲਿਖਿਆ ਹੈ ਕਿ ਉਹ ਆਪਣੀ ਪਤਨੀ ਅਤੇ ਸਹੁਰੇ ਪਰਿਵਾਰ ਤੋਂ ਤੰਗ ਆ ਕੇ ਬੇਟੇ ਨੂੰ ਨਾਲ ਲੈ ਕੇ ਆਤਮ-ਹੱਤਿਆ ਕਰ ਰਿਹਾ ਹੈ। ਪੁਲਿਸ ਨੇ ਮ੍ਰਿਤਕ ਦੀ ਪਤਨੀ ਅਤੇ ਸਹੁਰੇ ਪਰਿਵਾਰ ਖਿਲਾਫ ਕੇਸ ਦਰਜ ਕਰ ਕੇ ਜਾਂਚ ਆਰੰਭ ਦਿੱਤੀ ਹੈ।

PSCA Punjab Sports & Cultural Association Michigan — Punjabi Khed Mela

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 12ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 3 ਅਗਸਤ 2019

*(ਸਨਿਚਰਵਾਰ, ਸਵੇਰੇ 9 ਤੋਂ ਸ਼ਾਮ 8 ਵਜੇ ਤੱਕ)*

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $15,000
ਦੂਜਾ ਇਨਾਮ $12,000
ਤੀਜਾ ਇਨਾਮ $9,000
ਚੌਥਾ ਇਨਾਮ $7,000

**ਕਬੱਡੀ ਅੰਡਰ-21**
ਪਹਿਲਾ ਇਨਾਮ $3500
ਦੂਜਾ ਇਨਾਮ $2500
ਤੀਜਾ ਇਨਾਮ $1,000

**ਸੌਕਰ**
ਪਹਿਲਾ ਇਨਾਮ $3500
ਦੂਜਾ ਇਨਾਮ $2500

**ਵਾਲੀਬਾਲ (ਓਪਨ)**
ਪਹਿਲਾ ਇਨਾਮ $3100
ਦੂਜਾ ਇਨਾਮ $2100



## ਸਭਨਾਂ ਨੂੰ ਖੁੱਲ੍ਹਾ ਸੱਦਾ

ਲੰਗਰ ਦਾ ਖਰਚਾ ਤੇ ਸੇਵਾ ਆਰਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ

**ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ**

**Free Entry**
**Free Food**
**& Free Entertainment**

AUTOBAHN FREIGHT LINES LTD.

World Wide Carriers US Inc. Marysville, MI
Sukhi Dhaliwal
Ph: 416-213-1334

Charger logistics inc
Goldy Grewal, Ph: 586-610-3021

Radio Chann Pardesi ਰੇਡੀਓ ਚੰਨ ਪ੍ਰਦੇਸੀ




## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਬਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ


ਰਾਜ ਜਾਮਾਰਾਏ


ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Chardikla tv CHANNEL 422 | Real tv CHANNEL 136 | f LIVE f LIVEKABADDI | LIVE KABADDI www.livekabaddi.com | jadoo tv | YouTube LIVE KABADDI | IPTV | jus punjabi

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

## Diamond Sponsors




ਸ. ਚੈਨ ਸਿੰਘ ਸੰਧੂ | ਜਤਿੰਦਰਬੀਰ ਸਿੰਘ ਸੰਧੂ | ਦਰਸ਼ਨ ਸਿੰਘ ਗਰੇਵਾਲ | ਹਰਪ੍ਰੀਤ ਸਿੰਘ ਆਹਲੂਵਾਲੀਆ | ਜੈਰੀ ਸਿੰਘ

## Platinum Sponsors



ਕਰਮਵੀਰ ਸਿੰਘ | ਹਰਪ੍ਰੀਤ ਸਿੰਘ ਵਰਲਡਵਾਈਡ ਟਰੈਵਲ | ਰਾਜ ਨਿੱਝਰ | ਐਂਡੀ ਉਭੀ | ਅਮਰਜੀਤ ਸਿੰਘ ਸਿੱਧੂ | ਰਤਨ ਸਿੰਘ ਸੇਖੋਂ | ਸੁਖਵੰਤ ਸਿੰਘ ਗਿੱਲ | ਰੌਇਲ ਪੰਜਾਬੀ ਕਲੱਬ, ਮਿਸ਼ੀਗਨ

## Gold Sponsors



ਰਾਜ ਸ਼ੇਰਗਿੱਲ | ਬਲਬੀਰ ਸਿੰਘ ਗਰੇਵਾਲ | ਸੁੱਖੀ ਗਰੇਵਾਲ | ਹਾਰਵੀ ਘੁੰਮਾਣ | ਮਦਨ ਸਿੰਘ ਅਹੀਰ | ਡਾ. ਭਾਨ ਗਰਗ | ਡਾ. ਸੱਈਅਦ ਤਾਜ | ਪਰਮਿੰਦਰ (ਗੱਗੀ) ਗਿੱਲ | ਮਨਦੀਪ ਸੰਧੂ | ਓਂਕਾਰ ਸਿੰਘ



ਚਰਨਪ੍ਰੀਤ ਸਿੰਘ ਧਾਲੀਵਾਲ | ਜਸਬੀਰ ਸਿੰਘ ਸਹੋਤਾ | ਬਲਵਿੰਦਰ ਬਿਲ ਬਾਠ | ਇੰਦਰਜੀਤ ਸਿੰਘ ਗਿੱਲ | ਟੋਨੀ ਗੁਰੋਂ | ਪਰਮਜੀਤ ਸਿੰਘ ਢਿੱਲੋਂ | ਹਰਜੀਤ ਢਿੱਲੋਂ ਕਲੀਵਲੈਂਡ | ਗੁਰਜਿੰਦਰ ਸਿੰਘ ਡਿੰਪਲ | ਮਨਦੀਪ ਲੱਕੀ ਵਿੰਡਸਰ | ਪਰਮੀਤ ਸਿੰਘ | ਮਨਦੀਪ ਸਿੰਘ ਲੋਹਚਮ

## Silver Sponsors



ਗੁਰਦਾਤਾਰ ਸਿੰਘ | ਗੁਰਭਿੰਦਰ ਰਵਾਲਾ | ਗੁਰਦੀਪ ਸਿੰਘ ਰਵਾਲਾ | ਪਰਦੀਪ ਸੰਘਾ | ਅੰਮ੍ਰਿਤਪਾਲ ਸਿੰਘ ਹੇਅਰ | ਗੁਰਮੀਤ ਸਿੰਘ ਮਾਨ | ਦਲਜੀਤ ਸਿੰਘ ਬੈਨੀਪਾਲ | ਅਮਰਜੀਤ ਸਿੰਘ ਖਾਲਸਾ | ਡਾ. ਪਾਲ ਸਿੰਘ ਸੇਖੋਂ | ਮਨਜੀਤ ਨੰਨਣ | ਅਜੈ ਗਰੋਵਰ | ਕੁਲਦੀਪ ਗੁਰਾਏ



ਜਸਪਾਲ ਸਿੰਘ ਸੋਹਲ | ਗੁਰਿੰਦਰ ਸਿੰਘ ਧਨੋਆ | ਸੁਖਦੀਪ ਸੁੱਖੀ ਧਾਲੀਵਾਲ | ਜਗਜੀਤ ਸਿੰਘ ਚਾਹਲ | ਇਮਰੋਜ਼ ਸਿੰਘ | ਟੀ ਜੇ ਲੋਟਾ | ਡਾ. ਕੁਲਜੀਤ ਲੁਬਾਣਾ | ਰਾਜੂ ਅਟਵਾਲ | ਹਰਦੀਪ ਸਿੰਘ ਬੱਲ | ਕੰਵਰਦੀਪ ਧਾਲੀਵਾਲ | ਮਨਜੀਤ ਸਿੰਘ ਲੈਨਸਿੰਗ | ਚਮਕੌਰ ਬਰਾੜ



ਰਣਜੀਤ ਸਿੰਘ | ਸਰਬਜੀਤ ਸਿੰਘ | ਹਰਜਿੰਦਰ ਸਿੰਘ ਗਿੱਲ | ਜਗਦੇਵ ਦੇਬੀ ਘੁਮਾਣ | ਕੁਲਵੰਤ ਸਿੰਘ ਮਾਂਗਟ | ਲੱਕੀ ਸੰਧੂ | ਮਲਕੀਅਤ ਸਿੰਘ ਭੱਠਲ | ਬਾਬਾ ਆਟੋ | ਇੰਦਰਬੀਰ ਬੰਟੀ ਭੰਗੂ | ਇੰਦਰਜੀਤ ਐਂਡੀ ਸਿੰਘ | ਲਾਲੀ ਮਾਂਗਟ | ਹਰਬੀਰ ਕੰਵਰ



ਕੁਲਵਿੰਦਰ ਸਿੰਘ ਗਿੱਲ | ਰਾਜਿੰਦਰ ਸਿੰਘ ਪਿੰਕਾ | ਸ਼ਮਸ਼ੇਰ ਸਿੰਘ ਕੁੱਕੂ | ਸੰਦੀਪ ਸਿੰਘ ਢਿੱਲੋਂ | ਗੁਰਦੇਵ ਸਿੰਘ ਸੇਖੋਂ | ਸਤਵਿੰਦਰ ਸਿੰਘ ਬਿੱਲੂ | ਨਿਰਮਲ ਸਿੰਘ ਸਮਾਘ | ਗਗਨਦੀਪ ਸਿੰਘ | ਦਵਿੰਦਰ ਸਿੰਘ ਕਲੀਵਲੈਂਡ | ਹਰਪਿੰਦਰ ਸਿੰਘ ਚੱਠਾ | ਜਗਤਾਰ ਜੱਗਾ ਪਾਹਲ | ਲੱਖਾ ਸੁਨਰ ਕਲੀਵਲੈਂਡ

# Punjab Sports & Cultural Association Michigan

## Diamond Sponsors



ਮਿੱਕ ਗਰੇਵਾਲ ਅਟਾਰਨੀ, ਲੈਨਸਿੰਗ | ਕਰਨ ਗਿੱਲ | ਰਸਟੀ ਸਿੰਘ ਸੇਖੋਂ *(ਬੀ ਟੀ ਐਸ ਕੈਰੀਅਰ)* | ਸੁੱਖਾ ਅਤੇ ਹਰਵਿੰਦਰ ਬਾਸੀ

## Platinum Sponsors



ਅਮਰਜੀਤ ਸਿੰਘ ਗਿੱਲ | ਕੁਲਬੀਰ (ਕੇ.ਬੀ.) ਗਿੱਲ | ਭੁਪਿੰਦਰ ਸਿੰਘ ਸੰਧੂ | ਪਰਮਜੀਤ ਸਿੰਘ ਪੰਮਾ | ਇਕਬਾਲ ਬੋਪਾਰਾਏ ਕਲੀਵਲੈਂਡ | ਪਹਿਲਵਾਨ ਮੋਹਨ ਸਿੰਘ ਪੈਨਸਿਲਵੇਨੀਆ | ਸੁਖਪਾਲ ਸਿੰਘ ਬੈਂਸ | ਸੁਖਵੀਰ ਸਿੰਘ ਢਿੱਲੋਂ

## Gold Sponsors



ਸਰਤਾਜ ਜੱਜ ਅਟਾਰਨੀ | ਤਰਲੋਚਨ ਸਿੰਘ ਭੁੱਲਰ | ਡਾ. ਯਤਿੰਦਰ ਸਿੰਘਾਲ | ਡਾ. ਚਮਕੌਰ ਸਿੰਘ ਗਿੱਲ | ਸੁਖਦੇਵ ਸਿੰਘ ਬਰਾੜ | ਗੁਰਦੇਵ ਸਿੰਘ ਗਿੱਲ | ਰਸ਼ਮਿੰਦਰ ਸਿੰਘ ਗਿੱਲ | ਹਰਪਾਲ ਸਿੰਘ ਸੰਘਾ | ਗੁਰਿੰਦਰ ਗੋਗੀ ਸੰਧੂ | ਮੋਹਣਾ ਗਰੇਵਾਲ | ਸੰਨੀ ਧੂੜ



ਹਰਵਿੰਦਰ ਵਾਲੀਆ ਸਿਨਸਿਨੈਟੀ | ਜਸਕਰਨ ਸਿੰਘ ਧਾਲੀਵਾਲ ਸ਼ਿਕਾਗੋ | ਪਾਲ ਖਲੀਲ | ਦਰਸ਼ਨ ਬਸਰਾਓਂ ਰੇਡੀਓ ਚੰਨ ਪਰਦੇਸੀ | ਚਰਨਜੀਤ ਯੋਗੀ ਬਾਠ ਮੋਨਰੋ | ਗੁਰਮੇਲ ਸਿੰਘ ਮਾਨ ਟੇਲਰ | ਜਸਪਾਲ ਸਿੰਘ ਗਿੱਲ ਕੈਂਟਨ ਡਰਾਈ ਕਲੀਨਰਜ਼ | ਬਰੈਟੀ ਗਿੱਲ | ਨਵੀ ਮੁਲਤਾਨੀ | ਰਣਜੀਤ ਰਾਣਾ ਸੇਖੋਂ | ਅਰਵਿੰਦਰ ਹੈਪੀ ਬਦੇਸ਼ਾ

## Silver Sponsors



ਰਾਜਿੰਦਰ ਰਾਜ ਸਿਆਨ | ਸੁਰਿੰਦਰ ਬੌਬੀ ਜੱਜ | ਇਸ਼ਟਦੇਵ ਸਿੰਘ ਰਾਠੌਰ | ਅਜੀਤ ਸਿੰਘ ਬਸਰਾ | ਸੁਰਜੀਤ ਸਿੰਘ ਧਾਲੀਵਾਲ | ਕੁਲਦੀਪ ਸਿੰਘ ਗਿੱਲ | ਡਾ. ਭੁਪਿੰਦਰ ਸਿੰਘ ਪੇਲੀਆ ਮੋਨਰੋ | ਡਾ. ਦੀਪਇੰਦਰ ਸਿੰਘ ਮੋਨਰੋ | ਇੰਦਰਜੀਤ ਸਿੰਘ ਬਾਠ | ਜੌਨੀ ਸਿੰਘ | ਦਵਿੰਦਰ ਸਿਆਨ | ਗੁਰਿੰਦਰ ਗੁਰੀ ਮਾਂਗਟ | ਰਾਜ ਸਾਹੀ



ਸੁਖਜੀਤ ਸਿੰਘ ਸੁੱਖ | ਅਮਰਰਾਜ ਧਾਲੀਵਾਲ | ਕਰਤਾਰ ਸਿੰਘ ਬੱਬੂ | ਕੁਲਦੀਪ ਵਿੱਕੀ ਗਿੱਲ | ਗੁਰਰਾਜਨ ਗੁਰਦੇਵ ਗਿੱਲ | ਕੁਲਦੀਪ ਟਾਂਡਾ | ਹਰਮੋਹਨਜੀਤ ਬੈਂਸ | ਬਲਬੀਰ ਸਿੰਘ ਵਿਰਦੀ | ਮਨਫੂਲ ਸਿੰਘ ਚੱਠਾ | ਲਖਵਿੰਦਰ ਸਿੰਘ ਭੱਟੀ | ਦੁਰਲਾਭ ਪੰਨੂ | ਗੁਰਪਾਲ ਬਲਕਾਰ ਗਿੱਲ | ਪਾਰਸ ਅਰਜਨ ਗਿੱਲ



ਇੰਦਰਪਾਲ ਸਿੰਘ ਬਠਲਾ | ਸੁਖਰਾਜ ਸੰਨੀ ਖਹਿਰਾ | ਗੁਰਬਖਸ਼ ਸਿੰਘ ਭੁੱਲਰ | ਬਿਕਰਮ ਗਰੇਵਾਲ | ਸੁਖਪਾਲ ਬੰਗਾ ਵਿੰਡਸਰ | ਬਲਵਿੰਦਰ ਸੇਖੋਂ ਵਿੰਡਸਰ | ਸਰਬਜੀਤ ਸੰਧੂ ਵਿੰਡਸਰ | ਦਿਲਬਾਗ ਸਿੰਘ ਗਿੱਲ | ਦਲਜੀਤ ਢਿੱਲੋਂ | ਗੁਰਦੀਪ ਵਿਰਕ | ਅਸ਼ਵਨੀ ਸੇਠੀ | ਰਣਜੀਤ ਔਜਲਾ | ਵਿਵੇਕ ਸਿੰਘ



ਹਰਪਾਲ ਸਿੰਘ ਪੰਮਾ | ਨਰਿੰਦਰ ਸਿੰਘ ਮੁੰਦਰ | ਲਾਡੀ ਮੁਲਤਾਨੀ ਲੈਨਸਿੰਗ | ਰਾਜ ਗਰੇਵਾਲ | ਜਸਵੀਰ ਸਿੰਘ ਰੰਧਾਵਾ | ਬਲਦੇਵ ਸਿੱਧੂ | ਜਗਦੇਵ ਗਰੇਵਾਲ ਟੋਲੀਡੋ | ਕੇ ਪੀ ਸੰਧੂ | ਰਾਜ ਕੰਗ | ਸਤਨਾਮ ਬਾਜਵਾ | ਅਬਦੂ ਮੀਟ ਮਾਰਕਿਟ | ਡਾ. ਹਰਮਨਦੀਪ ਸਿੰਘ ਗਿੱਲ | ਗੋਲਡੀ ਮਿਆਣੀ

# ਖੂਬ ਭਰਿਆ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਮੇਲਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦਾ ਇਥੋਂ ਦੀ ਸਬਰਬ ਐਲਕ ਗਰੁਵ ਦੇ ਬਸੀ ਵੁਡਜ਼ ਵਿਚ ਲੰਘੀ 7 ਜੁਲਾਈ ਨੂੰ ਹੋਇਆ ਮੇਲਾ ਨਾ ਸਿਰਫ ਦਰਸ਼ਕਾਂ ਦੀ ਹਾਜ਼ਰੀ ਪੱਖੋਂ ਹੀ ਭਰਵਾਂ ਰਿਹਾ, ਸਗੋਂ ਮੇਲੀਆਂ ਨੇ ਜਿੱਥੇ ਕਬੱਡੀ ਅਤੇ ਗਾਇਕੀ ਦਾ ਅਨੰਦ ਮਾਣਿਆ, ਉਥੇ ਖਾਣ-ਪੀਣ ਦਾ ਵੀ ਭਰਪੂਰ ਲੁਤਫ ਲਿਆ।

ਮੇਲੇ ਦਾ ਅਨੰਦ ਮਾਣਨ ਲਈ ਇੰਡੀਆਨਾ, ਮਿਸ਼ੀਗਨ, ਇਲੀਨਾਏ, ਵਿਸਕਾਨਸਿਨ, ਨਿਊ ਯਾਰਕ ਅਤੇ ਕੈਲੀਫੋਰਨੀਆ ਤੋਂ ਵੀ ਲੋਕ ਪੁੱਜੇ ਹੋਏ ਸਨ। ਮੇਲੇ ਦੇ ਅਰੰਭ ਤੋਂ ਪਹਿਲਾਂ ਸਿੱਖ ਰਿਲਿਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਅਰਦਾਸ ਕੀਤੀ। ਉਪਰੰਤ ਕਲੱਬ ਦੇ ਮੈਂਬਰਾਂ ਤੇ ਦਰਸ਼ਕਾਂ ਨੇ ਰੰਗ ਬਿਰੰਗੇ ਗੁਬਾਰੇ ਛੱਡ ਕੇ ਮੇਲੇ ਦਾ ਰਸਮੀ ਉਦਘਾਟਨ ਕੀਤਾ।

ਮੇਲੇ ਦੀ ਵਿਸ਼ੇਸ਼ ਖਿੱਚ ਕਬੱਡੀ ਮੁਕਾਬਲਿਆਂ ਵਿਚ ਪੰਜਾਬ ਸਪੋਰਟਸ ਕਲੱਬ, ਸਿਆਟਲ ਦੀ ਟੀਮ ਪਹਿਲੇ ਅਤੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੀ ਟੀਮ ਦੂਜੇ ਨੰਬਰ 'ਤੇ ਰਹੀ। ਮੇਲੇ ਵਿਚ ਕੁਲ ਚਾਰ ਟੀਮਾਂ-ਪੰਜਾਬ ਸਪੋਰਟਸ ਕਲੱਬ ਸਿਆਟਲ, ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਇੰਡੀਆ ਏਸ਼ੀਆ ਕਬੱਡੀ ਟੀਮ ਅਤੇ ਨਾਰਥ ਸਪੋਰਟਸ ਕਬੱਡੀ ਕਲੱਬ ਨੇ ਹਿੱਸਾ ਲਿਆ। ਸ਼ੇਰੇ ਪੰਜਾਬ ਸਪੋਰਟਸ ਕਲੱਬ, ਸਿਆਟਲ ਦੀ ਟੀਮ ਦੇ ਸਪਾਂਸਰ ਬਰੈਟੀ ਗਿੱਲ, ਮੋਹਣਾ ਸਿਆਟਲ, ਸੰਦੀਪ ਤੇ ਵਰਿੰਦਰ ਸਨ।

ਪਹਿਲਾ ਮੈਚ ਸ਼ੇਰੇ ਪੰਜਾਬ ਸਪੋਰਟਸ ਕਲੱਬ, ਸਿਆਟਲ ਤੇ ਇੰਡੀਆ ਏਸ਼ੀਆ ਦੀ ਟੀਮ ਵਿਚਾਲੇ ਹੋਇਆ, ਜਿਸ ਵਿਚ ਇੰਡੀਆ ਏਸ਼ੀਆ ਕਬੱਡੀ ਟੀਮ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਨੂੰ 20 ਅੰਕਾਂ ਦੇ ਮੁਕਾਬਲੇ ਸਾਹਵੇਂ 28 ਅੰਕਾਂ ਨਾਲ ਹਰਾ ਕੇ ਜੇਤੂ ਰਹੀ।



ਲਵ ਨਾਗਰਾ ਤੇ ਜਲਾਲਪੁਰੀਆ ਦੇ ਭੇੜ ਵਿਚ ਲਵ ਨਾਗਰਾ ਹਾਵੀ ਰਿਹਾ। ਨੇਕੀ ਤੇ ਜਲਾਲਪੁਰੀਆ ਵਿਚਾਲੇ ਜਬਰਦਸਤ ਮੁਕਾਬਲਾ ਹੋਇਆ। ਕਈ ਵਾਰ ਪੁਠੀਆਂ-ਸਿੱਧੀਆਂ ਕੈਂਚੀਆਂ ਲੱਗੀਆਂ, ਪਰ ਪੁਆਇੰਟ ਨੇਕੀ ਨੇ ਹਾਸਿਲ ਕੀਤਾ। ਦਲਜੀਤ ਤੇ ਰਣਜੀਤ ਦੇ ਮੁਕਾਬਲੇ ਵਿਚ ਦਲਜੀਤ ਜੇਤੂ ਰਿਹਾ।

ਦੂਜੇ ਮੈਚ ਵਿਚ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੀ ਟੀਮ ਨਾਰਥ ਅਮਰੀਕਾ ਸਪੋਰਟਸ ਕਲੱਬ ਟੀਮ ਨੂੰ 31 ਦੇ ਮੁਕਾਬਲੇ ਸਾਹਵੇਂ 37 ਅੰਕਾਂ ਨਾਲ ਹਰਾ ਕੇ ਜੇਤੂ ਰਹੀ। ਯਾਦ ਤੇ ਬਚਿਤਰ ਦੇ ਭੇੜ ਵਿਚ ਯਾਦ ਜੇਤੂ ਰਿਹਾ। ਰੇਡਰ ਰਵੀ ਨੇ ਦਲਜਿੰਦਰ ਦਾ ਗੁਟ ਫੜ ਕੇ ਰੋਕ ਕੇ ਦਰਸ਼ਕਾਂ ਦੀ ਵਾਹ ਵਾਹ ਲੁਟੀ। ਬੱਲ ਤੇ ਜਤਿੰਦਰ ਦੀ ਟੱਕਰ ਵਿਚ ਬੱਲ ਨੇ ਪੂਰਾ ਤਾਣ ਲਾ ਕੇ ਕੈਂਚੀ ਛੁੜਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਬਚਿਤਰ ਤੇ ਖੁਸ਼ੀ, ਕਾਲੇ ਤੇ ਯਾਦ, ਹਰਖੋਵਾਲ ਤੇ ਭਿੰਦਰ ਦੇ ਚੰਗੇ ਸਿੰਗ ਫਸੇ।

ਪਹਿਲਾ ਸੈਮੀ ਫਾਈਨਲ ਨਾਰਥ ਅਮਰੀਕਾ ਸਪੋਰਟਸ ਕਬੱਡੀ ਕਲੱਬ ਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਵਿਚਾਲੇ ਹੋਇਆ। ਬਚਿਤਰ ਨੂੰ ਜਲਾਲਪੁਰੀਏ ਨੇ ਕਾਮਯਾਬ ਕੈਂਚੀ ਲਾਈ। ਸੰਦੀਪ ਤੇ ਜਤਿੰਦਰ ਵਿਚ ਟੱਕਰ ਫਸਵੀਂ ਰਹੀ, ਪਰ ਹਾਵੀ ਸੰਦੀਪ ਰਿਹਾ। ਲਵਲੀ ਤੇ ਸੋਠੀ ਵਿਚੋਂ ਸੋਠੀ ਦਾ ਹੱਥ ਉਪਰ ਰਿਹਾ। ਦਲੀ ਤੇ ਜਤਿੰਦਰ ਵਿਚੋਂ ਦਲੀ, ਸੰਦੀਪ ਤੇ ਹਰਖੋਵਾਲ ਵਿਚੋਂ ਸੰਦੀਪ, ਪਾਲੇ ਤੇ ਕਾਲੇ ਵਿਚੋਂ ਪਾਲਾ, ਕਰਮਬੀਰ ਤੇ ਬੰਟੀ ਵਿਚੋਂ ਕਰਮਬੀਰ, ਭੁਪਿੰਦਰ ਤੇ ਸੋਠੀ ਵਿਚੋਂ ਸੋਠੀ, ਦੁੱਲੇ ਤੇ ਜਤਿੰਦਰ ਵਿਚੋਂ ਦੁੱਲੇ, ਸੰਦੀਪ ਤੇ ਦਲਜਿੰਦਰ ਵਿਚੋਂ ਸੰਦੀਪ, ਕਰਮਬੀਰ ਤੇ ਹਰਖੋਵਾਲ ਵਿਚੋਂ ਕਰਮਬੀਰ, ਦੁੱਲੇ ਤੇ ਹਰਖੋਵਾਲ ਵਿਚੋਂ ਦੁੱਲੇ ਤੇ ਸੰਦੀਪ ਤੇ ਜਤਿੰਦਰ ਵਿਚੋਂ ਸੰਦੀਪ ਨੇ ਆਪਣੀਆਂ ਟੀਮਾਂ ਲਈ ਅੰਕ ਹਾਸਿਲ ਕੀਤੇ। ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਨੇ ਨਾਰਥ ਅਮਰੀਕਾ ਸਪੋਰਟਸ ਕਬੱਡੀ ਕਲੱਬ ਨੂੰ





ਹਰਾ ਕੇ ਫਾਈਨਲ ਵਿਚ ਆਪਣਾ ਸਥਾਨ ਪੱਕਾ ਕੀਤਾ।

ਦੂਜੇ ਸੈਮੀਫਾਈਨਲ ਮੈਚ ਵਿਚ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਸਾਹਵੇਂ 32 ਅੰਕ ਲੈ ਕੇ ਜੇਤੂ ਰਿਹਾ, ਜਦੋਂਕਿ ਇੰਡੀਆ ਏਸ਼ੀਆ ਕਬੱਡੀ ਕਲੱਬ 32 ਅੰਕ ਲੈ ਕੇ ਦੂਜੇ ਥਾਂ ਰਿਹਾ।

ਗੋਰੀ ਤੇ ਗੁਰਵਿੰਦਰ ਵਿਚ ਫਸਵੀਂ ਟੱਕਰ ਰਹੀ, ਗੁਰਵਿੰਦਰ ਨੇ ਅੰਕ ਹਾਸਿਲ ਕੀਤਾ। ਅਮਨ ਦਸੂਹਾ ਤੇ ਮੰਨੇ ਵਿਚੋਂ ਅਮਨ ਹਾਵੀ ਰਿਹਾ। ਲਵ ਨਾਗਰਾ ਤੇ ਚੱਠੇ ਵਿਚ ਪੰਜਾ ਫਸਿਆ, ਜਿਸ ਵਿਚ ਨਾਗਰਾ ਜਿਤਿਆ। ਨਾਗਰਾ ਤੇ ਭੁਪਿੰਦਰ ਵਿਚ ਜਬਰਦਸਤ ਟੱਕਰ ਹੋਈ ਤੇ ਬਾਜ਼ੀ ਨਾਗਰੇ ਦੇ ਹੱਥ ਰਹੀ।

ਫਾਈਨਲ ਮੈਚ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਵਿਚਾਲੇ ਹੋਇਆ। ਦੁੱਲੇ ਤੇ ਯਾਦ ਦੇ ਫਸਵੇਂ ਦਸਤਪੰਜੇ ਵਿਚ ਦੁੱਲਾ ਜੇਤੂ ਰਿਹਾ। ਸੰਦੀਪ ਨੂੰ ਯਾਦ ਨੇ ਕੈਂਚੀ ਲਾਈ ਪਰ ਸੰਦੀਪ ਨੇ ਪੂਰੇ ਜੋਰ ਨਾਲ ਕੈਂਚੀ ਛੁੜਾ ਕੇ ਦਰਸ਼ਕਾਂ ਤੋਂ ਖੂਬ ਦਾਦ ਹਾਸਿਲ ਕੀਤੀ।

ਖੁਸ਼ੀ ਤੇ ਦੁੱਲੇ ਦਾ ਪੰਜਾ ਫਸਿਆ ਪਰ ਹਾਵੀ ਦੁੱਲਾ ਰਿਹਾ। ਦਲਜੀਤ ਨੂੰ ਖੁਸ਼ੀ ਨੇ ਪੁਠੀ ਕੈਂਚੀ ਲਾ ਕੇ ਬੇਵਸ ਕੀਤਾ ਤਾਂ ਮੈਦਾਨ ਤਾੜੀਆਂ ਨਾਲ ਗੂੰਜ ਉਠਿਆ। ਰਵੀ ਨੇ ਜਲਾਲਪੁਰੀਏ ਤੋਂ ਫੁਰਤੀ ਨਾਲ ਕਈ ਅੰਕ ਹਾਸਿਲ ਕੀਤੇ। ਭੁਪਿੰਦਰ ਤੇ ਦੁੱਲੇ ਦੇ ਭੇੜ ਵਿਚ ਬਾਜ਼ੀ ਦੁੱਲੇ ਦੇ ਹੱਥ ਰਹੀ। ਰਵੀ ਤੇ ਲਵਲੀ ਦੇ ਪੰਜੇ ਫਸੇ ਪਰ ਲਵਲੀ ਨੇ ਬਾਜ਼ੀ ਮਾਰੀ।

ਵਧੀਆ ਖੇਡ ਦਾ ਮੁਜ਼ਾਹਰਾ ਕਰਨ ਵਾਲਿਆਂ ਵਿਚ ਪਾਲਾ ਸਹੋਤਾ, ਰਵੀ, ਯੋਧਾ, ਅਮਨ ਦਸੂਹਾ, ਰਣਜੀਤ, ਮੰਨਾ, ਭੁਪਿੰਦਰ ਮੋਹਰੀ ਸਨ। ਖਿਡਾਰੀ ਇਕ ਦੂਜੇ ਦਾ ਗੁੱਟ ਫੜ ਕੇ, ਕੈਂਚੀਆਂ ਮਾਰ ਕੇ, ਲੱਕ ਦਾ ਜੱਫਾ ਭਰ ਕੇ, ਸਰਕਲ ਤੋਂ ਖਿਡਾਰੀ ਨੂੰ ਬਾਹਰ ਸੁਟ ਕੇ ਜਦੋਂ ਅੰਕ ਲੈਂਦੇ ਤਾਂ ਦਰਸ਼ਕ ਬਾਗੋ-ਬਾਗ ਹੋ ਜਾਂਦੇ ਅਤੇ ਖਿਡਾਰੀਆਂ ਦੀ ਨਗਦ ਇਨਾਮ ਦੇ ਕੇ ਹੌਸਲਾ ਅਫਜ਼ਾਈ ਕਰਦੇ।

ਕਬੱਡੀ ਦੀ ਕੁਮੈਂਟਰੀ ਕਰਦਿਆਂ ਮੱਖਣ ਅਲੀ ਨੇ ਮੈਚ ਦਾ ਸਵਾਦ ਕਈ ਗੁਣਾ ਵਧਾਈ ਰਖਿਆ। ਉਸ ਦੇ ਸ਼ੇਅਰ ਤੇ ਟੋਟ ਕੇ ਦੇਖੋ: ਹਾੜਾ ਬਚ ਜਾਓ ਨਸ਼ਿਆ ਤੋਂ, ਨਾ ਕਰੋ ਜ਼ਿੰਦਗੀ ਨਾਲ ਸ਼ਰੀਕਾ; ਜਿਥੇ ਗਏ ਪੰਜਾਬੀ ਲੈ ਗਏ ਨਾਲ ਕਬੱਡੀ ਨੂੰ, ਯੁਗਾਂ ਯੁਗਾਂ ਤੋਂ ਕਰਦੇ ਪਿਆਰ ਕਬੱਡੀ ਨੂੰ; ਜਿਥੇ ਰੇਡ ਪੈਂਦੀ, ਉਥੇ ਧਰਤੀ ਵਿਚ ਪੈਂਦੇ ਛੇਕ, ਉਹ ਨੰਗੇ ਪਿੰਡੇ ਚਮਕਦੇ, ਸਾਰੀ ਦੁਨੀਆਂ ਰਹੀ ਏ ਵੇਖ; ਮੈਚ ਦੇ ਅਖੀਰ ਵਿਚ ਉਨ੍ਹਾਂ ਜਿੱਤਣਾ, ਜਿੱਤ ਲਿਖੀ ਜਿਨ੍ਹਾਂ ਦੇ ਲੇਖ।

ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ ਧਾਵੀ ਖੁਸ਼ੀ, ਯਾਦ ਕੋਟਲੀ, ਭਲਵਾਨ ਕਹਾਲਵਾਂ, ਭਿੰਦਰ ਚੱਢਾ ਅਤੇ ਰੇਡਰ ਰਵੀ, ਪਾਲੀ ਤੇ ਮੰਨਾ ਨੇ ਆਪਣੀ ਟੀਮ ਨੂੰ ਜਿਤਾਉਣ ਲਈ ਅੱਡੀ ਚੋਟੀ ਦਾ ਜੋਰ ਲਾਇਆ। ਕਈ ਫਸਵੇਂ ਜਫਿਆਂ ਰਾਹੀਂ ਨੰਬਰ ਹਾਸਿਲ ਕੀਤੇ ਪਰ ਟੀਮ ਨੂੰ ਜਿੱਤਾ ਨਾ ਸਕੇ। ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਵਲੋਂ ਰੇਡਰ ਦੁੱਲੇ, ਸੰਦੀਪ, ਦਲਜੀਤ ਦੱਲੀ, ਕਰਮਬੀਰ ਜੌਹਲ ਤੇ ਜਾਫੀ ਪਾਲਾ ਜਲਾਲਪੁਰੀਆ, ਸ਼ਿੰਦਰ ਕਾਲਾਸੰਘੀਆਂ, ਲਵਲੀ ਤੇ ਲੱਕੀ ਨੇ ਜਬਰਦਸਤ ਖੇਡ ਨਾਲ ਆਪਣੀ ਟੀਮ ਨੂੰ ਕਬੱਡੀ ਕੱਪ ਜਿਤਾ ਦਿੱਤਾ।

ਬੈਸਟ ਰੇਡਰ ਮੰਨਾ ਬਾਲਨੂ ਤੇ ਬੈਸਟ ਸਟਾਪਰ ਪਾਲਾ ਜਲਾਲਪੁਰ ਚੁਣੇ ਗਏ। ਅਮੋਲਕ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਵਲੋਂ ਵੀ ਬੈਸਟ ਰੇਡਰ ਤੇ ਬੈਸਟ ਜਾਫੀ ਲਈ 500-500 ਡਾਲਰ ਦਾ ਇਨਾਮ ਦਿੱਤਾ ਗਿਆ। ਰੀਗਲ ਜਿਊਲਰਜ਼ ਵਲੋਂ ਬੈਸਟ ਰੇਡਰ ਤੇ ਬੈਸਟ ਜਾਫੀ ਲਈ ਸੋਨੇ ਦੇ ਸਿੱਕੇ ਦਿਤੇ ਗਏ।

ਕਬੱਡੀ ਦਾ ਪਹਿਲਾ ਇਨਾਮ ਮਿਲਵਾਕੀ ਤੋਂ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ ਨੇ ਆਪਣੇ ਪਿਤਾ ਸੂਬੇਦਾਰ ਕਰਤਾਰ ਸਿੰਘ ਦੀ ਯਾਦ ਵਿਚ ਦਿੱਤਾ, ਜਦੋਂ ਕਿ ਦੂਜਾ ਇਨਾਮ ਇੰਡੀਆਨਾ ਦੇ ਘੁਮਾਣ ਭਰਾਵਾਂ ਨੇ ਸਵਰਗੀ ਹਰਭਜਨ ਸਿੰਘ ਘੁਮਾਣ ਦੀ ਯਾਦ ਵਿਚ ਸਪਾਂਸਰ ਕੀਤਾ। ਰੈਫਰੀ ਰਾਜਾ ਤੱਲਨ, ਰਾਜਾ ਭੰਡਾਲ, ਦਿਲਬਾਗ ਹੋਠੀ ਤੇ ਨੀਲੋਂ ਸਨ। ਅੰਕ ਲਿਖਣ ਦੀ ਸੇਵਾ ਰਘਵਿੰਦਰ ਸਿੰਘ ਮਾਹਲ ਨੇ ਨਿਭਾਈ।

ਵਾਲੀਬਾਲ ਮੁਕਾਬਲਿਆਂ ਵਿਚ ਚਾਰ ਟੀਮਾਂ-ਭਗਤ ਸਿੰਘ ਸਪੋਰਟਸ ਸ਼ਿਕਾਗੋ, ਵਾਲੀਬਾਲ ਸ਼ਿਕਾਗੋ-ਬੀ ਟੀਮ, ਮੈਡੀਸਨ ਵਾਲੀਬਾਲ ਅਤੇ ਮਿਲਵਾਕੀ ਵਾਲੀਬਾਲ ਭਿੜੀਆਂ। ਭਗਤ ਸਿੰਘ ਸਪੋਰਟਸ ਕਲੱਬ, ਸ਼ਿਕਾਗੋ ਦੀ ਟੀਮ ਪਹਿਲੇ ਨੰਬਰ ਅਤੇ ਮਿਲਵਾਕੀ ਦੀ ਟੀਮ ਦੂਜੇ ਨੰਬਰ 'ਤੇ ਰਹੀ। ਵਧੀਆ ਖੇਡ ਦਿਖਾਉਣ ਵਾਲਿਆਂ ਵਿਚ ਸ਼ਾਮਲ ਸਨ-ਰਨਦੀਪ ਸਿੰਘ ਸੰਘੇੜਾ, ਸ਼ਾਨ ਸੰਘੇੜਾ, ਮੈਥਿਊ, ਟੋਨੀ ਸੰਘੇੜਾ ਤੇ ਫਿਲਿਪਸ। ਮਿਲਵਾਕੀ ਦੀ ਟੀਮ ਵਿਚ ਰਾਜ, ਗੋਪੀ, ਭੁਪਿੰਦਰ, ਵਿੱਕੀ, ਪਰਮ ਤੇ ਰਵੀ ਵਧੀਆ ਰਹੇ। ਕਈ ਨਤੀਜੇ ਥੋੜੇ ਅੰਤਰ ਦੀ ਜਿੱਤ-ਹਾਰ ਵਾਲੇ ਸਨ।

ਵਾਲੀਬਾਲ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ ਸੀ। ਵਾਲੀਬਾਲ ਦੇ ਇਨਾਮ ਲੱਖਾ ਚੀਡਸਾ ਤੇ ਅਮਰਜੀਤ ਸਿੰਘ ਚੀਡਸਾ ਨੇ ਸਪਾਂਸਰ ਕੀਤੇ। ਪ੍ਰਬੰਧਕਾਂ ਨੇ ਸਪਾਂਸਰਾਂ ਦਾ ਯਾਦਗਾਰੀ ਚਿੰਨਾਂ ਨਾਲ ਸਨਮਾਨ ਕੀਤਾ।

ਮੇਲੇ ਵਿਚ ਖਾਣ ਪੀਣ ਦਾ ਖੁੱਲ੍ਹਾ ਪ੍ਰਬੰਧ ਸੀ। ਮੇਲੀਆਂ ਦੇ ਖਾਣੇ ਲਈ ਗਰਮ ਗਰਮ ਚਾਹ-ਪਕੌੜੇ, ਜਲੇਬੀਆਂ, ਗੁਲਾਬ ਜਾਮੁਨ, ਸਮੋਸੇ ਤੇ ਗੋਲ ਗੱਪੇ ਹਾਜਰ ਸਨ, ਜਿਸ ਦਾ ਇੰਤਜਾਮ ਇੰਡੀਆ ਕੈਫੇ ਮਿਲਵਾਕੀ ਵਲੋਂ ਸੀ। ਮੇਲੇ ਦੇ ਸ਼ੁਰੂ ਤੋਂ ਲੈ ਕੇ ਖਤਮ ਹੋਣ ਤੱਕ ਦਰਸ਼ਕ ਮਨਪਸੰਦ ਚੀਜ਼ਾਂ ਦਾ ਅਨੰਦ ਮਾਣਦੇ ਰਹੇ।



ਪ੍ਰਬੰਧਕਾਂ ਵਲੋਂ ਸਫਾਈ ਦਾ ਉਚੇਚਾ ਪ੍ਰਬੰਧ ਸੀ।

ਗਾਇਕੀ ਦੇ ਪਿੜ ਵਿਚ ਗੈਰੀ ਸੰਧੂ ਕੁੜਤੇ ਪਜਾਮੇ ਤੇ ਵਿਸ਼ੇਸ਼ ਤੌਰ 'ਤੇ ਕਾਲੀਆਂ ਐਨਕਾਂ ਲਾ ਕੇ ਉਤਰਿਆ। ਕਹਿਣ ਲੱਗਾ, "ਇੰਗਲੈਂਡ ਵਿਚ 8 ਸਾਲ ਬਾਅਦ ਫਿਰ ਆ ਗਿਆ ਹਾਂ, ਮੈਂ ਪਹਿਲੀ ਵਾਰ ਸ਼ਿਕਾਗੋ ਆਇਆ ਹਾਂ।"

ਉਸ ਨੇ ਗਾਇਕੀ ਦਾ ਅਰੰਭ ਗੀਤ "ਇਕ ਤੇਰਾ ਸਹਾਰਾ ਮਿਲ ਜਾਵੇ, ਦੁਨੀਆਂ ਦੀ ਪ੍ਰਵਾਹ ਨਹੀਂ ਕਰਦਾ" ਨਾਲ ਕੀਤਾ। ਅਗਲਾ ਗੀਤ ਸੀ, "ਬੰਦਾ ਬਣ ਜਾ ਦਿਲਾਂ ਦੇ ਜਾਨੀਆਂ।" ਸਰੋਤਿਆਂ ਨਾਲ ਸਾਂਝ ਪਾਉਣ ਲਈ ਉਸ ਕਿਹਾ, ਜੱਟਾਂ ਦਾ ਮੁੰਡਾ ਹਾਂ ਪਰ ਗਾਇਕੀ ਦਾ ਸੂਤ ਆ ਗਿਆ। 19 ਸਾਲ ਦੀ ਉਮਰ ਵਿਚ ਜਹਾਜ਼ ਫੜ ਕੇ ਇੰਗਲੈਂਡ ਆ ਗਿਆ। ਵਲੈਤ ਵਿਚ ਬਿਨਾ ਪੇਪਰਾਂ ਵਾਲਿਆਂ ਨੂੰ ਫੌਜੀ ਕਿਹਾ ਜਾਂਦਾ ਹੈ। ਨਾਲ ਹੀ ਉਸ ਗੀਤ ਛੋਹਿਆ, "ਕੋਈ ਮੌੜ ਲਿਆਊ ਨੀ, ਫੌਜੀ ਮੇਰਾ ਭੱਜ ਗਿਆ। (ਜ਼ਿਕਰਯੋਗ ਹੈ ਕਿ ਗੈਰੀ ਸੰਧੂ ਨੂੰ ਇੰਗਲੈਂਡ ਵਿਚੋਂ ਡਿਪੋਰਟ ਕਰ ਦਿੱਤਾ ਗਿਆ ਸੀ)। ਗੈਰੀ ਨੇ ਨਿਰੋਲ ਪੰਜਾਬੀ ਅਤੇ ਕਈ ਮਿਕਸ ਗੀਤ ਪੇਸ਼ ਕੀਤੇ। ਵਿਚੋਂ ਦੀ ਟੋਟਕੇ ਛਡਦਾ, "ਤਾੜੀਆਂ ਮਾਰ ਦਿਉ, ਭਰਮ ਬਣਿਆ ਰਹੇ; ਮੰਨੀ ਨਹੀਂ, ਕਹਿੰਦੀ ਥੋੜਾ ਟਾਈਮ ਚਾਹੀਦਾ ਹੈ, ਮੈਂ ਕਿਹਾ ਜੇ ਤੈਨੂੰ ਟਾਈਮ ਚਾਹੀਦਾ, ਮੈਂ ਸਮਝ ਗਿਆ ਮੇਰਾ ਟਾਈਮ ਖਤਮ ਹੋ ਗਿਆ, ਹੋਰ ਕਿਸੇ ਦਾ ਸ਼ੁਰੂ ਹੋ ਗਿਆ।"

ਆਪਣੀ ਗਾਇਕਾ ਸਾਥਣ ਰਹੀ ਜੈਸਮੀਨ ਸੈਂਡਲਸ ਬਾਰੇ ਗੈਰੀ ਨੇ ਕਿਹਾ, ਗੀਤ ਵਿਚ ਭਾਬੀ ਬਣ ਨਹੀਂ ਗਾਉਣਾ ਚਾਹੁੰਦੀ ਸੀ, ਪਰ ਜਦ ਇਕੱਠੇ ਗਾਇਆ ਤਾਂ ਗੀਤ ਹਿੱਟ ਹੋਇਆ, "ਭਾਬੀ ਸੁਣ ਮੇਰੀ ਗੱਲ, ਮੈਨੂੰ ਇਕ ਕੁੜੀ ਨਾਲ ਪਿਆਰ ਹੋ ਗਿਆ।" ਇਹ ਗੀਤ ਲਿਖਿਆ, "ਆ ਜਾ ਗੱਲਾਂ ਕਰੀਏ ਪਿਆਰ ਦੀਆਂ" ਤੇ ਫਿਰ ਸਾਡੀ ਹੋ ਗਈ ਲੜਾਈ "ਹੁਣ ਬੋਲਿਆਂ ਵੀ ਨਹੀਂ ਬੋਲਦੀ।" ਆਕੜ, ਪਤਾ ਨਹੀਂ ਕਿਹੜੇ ਖਸਮਾਂਖਾਣੇ ਨੇ ਚੱਕ ਦਿੱਤਾ, ਮੈਂ ਵੀ ਦੋ ਘੁਟ ਲਾ ਕੇ ਚਲਾ ਗਿਆ, ਪਹਿਲੇ ਲਲਕਾਰੇ ਨਾਲ ਉਹ ਡਰ ਗਈ।

ਫਿਰ ਵੀ ਵਿਚ ਮਾਂ ਦਾ ਗੀਤ "ਦੁਨੀਆਂ ਵਿਚ ਇਕ ਚੀਜ਼ ਅਵੱਲੀ ਮਾਂ।" ਟਰੱਕ ਡਰਾਈਵਰ ਵੀਰਾਂ ਲਈ ਗੀਤ ਸੀ, "ਸੜਕ 'ਤੇ ਚਿੱਤ ਨਹੀਂ ਲਗਦਾ।" ਰੈਪ ਟਾਈਪ ਗੀਤ "ਜਿਹੜੀ ਆ ਪਸੰਦ" ਤੇ ਫਿਰ "ਹੌਲੀ ਹੌਲੀ ਨੱਚ ਮਿੱਤਰਾ" ਗੀਤ ਪੇਸ਼ ਕਰ ਕੇ ਦਰਸ਼ਕਾਂ ਨੂੰ ਨੱਚਣ ਲਾਇਆ।

ਗੈਰੀ ਸੰਧੂ 'ਤੇ ਵੀ ਕ੍ਰਿਕਟ ਦੇ ਹੋ ਰਹੇ ਵਿਸ਼ਵ ਕੱਪ ਦਾ ਅਸਰ ਜਾਪਦਾ ਸੀ। ਸਟੇਜ 'ਤੇ ਐਂਟਰੀ ਉਸ ਨੇ ਬਾਊਲਿੰਗ ਐਕਸ਼ਨ ਨਾਲ ਲਈ, ਨਾ ਕਿ ਸਟੇਜ ਨੂੰ ਸਜਦਾ ਕਰਕੇ। ਪ੍ਰੋਗਰਾਮ ਦੇ ਅੰਤ 'ਤੇ ਵੀ ਬੈਟਿੰਗ ਦੇ ਚੌਕੇ ਛੱਕੇ ਮਾਰਨ ਦੇ ਅੰਦਾਜ਼ ਨਾਲ ਸਟੇਜ ਛੱਡੀ। ਬਹੁਤੇ ਗੀਤ ਆਪਣੀ ਪ੍ਰੇਮ ਗਾਥਾ ਦੇ ਦੁਆਲੇ ਬੁਣੇ ਹੋਏ ਸਨ, ਉਸ ਦੇ ਗੀਤਾਂ ਦੀ ਚੋਣ 'ਤੇ ਨਜ਼ਰ ਮਾਰੋ ਤਾਂ ਉਸ ਨੇ ਆਪਣੀ ਪ੍ਰੇਮ ਕਹਾਣੀ ਨੂੰ ਹੀ ਦਰਸ਼ਕਾਂ ਦੀ ਨਜ਼ਰ ਕੀਤਾ ਜਾਪਦਾ ਸੀ। ਉਹ ਖੁਦ ਕਹਿੰਦਾ, ਉਸ ਦਾ ਇਕ ਕੁੜੀ ਨਾਲ ਪਿਆਰ ਹੋ ਗਿਆ, ਸਾਡੀ ਹੋ ਗਈ ਲੜਾਈ, ਉਹ ਹੁਣ ਛੱਡ ਕੇ ਚਲੀ ਗਈ, ਦੁਬਾਰਾ ਮਿਲਣ ਲਈ ਹੁਣ ਉਹ ਸੋਚਣ ਦਾ ਟਾਈਮ ਮੰਗਦੀ ਹੈ, ਆਪਾਂ ਦੋ ਘੁਟ ਪੀ ਕੇ ਚਲੇ ਗਏ, ਪਹਿਲੇ ਲਲਕਾਰੇ ਨਾਲ ਉਹ ਡਰ ਗਈ, ਬਈ ਛਡੋ ਇਸ਼ਕ ਹੀ ਨਹੀਂ ਸਭ ਕੁਝ, ਹੁਣ ਬੁਲਾਇਆ ਵੀ ਨਹੀਂ ਬੋਲਦੀ, ਕਿਹੜੇ ਖਸਮਾਂ ਨੇ ਖਾਣੇ ਚੱਕ ਦਿੱਤਾ, ਨੀ ਛੱਡ ਗੁੱਸੇ ਨੂੰ, ਦੁਬਾਰਾ ਮਿਲੀਏ, ਮੈਂ ਤੈਨੂੰ ਪਿਆਰ ਕਰਦਾ, ਤੇਰਾ ਕੀ ਜਾਣਾ ਬੱਲੀਏ। ਭਾਵੇਂ ਗੈਰੀ ਨੇ ਕਿਸੇ ਦਾ ਨਾਂ ਨਹੀਂ ਲਿਆ ਪਰ ਬਥੇਰੇ ਸਰੋਤੇ ਕਿਸੇ ਗਾਇਕਾ ਦਾ ਨਾਂ ਲਈ ਜਾ ਰਹੇ ਸਨ।

ਸ਼ਿਕਾਗੋ ਡਿਸਟ੍ਰਿਕਟ 6 ਤੋਂ ਕਾਂਗਰਸਮੈਨ ਸ਼ਾਨ ਕਾਸਟਿਨ ਨੇ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਕਿਹਾ ਕਿ ਕਬੱਡੀ ਤੇ ਸਭਿਆਚਾਰਕ ਪ੍ਰੋਗਰਾਮ ਵਿਚ ਆ ਕੇ ਬੜੀ ਖੁਸ਼ੀ ਹੋਈ ਹੈ। ਪੰਜਾਬੀ ਕਮਿਊਨਿਟੀ ਨੇ ਇਲੀਨਾਏ ਵਿਚ ਹੀ ਨਹੀਂ ਸਗੋਂ ਪੂਰੇ ਅਮਰੀਕਾ ਵਿਚ ਕਾਬਿਲ-ਏ-ਤਾਰੀਫ ਤਰੱਕੀ ਕੀਤੀ ਹੈ। ਕਾਂਗਰਸਮੈਨ ਨੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ। ਟੈਂਟਾਂ ਵਿਚ ਜਾ ਕੇ ਦਰਸ਼ਕਾਂ ਨਾਲ ਹੱਥ ਮਿਲਾਇਆ ਤੇ ਫੋਟੋਆਂ ਖਿਚਵਾਈਆਂ। ਉਨ੍ਹਾਂ ਦਾ ਸਾਥ ਬਲਵਿੰਦਰ ਸ਼ੋਕਰ, ਲਾਡੀ ਸਿੰਘ, ਠਾਕੁਰ ਸਿੰਘ ਬਸਾਤੀ ਤੇ ਮਾਸਟਰ ਖਾਨ ਦੇ ਰਹੇ

***(ਬਾਕੀ ਅਗਲੇ ਸਫੇ 'ਤੇ)***



ਸਨ।

ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਵੀ ਮੇਲੇ ਵਿਚ ਹਾਜਰੀ ਭਰੀ। ਉਸ ਕਿਹਾ ਕਿ ਉਹ ਸਿੱਖ ਕਮਿਊਨਿਟੀ ਤੋਂ ਬਹੁਤ ਪ੍ਰਭਾਵਿਤ ਹਨ, ਪੰਜਾਬੀਆਂ ਨਾਲ ਬਹੁਤ ਪੁਰਾਣੀ ਸਾਂਝ ਹੈ। ਪੰਜਾਬੀਆਂ ਨੇ ਮਿਹਨਤੀ ਤੇ ਮਿਲਾਪੜੇ ਸੁਭਾਅ ਨਾਲ ਅਮਰੀਕਾ ਵਾਸੀਆਂ ਦੇ ਦਿਲਾਂ ਵਿਚ ਵਿਸ਼ੇਸ਼ ਥਾਂ ਬਣਾਈ ਹੋਈ ਹੈ।

ਸ਼ਾਮਬਰਗ ਦੇ ਨਵੇਂ ਬਣੇ ਮੇਅਰ ਟਾਮ ਡੇਲੀ ਵੀ ਉਚੇਚੇ ਤੌਰ 'ਤੇ ਮੇਲੇ ਵਿਚ ਸ਼ਾਮਿਲ ਹੋਏ। ਇਸ ਮੌਕੇ ਸੁਪਰੀਮ ਕੋਰਟ ਜੱਜ ਲਈ ਚੋਣ ਲੜ ਰਹੇ ਜੈਰੀ ਜੀ. ਰਾਈਸ ਵੀ ਦਰਸ਼ਕਾਂ ਨਾਲ ਮੇਲ ਮਿਲਾਪ ਕਰਦੇ ਤੇ ਕਾਰਡ ਵੰਡਦੇ ਦੇਖੇ ਗਏ। ਸ਼ਾਮਬਰਗ ਮੇਅਰ ਦੀ ਚੋਣ ਲੜ ਚੁਕੇ ਰਹਿਮਾਨ ਨਫੀਸ ਵੀ ਹਾਜਰ ਸਨ। ਭਾਰਤੀ ਕੌਂਸਲ ਜਨਰਲ ਆਪ ਮੇਲੇ ਵਿਚ ਨਹੀਂ ਆਏ, ਪਰ ਉਨ੍ਹਾਂ ਦਾ ਪ੍ਰਤੀਨਿਧ ਹਾਜ਼ਰ ਸੀ। ਜੈਸੀ ਵ੍ਹਾਈਟ ਵੀ ਪਹੁੰਚ ਨਹੀਂ ਸਕੇ।

ਸੈਕਟਰੀ ਆਫ ਸਟੇਟ ਜੈਸੀ ਵ੍ਹਾਈਟ ਦੀ ਟੀਮ ਵਿਚ ਟਮਬਲਰ ਜਿਮਨਾਸਟਿਕਸ ਦੀ 19 ਮੈਂਬਰੀ ਟੀਮ ਦੇ ਮੁੰਡਿਆਂ ਤੇ ਕੁੜੀਆਂ ਨੇ ਜਿਮਨਾਸਟਿਕਸ ਦੇ ਲੌਂਗ ਜੰਪ, ਹਾਈ ਜੰਪ ਦੀ ਤਰਜ਼ 'ਤੇ ਐਰੋਬੈਟਿਕਸ ਦੇ ਅਦਭੁਤ ਕਰਤਬ ਦਿਖਾ ਕੇ ਦਰਸ਼ਕਾਂ ਨੂੰ ਅਚੰਭਿਤ ਕੀਤਾ।



ਮੌਸਮ ਵਧੀਆ ਸੀ। ਥੋੜੀ ਥੋੜੀ ਰੁਮਕਦੀ ਹਵਾ ਨਾਲ ਮੈਦਾਨ ਵਿਚ ਰੰਗ ਬਿਰੰਗੇ ਝੰਡਿਆਂ ਨਾਲ ਭਾਰਤੀ ਤੇ ਅਮਰੀਕਨ ਝੰਡੇ ਵੀ ਝੂਲ ਰਹੇ ਸਨ। ਪਾਰਕਿੰਗ ਲਾਟ ਭਰ ਗਏ ਸਨ। ਮੇਲੇ ਵਿਚ ਕੁਝ ਦੇਰ ਨਾਲ ਆਉਣ ਵਾਲਿਆਂ ਨੂੰ ਪੁਲਿਸ ਵਾਲੇ ਪਾਰਕਿੰਗ ਫਾਰਸੈਟ ਪ੍ਰਿਜ਼ਰਵ ਤੋਂ ਬਾਹਰ ਕਰਨ ਲਈ ਆਖ ਰਹੇ ਸਨ।

ਮੇਲੇ ਦੇ ਮਾਹੌਲ ਵਿਚ ਔਰਤਾਂ ਲਈ ਸੂਟਾਂ, ਪੰਜਾਬੀ ਜੁੱਤੀਆਂ ਤੇ ਹੋਰ ਸਮਾਨ ਦੇ ਸਟਾਲ ਸਨ, ਜਿਨ੍ਹਾਂ 'ਤੇ ਕਾਫੀ ਭੀੜ ਰਹੀ। ਬੀਬੀਆਂ ਲਈ ਮੁਫਤ ਮਹਿੰਦੀ ਦਾ ਪ੍ਰਬੰਧ ਸੀ। ਕੁਝ ਮਰਦਾਂ ਨੇ ਵੀ ਹੱਥਾਂ 'ਤੇ ਮਹਿੰਦੀ ਲਵਾ ਕੇ ਸ਼ੁਗਲ ਕੀਤਾ। ਦੇਸੀ ਕੁਲਫੀ ਵਾਲੇ ਦੀ ਵਿਕਰੀ ਵੀ ਚੰਗੀ ਹੋਈ।

ਪੀਣ ਵਾਲੇ ਪਾਣੀ ਦੀਆਂ ਬੋਤਲਾਂ ਵਾਧੂ ਸਨ, ਪਰ ਕਈਆਂ ਨੇ ਪਾਣੀ ਪੀ ਕੇ ਬੋਤਲਾਂ ਭੁੰਜੇ ਸੁਟ ਕੇ ਖਿਲਾਰਾ ਪਾਇਆ। ਸਫਾਈ ਵਾਲੇ ਦੇ ਡੱਬੇ ਤੇਜੀ ਨਾਲ ਖਾਲੀ ਬੋਤਲਾਂ ਨਾਲ ਭਰ ਰਹੇ ਸਨ। ਇਕ ਗੋਰਾ ਅਮਰੀਕਨ ਸਿੱਖ ਵੀ ਆਪਣੇ ਤੌਰ 'ਤੇ ਭੁੰਜੇ ਪਈਆਂ ਪਲੇਟਾਂ ਤੇ ਬੋਤਲਾਂ ਚੁਕ ਕੇ ਸਫਾਈ ਕਰਨ ਵਿਚ ਹਿੱਸਾ ਪਾਉਂਦਾ ਦੇਖਿਆ ਗਿਆ।

ਮੇਲਾ ਇੰਨਾ ਭਰਿਆ ਸੀ ਕਿ ਕਿਸੇ ਦੀ ਟਿੱਪਣੀ ਸੀ, "ਕਬੱਡੀ ਦੀ ਖਿੱਚ, ਗਾਇਕ ਨੂੰ ਸੁਣਨ ਵਾਲਿਆਂ ਤੋਂ ਇਲਾਵਾ ਹੁਣ ਇਹ ਮੰਨਣਾ ਪਵੇਗਾ ਕਿ ਇਸ ਸੰਸਥਾ ਵਿਚ ਕੁਝ ਕ੍ਰਿਸ਼ਮਈ ਸ਼ਖਸੀਅਤਾਂ ਜਰੂਰ ਹਨ, ਜੋ ਕਰਾਊਡ ਪੁਲਰ ਹਨ, ਜੋ ਆਪਣੇ ਰਸੂਖ ਨਾਲ ਦਰਸ਼ਕਾਂ ਨੂੰ ਦੂਰੋਂ ਦੂਰੋਂ ਖਿਚ ਲਿਆਉਂਦੇ ਹਨ।"

ਭੀੜ ਵੱਧ ਹੋਣ ਕਰਕੇ ਮੇਲੀਆਂ ਨੂੰ ਪਾਰਕਿੰਗ ਦੂਰ ਦੂਰ ਮਿਲੀ। ਲੱਕੀ ਸਹੋਤਾ ਨੇ ਆਪਣੀ ਕੰਪਨੀ ਸੇਫ ਵੇਅ ਦੀਆਂ ਸ਼ਟਲਾਂ ਵਿਚ ਦਰਸ਼ਕਾਂ ਨੂੰ ਪਾਰਕਿੰਗ ਵਾਲੀ ਥਾਂ ਤੋਂ ਮੇਲੇ ਵਾਲੀ ਥਾਂ ਲਿਆਉਣ ਦਾ ਪ੍ਰਬੰਧ ਕੀਤਾ ਹੋਇਆ ਸੀ, ਜਿਸ ਦੀ ਲੋਕਾਂ ਨੂੰ ਕਾਫੀ ਸਹੂਲਤ ਰਹੀ।

ਕਬੱਡੀ ਟੂਰਨਾਮੈਂਟ ਬਹੁਤ ਵਧੀਆ ਰਿਹਾ। ਕੌਮਾਂਤਰੀ ਖਿਡਾਰੀਆਂ ਨੇ ਵਧੀਆ ਕਬੱਡੀ ਦਿਖਾਈ। ਕਬੱਡੀ ਟੀਮਾਂ ਦਾ ਪ੍ਰਬੰਧ ਜਸਕਰਨ ਸਿੰਘ ਧਾਲੀਵਾਲ ਨੇ ਪੂਰੇ ਉਤਸ਼ਾਹ ਨਾਲ ਕੀਤਾ।

ਖਿਡਾਰੀਆਂ ਦੇ ਨਾਸ਼ਤੇ ਲਈ ਪਰੌਂਠਿਆਂ, ਮਿਕਸ ਆਲੂ ਦੀ ਸਬਜੀ ਅਤੇ ਦਹੀਂ ਦਾ ਪ੍ਰਬੰਧ ਸਟਾਰ ਫੂਡਜ਼ ਵਲੋਂ ਕੀਤਾ ਗਿਆ, ਜੋ ਖਿਡਾਰੀਆਂ ਨੇ ਬਹੁਤ ਪਸੰਦ ਕੀਤਾ।

ਕਬੱਡੀ ਦੇ ਮੈਚਾਂ ਵਿਚ ਇਕ ਦੋ ਵਾਰ ਅੰਕਾਂ ਨੂੰ ਲੈ ਕੇ ਰੈਫਰੀ ਨਾਲ ਬਹਿਸ ਹੁੰਦੀ ਵੀ ਦੇਖੀ ਗਈ, ਜਿਸ 'ਤੇ ਕੁਮੈਂਟੇਟਰ ਨੂੰ ਕਹਿਣਾ ਪਿਆ ਬਈ ਤਲਖੀ ਨਾ ਕਰੋ। ਟੈਕਨੀਕਲ ਕਮੇਟੀ ਨੂੰ ਵੀ ਮੈਦਾਨ ਵਿਚ ਆਉਣਾ ਪਿਆ ਤੇ ਪ੍ਰਬੰਧਕਾਂ ਨੂੰ ਵੀ ਅਨਾਊਂਸ ਕਰਨਾ ਪਿਆ ਕਿ ਰੈਫਰੀ ਦਾ ਫੈਸਲਾ ਅੰਤਿਮ ਹੈ।

ਇਸ ਵਾਰ ਮੇਲੇ ਵਿਚ ਪੰਜਾਬੀਆਂ ਤੋਂ ਇਲਾਵਾ ਗੁਜਰਾਤੀ, ਸਾਊਥ ਇੰਡੀਅਨ, ਭਾਰਤ ਦੇ ਦੂਜੇ ਪ੍ਰਾਂਤਾਂ ਦੇ ਲੋਕ ਅਤੇ ਮੁਸਲਿਮ ਭਾਈਚਾਰੇ ਦੇ ਮੈਂਬਰ ਵੀ ਕਾਫੀ ਗਿਣਤੀ ਵਿਚ ਸ਼ਾਮਿਲ ਹੋਏ।

ਬਚਿਆਂ ਲਈ ਮੂਨ ਵਾਕ ਦਾ ਪ੍ਰਬੰਧ ਸੀ, ਜਿਸ ਦਾ ਬੱਚਿਆਂ ਨੇ ਖੂਬ ਅਨੰਦ ਮਾਣਿਆ, ਪਰ ਅਚਾਨਕ ਜੈਨਰੇਟਰ ਵਿਚ ਗੈਸ ਖਤਮ ਹੋਣ ਨਾਲ ਮੂਨ ਵਾਕ ਵਾਹਵਾ ਹੀ ਢਿਲ੍ਹੇ ਹੋ ਕੇ ਨੀਵੇਂ ਹੋ ਗਏ। ਬੱਚਿਆਂ ਲਈ ਇਹ ਇਕ ਨਵਾਂ ਮਨੋਰੰਜਕ ਤਜਰਬਾ ਸੀ, ਪਰ ਜਲਦ ਹੀ ਪ੍ਰਬੰਧਕਾਂ ਤੇ ਲਖਬੀਰ ਸਿੰਘ ਸੰਧੂ ਨੇ ਗੈਸ ਨਾਲ ਜੈਨਰੇਟਰ ਫਿਰ ਚਾਲੂ ਕਰ ਦਿੱਤਾ।



ਮੰਚ ਸੰਚਾਲਨ ਹੈਪੀ ਹੀਰ, ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਗੁਰਮੁਖ ਭੁੱਲਰ ਨੇ ਕੀਤਾ। ਲਖਬੀਰ ਸਿੰਘ ਸੰਧੂ ਤੇ ਪਾਲ ਧਾਲੀਵਾਲ ਸਵੇਰ ਤੋਂ ਹੀ ਪ੍ਰਬੰਧਕਾਂ ਦਾ ਹੱਥ ਵਟਾ ਰਹੇ ਸਨ।

ਮੇਲੇ ਨੂੰ ਕਾਮਯਾਬ ਕਰਨ ਲਈ ਹੋਰਨਾਂ ਤੋਂ ਇਲਾਵਾ ਚੇਅਰਮੈਨ ਲਵ ਮਿਨਹਾਸ, ਪ੍ਰਧਾਨ ਰਾਜਿੰਦਰ ਸਿੰਘ ਦਿਆਲ, ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸੰਘਾ ਅਤੇ ਕਲੱਬ ਮੈਂਬਰਾਂ-ਹੈਪੀ ਹੀਰ, ਨਰਿੰਦਰ ਸਰਾਂ, ਹਰਵਿੰਦਰ ਸਿੰਘ ਬਿੱਲਾ, ਜਸਕਰਨ ਸਿੰਘ ਧਾਲੀਵਾਲ, ਲਵਦੀਪ ਸਿੰਘ ਦੁੱਲਤ, ਡਾ. ਹਰਜਿੰਦਰ ਸਿੰਘ ਖਹਿਰਾ, ਗੁਰਮੀਤ ਸਿੰਘ ਭੋਲਾ, ਲਖਵੀਰ ਸਿੰਘ ਸਹੋਤਾ, ਹਰਦੀਪ ਗਿੱਲ, ਮਿੱਡਾ ਮਾਹਿਲਪੁਰੀਆ ਅਤੇ ਯਾਦਵਿੰਦਰ ਸਿੰਘ ਗਰੇਵਾਲ ਨੇ ਸਖਤ ਮਿਹਨਤ ਕੀਤੀ

(ਹੋਰ ਤਸਵੀਰਾਂ ਸਫਾ 30-31 'ਤੇ ਦੇਖੋ)

ਤਸਵੀਰਾਂ: ਏਸ਼ੀਅਨ ਮੀਡੀਆ

# ਭਾਰਤ ਵਿਚ ਦੋ ਸਾਲਾਂ 'ਚ 25000 ਕੁੜੀਆਂ ਚੜ੍ਹੀਆਂ ਦਾਜ ਦੀ ਬਲੀ

**ਚੰਡੀਗੜ੍ਹ:** ਇਹ ਕੋਈ ਬਹੁਤੀ ਪੁਰਾਣੀ ਗੱਲ ਨਹੀਂ ਜਦੋਂ ਪੰਜਾਬ 'ਚ ਕੁੜੀਆਂ ਦੀ ਗਿਣਤੀ ਮੁੰਡਿਆਂ ਨਾਲੋਂ ਵਧੇਰੇ ਸੀ ਪਰ ਦਾਜ ਦਹੇਜ ਦੇ ਲੋਭੀਆਂ ਦੀ ਮੰਗ ਦੇ ਨਾਲ-ਨਾਲ ਬਰਾਤਾਂ ਦੀ ਸੇਵਾ ਤੇ ਕਾਰਾਂ ਦੀ ਮੰਗ ਕਾਰਨ ਧੀਆਂ ਦੇ ਬਾਪ ਕਰਜ਼ਾਈ ਹੋ ਗਏ। ਸੂਬੇ ਦੇ ਲਾਲਚੀ ਕਿਸਮ ਦੇ ਲੋਕਾਂ ਜਿਨ੍ਹਾਂ ਦਾਜ ਦੇ ਲੋਭ ਤੇ ਲਾਲਚ 'ਚ ਆਪਣੇ ਪੁੱਤ ਵਿਕਾਊ ਕਰ ਦਿੱਤੇ। ਵਿਆਹਾਂ ਮੰਗਣੀਆਂ ਮੌਕੇ ਨਕਦੀ ਦੀ ਮੰਗ ਪੂਰੀ ਨਾ ਹੋਣ ਦੇ ਮਾਮਲਿਆਂ 'ਚ ਆਪਣੀਆਂ ਨੂੰ ਹਾਂ ਸਾੜਨ ਦੇ ਗੰਭੀਰ ਤੇ ਸੰਗੀਨ ਅਪਰਾਧ ਵਧਣ ਕਾਰਨ ਧੀਆਂ ਜੰਮਣ ਵਾਲਿਆਂ ਵੱਲੋਂ ਪਿਛਲੇ ਦੋ ਤਿੰਨ ਦਹਾਕੇ ਪਹਿਲਾਂ ਕੁੜੀਆਂ ਨੂੰ ਕੁੱਖ 'ਚ ਕਤਲ ਕਰਵਾਉਣ ਦਾ ਰੁਝਾਨ ਬਹੁਤ ਜ਼ਿਆਦਾ ਜੋਰ ਫੜ ਗਿਆ, ਜਿਸ ਦੇ ਚਲਦਿਆਂ ਸੂਬੇ 'ਚ ਕੁੜੀਆਂ ਦੀ ਗਿਣਤੀ ਮੁੰਡਿਆਂ ਨਾਲੋਂ ਔਸਤਨ ਬਹੁਤ ਹੀ ਜ਼ਿਆਦਾ ਘਟ ਗਈ।

ਲੋਕ ਸਭਾ 'ਚ ਜਾਣਕਾਰੀ ਦਿੰਦਿਆਂ ਕੇਂਦਰੀ ਮੰਤਰੀ ਮੇਨਕਾ ਗਾਂਧੀ ਨੇ ਦੱਸਿਆ ਕਿ 2012-14 ਦੌਰਾਨ ਦੇਸ਼ 'ਚ 25000 ਕੁੜੀਆਂ ਉਨ੍ਹਾਂ ਦੇ ਸਹੁਰਿਆਂ ਵੱਲੋਂ ਮਾਰ ਦਿੱਤੀਆਂ ਗਈਆਂ ਜਾਂ ਉਨ੍ਹਾਂ ਖੁਦਕੁਸ਼ੀ ਕਰ ਲਈ। ਇਸੇ ਸਮੇਂ ਦੌਰਾਨ ਦਾਜ ਦਹੇਜ ਰੋਕੂ ਐਕਟ ਅਧੀਨ 30000 ਵਿਅਕਤੀਆਂ 'ਤੇ ਕੇਸ ਦਰਜ ਕੀਤੇ ਗਏ। ਦੇਸ਼ ਦੀ ਕੌਮੀ ਅਪਰਾਧ ਬਿਊਰੋ ਦੇ ਅੰਕੜਿਆਂ ਮੁਤਾਬਿਕ ਦਾਜ ਰੋਕੂ ਐਕਟ ਅਧੀਨ 2012, 2013 ਤੇ 2014 ਵਿਚ ਦੋਸ਼ੀਆਂ ਖਿਲਾਫ ਕ੍ਰਮਵਾਰ 8233, 8083 ਤੇ 8455 ਕੇਸ ਦਰਜ ਕੀਤੇ ਗਏ। ਇਸ ਹਾਲਾਤ ਦੌਰਾਨ ਜਿੱਥੇ ਪੰਜਾਬੀ ਧੀਆਂ ਦੀ ਗਿਣਤੀ ਘਟੀ ਉੱਥੇ ਮਾਪਿਆਂ ਵਲੋਂ ਉਨ੍ਹਾਂ ਦੀ ਉੱਚ ਵਿੱਦਿਆ ਵੱਲ ਵੀ ਉਚੇਚੀ ਤਵੱਜੋ ਦਿੱਤੀ ਗਈ। ਇਸੇ ਸਮੇਂ ਦੌਰਾਨ ਮੁੰਡਿਆਂ ਨੂੰ ਉੱਚ ਵਿੱਦਿਆ ਲਈ ਵਿਦੇਸ਼ ਭੇਜਣ ਦੇ ਰੁਝਾਨ ਦੇ ਨਾਲੋ-ਨਾਲ ਮਾਪਿਆਂ ਵੱਲੋਂ ਕੁੜੀਆਂ ਨੂੰ ਵੀ ਵਿਦੇਸ਼ ਭੇਜਣ ਦਾ ਜਨੂਨ ਤੇ ਰਿਵਾਜ ਜੋਰ ਫੜ ਗਿਆ। ਪੰਜ ਦਰਿਆਵਾਂ ਦੀ ਧਰਤੀ 'ਤੇ ਨਸ਼ਿਆਂ ਦਾ ਛੇਵਾਂ ਦਰਿਆ ਵਗਣਾ ਸ਼ੁਰੂ ਹੋ ਗਿਆ, ਜਿਸ ਨੂੰ ਗੰਭੀਰਤਾ ਨਾਲ ਲੈਂਦਿਆਂ ਸਮਝਦਾਰ ਮਾਪਿਆ ਵਲੋਂ ਆਪਣੀਆਂ ਲਾਡਲੀਆਂ ਨੂੰ ਸੂਬੇ ਦੇ ਨਸ਼ਈ ਨੌਜਵਾਨਾਂ ਨਾਲ ਵਿਆਹੁਣ ਦੀ ਬਜਾਏ ਵਿਦੇਸ਼ ਭੇਜਣਾ ਸ਼ੁਰੂ ਕਰ ਦਿੱਤਾ ਗਿਆ। ਇਸ ਤਰ੍ਹਾਂ ਕੁੜੀਆਂ ਦੀ ਗਿਣਤੀ ਹੋਰ ਵੀ ਘੱਟ ਗਈ, ਜਿਸ ਕਰਕੇ ਹਰ ਕਿਸੇ ਦਾ ਚਿੰਤਤ ਹੋਣਾ ਲਾਜ਼ਮੀ ਸੀ ਕਿਉਂਕਿ ਨੌਜਵਾਨਾਂ ਲਈ ਵਿਆਹ ਦੇ ਮੌਕੇ ਹੋਰ ਸੀਮਤ ਹੁੰਦੇ ਜਾ ਰਹੇ ਸਨ।

ਹੁਣ ਸੂਬੇ 'ਚ ਕੁੜੀਆਂ ਦੀ ਘੱਟ ਰਹੀ ਗਿਣਤੀ ਕਾਰਨ ਪੰਜਾਬ ਦੀ ਤਸਵੀਰ ਬਦਲ ਚੁੱਕੀ ਹੈ। 5 ਏਕੜ, 10 ਏਕੜ ਤੇ 20 ਏਕੜ ਜ਼ਮੀਨ ਦੀ ਮਾਲਕੀ ਵਾਲਾ ਨੌਜਵਾਨ ਵੀ ਚਾਹੁੰਦਾ ਹੈ ਕਿ ਉਹ ਵਿਦੇਸ਼ ਸੈਟਲ ਹੋ ਜਾਵੇ, ਜਿਸ ਦੇ ਚਲਦਿਆਂ ਉਹ ਆਈਲੈਟਸ ਪਾਸ ਕੁੜੀ ਨਾਲ ਵਿਆਹ ਕਰਵਾਉਣ ਬਦਲੇ 10 ਜਾਂ 20 ਲੱਖ ਰੁਪਏ ਖਰਚ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਇੰਜ ਉਸ ਦੇ ਵਿਆਹ ਤੇ ਰੁਜ਼ਗਾਰ ਦੋਵਾਂ ਦਾ ਪ੍ਰਬੰਧ ਹੋ ਜਾਂਦਾ ਹੈ।




*ਸ਼ਿਕਾਗੋ ਦੀ ਖੇਡ ਜਥੇਬੰਦੀ ਮਿਡਵੈਸਟ ਪੰਜਾਬੀ ਗੌਲਫ ਐਸੋਸੀਏਸ਼ਨ ਵਲੋਂ ਲੰਘੇ ਐਤਵਾਰ ਨੂੰ ਕਰਵਾਏ ਗਏ 8ਵੇਂ ਸਾਲਾਨਾ ਦੇਸੀ ਗੌਲਫ ਟੂਰਨਾਮੈਂਟ ਵਿਚ ਪਹਿਲੇ ਨੰਬਰ 'ਤੇ ਚੌਧਰੀ ਅਤੇ ਅੱਬਾਸ ਸਨਮਾਨ ਚਿੰਨ੍ਹ ਲੈਂਦੇ ਹੋਏ*

## ਪੰਜਾਬੀ ਲੋਕ ਗਾਇਕ ਲੱਖੀ ਵਣਜਾਰਾ ਨਹੀਂ ਰਹੇ

**ਅਮਲੋਹ:** ਪੰਜਾਬੀ ਦੇ ਨਾਮਵਰ ਲੋਕ ਗਾਇਕ ਲੱਖੀ ਵਣਜਾਰਾ (70) ਦਾ ਅੱਜ ਸਵੇਰੇ 7 ਵਜੇ ਦੇ ਕਰੀਬ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ



ਦੇਰ ਸ਼ਾਮ ਉਨ੍ਹਾਂ ਦੇ ਜੱਦੀ ਪਿੰਡ ਲੱਖਾ ਸਿੰਘ ਵਾਲਾ ਵਿਚ ਕੀਤਾ ਗਿਆ। ਇਸ ਮੌਕੇ ਭਾਵੇਂ ਕੋਈ ਨਾਮਵਰ ਗਾਇਕ ਨਹੀਂ ਪੁੱਜਿਆ ਪਰ ਵੱਡੀ ਗਿਣਤੀ ਇਲਾਕਾ ਵਾਸੀਆਂ ਨੇ ਆਪਣੇ ਮਹਿਬੂਬ ਕਲਾਕਾਰ ਨੂੰ ਆਖਰੀ ਅਲਵਿਦਾ ਆਖੀ।

ਲੱਖੀ ਵਣਜਾਰਾ ਦੀ ਪਤਨੀ ਗੁਰਚਰਨ ਕੌਰ ਨੇ ਦੱਸਿਆ ਕਿ ਅਚਾਨਕ ਉਸ ਦੇ ਪਤੀ ਨੂੰ ਦਿਲ ਦਾ ਦੌਰਾ ਪਿਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਸਰਕਾਰ ਅਤੇ ਕਲਾਕਾਰਾਂ ਤੋਂ ਪਰਿਵਾਰ ਦੀ ਮਾਲੀ ਹਾਲਤ ਨੂੰ ਦੇਖਦਿਆਂ ਮਦਦ ਦੀ ਅਪੀਲ ਕੀਤੀ ਹੈ। ਲੋਕ ਗਾਇਕ ਸੁਖਵਿੰਦਰ ਸੁੱਖੀ ਨੇ ਵਣਜਾਰਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।

Need Professional Non Veg. and Veg. Experienced cook in Missouri

ਮਿਜ਼ੌਰੀ ਸਟੇਟ ਵਿਚ ਅਨੁਭਵੀ ਪ੍ਰੋਫੈਸ਼ਨਲ ਵੈਸ਼ਨੂੰ ਤੇ ਗੈਰ ਵੈਸ਼ਨੂੰ ਕੁੱਕ ਦੀ ਲੋੜ ਹੈ

ਮਿਜ਼ੌਰੀ ਸਟੇਟ ਦੇ ਸਿਟੀ ਜੋਪਲਿਨ ਵਿਚ ਫਰੀਵੇ I-44 'ਤੇ ਨਵੇਂ ਬਣੇ ਤੇ ਛੇਤੀ ਖੁਲ੍ਹ ਰਹੇ ਫੁੱਲ ਸਰਵਿਸ ਟਰੱਕ ਸਟਾਪ (ਪੰਜਾਬੀ ਰੈਸਟੋਰੈਂਟ) ਲਈ ਅਨੁਭਵੀ ਪ੍ਰੋਫੈਸ਼ਨਲ ਵੈਸ਼ਨੂੰ ਤੇ ਗੈਰ ਵੈਸ਼ਨੂੰ ਕੁੱਕ ਦੀ ਲੋੜ ਹੈ

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ: ਦਰਸ਼ਨ ਸਿੰਘ ਗਿੱਲ

ਫੋਨ 909-367-5846

29-31

ਮੈਡੀਸਨ, ਵਿਸਕਾਨਸਿਨ ਵਿਚ

ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਮੁਫਤ

ਸੰਪਰਕ ਕਰੋ, ਦਵਿੰਦਰ ਸਿੰਘ

ਫੋਨ: 262-391-7666

25-28

# ਪਿੜ ਵਿਚ ਪੈਂਦੀ ਬੋਲੀ ਦਾ ਸਫਰ

ਕਲਾ ਪਰਿਕਰਮਾ

***ਲੋਕ ਗੀਤ ਅਤੇ ਲੋਕ ਬੋਲੀਆਂ ਸਾਡੀ ਵਿਰਾਸਤ ਦਾ ਅਹਿਮ ਹਿੱਸਾ ਹਨ। ਇਨ੍ਹਾਂ ਵਿਚੋਂ ਪੰਜਾਬ ਦੇ ਪਿੰਡ ਬੋਲਦੇ ਸੁਣਾਈ ਦਿੰਦੇ ਹਨ; ਇਨ੍ਹਾਂ ਵਿਚ ਧੜਕਦੀ ਜ਼ਿੰਦਗੀ ਦੇ ਦਰਸ਼ਨ ਹੁੰਦੇ ਹਨ। ਲੋਕ ਗੀਤ ਅਤੇ ਲੋਕ ਬੋਲੀਆਂ ਕਿਸ ਤਰ੍ਹਾਂ ਹੋਂਦ ਵਿਚ ਆ ਜਾਂਦੀਆਂ ਹਨ, ਇਸ ਬਾਰੇ ਵਿਸਥਾਰ ਸਹਿਤ ਚਰਚਾ ਡਾ. ਨਾਹਰ ਸਿੰਘ ਨੇ ਇਸ ਦਿਲਚਸਪ ਲੇਖ ਵਿਚ ਕੀਤੀ ਹੈ। -ਸੰਪਾਦਕ***

ਹਰ ਸਿਰਜਣਾ ਰਹੱਸ ਹੁੰਦੀ ਹੈ। ਇਹ ਰਹੱਸ ਇਸ ਦੀ ਮੌਲਿਕਤਾ ਵਿਚ ਹੈ। ਅਸੀਂ ਸਿਰਜਤ ਵਸਤਾਂ ਦੇਖਣ ਦੇ ਆਦੀ ਹਾਂ ਪਰ ਜਦੋਂ ਕਿਸੇ ਵਸਤੂ ਨੂੰ ਸਿਰਜਣਾ ਦੇ ਸਮੁੱਚੇ ਵਰਤਾਰੇ ਵਿਚ ਦੇਖੀਏ ਤਾਂ ਸਾਨੂੰ ਉਹੀ ਵਸਤ ਪਹਿਲੀ ਨਾਲੋਂ ਭਿੰਨ ਜਾਪਦੀ ਹੈ। ਭਿੰਨਤਾ ਦਾ ਕਾਰਨ ਇਹ ਹੁੰਦਾ ਹੈ ਕਿ ਅਸੀਂ ਇਸ ਸਿਰਜਣਾ ਦੇ ਰਹੱਸ ਨੂੰ ਬਹੁਤ ਨੇੜਿਉਂ ਦੇਖ ਲਿਆ ਹੁੰਦਾ ਹੈ। ਕਈ ਸਾਹਿਤਕਾਰ ਆਪਣੀ ਵਿਲੱਖਣ ਸਿਰਜਣ ਪ੍ਰਕਿਰਿਆ ਕਰਕੇ ਹੀ ਜਾਣੇ ਜਾਂਦੇ ਹਨ। ਕੋਈ ਸਾਹਿਤਕਾਰ ਇਕਾਂਤ ਵਿਚ ਲਿਖਦਾ ਹੈ, ਕੋਈ ਭੀੜ-ਭੜੱਕੇ ਵਿਚ, ਕੋਈ ਉਡੀਕ ਵਿਚ ਤੇ ਕੋਈ ਇਸ਼ਕ ਵਿਚ।

ਸਾਹਿਤ ਮਨੁੱਖ ਦੇ ਅਨੁਭਵ, ਅਧਿਐਨ ਅਤੇ ਪ੍ਰਗਟਾਵੇ ਦੀ ਰਲਵੀਂ-ਮਿਲਵੀਂ ਕਿਰਿਆ ਹੈ। ਮਨੁੱਖ ਦੇ ਜਾਤੀ ਅਨੁਭਵ ਉਸ ਦੀ ਸਿਰਜਣਾ ਲਈ ਪ੍ਰੇਰਕ ਬਣਦੇ ਹਨ



**ਡਾ. ਨਾਹਰ ਸਿੰਘ**
**ਫੋਨ: +91-98880-06118**

ਪਰ ਅਨੁਭਵ ਆਪਣੇ ਆਪ ਵਿਚ ਕਲਾ ਨਹੀਂ। ਅਨੁਭਵ ਤੋਂ ਕਲਾ ਤਕ ਦੀ ਯਾਤਰਾ ਅਨੇਕਾਂ ਗੁੰਝਲਦਾਰ ਪੜਾਵਾਂ 'ਚੋਂ ਲੰਘਦੀ ਹੈ।

ਹਰ ਸਾਹਿਤਕਾਰ ਆਪਣੀ ਸਿਰਜਣਾ ਬਾਰੇ ਸੁਚੇਤ ਹੁੰਦਾ ਹੈ। ਕਵੀ ਦੇ ਰੂਪ ਵਿਚ ਗੁਰੂ ਨਾਨਕ ਦੇਵ ਭਲੀ-ਭਾਂਤ ਜਾਣੇ ਜਾਂਦੇ ਹਨ ਕਿ 'ਨਾਨਕ ਸ਼ਾਇਰ' ਸੱਚੇ ਦਰਬਾਰ ਦਾ ਢਾਡੀ ਹੈ। ਵਾਰਸ ਸ਼ਾਹ ਨੂੰ ਪਤਾ ਹੈ ਕਿ ਉਸ ਨੇ ਆਪਣੀ 'ਹੀਰ' ਵਿਚ ਦੁਨੀਆ ਭਰ ਦਾ ਗਿਆਨ ਤੇ ਫਲਸਫਾ ਇਸ ਢੰਗ ਨਾਲ ਭਰਿਆ ਹੈ ਕਿ ਇਸ ਦੇ ਸ਼ੇਅਰਾਂ ਵਿਚ 'ਕੁਰਆਨ ਮਜ਼ੀਦ ਦੇ ਮਾਇਨੇ' ਬਣਨ ਦੀ ਸਮਰੱਥਾ ਹੈ।

ਸਾਹਿਤਕ ਕਿਰਤਾਂ ਤੇ ਸਾਹਿਤਕਾਰਾਂ ਦੀ ਸਿਰਜਣਾ ਬਾਰੇ ਜਿਥੇ ਦਿਲਚਸਪ ਲਤੀਫੇ ਤੇ ਵਾਕਿਆਤ ਮਿੱਥ ਬਣ ਕੇ ਚਲ ਪੈਂਦੇ ਹਨ, ਉਥੇ ਲੋਕ-ਕਾਵਿ ਬਾਰੇ ਹਾਲਾਤ ਇਸ ਤੋਂ ਬਿਲਕੁਲ ਉਲਟ ਹਨ। ਲੋਕ ਗੀਤਾਂ ਨੂੰ ਬਹੁਤੇ ਵਿਦਵਾਨ ਗੁੰਮਨਾਮ ਕਵੀਆਂ ਦੀਆਂ ਗੁੰਮਨਾਮ ਰਚਨਾਵਾਂ ਕਹਿ ਕੇ ਬਸ ਕਰ ਦਿੰਦੇ ਹਨ।

ਲੋਕ ਗੀਤ ਸਾਡੀ ਪਿੰਡ ਪਰੰਪਰਾ ਦਾ ਅੰਗ ਹੋਣ ਕਰਕੇ ਸਾਡੇ ਭੂਤਕਾਲ ਨਾਲ ਸਬੰਧਤ ਹੁੰਦਾ ਹੈ। ਪੇਂਡੂ ਜੀਵਨ ਤੋਂ ਵਿਯੋਗੇ ਹੋਏ ਸ਼ਹਿਰਾਂ ਵਿਚ ਬੈਠੇ ਬੁੱਧੀਜੀਵੀਆਂ ਲਈ ਲੋਕ ਗੀਤ ਰੁਮਾਂਸ ਦੀ ਕੋਈ ਦੁਨੀਆ ਹੈ, ਜਿਸ ਨਾਲ ਬਹੁਤਿਆਂ ਦਾ ਬਚਪਨ ਜੁੜਿਆ ਹੋਇਆ ਹੈ। ਇਸ ਵੇਲੇ ਬਹੁਤੇ ਪੰਜਾਬੀ ਵਿਦਵਾਨ ਲੋਕ ਗੀਤ ਨੂੰ ਉਦਰੇਵੇਂ ਭਰੀ ਦ੍ਰਿਸ਼ਟੀ ਨਾਲ ਦੇਖਦੇ ਹਨ। ਇਸੇ ਉਦਰੇਵੇਂ ਵਿਚੋਂ ਉਨ੍ਹਾਂ ਦੀ ਉਲਾਰ ਦ੍ਰਿਸ਼ਟੀ ਜਨਮ ਲੈਂਦੀ ਹੈ। ਪੰਜਾਬੀ ਲੋਕ ਗੀਤਾਂ ਵਿਚੋਂ ਪੰਜਾਬ ਦੇ ਪਿੰਡ ਬੋਲਦੇ ਹਨ। ਇਸ ਲਈ ਪੰਜਾਬੀਆਂ ਦੇ ਸੱਚੇ-ਸੁੱਚੇ ਜਜ਼ਬਿਆਂ ਨਾਲ ਸਾਂਝ ਪਾਉਣ ਲਈ ਲੋਕ ਗੀਤ ਨਾਲ ਲਗਾਉ ਹੋਣਾ ਅਤੇ ਇਨ੍ਹਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ।

ਲੋਕ ਗੀਤਾਂ ਨੂੰ ਵਿਸ਼ੇਸ਼ ਕਾਵਿ-ਪ੍ਰਤਿਭਾ ਵਾਲੇ ਲੋਕ ਸਿਰਜਦੇ ਹਨ। ਇਸ ਦੀ ਸਿਰਜਣਾ ਲਈ ਮਾਹੌਲ ਕੋਈ ਵੀ ਹੋ ਸਕਦਾ ਹੈ: ਵੱਗ ਚਾਰਦਾ ਪਾਲੀ ਜਾਂ ਨੱਕੇ ਮੋੜਦਾ ਕਾਮਾ, ਚਰਖਾ ਕੱਤਦੀ ਮੁਟਿਆਰ ਜਾਂ ਦੋਹੇ ਲਾਉਂਦੇ ਬਜ਼ੁਰਗ, ਗਿੱਧਿਆਂ ਵਿਚ ਧਮਾਲਾਂ ਪਾਉਂਦੀਆਂ ਨੱਢੀਆਂ ਜਾਂ? ਮੇਲਿਆਂ ਵਿਚ ਖਰੂਦ ਪਾਉਂਦੇ ਚੋਬਰਾਂ ਦੀ ਢਾਣੀ। ਕੋਈ ਅਨਪੜ੍ਹ ਸੀਰੀ ਜਾਂ ਸਕੂਲੋਂ ਹਟਿਆ ਪਾੜ੍ਹਾ। ਆਪਣੇ ਕਾਵਿਕ ਰੌਂਅ ਵਿਚ ਆ ਕੇ ਗੀਤਕਾਰ ਆਪਣੇ ਹੱਡੀਂ ਹੰਢਾਏ ਅਨੁਭਵ ਨੂੰ ਕਿਸੇ ਵਿਸ਼ੇਸ਼ ਤੁਕਬੰਦੀ ਵਿਚ ਕਹਿ ਜਾਂਦਾ ਹੈ। ਇਹੋ ਤੁਕਬੰਦੀ ਕਿਧਰੇ ਕਿਧਰੇ ਉਤਮ ਕਾਵਿ ਬਣਦਾ ਹੈ, ਕਿਧਰੇ ਕਿਧਰੇ ਲਫਜ਼ੀ ਜੋੜ-ਤੋੜ ਹੀ ਰਹਿ ਜਾਂਦਾ ਹੈ। ਬਹੁਤੀ ਵਾਰ ਲੋਕ ਗੀਤਕਾਰ ਕਿਸੇ ਪਹਿਲੇ ਲੋਕ ਗੀਤ ਨੂੰ ਹੀ ਆਪਣੇ ਢੰਗ ਨਾਲ ਤੋੜਦਾ, ਘੜਦਾ, ਸਿਰਜਦਾ ਹੈ।

ਇਥੇ ਇਕ 'ਬੋਲੀ' ਨੂੰ ਨੇੜੀਉਂ ਘੋਖਦੇ ਹਾਂ। ਇਸ ਆਧਾਰ 'ਤੇ ਲੋਕ ਗੀਤਕਾਰਾਂ ਦੀ ਸਿਰਜਣ ਪ੍ਰਕਿਰਿਆ ਨੂੰ ਸਮਝਣ ਦਾ ਯਤਨ ਕਰਦੇ ਹਾਂ। ਬੋਲੀ ਹੈ:

ਨਾ ਮੈਂ ਮੇਲਣੇ ਪੜ੍ਹੀ ਗੁਰਮੁਖੀ,
ਨਾ ਬੈਠੀ ਸਾਂ ਡੇਰੇ
ਨਿੱਤ ਨਮੀਆਂ ਮੈਂ ਜੋੜਾਂ ਬੋਲੀਆਂ,
ਬਹਿ ਕੇ ਮੋਟੇ ਨ੍ਹੇਰੇ
ਬੋਲ ਅਗੰਮੀ ਨਿਕਲਣ ਅੰਦਰੋਂ,
ਵਸ ਨਹੀਂ ਕੁਝ ਮੇਰੇ
ਮੇਲਣੇ ਨੱਚ ਲੈ ਨੀ, ਦੇ ਦੇ ਸ਼ੌਕ ਦੇ ਗੇੜੇ...

ਇਸ ਬੋਲੀ ਦੀ ਸਿਰਜਕ ਸਕੂਲੀ ਵਿੱਦਿਆ ਤਕ ਤਾਂ ਕੀ, 'ਗੁਰਮੁਖੀ' ਅੱਖਰਾਂ ਨੂੰ 'ਠਾਲਣ' ਜੋਗੀ ਵੀ ਨਹੀਂ ਹੈ ਪਰ ਉਸ ਨੂੰ ਸ਼ਾਇਰੀ ਦੀ ਚੇਤਨਾ ਹੈ। ਇਸੇ ਸਹਿਜ ਸੋਝੀ ਕਰਕੇ ਉਹ 'ਨਮੀਆਂ' ਬੋਲੀਆਂ ਜੋੜਦੀ ਹੈ। ਇਥੇ ਸ਼ਬਦ 'ਨਮੀਆਂ' ਮੌਲਿਕਤਾ ਦਾ ਵਾਚਕ ਹੈ। ਇਹ ਸਿਰਜਣਾ 'ਮੋਟੇ ਨ੍ਹੇਰੇ' ਅਰਥਾਤ ਇਕਾਂਤ ਨਾਲ ਸਬੰਧਤ ਹੈ। ਇਹ ਡੂੰਘੀ ਸੰਝ ਦੇ ਉਹ ਪਲ ਨੇ ਜਦੋਂ ਬੰਦਾ ਆਪਣੇ ਅੰਦਰ ਝਾਤੀ ਮਾਰ ਕੇ ਆਪੇ ਨਾਲ ਗੱਲਾਂ ਕਰ ਸਕਦਾ ਹੈ। ਮੋਟਾ ਨ੍ਹੇਰਾ ਉਸ ਨੂੰ ਜੱਗ ਤੋਂ ਓਹਲੇ ਹੋ ਕੇ ਆਪਣੇ ਆਪ ਨਾਲ ਇਕਾਗਰ ਹੋਣ ਦਾ ਮੌਕਾ ਵੀ ਦਿੰਦਾ ਹੈ ਅਤੇ ਅੰਦਰੋਂ ਪ੍ਰੇਰਨਾ ਵੀ। ਇਹ ਅਨੁਭਵ ਦੀ ਪੁਨਰ ਸਿਰਜਣਾ ਦੇ ਪਲ ਨੇ। ਮੋਟੇ ਨ੍ਹੇਰੇ ਦੇ ਇਕਾਂਤ ਵਿਚ ਸਿਰਜਕ



ਆਪਣੇ ਅਨੁਭਵ ਦੇ ਕਲਾ ਰੂਪ ਦੇ ਦਵੰਦਾਂ ਨਾਲ ਨਜਿੱਠਦੀ ਹੈ। ਉਹ ਉਚੇਚ ਨਾਲ ਆਪਣੇ ਬੋਲਾਂ ਨੂੰ ਕਾਵਿ ਦੀ ਠੁੱਕ ਦੇ ਮੁਹਾਵਰੇ ਵਿਚ ਢਾਲਦੀ ਹੈ। ਅੰਦਰਲੇ ਅਨੁਭਵ ਦੇ ਪ੍ਰਗਟਾ ਦੀ ਇਸ ਪ੍ਰੇਰਨਾ ਨੂੰ ਹੀ ਉਹ 'ਅਗੰਮੀ ਬੋਲ' ਕਹਿੰਦੀ ਹੈ। ਇਹ ਅਗੰਮੀ ਜਾਂ ਇਲਹਾਮੀ ਹੋਣ ਕਰਕੇ ਹੀ ਉਸ ਦੇ ਵਸੋਂ ਬਾਹਰ ਨੇ।

ਬੋਲੀਕਾਰ ਆਪਣੇ ਸਿਰਜਣ ਦੇ ਵਹਾਉ ਨੂੰ ਸਹਿਜੇ ਹੀ ਕਿਸੇ ਗੈਬੀ ਸ਼ਕਤੀ ਨਾਲ ਸਬੰਧਤ ਕਰਨਾ ਲੋੜਦਾ ਹੈ, ਕਿਉਂਕਿ ਉਸ ਲਈ ਇਹ ਸਭ ਕੁਝ ਰਹੱਸ ਭਰਿਆ ਤੇ ਆਪ ਮੁਹਾਰਾ ਹੈ ਪਰ ਇਥੇ ਧਿਆਨ ਯੋਗ ਨੁਕਤਾ ਇਹ ਹੈ ਕਿ ਸਿਰਜਕ ਇਕੋ ਸਮੇਂ ਦੀਆਂ ਵਿਰੋਧੀ ਦਿਸ਼ਾਵਾਂ ਵੱਲ ਤੁਰਨ ਦਾ ਸੰਕੇਤ ਦਿੰਦੀ ਹੈ। ਉਪਰ ਉਸ ਨੇ ਸਿਰਜਣਾ ਦੇ ਇਸ ਵਹਾਉ ਨੂੰ 'ਜੋੜ-ਤੋੜ' ਕਿਹਾ ਹੈ। ਕੀ ਇਥੇ ਆਵੇਸ਼ ਤੇ ਘਾੜਤ ਵਿਚ ਸਵੈ-ਵਿਰੋਧ ਨਹੀਂ ਹੈ? ਅਸਲ 'ਚ ਇਹ ਆਪ ਮੁਹਾਰੇ ਭਾਵਾਂ ਦੇ ਵੇਗ ਦਾ ਕਾਵਿ ਦੀ ਰੀਤ ਤੇ ਲੋਕ ਦੀ ਪਰੰਪਰਾ ਅਨੁਸਾਰ ਕੀਤਾ ਜਾ ਰਿਹਾ ਜੋੜ-ਤੋੜ ਹੈ। ਸਪਸ਼ਟ ਹੈ, ਇਹ ਪੂਰੀ ਤਰ੍ਹਾਂ ਚੇਤੰਨ ਕਾਰਜ ਹੈ। ਇਹ ਜੋੜ-ਤੋੜ ਕਦੇ-ਕਦੇ ਨਿਰੋਲ ਮੌਲਿਕ ਵੀ ਹੋ ਸਕਦਾ ਹੈ। ਕਦੇ ਪੂਰਵ ਸਿਰਜਤ ਦਾ ਨਵ-ਸਿਰਜਣ ਵੀ। ਇਹ ਇਕ ਪ੍ਰਕਾਰ ਪਰੰਪਰਾ ਦੇ ਨਵੀਨੀਕਰਨ ਦੀ ਕਿਰਿਆ ਹੈ।

ਗੀਤਕਾਰ ਅੰਤਿਮ ਸਤਰ ਵਿਚ ਆਪਣੇ ਬੋਲ ਨੂੰ ਹਾਣਨ ਦੇ ਨੱਚਣ ਨਾਲ ਸਬੰਧਤ ਕਰਦੀ ਹੈ। ਲੋਕ ਕਾਵਿ ਗਿੱਧੇ ਦੇ ਤਾੜੀ, ਨਾਚ ਜਾਂ ਗਾਇਕੀ ਨਾਲ ਸਬੰਧਤ ਹੋਣ ਕਰਕੇ ਲਾਜ਼ਮੀ ਹੀ ਸੰਗੀਤਕ ਹੁੰਦਾ ਹੈ। ਇਸ ਸੰਗੀਤਕਤਾ ਦਾ ਇਕ ਕਾਰਨ ਇਸ ਵਿਚਲੀ ਸਮੂਹਿਕ ਭਾਵਨਾ ਵੀ ਹੈ। ਲੋਕ ਗੀਤ ਮੂੰਹੋਂ-ਮੂੰਹ ਤੇ ਪੀੜ੍ਹੀਓਂ-ਪੀੜ੍ਹੀ ਚੱਲਦਾ ਹੋਇਆ ਸੰਗੀਤਕ ਧੁਨਾਂ ਵਿਚ ਢਲਦਾ ਚਲਾ ਜਾਂਦਾ ਹੈ।

ਬੋਲੀ ਸ਼ੁਰੂ ਤੋਂ ਅੰਤ ਤਕ ਪ੍ਰਤੱਖ ਸੰਬੋਧਨ ਵਿਚ ਚੱਲਦੀ ਹੈ। ਪਹਿਲਾਂ ਇਹ ਨਿੱਜ ਦੀ ਗੱਲ ਸੁਣਾਉਂਦੀ ਹੈ, ਫੇਰ ਦੂਜੇ ਨੂੰ ਇਸ ਨਾਲ (ਨਾਚ ਵਿਚ) ਸਾਂਝ ਪਾਉਣ ਦੀ ਪੇਸ਼ਕਸ਼ ਕਰਦੀ ਹੈ। ਲੋਕ-ਕਾਵਿ ਦੀ ਸਿਰਜਣ ਯਾਤਰਾ ਹੈ ਹੀ ਇਕ ਤੋਂ ਸਮੂਹ ਵੱਲ। ਮੇਲਣ ਤਦ ਹੀ ਨੱਚੇਗੀ ਜਦੋਂ ਉਸ ਦੇ ਦਿਲ ਦੀ ਗੱਲ ਇਸ ਬੋਲੀ ਵਿਚ ਕੀਤੀ ਹੋਵੇਗੀ। ਉਹ ਆਪਣੇ ਅੰਦਰਲੀ ਮਸਤੀ ਦੀ ਤਰੰਗ ਵਿਚ ਆ ਕੇ ਨੱਚੇਗੀ। ਇਸ ਤਰੰਗ ਨੂੰ ਛੇੜਨਾ ਬੋਲੀ ਦਾ ਕੰਮ ਹੈ।

ਇਸ ਤਰ੍ਹਾਂ ਲੋਕ-ਕਾਵਿ ਲਾਜ਼ਮੀ ਹੀ ਕਿਸੇ ਨਾ ਕਿਸੇ ਸਮਾਜਿਕ ਪ੍ਰਕਾਰਜ ਨਾਲ ਸਬੰਧਤ ਹੁੰਦਾ ਹੈ। ਇਸ ਬੋਲੀ ਵਿਚ ਸ਼ੌਕ ਦਾ ਗੇੜਾ ਜਿਥੇ ਲੋਕ-ਕਾਵਿ ਨੂੰ ਲੋਕ-ਸੰਗੀਤ ਤੇ ਲੋਕ-ਨਾਚ ਨਾਲ ਸਬੰਧਤ ਕਰਦਾ ਹੈ, ਉਥੇ ਇਹ ਵੀ ਸਪਸ਼ਟ ਕਰਦਾ ਹੈ ਕਿ ਲੋਕ-ਕਾਵਿ ਲੋਕਾਂ ਦੇ ਸ਼ੌਕ ਦੀ ਸਿਰਜਣਾ ਹੈ। ਇਹ ਉਨ੍ਹਾਂ ਦੇ ਨਿਸੰਗ ਜਜ਼ਬਿਆਂ ਦੀ ਸਿੱਧੀ-ਪੱਧਰੀ ਪੇਸ਼ਕਾਰੀ ਹੈ। ਲੋਕ-ਕਾਵਿ ਲੋਕਾਂ ਦੇ ਦਿਲਾਂ ਦਾ ਮਾਮਲਾ ਹੈ, ਜਿਹੜਾ ਕਿਸੇ ਵੀ ਨਾਜਾਇਜ਼ ਦਖ਼ਲ ਨੂੰ ਪ੍ਰਵਾਨ ਨਹੀਂ ਕਰਦਾ।

ਬੋਲੀ ਵਿਚ ਗੱਲ ਮੋਟੇ ਨ੍ਹੇਰੇ ਤੋਂ ਸ਼ੁਰੂ ਹੋ ਕੇ ਹਾਣਨਾਂ ਦੇ ਨੱਚਣ ਨਾਲ ਜਾ ਜੁੜੀ ਹੈ। ਮੋਟਾ ਨ੍ਹੇਰਾ ਵਿਅਕਤੀਗਤ ਪ੍ਰਕਿਰਿਆ ਹੈ ਤੇ ਨੱਚਣਾ ਸਮੂਹਿਕ। ਸੋ, ਲੋਕ-ਕਾਵਿ ਇਕੱਲੇ ਕਾਰੇ ਵਿਅਕਤੀਆਂ ਵੱਲੋਂ ਮਨ ਦੀ ਮੌਜ ਵਿਚ ਆ ਕੇ ਆਪਣੇ ਚਿੱਤ ਦੀ ਖੁਸ਼ੀ ਲਈ ਸਿਰਜਿਆ ਜਾਂਦਾ ਹੈ ਪਰ ਵਿਅਕਤੀਗਤ ਸਿਰਜਣਾ 'ਲੋਕ' ਤਦ ਹੀ ਬਣਦੀ ਹੈ, ਜਦੋਂ ਇਸ ਨੂੰ ਸਮੂਹ ਆਪਣੀ ਪ੍ਰਵਾਨਗੀ ਦੇ ਕੇ ਅਪਣਾ ਲੈਂਦਾ ਹੈ। ਇਕ ਤੋਂ ਚਲ ਕੇ ਸਮੂਹ ਦੀ ਪ੍ਰਵਾਨਗੀ ਜਿਥੇ ਲੋਕ-ਕਾਵਿ ਦੇ ਚਰਿਤਰ ਨੂੰ ਸਮੂਹ ਭਾਵੀ, ਸਮਾਜਿਕ ਤੇ ਪਰੰਪਰਾ ਮੁਖ ਬਣਾਉਂਦੀ ਹੈ, ਉਥੇ ਇਹ ਮੁੱਢੋਂ ਸੁੱਢੋਂ ਸੁਤੰਤਰ ਸਿਰਜਣਾ ਵੀ ਹੈ। ਅੰਤ ਵਿਚ ਸਾਰੀ ਬੋਲੀ ਸੰਪੂਰਨ ਇਕਾਈ ਬਣਦੀ ਹੈ। ਗੱਲ ਨਿੱਜ ਤੋਂ ਸਾਂਝ ਵੱਲ ਅਤੇ ਸਮੂਹ ਵੱਲ ਤੁਰਦੀ ਹੈ।

ਲੋਕ-ਕਾਵਿ ਦੇ ਸਮੂਹਿਕ ਸੁਭਾਅ ਦੀ ਇਕ ਹੋਰ ਪਛਾਣ ਹੈ: ਇਸ ਦਾ ਪੀੜ੍ਹੀਓ-ਪੀੜ੍ਹੀ ਮੌਖਿਕ ਰੂਪ ਵਿਚ ਚਲਦੇ ਜਾਣਾ। ਤੁਰਦੇ ਰਹਿਣਾ ਹੀ ਲੋਕ-ਕਾਵਿ ਦਾ ਜੀਵਨ ਹੈ। ਇਹ ਪਰੰਪਰਾ ਕਈ ਵਾਰ ਉਚੇਚ ਨਾਲ ਗੁਰੂ ਚੇਲੇ ਦੀ ਰੀਤ ਵਿਚ ਤੁਰਦੀ ਹੈ।

ਸੋ, ਵਿਅਕਤੀਗਤ ਕਿਰਤਾਂ ਜਿਨ੍ਹਾਂ ਵਿਚੋਂ ਲੋਕ ਦੀ ਭਾਵਨਾ ਬੋਲਦੀ ਹੈ, ਪਰੰਪਰਾ ਵਿਚ ਪੈ ਕੇ ਸਮੂਹਿਕ ਹੋ ਜਾਂਦੀਆਂ ਹਨ ਪਰ ਅੰਤਿਮ ਰੂਪ ਵਿਚ ਇਹ ਕਿਰਤਾਂ ਹੁੰਦੀਆਂ ਨਿੱਜੀ ਸਿਰਜਨਾਵਾਂ ਹੀ ਹਨ। ਇਨ੍ਹਾਂ ਨਿੱਜੀ ਕਿਰਤਾਂ ਨੂੰ ਸਾਡੀਆਂ ਯੂਨੀਵਰਸਿਟੀਆਂ ਦੇ ਵਿਦਵਾਨ ਗੁੰਮਨਾਮ ਲੋਕਾਂ ਦੀਆਂ ਗੁੰਮਨਾਮ ਕਿਰਤਾਂ ਦੇ ਤੌਰ 'ਤੇ ਪੜ੍ਹਾਉਂਦੇ ਹਨ।

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਜੁਲਾਈ 2019 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-387



***ਸੂਟ ਤੇ ਨਿਕ-ਸੁਕ ਝੋਲੇ ਪਾਇਆ, ਬਿਸਕੁਟ ਪੀਪੇ ਵਿਚ।***
***ਬੇਬੇ ਜੀ ਨੇ ਸੰਧਾਰਾ ਦੇਣ ਦੀ, ਲਈ ਤਿਆਰੀ ਖਿੱਚ!***

## ਕੈਪਸ਼ਨ ਮੁਕਾਬਲਾ-385



ਪੱਠੇ ਲੈਣ ਖੇਤਾਂ ਨੂੰ ਤੁਰ ਪਏ,
ਬੱਚੇ ਗੱਡੇ ਉਤੇ ਚੜ੍ਹ ਕੇ।
ਗੱਡੇ ਉਤੇ ਖੜ੍ਹ ਭੰਗੜਾ ਪਾਂਦੇ,
ਦਾਤੀਆਂ ਹੱਥੀਂ ਫੜ ਕੇ।
ਪੇਂਡੂ ਲੋਕਾਂ ਨੂੰ ਬੜੇ ਪਿਆਰੇ,
ਖੇਤੀ ਲਈ ਲੋੜੀਂਦੇ ਸੰਦ।
ਇੰਜ ਤਾਂ ਬੱਚੇ ਰੋਜ਼ ਖੇਡਦੇ,
ਡਰ ਸ਼ਹਿਰੀ ਕਰਦੇ ਬੰਦ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਛੁੱਟੀਆਂ ਦੇ ਵਿਚ ਆਏ ਨਾਨਕੀਂ
ਮਨ ਦੀ ਮਰਜੀ ਅਸੀਂ ਪੁਗਾਈਏ।
ਰੇੜ੍ਹੇ ਤਾਈਂ ਸਟੇਜ ਬਣਾ ਕੇ
ਨੱਚੀਏ, ਟੱਪੀਏ, ਭੰਗੜੇ ਪਾਈਏ।

***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ, ਐਮ. ਬੀ. (ਕੈਨੇਡਾ)***
***ਫੋਨ: 1-431-887-7222)***

---

ਬੱਚਿਆਂ ਨੂੰ ਵੱਖਰਾ ਹੀ ਨਜ਼ਾਰਾ ਆਵੇ
ਨਾਨਕੇ ਪਿੰਡ ਛੁੱਟੀਆਂ ਮਨਾਉਣ ਦਾ।
ਚੁੱਕ ਦਾਤੀਆਂ ਗੱਡੇ ਉਤੇ ਚੜ੍ਹ'ਗੇ
ਮਿਲ ਗਿਆ ਮੌਕਾ ਖੌਰੂ ਪਾਉਣ ਦਾ।
ਬਚਪਨ ਦੀਆਂ ਖੇਡਾਂ ਖੇਡਦੇ ਅਣਭੋਲ ਨੇ
ਭਰਦੇ ਖਜਾਨੇ ਇਹ ਖੁਸ਼ੀਆਂ ਅਨਮੋਲ ਨੇ।

***-ਦਵਿੰਦਰ ਕੌਰ***

---

ਆਈ ਵਿਸਾਖੀ ਚੜ੍ਹ ਗੱਡੇ 'ਤੇ,
ਬੱਚੇ ਭੰਗੜਾ ਪਾਉਂਦੇ।
ਦਾਤੀ ਸਾਡੀ ਰੋਜ਼ੀ ਰੋਟੀ,
ਹੱਥਾਂ ਵਿਚ ਲਹਿਰਾਉਂਦੇ।
ਦਾਤੀ ਸਾਡੀ ਪੱਠੇ ਵੱਡਦੀ,
ਦਾਤੀ ਭੁੰਨਦੀ ਦਾਣੇ।
ਭੱਠੀ ਦੇ ਵਿਚ ਭੁੱਜੇ ਦਾਣੇ,
ਖਾਂਦੇ ਬਾਲ ਸਿਆਣੇ।
ਊਚ-ਨੀਚ ਦਾ ਭੇਦ ਮਿਟਾ ਕੇ,
ਸਾਰੇ ਏਕਾ ਕਰੀਏ।
ਮਿੱਟੀ ਦੇ ਨਾਲ ਮਿੱਟੀ ਹੋ ਕੇ,
ਢਿੱਡ ਦੇਸ਼ ਦਾ ਭਰੀਏ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਦਾਤੀ, ਰੰਭਾ ਨਿਸ਼ਾਨੀ ਕਿਸਾਨ ਦੀ
ਜੋ ਲੋੜੀਂਦੀ ਚਾਰਾ ਕੱਟਣ ਲਈ।
ਹੋ ਜਾਵੇ ਵਾਢੀ ਖਤਮ
ਛੱਡ ਮਰੂੰਡਾ ਕਿਸਾਨ
ਹਵਾ 'ਚ ਦਾਤੀ ਲਹਿਰਾਉਂਦਾ
ਬੱਚੇ ਦੇਖ ਉਵੇਂ ਹੀ ਕਰਦੇ।
ਬੋਲੀ ਪਾਉਂਦਾ ਮੁੰਦਾ ਦਾਤੀ ਉਪਰ ਕਰ
ਮਗਰੇ ਕੁੜੀ ਹੇਕ ਲਾ ਕੇ
ਦਾਤੀ ਉਤਾਂਹ ਗੀਤ ਗਾਉਂਦੀ
ਆਈ ਵਾਢੀ ਰਲ ਮਿਲ ਸੱਭੇ
ਪਾਉਣ ਧਮਾਲਾਂ ਗੱਡੇ ਉਤੇ ਚੜ੍ਹ
ਉਠੋ ਰਲ ਮਿਲ ਗੀਤ ਖੁਸ਼ੀ ਦੇ ਗਾਓ।
ਪਰ ਸ਼ਹਿਰੀਏ ਰੱਖਦੇ ਚਾਕੂ ਨੇਫਿਆਂ 'ਚ
ਲੁਕ ਕੇ ਵਾਰ ਕਰ ਜਾਂਦੇ।

***-ਦਰਸ਼ਨਪਾਲ ਦੋਸਾਂਝ***

# ਸੋਗ ਮਨਾਉਣ ਜੋਗੇ ਵੀ ਨਹੀਂ ਰਹੇ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਨਜ਼ਰਅੰਦਾਜ਼ੀ ਦਾ ਵਿਖਿਆਨ ਕਰਦਿਆਂ ਕਿਹਾ ਸੀ, "ਨਜ਼ਰਅੰਦਾਜ਼ੀ, ਪ੍ਰਤੱਖ ਵੀ ਤੇ ਅਪ੍ਰਤੱਖ ਵੀ, ਸਾਹਮਣੇ ਵੀ ਤੇ ਓਹਲੇ 'ਚ ਵੀ ਅਤੇ ਗੱਲਬਾਤ 'ਚ ਵੀ ਤੇ ਲਿਖਤ 'ਚ ਵੀ।" ਉਨ੍ਹਾਂ ਦੀ ਨਸੀਹਤ ਹੈ, "ਰੁੱਸਿਆਂ ਨੂੰ ਨਜ਼ਰਅੰਦਾਜ਼ ਨਾ ਕਰੋ, ਸਗੋਂ ਮਨਾਓ। ਪਤਾ ਨਹੀਂ ਕਿਸ ਮੋੜ 'ਤੇ ਸਾਹ ਬੇਵਫਾ ਹੋ ਜਾਣ ਅਤੇ ਜ਼ਿੰਦਗੀ ਦੀ ਸ਼ਾਮ ਉਤਰ ਆਵੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੋਗ 'ਤੇ ਸੋਗ ਮਨਾਇਆ ਹੈ। ਉਹ ਕਹਿੰਦੇ ਹਨ, "ਸੋਗ, ਛੋਟਾ ਜਾਂ ਵੱਡਾ, ਤੇਰਾ ਜਾਂ ਮੇਰਾ, ਆਪਣਾ ਜਾਂ ਬੇਗਾਨਾ ਅਤੇ ਥੋੜ੍ਹਾ ਜਾਂ ਜ਼ਿਆਦਾ ਨਹੀਂ ਹੁੰਦਾ। ਸੋਗ, ਸਿਰਫ ਸੋਗ ਹੁੰਦਾ।...ਸੋਗ ਨੂੰ ਸਦੀਵੀ ਸੰਤਾਪ ਬਣਾਉਣਾ ਮਾੜਾ। ਸੋਗ-ਭੱਠੀ ਵਿਚ ਸੜਨਾ ਬੇਵਕੂਫੀ।...ਸੋਗ ਕਦੇ ਮਾਂ, ਬਾਪ, ਭੈਣ, ਭਰਾ, ਪਤਨੀ, ਪਤੀ ਜਾਂ ਅਜਿਹੇ ਹੋਰ ਨੇੜਲੇ ਰਿਸ਼ਤੇਦਾਰ ਦੇ ਸਦੀਵੀ ਵਿਛੋੜੇ ਜਾਂ ਕਿਸੇ ਭਿਆਨਕ ਹੋਣੀ ਵਿਚ ਗ੍ਰਸੇ ਜਾਣ ਪਿਛੋਂ ਹੁੰਦਾ।" ਉਨ੍ਹਾਂ ਦਾ ਗਿਲਾ ਹੈ, "ਸੋਗ ਜਦ ਸ਼ੁਗਲ ਦੇ ਰਾਹ ਤੁਰਦਾ ਤਾਂ ਮਰ ਜਾਂਦੀ ਮਨੁੱਖਤਾ ਅਤੇ ਮਾਨਵੀ ਬਿਰਤੀਆਂ ਦਾ ਹੋ ਜਾਂਦਾ ਚੀਰ-ਹਰਨ। 'ਕੇਰਾਂ ਕਿਸੇ ਦੇ ਅਫਸੋਸ 'ਤੇ ਗਏ ਤਾਂ ਉਸ ਨੇ ਆਣ ਲੱਗਿਆਂ ਸ਼ਰਾਬ ਦੀ ਮਹਿਫਿਲ ਸਜਾ ਲਈ।" ਡਾ. ਭੰਡਾਲ ਦੀ ਨਸੀਹਤ ਹੈ ਕਿ ਸੋਗ ਮੰਨਣ, ਮਨਾਉਣ ਤੇ ਵੰਡਾਉਣ ਦੀ ਆਦਤ ਪਾਓ। ਕਿਸੇ ਦੇ ਦੁੱਖ ਵਿਚ ਸ਼ਰੀਕ ਹੋਵੋ, ਉਸ ਦੀ ਪੀੜਾ ਨੂੰ ਪਛਾਣੋ, ਜਾਣੋ ਅਤੇ ਵੰਡਾਓ। -ਸੰਪਾਦਕ*

ਸੋਗ, ਅਣ-ਕਿਆਸੀ ਤੇ ਅਚਨਚੇਤੀ ਘਟਨਾ, ਭਿਆਨਕ ਹਾਦਸਾ, ਪਿਆਰੇ ਦਾ ਸਦੀਵੀ ਵਿਛੋੜਾ, ਮੌਤ ਦਾ ਮਾਤਮ, ਜੀਵਨ-ਤੋਰ ਵਿਚ ਉਗੀਆਂ ਸੂਲਾਂ ਅਤੇ ਸਾਹਾਂ 'ਚੋਂ ਸੁਗੰਧ ਦਾ ਮਨਫੀ ਹੋਣਾ।

ਸੋਗ, ਸਾਹਾਂ ਦੀ ਨਿਰੰਤਰਤਾ ਵਿਚ ਹਉਕਾ, ਪੈਰਾਂ ਦੀ ਤੋਰ ਵਿਚਲੀ ਨਿੱਸਲਤਾ, ਹੱਥਾਂ ਦੀ ਹਿਲਜੁਲ ਨੂੰ ਵਿਸ਼ਰਾਮ ਅਤੇ ਸਰੀਰਕ ਕ੍ਰਿਆਵਾਂ ਨੂੰ ਠਹਿਰ ਜਾਣ ਦਾ ਆਦੇਸ਼।

ਸੋਗ, ਭੁੱਖ ਦਾ ਮਰਨਾ, ਬੋਲਾਂ 'ਚ ਮਾਤਮੀ ਚੁੱਪ, ਹਰਫਾਂ ਵਿਚ ਹਾਵਿਆਂ ਦੀ ਰੁਮਕਣੀ ਅਤੇ ਅਰਥਾਂ ਵਿਚ ਅੰਤਿਮ-ਅਰਦਾਸ।

ਸੋਗ, ਆਪਣੇ ਆਪ ਨੂੰ ਬੇਦਾਵਾ, ਖੁਦ ਤੋਂ ਕਿਨਾਰਾਕਸ਼ੀ, ਖਾਣ-ਪੀਣ ਅਤੇ ਪਹਿਨਣ ਦੀ ਨਹੀਂ ਕੋਈ ਉਗ-ਸੁਘ, ਸਾਹਾਂ 'ਚ ਹਟਕੋਰੇ। ਆਪਣੀ ਅਰਥੀ ਨੂੰ ਮੋਢੇ 'ਤੇ ਢੋਣਾ ਅਤੇ ਅੰਤਰੀਵ 'ਚ ਖੁਰਦਿਆਂ ਕਣ-ਕਣ ਹੋਣਾ।

ਸੋਗ, ਸਮਾਂ, ਸਥਾਨ, ਸਥਿਤੀ ਅਤੇ ਸਮੀਕਰਨ ਨਹੀਂ ਦੇਖਦਾ। ਕਿਧਰੇ ਵੀ, ਕਿਸੇ ਨਾਲ, ਕਿਸੇ ਵੀ ਹਾਲਾਤ ਤੇ ਤਰੀਕੇ ਰਾਹੀਂ ਕਹਿਰ ਵਰਤਾਉਂਦਾ ਅਤੇ ਮਨੁੱਖ ਨੂੰ ਇਮਹਿਤਾਨ ਵਿਚ ਪਾਉਂਦਾ।

ਸੋਗ ਜਦ ਸ਼ੁਗਲ ਦੇ ਰਾਹ ਤੁਰਦਾ ਤਾਂ ਮਰ ਜਾਂਦੀ ਮਨੁੱਖਤਾ ਅਤੇ ਮਾਨਵੀ ਬਿਰਤੀਆਂ ਦਾ ਹੋ ਜਾਂਦਾ ਚੀਰ-ਹਰਨ। 'ਕੇਰਾਂ ਕਿਸੇ ਦੇ ਅਫਸੋਸ 'ਤੇ ਗਏ ਤਾਂ ਉਸ ਨੇ ਆਣ ਲੱਗਿਆਂ ਸ਼ਰਾਬ ਦੀ ਮਹਿਫਿਲ ਸਜਾ ਲਈ। ਮਨ ਦੀਆਂ ਸੂਖਮ ਭਾਵਨਾਵਾਂ, ਸੋਗ ਦਾ ਮਰਸੀਆ ਪੜ੍ਹਨ ਲੱਗ ਪਈਆਂ। ਇਹ ਕੇਹੀ ਮਾਨਸਿਕਤਾ ਏ ਅਜੋਕੇ ਮਨੁੱਖ ਦੀ! ਉਹ ਸੋਗ ਵਿਚੋਂ ਸ਼ੁਗਲ ਦੀ ਤਵੱਕੋਂ ਰੱਖਣ ਲੱਗ ਪਿਆ ਏ?

ਸੋਗ, ਸਮਿਆਂ ਦੀ ਤ੍ਰਾਸਦੀ, ਮਨ ਦੀਆਂ ਤਹਿਆਂ ਵਿਚ ਦਰਦ ਦੀ ਸਰਸਰਾਹਟ ਅਤੇ ਕੋਮਲ ਸੋਚਾਂ ਵਿਚ ਵਾਪਰੀ ਅਣਹੋਣੀ ਦੀ ਦਸਤਕ। ਇਸ ਵਿਚੋਂ ਉਭਰਨ ਦੀ ਸੰਭਾਵਨਾ ਕਦੇ ਮੱਧਮ ਪਰ ਕਦੇ ਰੌਸ਼ਨ ਹੁੰਦੀ।

ਸੋਗ ਸਿਸਕ ਕੇ ਰਹਿ ਜਾਂਦਾ ਜਦ ਸੋਗ ਵੰਡਾਉਣ ਦੀ ਰੁੱਤੇ ਆਪਾ-ਧਾਪੀ ਦਾ ਮਾਹੌਲ, ਘਰ ਦੀ ਫਿਜ਼ਾ ਨੂੰ ਗੰਧਲੀ ਕਰ, ਮਨੁੱਖੀ ਕਮੀਨਗੀ ਤੇ ਲਾਲਚਪੁਣੇ ਨੂੰ ਜੱਗ ਜਾਹਰ ਕਰਦਾ। ਮਾਪਿਆਂ ਦੀ ਮੌਤ 'ਤੇ ਬੱਚਿਆਂ ਵਲੋਂ ਰਸਮਾਂ ਦੀ ਵੰਡ ਵੰਡਾਈ ਜਾਂ ਉਨ੍ਹਾਂ ਦੀਆਂ ਨਿਸ਼ਾਨੀਆਂ ਦੀ ਖੋਹ-ਖਿੰਝ ਜਦ ਸ਼ੁਰੂ ਹੁੰਦੀ ਤਾਂ ਮਾਪਿਆਂ ਦੀ ਰੂਹ ਕੁਰਲਾ ਉਠਦੀ ਅਤੇ ਉਨ੍ਹਾਂ ਦੀ ਵਿਛੜੀ ਰੂਹ ਨੂੰ ਆਪਣੀ ਔਲਾਦ 'ਤੇ ਹੀ ਨਮੋਸ਼ੀ ਆਉਂਦੀ।

ਸੋਗ, ਛੋਟਾ ਜਾਂ ਵੱਡਾ, ਤੇਰਾ ਜਾਂ ਮੇਰਾ, ਆਪਣਾ ਜਾਂ ਬੇਗਾਨਾ ਅਤੇ ਥੋੜ੍ਹਾ ਜਾਂ ਜ਼ਿਆਦਾ ਨਹੀਂ ਹੁੰਦਾ। ਸੋਗ, ਸਿਰਫ ਸੋਗ ਹੁੰਦਾ।

ਸੋਗ ਨੂੰ ਜਾਤ, ਫਿਰਕੇ, ਹੱਦਾਂ-ਸਰਹੱਦਾਂ, ਨਸਲ, ਧਰਮ ਆਦਿ 'ਚ ਨਹੀਂ ਵੰਡਿਆ ਜਾ ਸਕਦਾ। ਹਰ ਮਨੁੱਖ ਹੀ ਜੀਵਨ ਵਿਚ ਸੋਗ ਦੀਆਂ ਪਰਤਾਂ ਫਰੋਲਦਾ, ਰਮਜ਼ਾਂ ਨੂੰ ਰੂਹ 'ਚ ਵਸਾਉਂਦਾ, ਹੰਢਾਉਂਦਾ ਅਤੇ ਆਖਰ ਨੂੰ ਇਸ 'ਤੇ ਫਤਿਹ ਪਾ, ਜੀਵਨ ਤੋਰ ਨੂੰ ਡਗਮਗਾਉਣ ਨਹੀਂ ਦਿੰਦਾ। ਹਾਂ! ਕੁਝ ਚਿਰ ਲਈ ਤੋਰ ਵਿਚ ਅਸਾਂਵਾਂਪਣ ਜਰੂਰ ਪੈਦਾ ਹੁੰਦਾ।

*ਸੋਗ ਸਿਸਕ ਕੇ ਰਹਿ ਜਾਂਦਾ ਜਦ ਸੋਗ ਵੰਡਾਉਣ ਦੀ ਰੁੱਤੇ ਆਪਾ-ਧਾਪੀ ਦਾ ਮਾਹੌਲ, ਘਰ ਦੀ ਫਿਜ਼ਾ ਨੂੰ ਗੰਧਲੀ ਕਰ, ਮਨੁੱਖੀ ਕਮੀਨਗੀ ਤੇ ਲਾਲਚਪੁਣੇ ਨੂੰ ਜੱਗ ਜਾਹਰ ਕਰਦਾ। ਮਾਪਿਆਂ ਦੀ ਮੌਤ 'ਤੇ ਬੱਚਿਆਂ ਵਲੋਂ ਰਸਮਾਂ ਦੀ ਵੰਡ ਵੰਡਾਈ ਜਾਂ ਉਨ੍ਹਾਂ ਦੀਆਂ ਨਿਸ਼ਾਨੀਆਂ ਦੀ ਖੋਹ-ਖਿੰਝ ਜਦ ਸ਼ੁਰੂ ਹੁੰਦੀ ਤਾਂ ਮਾਪਿਆਂ ਦੀ ਰੂਹ ਕੁਰਲਾ ਉਠਦੀ ਅਤੇ ਉਨ੍ਹਾਂ ਦੀ ਵਿਛੜੀ ਰੂਹ ਨੂੰ ਆਪਣੀ ਔਲਾਦ 'ਤੇ ਹੀ ਨਮੋਸ਼ੀ ਆਉਂਦੀ।*

ਸੋਗ ਨੂੰ ਸਦੀਵੀ ਸੰਤਾਪ ਬਣਾਉਣਾ ਮਾੜਾ। ਸੋਗ-ਭੱਠੀ ਵਿਚ ਸੜਨਾ ਬੇਵਕੂਫੀ। ਸੋਗੀ-ਸੁਰਾਂ ਕਾਰਨ ਜਿੰਦ-ਬਹਾਰ ਵਿਚ ਪਤਝੜ ਦਾ ਸਦੀਵੀ ਬਸੇਰਾ ਕਰ ਦੇਣਾ, ਨਾਲਾਇਕੀ। ਸੋਗ-ਜੂਹਾਂ ਨੂੰ ਪੈੜ-ਰਾਹਾਂ ਨਾਲ ਨਾਪਣਾ ਸਿਆਣਪ ਨਹੀਂ। ਸਿਆਣਪ ਇਹ ਹੁੰਦੀ ਕਿ ਸੋਗ ਵਿਚ ਵੀ ਸਾਹ-ਸਦੀਵਤਾ, ਚੰਗੇਰੀ ਸੰਭਾਵਨਾ, ਸਾਬਤ-ਸਮਰੱਥਾ ਅਤੇ ਸੁਪਨ-ਸਾਜ਼ਗਾਰੀ ਨੂੰ ਜਿਉਂਦਾ ਰੱਖਿਆ ਜਾਵੇ। ਲੋੜ ਹੁੰਦੀ ਏ, ਇਸ ਦੇ ਚੌਗਿਰਦੇ ਵਿਚ ਤ੍ਰੇਲ-ਤੁਪਕਿਆਂ ਨੂੰ ਚੋਣਾ ਅਤੇ ਇਨ੍ਹਾਂ ਵਿਚੋਂ ਡਲਕਦੀ ਰੰਗ-ਆਬਸ਼ਾਰ ਨੂੰ ਸੁੱਚੀਆਂ ਭਾਵਨਾਵਾਂ ਦੇ ਨਾਮ ਕਰਨਾ।

ਸੋਗ ਮਨਾਉਣਾ, ਹਰੇਕ ਸਮਾਜ ਵਰਤਾਰੇ ਦਾ ਅਹਿਮ ਤੇ ਅਟੁੱਟ ਹਿੱਸਾ। ਵੰਡਿਆਂ ਦੁੱਖ ਘਟਦਾ। ਚੀਸ ਨੂੰ ਮਿਲਦੀ ਰਾਹਤ, ਚਸਕਦੇ ਫੱਟਾਂ 'ਤੇ ਟਕੋਰ ਦਾ ਅਹਿਸਾਸ ਅਤੇ ਅੱਲ੍ਹੇ ਜ਼ਖਮਾਂ 'ਤੇ ਮਰਹਮ ਨਾਲ ਭਰੇ ਫਹਿਆਂ ਦੀ ਤਾਮੀਰਦਾਰੀ। ਆਪਣਿਆਂ ਦੇ ਗਲ ਲੱਗ ਕੇ ਰੋਇਆਂ, ਰੁਆਂਸੀ ਜ਼ਿੰਦ ਨੂੰ ਸਬਰ ਆਉਂਦਾ ਤੇ ਸਕੂਨ ਮਿਲਦਾ।

ਸੋਗ ਮਨਾਉਣ ਦਾ ਅਰਥ ਹੈ, ਦਰਦਾਂ ਨੂੰ ਸਾਂਝਾ ਕਰਕੇ ਮਨ ਨੂੰ ਹੌਲਾ ਕਰਨਾ, ਮਿੱਤਰ-ਮੋਢੇ 'ਤੇ ਸਿਰ ਰੱਖ ਕੇ ਰੋਣਾ, ਦਿਲ ਦੇ ਦਰਦ ਨੂੰ ਨੈਣ-ਨੀਰ 'ਚ ਡਬੋਣਾ ਅਤੇ ਆਪਣਿਆਂ ਦੀ ਦਿਲਬਰੀ ਨੂੰ ਦਿਲਗੀਰੀ ਦੀ ਦਵਾ ਬਣਾਉਣਾ।

ਸੋਗ ਵਿਚ ਸ਼ਾਮਲ ਹੋਣਾ, ਮਨੁੱਖੀ ਭਾਵਨਾਵਾਂ ਦੀ ਸੁੱਚੀ ਤਰਜ਼ਮਾਨੀ, ਜਿਉਂਦੇ ਮਨੁੱਖ ਦਾ ਬਿੰਬ, ਸੂਖਮ ਅਹਿਸਾਸਾਂ ਦੀ ਨਿਸ਼ਾਨਦੇਹੀ ਅਤੇ ਜਾਗਦੇ ਹੋਣ ਦੀ ਨਿਸ਼ਾਨੀ। ਸਿਰਫ ਜਿਉਂਦਾ ਬੰਦਾ ਹੀ ਕਿਸੇ ਦੀ ਪੀੜਾ 'ਚ ਖੁਦ ਪੀੜਾ ਪੀੜਾ ਹੋ ਜਾਂਦਾ।

ਸੋਗ 'ਚ ਕੁਝ ਵਿਅਕਤੀਆਂ ਦੀਆਂ ਸਿੱਲੀਆਂ ਅੱਖਾਂ ਇਸ ਗੱਲ ਦਾ ਪ੍ਰਮਾਣ ਕਿ ਉਹ ਪਰਾਏ ਦੁੱਖ ਵਿਚੋਂ ਵੀ ਖੁਦ ਦੇ ਦੁੱਖ ਦੀ ਨਿਸ਼ਾਨਦੇਹੀ ਕਰਦਾ ਹੈ। ਕਿਸੇ ਦੀ ਹੂਕ ਉਸ ਦੇ ਅੰਤਰੀਵ ਨੂੰ ਝੰਜੋੜਦੀ ਅਤੇ ਇਸ 'ਚੋਂ ਫੁੱਟਦੀ ਏ ਖਾਰੇ ਪਾਣੀ ਦੀ ਨੈਂਅ, ਜੋ ਉਸ ਦੇ ਅੰਦਰ ਦੱਬੇ ਦਰਦ ਲਈ ਰਾਹਤ ਬਣਦੀ।

ਸੋਗ ਮਨਾਉਣਾ, ਸੁੱਚਾ ਵਰਤਾਰਾ। ਮਨੁੱਖ ਵਲੋਂ ਮਨੁੱਖ ਹੋਣ ਦਾ ਫਰਜ਼। ਦੁਖੀ ਨੂੰ ਗਲਵੱਕੜੀ ਵਿਚ ਲੈ ਕੇ ਵਰਾਉਣਾ, ਅੱਥਰੂ ਪੂੰਝਣਾ ਅਤੇ ਦੁੱਖ 'ਚੋਂ ਉਭਰਨ ਲਈ ਹੱਲਾਸ਼ੇਰੀ ਦੇਣਾ।

ਸੋਗ, ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਹਰ ਵਿਅਕਤੀ ਹੰਢਾਉਂਦਾ। ਕੁਝ ਲਈ ਬਾਹਰੀ ਪੀੜਾ, ਮਸੋਸਿਆ ਮੁਹਾਂਦਰਾ ਅਤੇ ਅੱਖਾਂ 'ਚੋਂ ਬੇਮੁਹਾਰੇ ਹੰਝੂਆਂ ਦਾ ਕਾਫਲਾ ਹੁੰਦਾ ਜਾਂ ਕੁਝ ਲਈ ਅੰਤਰੀਵ 'ਤੇ ਪਈਆਂ ਸਦੀਵ ਝਰੀਟਾਂ, ਜੋ ਸਦਾ ਚਸਕਦੀਆਂ; ਮਨੁੱਖੀ ਮਾਨਸਿਕਤਾ ਨੂੰ ਕੋਹੇ ਜਾਣਾ।

ਸੋਗ ਮਨਾਉਣ ਦਾ ਤਰੀਕਾ ਵੱਖ ਵੱਖ ਸਭਿਅਤਾਵਾਂ, ਕੌਮਾਂ ਅਤੇ ਧਰਮਾਂ ਵਿਚ ਵੱਖੋ ਵੱਖ। ਵੱਖੋ ਵੱਖਰੀਆਂ ਰਸਮਾਂ ਅਤੇ ਮਰਿਆਦਾਵਾਂ। ਸੋਗ ਹੀ ਮਨੁੱਖ ਨੂੰ ਉਸ ਸਦੀਵੀ ਸੱਚ ਦੇ ਰੂਬਰੂ ਕਰਵਾਉਂਦਾ, ਜਿਸ ਤੋਂ ਅਸੀਂ ਦੂਰ ਹੋਣਾ ਲੋਚਦੇ।

ਸੋਗ ਦਾ ਸਮਾਂ ਵੀ ਵੱਖਰਾ-ਵੱਖਰਾ। ਇਹ ਪਲ, ਘੜੀ, ਪਹਿਰ, ਦਿਨ, ਮਹੀਨੇ, ਸਾਲ ਤੋਂ ਸਦੀਆਂ ਤੀਕ ਵੀ ਫੈਲ ਸਕਦਾ। ਇਹ ਸੋਗ ਦੀ ਕਿਸਮ, ਗਹਿਰਾਪਣ, ਜ਼ਖਮਾਂ ਦੀ ਗਿਣਤੀ ਤੇ ਡੂੰਘਾਈ, ਆਪਣਿਆਂ ਜਾਂ ਬਿਗਾਨਿਆਂ ਦੇ ਦਿੱਤੇ ਉਤੇ ਨਿਰਭਰ ਕਰਦਾ। ਇਸ ਦਾ ਸੇਕ ਬਹੁਤੀ ਵਾਰ ਭਵਿੱਖਮੁਖੀ ਘਟਨਾਵਾਂ ਦੀ ਧਰਾਤਲ ਵੀ ਬਣਦਾ। ਦੁਨੀਆਂ ਭਰ ਵਿਚ ਬਹੁਤ ਸਾਰੀਆਂ ਘਟਨਾਵਾਂ, ਲਹਿਰਾਂ ਆਦਿ ਦੀ ਅੰਤਰਮੁਖਤਾ ਵਿਚ ਸੋਗ ਦਾ ਸੁਲਘਣਾ ਹੀ ਸੀ, ਜੋ ਹੌਲੀ ਹੌਲੀ ਲਾਵੇ ਦਾ ਰੂਪ ਧਾਰ, ਇਨਕਲਾਬੀ ਸੋਚਧਾਰਾ ਦਾ ਕਾਰਨ ਬਣਿਆ।

ਸੋਗੀ ਰੂਹ ਨੂੰ ਸਹਿਲਾਓ, ਗੁੱਝੀਆਂ ਰਮਜ਼ਾਂ ਦੀ ਥਾਹ ਪਾਓ, ਲਿਲਕੜੀਆਂ ਨੂੰ ਥਪਥਪਾਓ, ਚੁੱਪ ਕਰਾਓ ਅਤੇ ਸੋਗ ਵਿਚੋਂ ਹੀ ਸੰਜੀਦਗੀ, ਸਿਰੜ ਅਤੇ ਸਿਦਕਦਿਲੀ ਨੂੰ ਆਪਣੇ ਮਨਮਸਤਕ ਦੇ ਨਾਮ ਲਾਓ ਤਾਂ ਕਿ ਸੋਗ ਕਦੇ ਵੀ ਗਿੱਲੀ ਲੱਕੜ ਦਾ ਧੂੰਆਂ ਨਾ ਬਣੇ। ਇਸ ਦੇ ਸੇਕ ਵਿਚ ਝੁਲਸ ਜਾਣੇ ਨੇ ਚਾਅ-ਦੁਲਾਰ ਅਤੇ ਧੂੰਏਂ ਵਿਚ ਗੁੰਮ ਜਾਣੀਆਂ ਨੇ ਸੁਪਨ-ਦੇਸ਼ ਨੂੰ ਜਾਣ ਵਾਸਤੇ ਸਿਰਜੀਆਂ ਜਾਣ ਵਾਲੀਆਂ ਪੈੜਾਂ।

ਸੋਗ ਮਨਾਉਣਾ ਵੀ ਮਨੁੱਖੀ ਬਿਰਤੀ ਦਾ ਸੂਖਮ ਅੰਦਾਜ਼, ਬਿਹਤਰੀਨ ਕਲਾ। ਉਹ ਸੋਗ ਨੂੰ ਸੁਹਜ ਤੇ ਸਲੀਕੇ ਰਾਹੀਂ ਸਦਭਾਵਨਾ, ਸਹਿਯੋਗ ਅਤੇ ਸਹਿਚਾਰੇ ਨੂੰ ਸਿਰਜਣ ਵਿਚ ਮੋਹਰੀ। ਅਜਿਹੇ ਸੰਜੀਦਾ ਵਿਅਕਤੀ ਹਮੇਸ਼ਾ ਜ਼ਿੰਦਗੀ ਦੇ ਸੁਰਖ ਮੁੱਖ ਨੂੰ ਨਿਹਾਰਨ ਦੇ ਆਦੀ ਅਤੇ ਜੀਵਨ ਦਾ ਹਨੇਰ ਪੱਖ ਉਨ੍ਹਾਂ ਦੀ ਸੋਚ ਵਿਚੋਂ ਮਨਫੀ। ਉਹ ਸੋਗਵਾਰ ਮਾਹੌਲ ਵਿਚੋਂ ਉਭਰਨ ਅਤੇ ਤਲਖ ਸੱਚ ਦਾ ਸਾਹਮਣਾ ਕਰਨ ਲਈ ਡਿੱਗਦੇ ਦਿਲਾਂ ਲਈ ਹਿੰਮਤ ਤੇ ਹੱਲਾਸ਼ੇਰੀ ਬਣਦੇ। ਉਨ੍ਹਾਂ ਦੀ ਚਾਹਤ ਹੁੰਦੀ ਏ, ਕਿਸੇ ਨੂੰ ਸੁਖਨ-ਰਾਹਤ ਅਤੇ ਇਸ ਵਿਚੋਂ ਜੀਵਨ-ਕਿਰਨਾਂ ਦੀ ਝਾਤ।

ਸੋਗ ਮਨਾਉਣ ਤੋਂ ਆਕੀ ਹੋ ਰਿਹਾ ਏ ਅਜੋਕਾ ਮਨੁੱਖ। ਆਪਣਿਆਂ ਦੇ ਤੁਰ ਜਾਣ 'ਤੇ ਕਈ ਦਿਨਾਂ ਤੀਕ ਸੋਗ ਮਨਾਉਣਾ, ਬੀਤੇ ਦੀ ਗੱਲ। ਕੇਹੀ ਜੀਵਨ-ਸ਼ੈਲੀ ਕਿ ਸੋਗ ਮਨਾਉਣਾ ਵੀ ਸਿਰਫ ਨਿੱਜ ਤੀਕ ਸੀਮਤ। ਨਿੱਜੀ ਸਰੋਕਾਰਾਂ ਤੀਕ ਹੈ ਇਸ ਦੀ ਰਸਾਈ ਅਤੇ ਮਨੁੱਖੀ ਗਰਕਣੀ ਨੇ ਕਰਵਾ ਦਿਤੀ ਏ ਅੱਤ। ਕੁਝ ਸਮੇਂ ਦੀ ਗੈਰਹਾਜ਼ਰੀ ਕਾਰਨ ਹੀ ਨੇੜਲੇ ਵੀ ਸੋਗ ਮਨਾਉਣ ਤੋਂ ਵੱਟਦੇ ਨੇ ਟਾਲਾ। ਸ਼ਾਇਦ ਉਹ ਭਰਮ ਪਾਲ ਲੈਂਦੇ ਨੇ ਕਿ ਇਹ ਭਾਣਾ ਦੂਸਰੇ ਨਾਲ ਹੀ ਵਾਪਰਿਆ ਹੈ, ਮੇਰੇ ਨਾਲ ਨਹੀਂ ਵਾਪਰਨਾ।

ਯਾਦ ਰੱਖਣਾ ਚਾਹੀਦਾ ਹੈ ਕਿ ਅਰਥੀ ਨੂੰ ਮੋਢਾ ਦੇਣ ਲਈ ਚਾਰ ਕੁ ਜਣੇ ਤਾਂ ਚਾਹੀਦੇ ਹੀ ਨੇ। ਕੁਝ ਹੋਰ ਮੋਢੇ ਵੀ ਚਾਹੀਦੇ ਹੁੰਦੇ ਨੇ, ਪੀੜਤ ਪਲਾਂ 'ਚ ਸਿਰ ਰੱਖ ਕੇ ਰੋਣ ਲਈ ਅਤੇ ਮਨ ਨੂੰ ਹਲਕਾ ਕਰਨ ਲਈ। 'ਕੱਲੇ ਰਹਿ ਗਏ ਤਾਂ ਕੌਣ ਬੈਠੇਗਾ ਸੱਥਰ 'ਤੇ? ਕਿਸ ਨਾਲ ਕਰੋਗੇ ਤੁਰ ਗਿਆਂ ਦੀਆਂ ਗੱਲਾਂ? ਕਿਸ ਨਾਲ ਫਰੋਲੋਗੇ ਨਿੱਘੀਆਂ ਯਾਦਾਂ ਦੀ ਵਰਣਮਾਲਾ? ਕਿਸ ਦੀ ਸੰਗਤ ਵਿਚ ਪੜ੍ਹੋਗੇ ਅਤੀਤ ਦੇ ਵਰਕਿਆਂ ਵਿਚ ਉਕਰੀਆਂ ਮਿੱਠੜੀਆਂ ਘਟਨਾਵਾਂ, ਜਿਨ੍ਹਾਂ ਨੇ ਜ਼ਿੰਦਗੀ ਨੂੰ ਨਵਾਂ ਨਾਮਕਰਨ ਦਿਤਾ ਸੀ? ਕੌਣ ਤੁਹਾਡੇ ਨਾਲ ਫੁੱਲ ਚੁੱਗਣ ਤੁਰੇਗਾ? ਕਿੰਜ ਸਿਵਿਆਂ ਦੀ ਰਾਖ ਵਿਚੋਂ ਤੁਰ ਗਿਆਂ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਕਰੋਗੇ? ਕਿਹੜੇ ਰਾਹ ਤੁਰ ਪਈ ਏ ਮਨੁੱਖੀ ਸੋਚ ਕਿ ਇਸ ਦੇ ਚੇਤਿਆਂ ਵਿਚੋਂ ਹੀ ਖੁਰ ਗਿਆ ਏ, ਭਾਵੁਕ ਪਲਾਂ ਦੀ ਸਾਂਝ-ਸਿਰਜਣਾ, ਦੁੱਖ-ਸੁੱਖ 'ਚ ਸ਼ਰੀਕ ਹੋ ਕੇ ਇਕ-ਦੂਜੇ ਦੀਆਂ ਸੁੱਖਾਂ ਮੰਗਣਾ ਅਤੇ ਨਿੱਜ ਨੂੰ ਵਿਸਾਰ ਕੇ ਸਰਬ-ਸੁਖਨ ਦੀ ਲੋਚਾ ਮਨ ਵਿਚ ਪਾਲਣਾ।

ਸੋਗ, ਮਾੜਾ ਵਕਤ ਅਤੇ ਭੈੜਾ ਸਮਾਂ। ਇਹ ਸਮਾਂ ਕਦੇ ਵੀ ਸਥਿਰ ਨਹੀਂ ਰਹਿੰਦਾ। ਇਸ ਨੇ ਬੀਤ ਜਾਣਾ ਹੁੰਦਾ। ਵਕਤ ਨਾਲ ਭਰ ਜਾਂਦੇ ਨੇ ਜ਼ਖਮ, ਘਟ ਜਾਂਦੀ ਏ ਚੀਸ, ਸਹਿਣ ਹੋ ਜਾਂਦਾ ਏ ਦਰਦ ਅਤੇ ਸਿੱਖ ਲਈਦਾ ਏ ਬਦਲੇ ਹਾਲਾਤ ਵਿਚ ਜਿਉਣਾ। ਸਿਰਫ ਇਕ ਚਸਕ ਰਹਿ ਜਾਂਦੀ ਏ ਆਪਣਿਆਂ ਦੀ ਬੇਰੁਖੀ ਦੀ, ਨਿਹੁੰ ਲਾਉਣ ਵਾਲਿਆਂ ਦੀ ਬੇਗਾਨਗੀ ਅਤੇ ਮਸਨੂਈ ਰਿਸ਼ਤਿਆਂ ਦੀ ਪਰਦਾਨਸ਼ੀਂ ਦੀ।

ਸੋਗ ਵਿਚ ਸਿਸਕਦਾ ਏ ਬੰਦਾ, ਭਾਵਾਂ ਨੂੰ ਮਿਲਦੀ ਨਹੀਂ ਜੁਬਾਨ, ਚੁੱਪ ਨੂੰ ਨਹੀਂ ਮਿਲਦੇ ਬੋਲ। ਅੱਖਾਂ ਵਿਚ ਨੀਰਸਤਾ ਅਤੇ ਸੁਪਨਿਆਂ ਦੀ ਮੱਧਮਤਾ ਤਾਰੀ।

ਸੋਗ ਦੌਰਾਨ ਨੈਣਾਂ ਵਿਚ ਖਾਰਾ ਆਬ, ਅੰਦਰਲੇ ਦਰਦ ਦੀ ਹਾਥ, ਸੂਖਮ ਭਾਵਨਾਵਾਂ ਵਿਚਲੀ ਵਿਸ਼ਾਲਤਾ ਅਤੇ ਦਰਦ-ਦਰਦ ਹੋਣ ਦੀ ਇੰਤਹਾ। ਇਹ ਕਮਜੋਰੀ ਨਹੀਂ ਹੁੰਦੀ। ਅੱਥਰੂ ਵਿਹੂਣੇ ਨੈਣ ਤਾਂ ਪੱਥਰ ਹੁੰਦੇ।

*ਸੱਜਣਾਂ ਵੇ ਕਦੇ ਸੋਗ ਬਣੀਂ ਨਾ, ਸੋਗੀ ਰੁੱਤ ਬੁਰੀ।*
*ਪੀੜਾ ਦੇ ਪੀਹੜੇ 'ਤੇ ਬੈਠੀ, ਜਾਵੇ ਜਿੰਦ ਖੁਰੀ।*
*ਹਰਫ ਜਦ ਸੋਗ ਸੰਤਾਪੇ ਤਾਂ ਅਰਥਾਂ ਦੀ ਰੂਹ ਰੋਵੇ।*
*ਬੋਲਾਂ ਦੇ ਵਿਚ ਬਹਿ ਕੇ ਹਿਚਕੀ, ਚੁੱਪ ਚੰਦਰੀ ਨੂੰ ਕੋਹਵੇ।*
*ਰੁੱਸਿਆ ਸੂਰਜ ਰੋਜ਼ ਸਵੇਰੇ, ਲਹਿ ਬਨੇਰਿਓਂ ਆਵੇ।*
*ਵਿਹੜੇ ਦੇ ਵਿਚ ਲਿੱਸੀ ਧੁੱਪ ਨੂੰ, ਬੂਟਿਆਂ ਦੇ ਨਾਂ ਲਾਵੇ।*
*ਸਾਹੀਂ ਪਾ ਕੇ ਸੋਗ ਦੀ ਬਗਲੀ, ਕੂਕੇ ਇਕ ਫਕੀਰ।*
*ਜਿਸ ਦੀ ਹੂਕ ਵਿਚ ਜਿਉਣ-ਅਦਬ ਦੀ, ਲਿਸ਼ਕਦੀ ਇਕ ਲਕੀਰ।*

ਸੋਗ ਦਾ ਪਿਆਲਾ ਜਦ ਪੂਰਾ ਭਰ ਜਾਂਦਾ ਤਾਂ ਭੋਰਾ ਜਿੰਨੀ ਹਰਕਤ ਪੈਦਾ ਹੋਣ 'ਤੇ ਵੀ ਛਲਕਣ ਲੱਗ ਪੈਂਦਾ, ਜੋ ਮੁੱਖ 'ਤੇ ਕਰ ਜਾਂਦਾ ਅੱਥਰੂਆਂ ਦੀਆਂ ਘਰਾਲਾਂ ਦੀ ਕਲਾ-ਨਿਕਾਸ਼ੀ।

ਸੋਗ ਨੂੰ ਖੁਦ ਹੰਢਾਉਣ ਵਾਲੇ ਹੀ ਦੂਜਿਆਂ ਸਾਹਵੇਂ ਇਸ ਦੁੱਖ ਦੀਆਂ ਪਰਤਾਂ ਫਰੋਲਦੇ, ਇਸ ਵਿਚੋਂ ਉਭਰਨ ਦਾ ਗੁਰ ਦੱਸਦੇ। ਸੋਗ ਨੂੰ ਹੰਢਾਏ ਬਿਨਾ ਸੁੱਖ ਦੇ ਕੀ ਅਰਥ? ਕਿੰਜ ਬਿਆਨ ਕਰੋਗੇ ਸੁੱਖ-ਸੰਵੇਦਨਾ ਨੂੰ।

ਸੋਗ-ਸੰਗ ਤੋਂ ਅੱਕਿਆ ਮਨ ਕਦੇ ਕਦੇ ਉਚੀ ਹੋਕਰਾ ਮਾਰਨਾ ਚਾਹੁੰਦਾ, 'ਦੱਸ ਵੇ ਸਾਈਆਂ ਮੇਰੇ ਲੇਖ ਕੀ ਕਹਿੰਦੇ ਨੇ। ਸੁੱਖਾਂ ਦੀ ਤਾਂ ਗੱਲ ਛੱਡ ਦੇ, ਸੋਗ ਕਿੰਨੇ ਕੁ ਰਹਿੰਦੇ ਨੇ?'

ਸੋਗ ਦੌਰਾਨ ਹੀ ਪਰਖੀਆਂ ਜਾਂਦੀਆਂ ਨੇ ਦੋਸਤੀਆਂ ਤੇ ਸਬੰਧ, ਅਪਣੱਤ ਤੇ ਆਸਵੰਦੀ, ਨੇੜਤਾ ਤੇ ਮਿਲਾਪੜਾਪਨ ਅਤੇ ਸਿਆਣਪ ਤੇ ਸਮਝ। ਅਜਿਹੇ ਵਕਤ ਵਿਚ ਜਦ ਮਿੱਤਰਤਾਈ ਦਾ ਮੁਖੌਟਾ ਉਤਰਦਾ ਤਾਂ ਲੇਰ ਗੁੰਮ ਸੁੰਮ ਹੋ ਜਾਂਦੀ। ਸਾਹਾਂ ਵਿਚ ਸਮਾ ਜਾਂਦੀ ਆਹ ਅਤੇ ਸਬੰਧਾਂ ਵਿਚ ਪੈਦਾ ਹੁੰਦੀ ਇਕ ਤਿੜਕਣ, ਜੋ ਬਹੁਤ ਕੁਝ ਮਨ ਵਿਚੋਂ ਮਨਫੀ ਕਰ, ਦੁਨਿਆਵੀ ਕੂੜ-ਕੁਸੱਤ ਨੂੰ ਉਜਾਗਰ ਕਰਦੀ। ਖੁਦ ਹੀ ਆਪਣੇ ਕਦਮਾਂ 'ਤੇ ਖੜੋਣ, ਖੁਦ ਹੀ ਮਿੱਤਰ ਮੋਢਾ ਬਣਨ, ਹੰਝੂ ਜ਼ੀਰਨ ਅਤੇ ਖੁਦ 'ਚੋਂ ਖੁਦ ਦੇ ਉਭਾਰ ਦਾ ਅਸਾਰ ਸਿਰਜਦੀ। ਖੜਸੁੱਕ ਹੋ ਗਏ ਸਬੰਧਾਂ 'ਤੇ ਕਾਹਦਾ ਉਲਾਹਮਾ, ਸ਼ਿਕਵਾ, ਨਿਹੋਰਾ ਜਾਂ ਗਿਲਾ ਕਰੀਏ! ਖਾਰਾ ਸਾਗਰ ਖੁਦ ਹੀ ਤਰੀਏ। ਬਿਖਮ ਰਾਹਾਂ ਥੀਂ ਤੁਰੀਂਦੇ, ਪੈਰਾਂ ਨਾਂਵੇਂ ਮੰਜ਼ਿਲਾਂ ਕਰੀਏ। ਹੰਝੂਆਂ ਸੰਗ ਵੀ ਕਾਹਦਾ ਖੁਰਨਾ, ਹੰਝੂਆਂ ਤੋਂ ਹਿੰਮਤ ਲੜ ਫੜੀਏ। ਦੁੱਖ-ਦਰਦ ਦੇ ਕਹਿਰਾਂ ਸੰਗ, ਨੰਗੇ ਪਿੰਡੇ ਖੁਦ ਹੀ ਲੜੀਏ। ਸੋਗ-ਸਾਗਰ ਦੀਆਂ ਲਹਿਰਾਂ ਉਪਰ, ਜੀਵਨ-ਚੱਪੂ ਘੁੱਟ ਕੇ ਫੜੀਏ। ਸਾਵੀਂ ਸੋਚ ਦੇ ਪਰ-ਪਰਵਾਜ਼ ਨਾਲ, ਅਦਲੀ ਅੰਬਰੇ ਪੌੜੀ ਚੜ੍ਹੀਏ। ਕਾਹਤੋਂ ਐਨਾ ਡੋਲੇ ਮਨਾਂ ਤੂੰ, ਸਾਬਤ ਕਦਮੀਂ ਖੁਦ ਹੀ ਖੜ੍ਹੀਏ ਅਤੇ ਪਤਝੜ ਦੀ ਨਗਰੀ ਟੱਪ ਕੇ, ਰੰਗਾਂ ਦੀ ਜੂਹ ਵਿਚ ਵੜੀਏ।

ਸੋਗ ਵਿਚੋਂ ਉਭਰਨ ਲਈ ਜਰੂਰੀ ਹੈ, ਸੰਤੁਲਤ ਸੋਝੀ ਨਾਲ ਢਹਿੰਦੀਆਂ ਕਲਾਂ ਤੋਂ ਚੜ੍ਹਦੀ ਕਲਾ ਵੰਨੀਂ ਮੁੱਖ ਮੋੜਨਾ, ਮਨ ਦੀਆਂ ਬਿਰਤੀਆਂ ਨੂੰ ਉਸਾਰੂ ਦਿਸ਼ਾ ਵੱਲ ਤੋਰਨਾ ਅਤੇ ਜੀਵਨੀ-ਮੁਸ਼ਕਿਲਾਂ ਨੂੰ ਹਰਾ ਨੇ ਜੀਵਨ-ਜੋਤ ਨੂੰ ਜਗਾਈ ਰੱਖਣਾ।

ਸੋਗ-ਸੰਤਾਪ ਨੂੰ ਵੈਣ-ਵਿਰਲਾਪਾਂ ਰਾਹੀਂ ਧੋਣ ਦਾ ਹੀਲਾ ਜਦ ਫੇਲ੍ਹ ਹੋ ਜਾਵੇ ਤਾਂ ਇਸ ਨੂੰ ਸੱਗਵੀਂ ਸਮਰੱਥਾ ਨਾਲ ਹੀ ਮਨ ਦੇ ਵਿਹੜੇ ਵਿਚੋਂ ਹੂੰਝਿਆ ਜਾ ਸਕਦਾ। ਅਜਿਹਾ ਅਕਸਰ ਹੀ ਚੇਤੰਨ ਲੋਕ ਕਰਦੇ ਅਤੇ ਚੀਸ ਦਾ ਭਵ-ਸਾਗਰ ਤਰਦੇ।

ਸੋਗ ਕਦੇ ਮਾਂ, ਬਾਪ, ਭੈਣ, ਭਰਾ, ਪਤਨੀ, ਪਤੀ ਜਾਂ ਅਜਿਹੇ ਹੋਰ ਨੇੜਲੇ ਰਿਸ਼ਤੇਦਾਰ ਦੇ ਸਦੀਵੀ ਵਿਛੋੜੇ ਜਾਂ ਕਿਸੇ ਭਿਆਨਕ ਹੋਣੀ ਵਿਚ ਗ੍ਰਸੇ ਜਾਣ ਪਿਛੋਂ ਹੁੰਦਾ। ਇਨ੍ਹਾਂ ਦੀ ਅਣਹੋਂਦ ਨਾਲ ਕੁਝ ਅਜਿਹਾ ਖੁਸ ਜਾਂਦਾ ਜਿਸ ਦੀ ਪੂਰਤੀ ਕਦੇ ਵੀ ਸੰਭਵ ਨਹੀਂ ਹੁੰਦੀ। ਸਿਰਫ ਅਜਿਹੇ ਹਾਲਾਤ ਨਾਲ ਜਿਉਣਾ ਸਿੱਖਣਾ ਹੀ ਸੁੱਚੀ ਜੀਵਨ-ਸ਼ੈਲੀ ਹੁੰਦਾ।

ਸੋਗ ਕਦੇ ਵੀ ਇਕਹਿਰਾ ਨਹੀਂ ਹੁੰਦਾ। ਬਹੁ-ਪਰਤੀ ਤੇ ਬਹੁ-ਅਸਰ ਵਾਲਾ। ਇਸ ਨੇ ਮਨੁੱਖ 'ਤੇ ਸਰੀਰਕ ਤੇ ਮਾਨਸਿਕ ਰੂਪ ਵਿਚ ਅਸਰ-ਅੰਦਾਜ਼ ਹੋਣਾ ਹੁੰਦਾ। ਕਈ ਤਾਂ ਅਜਿਹਾ ਮਨ ਨਾਲ ਲਾਉਂਦੇ ਕਿ ਉਹ ਸਰੀਰਕ ਅਲਾਮਤਾਂ ਵਿਚ ਗ੍ਰਸੇ, ਮਾਨਸਿਕ ਰੂਪ ਵਿਚ ਬਿਮਾਰ ਹੋ ਜਾਂਦੇ ਅਤੇ ਪਰਿਵਾਰ ਲਈ ਨਵੀਂਆਂ ਉਲਝਣਾਂ ਪੈਦਾ ਕਰਦੇ। ਆਪ ਵੀ ਮਰਦੇ ਅਤੇ ਆਪਣਿਆਂ ਨੂੰ ਦਰਦ-ਵੰਝਲੀ ਦੀ ਹੂਕ ਬਣਾਉਂਦੇ।

ਸੋਗ ਜਦ ਕਿਸੇ ਘਰ ਵਿਚ ਪੈਦਾ ਹੁੰਦਾ ਤਾਂ ਘਰ ਦੀ ਫਿਜ਼ਾ ਹੀ ਸੰਤਾਪੀ ਜਾਂਦੀ। ਗੱਲਬਾਤ ਵਿਚ ਰੁਆਂਸਾਪੁਣਾ ਅਤੇ ਹਰਾਸੀ ਮਾਨਸਿਕਤਾ ਹਾਵੀ। ਜੀਣਾ ਦੁੱਭਰ। ਅਫਸੋਸ ਤੋਂ ਚਹਿਕਣ ਤੀਕ ਦੇ ਸਫਰ ਲਈ ਕੁਝ ਤਾਂ ਸਮਾਂ ਲੱਗਦਾ। ਸਿਆਣਪ, ਸੂਝ ਅਤੇ ਸਮਝ ਨਾਲ ਜੀਵਨ ਮੁੜ ਲੀਹਾਂ 'ਤੇ ਆਉਂਦਾ।

ਸੱਜਣਾਂ ਵੇ ਕਦੇ ਸੋਗ ਬਣੀਂ ਨਾ,
ਸੋਗੀ ਰੁੱਤ ਬੁਰੀ।
ਪੀੜਾ ਦੇ ਪੀਹੜੇ 'ਤੇ ਬੈਠੀ,
ਜਾਵੇ ਜਿੰਦ ਖੁਰੀ।
ਹਰਫ ਜਦ ਸੋਗ ਸੰਤਾਪੇ
ਤਾਂ ਅਰਥਾਂ ਦੀ ਰੂਹ ਰੋਵੇ।
ਬੋਲਾਂ ਦੇ ਵਿਚ ਬਹਿ ਕੇ ਹਿਚਕੀ,
ਚੁੱਪ ਚੰਦਰੀ ਨੂੰ ਕੋਹਵੇ।
ਰੁੱਸਿਆ ਸੂਰਜ ਰੋਜ਼ ਸਵੇਰੇ,
ਲਹਿ ਬਨੇਰਿਓਂ ਆਵੇ।
ਵਿਹੜੇ ਦੇ ਵਿਚ ਲਿੱਸੀ ਧੁੱਪ ਨੂੰ,
ਬੂਟਿਆਂ ਦੇ ਨਾਂ ਲਾਵੇ।
ਸਾਹੀਂ ਪਾ ਕੇ ਸੋਗ ਦੀ ਬਗਲੀ,
ਕੂਕੇ ਇਕ ਫਕੀਰ।
ਜਿਸ ਦੀ ਹੂਕ ਵਿਚ ਜਿਉਣ-ਅਦਬ ਦੀ,
ਲਿਸ਼ਕਦੀ ਇਕ ਲਕੀਰ।

ਸੋਗ ਆਪਣਾ ਵੀ ਹੁੰਦਾ ਅਤੇ ਦੂਜਿਆਂ ਦਾ ਵੀ। ਖੁਦ ਦਾ ਵੀ ਅਤੇ ਲੋਕਾਈ ਦਾ ਵੀ। ਚੇਤੇ ਰੱਖਣਾ! ਸੋਗ ਨਹੀਂ ਹੁੰਦਾ ਚਾਨਣ ਦੀ ਮੌਤ। ਸੋਗ ਨਹੀਂ ਹੁੰਦਾ ਹੋਣਾ ਫੌਤ। ਸੋਗ ਨਹੀਂ ਹੁੰਦਾ ਸਾਹ ਨੂੰ ਸੂਲੀ। ਸੋਗ ਨਹੀਂ ਹੁੰਦਾ ਜਿੰਦ-ਵਸੂਲੀ।

ਸੋਗ ਮੰਨਣ, ਮਨਾਉਣ ਤੇ ਵੰਡਾਉਣ ਦੀ ਆਦਤ ਪਾਓ। ਕਿਸੇ ਦੇ ਦੁੱਖ ਵਿਚ ਸ਼ਰੀਕ ਹੋਵੋ, ਉਸ ਦੀ ਪੀੜਾ ਨੂੰ ਪਛਾਣੋ, ਜਾਣੋ ਅਤੇ ਵੰਡਾਓ। ਜਦ ਤੁਸੀਂ ਇਹੋ ਜਿਹੇ ਦੁੱਖ ਦਾ ਸਾਹਮਣਾ ਕਰੋਗੇ ਤਾਂ ਤੁਹਾਡੇ ਹਮਦਰਦ, ਤੁਹਾਡੀਆਂ ਸਿਸਕੀਆਂ ਨੂੰ ਸਾਹ ਬਣਨ ਵਿਚ ਮਦਦ ਕਰਨਗੇ। ਦੁੱਖ ਤਾਂ ਵੰਡਿਆਂ ਹੀ ਘਟਦੇ ਨੇ। ਇਸ ਲਈ ਪਹਿਲ ਕਰਨ ਵਿਚ ਕਾਹਦੀ ਦੇਰੀ?

# 'ਸੂਰਜ ਪ੍ਰਕਾਸ਼' ਗ੍ਰੰਥ ਵਿਚ ਗੁਰੂ ਨਿੰਦਿਆ

ਵਿਚਾਰ ਚਰਚਾ

ਸਿੱਖੀ ਦੇ ਵਿਹੜੇ ਪਾਏ ਜਾ ਚੁਕੇ ਪੁਰਾਤਨ ਗ੍ਰੰਥ ਸਿੱਖਾਂ ਦੇ ਨਾਂਵਾਂ ਨਾਲ ਲਿਖੇ ਕੁਝ ਐਸੇ ਗ੍ਰੰਥ ਹਨ, ਜੋ ਸਿੱਖੀ ਵਿਚਾਰਧਾਰਾ ਨੂੰ ਹਿੰਦੂ ਮੱਤ ਵਿਚ ਰਲਗਡ ਕਰਨ ਲਈ ਹੀ ਹੋਂਦ ਵਿਚ ਆਏ ਹਨ। ਇਹ ਗ੍ਰੰਥ ਕਿਉਂਕਿ ਸਿੱਖ ਇਤਿਹਾਸ ਦਾ ਇੱਕ ਹਿੱਸਾ ਬਣਾ ਦਿੱਤੇ ਗਏ ਹਨ, ਇਸ ਲਈ ਇਨ੍ਹਾਂ ਦੀ ਲਿਖੇ ਜਾਣ ਦੀ ਸਾਜਿਸ਼ ਅਤੇ ਅਸਲੀਅਤ ਤੋਂ ਜਾਣੂ ਹੋਣਾ ਅਤੀ ਜ਼ਰੂਰੀ ਹੈ। ਜੇ ਇਨ੍ਹਾਂ ਗ੍ਰੰਥਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਗਿਆਨ ਰੂਪੀ ਰੌਸ਼ਨੀ ਨਾਲ ਨਾ ਸੋਧਿਆ ਜਾਂ ਰੱਦ ਕੀਤਾ ਗਿਆ ਤਾਂ ਲੰਬੇ ਸਮੇਂ ਤੋਂ ਹਿੰਦੂ ਮੱਤ ਦੀ ਲਪੇਟ ਵਿਚ ਆ ਰਿਹਾ ਸਿੱਖ ਜਗਤ ਭਵਿੱਖ ਵਿਚ ਪੂਰੀ ਤਰ੍ਹਾਂ ਹਿੰਦੂ ਮੱਤ ਵਿਚ ਜਜ਼ਬ ਹੋ ਜਾਵੇਗਾ।

ਇਨ੍ਹਾਂ ਗ੍ਰੰਥਾਂ ਦੇ ਲੇਖਕਾਂ ਵਿਚ ਕੁਝ ਨਾਂ ਹਨ- ਕਵੀ ਕੁਇਰ ਸਿੰਘ, ਕਵੀ ਸੁੱਖਾ ਸਿੰਘ ਅਤੇ ਕਵੀ ਸੁਮੇਰ ਸਿੰਘ। ਤਿੰਨਾਂ ਕਵੀਆਂ ਦਾ ਵੱਖ-ਵੱਖ ਲਿਖਿਆ ਗ੍ਰੰਥ 'ਗੁਰ ਬਿਲਾਸ ਪਾ: 10', ਜਿਸ ਵਿਚ ਦਸਵੇਂ ਗੁਰੂ ਜੀ ਨੂੰ ਦੁਰਗਾ ਮਾਈ ਪਾਰਬਤੀ

**ਕਸ਼ਮੀਰਾ ਸਿੰਘ (ਪ੍ਰੋ.)**
**ਫੋਨ: 801-414-0171**

ਦੇ ਪੁਜਾਰੀ ਬਣਾਇਆ ਗਿਆ ਹੈ; 'ਗੁਰ ਬਿਲਾਸ ਪਾ: ਛੇਵੀਂ' ਜੋ ਦਰਬਾਰ ਸਾਹਿਬ ਨੂੰ ਵਿਸ਼ਨੂ ਮੰਦਰ ਆਦਿਕ ਸਾਬਤ ਕਰਦਾ ਹੈ; 'ਸੂਰਜ ਪ੍ਰਕਾਸ਼' ਗ੍ਰੰਥ, ਜੋ ਕਵੀ ਸੰਤੋਖ ਸਿੰਘ ਨੇ ਲਿਖਿਆ ਹੈ, ਜਿਸ ਵਿਚ ਦਸਵੇਂ ਗੁਰੂ ਜੀ ਨੂੰ ਭੰਗ, ਅਫੀਮ ਦਾ ਨਸ਼ਾ ਕਰਦੇ ਅਤੇ ਦੁਰਗਾ ਮਾਈ ਪਾਰਬਤੀ ਦੀ ਪੂਜਾ ਕਰਦੇ ਲਿਖਿਆ ਹੋਇਆ ਹੈ; 'ਪੰਥ ਪ੍ਰਕਾਸ਼' ਗਿਆਨੀ ਗਿਆਨ ਸਿੰਘ, ਜੋ ਦਸਵੇਂ ਗੁਰੂ ਜੀ ਤੋਂ ਦੁਰਗਾ ਪੂਜਾ ਕਰਵਾਉਂਦਾ ਹੈ; ਸੰਨ 1897 ਵਿਚ ਪਹਿਲੀ ਵਾਰ ਬਣਾ ਕੇ ਛਾਪਿਆ ਦਸਮ ਗ੍ਰੰਥ, ਜੋ ਮੁੱਖ ਤੌਰ 'ਤੇ ਹਿੰਦੂ ਮੱਤ ਦੀਆਂ ਪੁਸਤਕਾਂ-ਸ਼ਿਵ ਪੁਰਾਣ, ਭਾਗਵਤ ਪੁਰਾਣ, ਮਾਰਕੰਡੇ ਪੁਰਾਣ ਆਦਿ ਦੀਆਂ ਮਿਥਿਹਾਸਕ ਕਹਾਣੀਆਂ ਨੂੰ ਸਿੱਖਾਂ ਵਿਚ ਪ੍ਰਚਾਰਦਾ ਹੋਇਆ ਹਿੰਦੂ ਮੱਤ ਦੀ ਦੇਵੀ ਦੁਰਗਾ/ਪਾਰਬਤੀ ਤੇ ਦੇਵਤੇ ਮਹਾਂਕਾਲ ਨੂੰ ਸੱਭ ਤੋਂ ਵੱਡੀ ਸ਼ਕਤੀ ਮੰਨਦਾ ਹੈ ਅਤੇ ਗੁਰੂ ਨਾਨਕ ਪਾਤਿਸ਼ਾਹ ਨੂੰ ਦੁਰਗਾ/ਭਗਉਤੀ ਤੋਂ ਦੂਜੇ ਦਰਜੇ ਉਤੇ ਰੱਖਦਾ ਹੈ। ਇਸ ਗ੍ਰੰਥ ਅਨੁਸਾਰ ਦੁਰਗਾ/ਭਗਉਤੀ ਨੂੰ ਪਹਿਲਾਂ ਸਿਮਰ ਕੇ ਫਿਰ ਗੁਰੂ ਨਾਨਕ ਪਾਤਿਸ਼ਾਹ ਨੂੰ ਧਿਆਉਣਾ ਹੈ, ਪਰ ਇਸ ਤਰ੍ਹਾਂ ਕਰਨ ਨਾਲ "ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥" (ਗੁਰੂ ਗ੍ਰੰਥ ਸਾਹਿਬ, ਪੰਨਾ 750) ਵਾਲਾ ਪੰਜਵੇਂ ਗੁਰੂ ਜੀ ਦਾ ਅੰਮ੍ਰਿਤ-ਵਚਨ ਗਲਤ ਸਾਬਤ ਕੀਤਾ ਜਾ ਰਿਹਾ ਹੈ, ਜੋ ਸਿਖਾਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਕਿਸੇ ਦੇਵੀ ਜਾਂ ਦੇਵਤੇ ਤੋਂ ਛੋਟੇ ਜਾਂ ਦੂਜੇ ਨੰਬਰ 'ਤੇ ਨਹੀਂ ਹਨ। ਇਹ ਗ੍ਰੰਥ ਦਸਵੇਂ ਪਾਤਿਸ਼ਾਹ ਵਲੋਂ ਹਿੰਦੂ ਦੇਵਤੇ ਮਹਾਂਕਾਲ ਅਤੇ ਦੇਵੀ ਕਾਲਿਕਾ ਦੇ ਆਰਾਧਣ ਦੀ ਵੀ ਗੱਲ ਕਰਦਾ ਹੈ, ਪਰ ਇਹ ਕਰਮ ਸਿੱਖੀ ਵਿਚਾਰਧਾਰਾ ਦੇ ਉਲਟ ਹੈ।

ਸਿੱਖੀ ਲਈ ਖਤਰੇ ਦੀ ਘੰਟੀ: ਸਿੱਖਾਂ ਨੂੰ ਕੰਧ ਉਤੇ ਲਿਖਿਆ ਪੜ੍ਹਨਾ ਚਾਹੀਦਾ ਹੈ ਕਿ ਸਨਾਤਨ/ਹਿੰਦੂ ਮੱਤ, ਜਿਸ ਦੀਆਂ ਜੜ੍ਹਾਂ ਹਿੰਦ ਮਹਾਂ ਸਾਗਰ ਤੋਂ ਵੀ ਡੂੰਘੀਆਂ ਹਨ, ਨੇ ਭਾਰਤ ਵਿਚੋਂ ਜੈਨ ਮੱਤ, ਪਾਰਸੀ ਮੱਤ ਅਤੇ ਮਹਾਰਾਜਾ ਅਸ਼ੋਕ, ਜਿਸ ਨੇ ਸਾਰੇ ਦੇਸ਼ ਵਿਚ ਬੁੱਧ ਮੱਤ ਦਾ ਡੰਕਾ ਵਜਾ ਦਿੱਤਾ ਸੀ, ਵਰਗਿਆਂ ਵਲੋਂ ਅਪਨਾਏ ਬੁੱਧ ਮੱਤ ਨੂੰ ਕਲਮ ਦੀ ਸ਼ਕਤੀ ਵਰਤ ਕੇ ਦੇਸ਼ ਨਿਕਾਲਾ ਦੇ ਦਿੱਤਾ ਹੋਇਆ ਹੈ।

ਬ੍ਰਾਹਮਣਵਾਦੀ ਕਲਮ ਦੀ ਸ਼ਕਤੀ: ਬ੍ਰਾਹਮਣਵਾਦ ਦੀ ਕਲਮ ਦੀ ਸ਼ਕਤੀ ਦੇਖਣੀ ਹੈ ਤਾਂ ਡਾ. ਸੁਖਪ੍ਰੀਤ ਸਿੰਘ ਉਦੋਕੇ ਨੂੰ ਸੋਸ਼ਲ ਮੀਡੀਏ ਉਤੇ ਸੁਣੋ ਤੇ ਪਤਾ ਲੱਗੇਗਾ ਕਿ ਬ੍ਰਾਹਮਣਵਾਦ ਵਲੋਂ 6600 ਤੋਂ ਵੱਧ ਕਿਤਾਬਾਂ ਸਿੱਖ ਮੱਤ ਨੂੰ ਹਿੰਦੂ ਮੱਤ ਵਿਚ ਰਲਗਡ ਕਰਨ ਲਈ ਲਿਖੀਆਂ ਜਾ ਚੁਕੀਆਂ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਦੇਸ਼ ਵਿਚ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਵਿਸ਼ਵ ਵਿਦਿਆਲਿਆਂ ਵਿਚ ਪੜ੍ਹਾਈਆਂ ਜਾ ਰਹੀਆਂ ਹਨ। ਕੁਝ ਨਮੂਨੇ ਦੇਖੋ:

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਲੋਂ ਛਪਵਾਈ ਗਈ ਇਤਿਹਾਸ ਦੀ ਕਿਤਾਬ ਦੇ ਕਾਲੇ ਕਾਰਨਾਮੇ ਦਾ ਪਰਦਾ ਫਾਸ਼ ਕਰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਲੋਂ ਜੋ ਐਮ. ਏ. ਪਾਰਟ-1 ਦੇ ਵਿਦਿਆਰਥੀਆਂ ਲਈ ਇਤਿਹਾਸ ਦੀ ਪੁਸਤਕ 'ਪੋਲੀਟੀਕਲ ਸਟਰਕਚਰਜ਼ ਇਨ ਇੰਡੀਆ' (Political Structures in India) ਲਕਸ਼ਮੀ ਪਬਲੀਕੇਸ਼ਨ ਪ੍ਰਾਈਵੇਟ ਲਿਮਟਿਡ, ਦਿੱਲੀ ਤੋਂ ਪ੍ਰਕਾਸ਼ਿਤ ਕਰਵਾਈ ਹੈ, ਉਸ ਵਿਚ ਦਸਮ ਪਾਤਿਸ਼ਾਹ ਸਬੰਧੀ ਮਨ ਘੜਤ ਕਹਾਣੀ ਲਿਖੀ ਹੋਈ ਹੈ।

ਉਕਤ ਪੁਸਤਕ ਦੇ ਪੰਨਾ ਨੰਬਰ 160 (ਅਧਿਆਏ-2) ਵਿਚ ਗੁਰੂ ਗੋਬਿੰਦ ਸਿੰਘ ਸਬੰਧੀ ਲਿਖਿਆ ਹੋਇਆ ਹੈ ਕਿ ਗੁਰੂ ਜੀ 1708 ਈ. ਵਿਚ ਜਦੋਂ ਨਾਦਿਰ ਨਾਮਕ ਸਥਾਨ ਉਤੇ ਇਕ ਪਠਾਣ ਦੇ ਛੁਰਾ ਮਾਰਨ ਤੋਂ ਬਾਅਦ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ, ਤਾਂ ਕੁਝ ਦਿਨਾਂ ਪਿਛੋਂ ਉਹ ਆਪਣੀ ਮੌਤ ਨਿਸ਼ਚਿਤ ਜਾਣਦੇ ਹੋਏ ਇੱਕ ਕਮਰੇ ਵਿਚ ਬੰਦ ਹੋ ਗਏ ਅਤੇ ਉਸ ਤੋਂ ਬਾਅਦ ਉਨ੍ਹਾਂ ਆਤਮ ਹੱਤਿਆ ਕਰ ਲਈ ਸੀ।

ਗੁਰੂ ਗ੍ਰੰਥ ਸਾਹਿਬ ਨੂੰ ਕਿਵੇਂ ਗਲਤ ਢੰਗ ਨਾਲ ਦਸਮ ਗ੍ਰੰਥ ਨਾਲ ਬਰਾਬਰੀ ਦਿੱਤੀ ਗਈ ਹੈ?

"...ਜੋ ਵਿਸ਼ਾ ਗੁਰੂ ਗ੍ਰੰਥ ਸਾਹਿਬ ਦਾ ਹੈ, ਉਹੀ ਵਿਸ਼ਾ ਦਸਮ ਗ੍ਰੰਥ ਸਾਹਿਬ ਦਾ ਹੈ।...ਗੁਰੂ ਗ੍ਰੰਥ ਸਾਹਿਬ ਦਾ ਜੋ ਸਿਧਾਂਤ ਹੈ, ਉਹ ਹੀ ਦਸਮ ਗ੍ਰੰਥ ਦਾ ਸਿਧਾਂਤ ਹੈ, ਕਿਉਂਕਿ ਦਸਮ ਗ੍ਰੰਥ ਵਿਚ ਦਸਮ ਪਾਤਸ਼ਾਹ ਨੇ ਉਹ ਹੀ ਵਿਸ਼ੇ ਸਪਸ਼ਟ ਕੀਤੇ ਹਨ, ਜੋ ਗੁਰੂ ਗ੍ਰੰਥ ਸਾਹਿਬ ਵਿਚ ਹਨ।...ਗੁਰੂ ਗ੍ਰੰਥ ਸਾਹਿਬ ਤੋਂ ਦੂਜੇ ਸਥਾਨ 'ਤੇ ਦਸਮ ਗ੍ਰੰਥ ਦਾ ਹਰ ਸਿੱਖ ਸਤਿਕਾਰ ਕਰਦਾ ਹੈ...ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀ ਬਹੁਤ ਡੂੰਗੀ ਸਾਂਝ ਇਸ ਲਈ ਵੀ ਹੈ, ਕਿਉਂਕਿ ਦੋਹਾਂ ਗ੍ਰੰਥਾਂ ਨੂੰ ਰਚਣ ਵਾਲੀ ਜੋਤ ਇਕ ਹੀ ਹੈ...।" ਇਸ ਪੁਸਤਕ ਵਿਚ ਸਿੱਖੀ ਦੇ ਮੰਗਲਾਚਰਣ (ਪ੍ਰਚਲਿਤ ਨਾਂ ਮੂਲ ਮੰਤਰ) ਨੂੰ ਵਿਗਾੜ ਕੇ '੧ੴ' ਦੀ ਥਾਂ 'ਓਂ' ਹੀ ਲਿਖਿਆ ਗਿਆ ਹੈ। ਸਤਿ ਨਾਮੁ, ਪੁਰਖੁ, ਸੈਭੰ, ਗੁਰ ਸ਼ਬਦਾਂ ਦੇ ਜੋੜ ਵੀ ਗਲਤ ਲਿਖੇ ਗਏ ਹਨ।

ਡਾ. ਰਾਧਾ ਕ੍ਰਿਸ਼ਨਨ ਦੇ ਬ੍ਰਾਹਮਣਵਾਦੀ ਖਤਰੇ ਬਾਰੇ ਵਿਚਾਰ: ਡਾ. ਰਾਧਾ ਕ੍ਰਿਸ਼ਨਨ ਨੇ ਸਨਾਤਨ/ਹਿੰਦੂ ਮੱਤ ਵਲੋਂ ਬੁੱਧ ਮੱਤ ਦੇ ਖਾਤਮੇ ਦੇ ਢੰਗ ਬਾਰੇ ਲਿਖਿਆ ਹੈ, "ਕਹਿੰਦੇ ਹਨ ਅਤੇ ਇਹ ਹੈ ਭੀ ਸੱਚ ਕਿ ਬ੍ਰਾਹਮਣਵਾਦ ਨੇ ਬੁੱਧ ਮੱਤ ਨੂੰ ਬਾਪੂ ਵਾਲੀ ਗਲਵੱਕੜੀ ਵਿਚ ਲੈ ਕੇ ਉਸ ਦਾ ਗਲਾ ਘੁੱਟ ਦਿੱਤਾ।" (ਪੁਸਤਕ 'ਸਿੱਖ ਵੀਰਾਂ ਨੂੰ ਹਲੂਣਾ', ਕਰਤਾ ਸ. ਨਰੈਣ ਸਿੰਘ)

ਮੈਕਾਲਿਫ ਦੀ ਬ੍ਰਾਹਮਣਵਾਦ ਬਾਰੇ ਚਿਤਾਵਨੀ: ਸਿੱਖ ਮੱਤ ਦੇ ਕੀਤੇ ਜਾ ਰਹੇ ਖਾਤਮੇ ਬਾਰੇ ਮਿਸਟਰ ਮੈਕਾਲਿਫ ਨੇ 'ਸਿੱਖ ਰਿਲੀਜਨ' ਪੁਸਤਕ ਵਿਚ ਲਿਖਿਆ ਹੈ, "ਹਿੰਦੂ ਮੱਤ ਨੇ ਸਿੱਖ ਧਰਮ ਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ ਹੈ।" (ਪੁਸਤਕ 'ਸਿੱਖ ਵੀਰਾਂ ਨੂੰ ਹਲੂਣਾ', ਕਰਤਾ ਸ. ਨਰੈਣ ਸਿੰਘ)


ਮੈਕਾਲਿਫ ਦੀ ਲਿਖੀ ਇਹ ਗੱਲ ਸਹੀ ਹੈ। ਜਦੋਂ ਗਲਵੱਕੜੀ ਪੂਰੀ ਮਜ਼ਬੂਤ ਹੋ ਗਈ ਤਾਂ ਫਿਰ ਬ੍ਰਾਹਮਣਵਾਦ ਕੀ ਕਰੇਗਾ? ਬੁੱਧ ਮੱਤ ਨੂੰ ਮਾਰਨ ਲਈ ਵਰਤਿਆ ਦਾਅ ਪੇਚ ਹੀ ਵਰਤੇਗਾ!

ਬ੍ਰਾਹਮਣਵਾਦ ਦਾ ਪਿਛੋਕੜ: ਤੀਜੀ ਤੋਂ ਦਸਵੀਂ ਸਦੀ ਤੱਕ ਬ੍ਰਾਹਮਣਵਾਦ ਨੇ ਚੰਮ ਦੀਆਂ ਚਲਾਈਆਂ। ਫਿਰ ਸੱਤ ਸਦੀਆਂ ਤੱਕ ਮੁਸਲਮਾਨੀ ਅਤੇ ਦੋ ਸਦੀਆਂ ਤਕ ਅੰਗਰੇਜ਼ ਸਾਮਰਾਜ ਥੱਲੇ ਬ੍ਰਾਹਮਣਵਾਦ ਰੂਪੀ ਅੱਗ ਸੁਲਘਦੀ ਰਹੀ। ਆਜ਼ਾਦੀ ਪਿੱਛੋਂ ਬ੍ਰਾਹਮਣਵਾਦ ਨੇ ਮੁੜ ਸਿਰ ਚੁੱਕ ਲਿਆ ਹੋਇਆ ਹੈ।

ਬ੍ਰਾਹਮਣਵਾਦ ਵਲੋਂ ਸਿੱਖੀ ਦਾ ਪਿੱਛਾ ਕਰਨਾ: ਹਿੰਦੂ ਮੱਤ ਜਾਂ ਬ੍ਰਾਹਮਣਵਾਦ ਤਾਂ ਉਦੋਂ ਦਾ ਹੀ ਨੁਕਸਾਨ ਕਰਨ ਦੀ ਬਿਰਤੀ ਨਾਲ ਸਿੱਖੀ ਵਿਚਾਰਧਾਰਾ ਦਾ ਪਿੱਛਾ ਕਰਦਾ ਆ ਰਿਹਾ ਹੈ, ਜਦੋਂ ਗੁਰੂ ਨਾਨਕ ਸਾਹਿਬ ਨੇ ਪੰਡਿਤ ਹਰਦਿਆਲ ਤੋਂ 9-10 ਸਾਲ ਦੀ ਉਮਰੇ ਗਲ ਵਿਚ ਜਨੇਊ ਪਾਉਣ ਤੋਂ ਰੋਕ ਦਿੱਤਾ ਸੀ ਅਤੇ ਆਤਮਕ ਗੁਣਾਂ ਵਾਲੇ ਅਨੋਖੇ ਜਨੇਊ ਦੀ ਮੰਗ ਵੀ ਕੀਤੀ ਸੀ, ਜਿਸ ਨੂੰ ਪੰਡਿਤ ਪੂਰੀ ਨਹੀਂ ਸੀ ਕਰ ਸਕਿਆ। ਦਸਵੇਂ ਪਾਤਿਸ਼ਾਹ ਤਕ (ਸੰਨ 1708 ਤਕ) ਬ੍ਰਾਹਮਣਵਾਦ ਉਤੇ ਗੁਰੂ ਪਾਤਿਸ਼ਾਹਾਂ ਦੇ ਸ਼ਖਸੀ ਪ੍ਰਭਾਵ ਦਾ ਦਬਦਬਾ ਬਣਿਆ ਰਿਹਾ। ਸੰਨ 1708 ਪਿੱਛੋਂ ਸਿੱਖੀ ਵਿਚਾਰਧਾਰਾ ਨੂੰ ਹਿੰਦੂ ਮੱਤ ਵਿਚ ਸ਼ਾਮਲ ਕਰਨ ਲਈ ਬਹੁਤ ਕੁਝ ਛਪ ਚੁਕਾ ਹੈ ਅਤੇ ਹੁਣ ਵੀ ਛਪ ਰਿਹਾ ਹੈ।

ਜਾਪਦਾ ਹੈ ਕਿ ਸਿੱਖਾਂ ਦੀ ਅਗਵਾਈ ਲਈ ਬਣੀਆਂ ਗੁਰੂ-ਪੰਥੀ ਜਥੇਬੰਦੀਆਂ ਇਨ੍ਹਾਂ ਬ੍ਰਾਹਮਣਵਾਦੀ ਗ੍ਰੰਥਾਂ ਨੂੰ ਸਿੱਖ ਵਿਰਸੇ ਦਾ ਹਿੱਸਾ ਮੰਨ ਕੇ ਚੱਲ ਪਈਆਂ ਹਨ। ਅਜਿਹਾ ਇਨ੍ਹਾਂ ਜਥੇਬੰਦੀਆਂ ਉਤੇ ਰਾਜਸੀ ਅਤੇ ਬ੍ਰਾਹਮਣਵਾਦੀ ਦਬਾਓ ਕਾਰਨ ਹੀ ਹੋ ਰਿਹਾ ਹੈ, ਜੋ ਸਿੱਖੀ ਵਿਚਾਰਧਾਰਾ ਨੂੰ ਹਿੰਦੂ ਮੱਤ ਵਿਚ ਰਲਗਡ ਕਰਨ ਵਿਚ ਪੂਰੀ ਤਰ੍ਹਾਂ ਅਤੇ ਖੁਲ੍ਹੇ ਤੌਰ 'ਤੇ ਯਤਨਸ਼ੀਲ ਹਨ। ਬ੍ਰਾਹਮਣਵਾਦ ਦੀ ਮਨਸ਼ਾ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਣ ਦੀ ਹੈ, ਜਿਸ ਵਿਚ ਸਭ ਦਾ ਇੱਕੋ ਮਜਹਬ, ਇੱਕੋ ਭਾਸ਼ਾ ਅਤੇ ਇੱਕੋ ਕੌਮੀਅਤ ਹੋਵੇਗੀ। ਕੀ ਸਿੱਖ ਇਸ ਸਥਿਤੀ ਦਾ ਸਾਹਮਣਾ ਕਰਨ ਦੇ ਸਮਰਥ ਹਨ? ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਮੌਜੂਦਾ ਸਥਿਤੀ ਤੋਂ ਜਾਪਦਾ ਹੈ ਕਿ ਬਹੁ ਗਿਣਤੀ ਸਿੱਖ ਜਥੇਬੰਦੀਆਂ ਅਤੇ ਪ੍ਰਚਾਰਕ ਹਿੰਦੂ ਮੱਤ ਦੇ ਸਿੱਖੀ ਵਿਰੁਧ ਬਣਾਏ ਮਨਸੂਬਿਆਂ ਨੂੰ ਜਾਣੇ-ਅਣਜਾਣੇ ਸਫਲ ਕਰਨ ਵਿਚ ਹੀ ਜੁਟੇ ਹੋਏ ਹਨ। 'ਜੁਟੇ ਹੋਏ' ਤੋਂ ਭਾਵ ਦੇਖਣ ਨੂੰ ਸਿੱਖੀ ਸਰੂਪ ਹੈ, ਪਰ ਕਰਮ ਬ੍ਰਾਹਮਣਵਾਦ ਨੂੰ ਬੜ੍ਹਾਵਾ ਦੇਣ ਵਾਲੇ ਹੀ ਹਨ, ਜਿਸ ਨਾਲ ਬ੍ਰਾਹਮਣਵਾਦ ਦੀ ਸਿੱਖਾਂ ਨੂੰ ਪਾਈ ਗਲਵੱਕੜੀ ਦਿਨੋ ਦਿਨ ਮਜ਼ਬੂਤ ਹੁੰਦੀ ਜਾ ਰਹੀ ਹੈ।




ਸਿੱਖ ਰਹਿਤ ਮਰਿਆਦਾ (ਸੰਨ 1931 ਤੋਂ 1945) ਰਾਹੀਂ ਬ੍ਰਾਹਮਣਵਾਦ ਦੀ ਘੁਸਪੈਠ: ਗੁਰੂ ਗ੍ਰੰਥ ਸਾਹਿਬ ਦੀਆਂ ਸੱਚੀਆਂ ਬਾਣੀਆਂ ਦੀ ਵਿਚਾਰਧਾਰਾ ਵਿਚ ਬ੍ਰਾਹਮਣਵਾਦੀ ਵਿਚਾਰਧਾਰਾ ਲੰਬੇ ਸਮੇਂ ਤੋਂ ਆਪਣਾ ਦਖਲ ਦੇ ਚੁਕੀ ਹੈ। ਮੌਜੂਦਾ ਨਿੱਤਨੇਮ ਰਾਹੀਂ ਦੁਰਗਾ, ਮਹਾਂਕਾਲ ਦੀਆਂ ਸਿਫਤਾਂ ਅਤੇ ਰਾਮਾਇਣ ਦੇ ਅੰਸ਼ ਦਸਮ ਗ੍ਰੰਥ ਵਿਚੋਂ ਪੜ੍ਹਾਏ ਜਾ ਰਹੇ ਹਨ। ਬਹੁ ਗਿਣਤੀ ਸਿੱਖ, ਬ੍ਰਾਹਮਣਵਾਦੀ ਸੋਚ ਨਾਲ ਮਿਲਗੋਭਾ ਹੋਏ ਨਿੱਤਨੇਮ ਅਤੇ ਮਿਲਗੋਭਾ ਬਣਾਈ ਅਰਦਾਸਿ ਰਾਹੀਂ, ਪਿਛਲੇ 70 ਸਾਲਾਂ ਤੋਂ ਬ੍ਰਾਹਮਣਵਾਦ ਦੀ ਲਪੇਟ ਵਿਚ ਬੁਰੀ ਤਰ੍ਹਾਂ ਜਕੜੇ ਜਾ ਚੁਕੇ ਹਨ।

ਇਸ ਮਰਿਆਦਾ ਨੇ ਸਾਬਤ ਕਰ ਦਿੱਤਾ ਹੈ ਕਿ ਦਸਮ ਪਾਤਿਸ਼ਾਹ ਤੋਂ ਪ੍ਰਵਾਨਿਤ ਪੂਰੇ ਅਤੇ ਸੱਚੇ ਗੁਰੂ ਗ੍ਰੰਥ ਸਾਹਿਬ ਅਧੂਰੇ ਹਨ। ਇਸ ਅਧੂਰੇਪਨ ਨੂੰ ਪੂਰਾ ਕਰਨ ਲਈ ਮਨਮਤਿ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਸਮ ਗ੍ਰੰਥ ਦਾ ਸਹਾਰਾ ਲੈ ਲਿਆ ਅਤੇ ਸਦਾ ਲਈ ਸਿੱਖਾਂ ਵਿਚ ਕਲੇਸ਼ ਖੜ੍ਹਾ ਕਰ ਦਿੱਤਾ। ਇਸ ਕਮੇਟੀ ਨੇ ਅਜਿਹਾ ਕਰ ਕੇ ਗੁਰੂ ਨਾਨਕ ਸਾਹਿਬ, ਗੁਰੂ ਅਰਜੁਨ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਉਤੇ ਉਂਗਲ ਚੁਕੀ ਹੈ, ਕਿਉਂਕਿ ਸਿੱਖ ਲਈ ਰੋਜ਼ਾਨਾ ਨਿੱਤਨੇਮ ਗੁਰੂ ਨਾਨਕ ਸਾਹਿਬ ਨੇ ਬਣਾਇਆ ਸੀ, ਜਿਸ ਨੂੰ ਪੰਜਵੇਂ ਗੁਰੂ ਜੀ ਨੇ ਇਸ ਵਿਚ ਕੁਝ ਹੋਰ ਸ਼ਬਦ ਜੋੜ ਕੇ ਮੁਕੰਮਲ ਕਰ ਕੇ ਆਦਿ ਬੀੜ ਵਿਚ ਦਰਜ ਕਰਵਾ ਦਿੱਤਾ ਸੀ ਅਤੇ ਦਮਦਮੀ ਬੀੜ ਬਣਾ ਕੇ ਦਸਮ ਪਾਤਿਸ਼ਾਹ ਨੇ ਇਸ ਨੂੰ ਅੰਤਿਮ ਪ੍ਰਵਾਨਗੀ ਦੇ ਦਿੱਤੀ ਸੀ। ਹੁਣ ਇਹ ਨਿੱਤਨੇਮ ਛਾਪੇ ਵਾਲੀ ਬੀੜ ਦੇ ਪਹਿਲੇ 13 ਪੰਨਿਆਂ ਉਤੇ ਦਰਜ ਹੈ।

ਗੁਰੂ ਤੋਂ ਉਪਰ ਦੁਨੀਆਂ ਦੀ ਕੋਈ ਤਾਕਤ ਨਹੀਂ, ਜੋ ਇਸ ਨਿੱਤਨੇਮ ਨੂੰ ਬਦਲ ਸਕੇ, ਪਰ ਸ਼੍ਰੋਮਣੀ ਕਮੇਟੀ ਨੇ ਆਪਣੇ ਆਪ ਨੂੰ ਗੁਰੂ ਤੋਂ ਉਚਾ ਮੰਨ ਲਿਆ ਹੈ ਅਤੇ ਇਸ ਦਾ ਜੋ ਹਸ਼ਰ ਹੋਇਆ ਹੈ ਤੇ ਜੋ ਹੋ ਰਿਹਾ ਹੈ, ਉਹ ਸਭ ਸਿੱਖ ਜਗਤ ਦੇ ਸਾਹਮਣੇ ਹੈ। ਇਹ ਸਥਿਤੀ ਤਾਂ ਉਨ੍ਹਾਂ ਤੋਤਿਆਂ ਵਾਲੀ ਹੈ, ਜੋ ਜਾਲ ਵਿਚ ਫਸੇ ਹੋਏ ਉਡਦੇ ਜਾ ਰਹੇ ਹਨ, ਪਰ ਇਹ ਕਹਿਣੋਂ ਫਿਰ ਵੀ ਨਹੀਂ ਹਟਦੇ ਕਿ ਉਹ ਆਜ਼ਾਦ ਹਨ, ਕਿਉਂਕਿ ਉਨ੍ਹਾਂ ਨੂੰ ਇਹ ਰਟਾਇਆ ਗਿਆ ਹੈ, "ਸ਼ਿਕਾਰੀ ਆਏਗਾ, ਦਾਣਾ ਪਾਏਗਾ, ਹਮ ਦਾਣਾ ਖਾਏਂਗੇ ਨਹੀਂ ਔਰ ਜਾਲ ਮੇ ਫਸੇਂਗੇ ਨਹੀਂ।"

ਇਸ ਲੇਖ ਲੜੀ ਵਿਚ ਕਵੀ ਸੰਤੋਖ ਸਿੰਘ ਦੇ ਲਿਖੇ 'ਸੂਰਜ ਪ੍ਰਕਾਸ਼' ਗ੍ਰੰਥ ਦੇ ਕੁਝ ਹਿੱਸੇ ਨੂੰ ਵਿਚਾਰ ਅਧੀਨ ਲਿਆ ਗਿਆ ਹੈ।

**ਸਿੱਖੀ ਦਾ ਆਧਾਰ ਕੀ ਹੈ?:** ਸਿੱਖੀ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਹੋਰ ਕੋਈ ਗ੍ਰੰਥ ਨਹੀਂ ਹੈ। ਕਿਸੇ ਕਵੀ ਦੀ ਜੋ ਵੀ ਰਚਨਾ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨਾਲ ਟਕਰਾਉਂਦੀ ਹੈ, ਉਹ ਤੁਰੰਤ ਤਿਆਗਣ ਯੋਗ ਹੈ।

**ਇਸ ਲੇਖ ਦਾ ਮਨੋਰਥ:** ਕਵੀ ਸੰਤੋਖ ਸਿੰਘ ਦੇ ਲਿਖੇ 'ਸੂਰਜ ਪ੍ਰਕਾਸ਼' ਗ੍ਰੰਥ ਨੇ ਦਸਵੇਂ ਪਾਤਿਸ਼ਾਹ ਨੂੰ ਕਿਵੇਂ ਦੁਰਗਾ ਦੇਵੀ ਦੇ ਪੁਜਾਰੀ ਸਿੱਧ ਕਰਨ ਦੀ ਮਨਮਤਿ ਕੀਤੀ ਹੈ ਅਤੇ ਦਸਮ ਪਾਤਿਸ਼ਾਹ ਪ੍ਰਤੀ ਹੋਰ ਕੀ ਜ਼ਹਿਰ ਉਗਲਿਆ ਹੈ, ਇਸ ਸਬੰਧੀ ਸੰਖੇਪ ਜਾਣਕਾਰੀ ਦੇਣ ਦੀ ਕੋਸ਼ਿਸ਼ ਇਸ ਲੇਖ ਰਾਹੀਂ ਕੀਤੀ ਗਈ ਹੈ:

1. 'ਸੂਰਜ ਪ੍ਰਕਾਸ਼' ਨੇ ਦਸਮ ਪਾਤਿਸ਼ਾਹ ਨੂੰ ਨਸ਼ੇ ਕਰਦੇ ਲਿਖ ਕੇ ਘੋਰ ਨਿੰਦਿਆ ਕੀਤੀ ਹੈ। ਕਵੀ ਲਿਖਦਾ ਹੈ ਕਿ ਗੁਰੂ ਜੀ ਦੀ ਨੀਂਦ ਖੋਲ੍ਹਣ ਲਈ ਕਈ ਤਰ੍ਹਾਂ ਦੇ ਸਾਜ਼ ਵੱਜਦੇ ਸਨ। ਫਿਰ ਗੁਰੂ ਜੀ ਨੀਂਦ ਤਿਆਗਦੇ ਸਨ ਅਤੇ ਇੱਕ ਵਰਦੀ ਪਾਈ ਸਜਿਆ ਸੇਵਕ ਲੌਂਗਾਂ, ਬਦਾਮਾਂ ਅਤੇ ਇਲਾਇਚੀਆਂ ਵਾਲੀ ਭੰਗ ਨਾਲ ਭਰਿਆ ਸੋਨੇ ਦਾ ਘੜਾ ਲੈ ਆਉਂਦਾ ਹੈ।

ਕਵੀ ਸੰਤੋਖ ਸਿੰਘ ਦੇ ਲਿਖੇ 'ਸੂਰਜ ਪ੍ਰਕਾਸ਼' ਗ੍ਰੰਥ ਵਿਚ ਗੁਰੂ ਜੀ ਦੀ ਬੜੀ ਨਿਰਾਦਰੀ ਕੀਤੀ ਗਈ ਹੈ, ਫਿਰ ਵੀ ਇਸ ਦੀ ਕਥਾ ਗੁਰਦੁਆਰਿਆਂ ਵਿਚ ਕੀਤੀ ਜਾ ਰਹੀ ਹੈ। ਕੀ ਇਹ ਬ੍ਰਾਹਮਣਵਾਦ ਦਾ ਸਿੱਖੀ 'ਤੇ ਮਾਰੂ ਵਾਰ ਨਹੀਂ? ਕਵੀ ਲਿਖਦਾ ਹੈ, "ਗੁਰੂ ਜੀ ਨੂੰ ਨੀਂਦ ਵਿਚੋਂ ਕੱਢਣ ਲਈ ਘੰਟਿਆਂ ਦੀ ਟੁਣਕਾਰ ਹੁੰਦੀ ਹੈ।" ਦੇਖੋ ਕਵੀ ਸੰਤੋਖ ਸਿੰਘ ਦੀ ਮਨਮੁਖਤਾਈ ਅਤੇ ਨਿੰਦਿਆ ਹੇਠ ਲਿਖੇ ਬੰਦਾਂ ਵਿਚ:

ਡੰਕੇ ਰਣੰਕ, ਖੜਕੈ, ਘੜਿਯਾਲ।
ਦਰ ਪਢਹਿ ਭਾਟ ਕੀਰਤਿ ਬਿਸਾਲ।
ਬਜਿਯੰਤਿ ਸੰਖ ਤੁਰਰੀ ਅਨੇਕ।
ਸੁਨਿ ਉਠਤਿ ਸਿਖ ਧਾਰਤਿ ਬਿਬੇਕ॥੫॥
ਮੰਗਲ ਮਹਾਨ ਮੰਦਰ ਸੁ ਪੌਰ।
ਤਾਗੰਤਿ (ਤਿਆਗ ਕੇ) ਨੀਂਦ ਹਿੰਦਵਾਨ ਮੌਰ (ਗੁਰੂ ਜੀ)।

ਡੰਕੇ, ਘੜਿਆਲ, ਸੰਖ ਆਦਿ ਦੀਆਂ ਅਵਾਜ਼ਾਂ ਸੁਣ ਕੇ ਗੁਰੂ ਜੀ ਨੀਂਦ ਵਿਚੋਂ ਉਠਦੇ ਹਨ ਅਤੇ ਫਿਰ ਇੱਕ ਵਰਦੀਧਾਰੀ ਸਜਿਆ ਸਿੱਖ ਭੰਗ ਨਾਲ ਭਰਿਆ ਸੋਨੇ ਦਾ ਘੜਾ ਗੁਰੂ ਜੀ ਦੇ ਪੀਣ ਵਾਸਤੇ ਲੈ ਕੇ ਹਾਜ਼ਰ ਹੁੰਦਾ ਹੈ। ਕਵੀ ਸੰਤੋਖ ਸਿੰਘ ਮਨਮੁਖਤਾਈ ਕਰਦਾ ਲਿਖਦਾ ਹੈ,

ਤਿਸ ਕਾਲ ਅਲੰਕ੍ਰਿਤ (ਸਜਿਆ) ਆਇ ਦਾਸ।
ਲੇ ਸ਼ਾਤਕੁੰਭ (ਸੋਨਾ) ਕੋ ਕੁੰਭ ਪਾਸ॥੬॥
ਅਧਿਕੈ ਸੁਗੰਧਿ ਮਹਿਕਾਰ ਸੰਗ।
ਬਹੁ ਰਗੜ ਬਿਦਾਮਨਿ ਸਹਿਤ ਭੰਗ (ਨਸ਼ਾ ਦੇਣ ਵਾਲੀ)।
ਏਲਾ (ਇਲਾਇਚੀ) ਲਵੰਗੁ (ਲੌਂਗ) ਮਿਰਚਾਂ ਨਿਕਾਰਿ।
ਮੇਲੋ ਗੁਲਾਬ ਬਿਚ ਸਰਦ ਬਾਰਿ॥੭॥
ਜਿਤ ਛਤ੍ਰਧਾਰਿ (ਅਫੀਮ ਨਾਲ ਪੋਸਤ ਦੇ ਡੋਡੇ ਅਤੇ ਛਤਰ) ਸਤਿਗੁਰ ਛਕਾਇ।
ਪੁਨ ਸੌਚ ਨਾਨ ਕਿਰਤੇ ਬਨਾਇ।
ਬਹੁ ਦੂਰ ਦੇਸ਼ ਕੇ ਬਸਤ੍ਰ ਆਇ।
ਸੂਖਮ ਬਿਸਾਲ ਮੂਲ ਕੋ ਮੰਗਾਇ॥੮॥
(ਸੂਰਜ ਪ੍ਰਕਾਸ਼, ਰੁੱਤ ਤੀਜੀ, ਅਧਿਆਇ 4)

**2. ਕੇਸ਼ਵ ਦਾਸ ਬ੍ਰਾਹਮਣ ਕਾਂਸ਼ੀ ਤੋਂ ਗੁਰੂ ਜੀ ਤੋਂ ਦੁਰਗਾ ਪੂਜਾ ਕਰਵਾਉਣ ਲਈ ਆਇਆ:** ਸ਼ਿਵ ਦੀ ਪਤਨੀ ਦੁਰਗਾ/ਪਾਰਬਤੀ ਦੇਵੀ ਦੀ ਪੂਜਾ ਕਰਨ ਦੀ ਤਿਆਰੀ ਲਈ ਕੇਸ਼ਵ ਦਾਸ ਬ੍ਰਾਹਮਣ ਦੀ ਆਓ ਭਗਤ ਕਰਨ ਸਮੇਂ ਦਾ ਹਾਲ ਕਵੀ ਨੇ ਬਿਆਨ ਕੀਤਾ ਹੈ ਕਿ ਗੁਰੂ ਜੀ ਦੇ ਕਹਿਣ 'ਤੇ ਸਾਰੀਆਂ ਲੋੜੀਂਦੀਆਂ ਵਸਤੂਆਂ ਬ੍ਰਾਹਮਣ ਨੂੰ ਭਾਈ ਦਇਆ ਰਾਮ ਅਤੇ ਨੰਦ ਚੰਦ ਵਲੋਂ ਪਹੁੰਚਾ ਦਿੱਤੀਆਂ ਗਈਆਂ। ਫਿਰ ਕਵੀ ਸੰਤੋਖ ਸਿੰਘ ਨਿਰਮਲਾ ਗੁਰੂ ਜੀ ਦੀ ਨਿਰਾਦਰੀ ਕਰਦਾ ਲਿਖਦਾ ਹੈ ਕਿ ਕੁਝ ਆਰਾਮ ਕਰ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਪਾਤਿਸ਼ਾਹ ਉਠੇ ਅਤੇ ਉਨ੍ਹਾਂ ਨੇ ਸੁੱਖਾ ਖਾਧਾ ਅਤੇ ਅਫੀਮ ਵੀ ਛਕੀ। ਕਵੀ ਸੰਤੋਖ ਸਿੰਘ ਗੁਰੂ ਜੀ ਦੀ ਨਿੰਦਿਆ ਅਤੇ ਨਿਰਾਦਰੀ ਕਰਦਾ ਲਿਖਦਾ ਹੈ:

ਸੁਨਿ ਦਯਾਰਾਮ ਅਰੁ ਨੰਦਚੰਦ।
ਸਭਿ ਭਨੀ ਗਾਥ, ਢਿਗ ਗੇ ਮੁਕੰਦ।
ਗੁਰ ਕਹੋ ਫੇਰ ਸੁਧਿ ਲੇਹੁ ਸਰਬ।
ਸਹਿ ਬਿਦ ਗੁਨੀ ਕੈ ਹੋਤਿ ਗਰਬ॥੨੪॥
ਸੁਨਿ ਕੈ ਦਿਵਾਨ ਸਭਿ ਕਿਛ ਪੁਚਾਇ।
ਬਾਛਤਿ ਜਿ ਵਸਤੁ ਜੋ ਜੋ ਬਤਾਇ।
ਦਿਨ ਗਯੋ ਬੀਤ ਰਹਿ ਜਾਮ ਏਕ।
ਕੁਛ ਕਰਿ ਅਰਾਮ ਸਾਗਰ ਬਿਬੇਕ॥25॥
ਸੁਖਾ ਅਫੀਮੁ ਛਕਿ ਸੌਚ ਠਾਨਿ।
ਤਿਸ ਕਾਲ ਬਹੁਰ ਕਰਿ ਕੈ ਸ਼ਨਾਨ।
ਤਨ ਬਸਤ੍ਰ ਸ਼ਸਤ੍ਰ ਕੋ ਪਹਿਰ ਲੀਨ।
ਕਲੀ ਸੁ ਜਿਗਾ ਸਿਰ ਧਰਨਿ ਕੀਨਿ॥26॥

3. ਦੁਰਗਾ ਦੇਵੀ ਦੇ ਆਸ਼ੀਰਵਾਦ ਨਾਲ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇਣ ਲਈ ਹੋ ਰਹੇ ਹਵਨ ਤੋਂ ਬਾਅਦ ਗੁਰੂ ਦਸਵੇਂ ਪਾਤਿਸ਼ਾਹ ਜੀ ਦੀ, ਕਵੀ ਸੰਤੋਖ ਸਿੰਘ ਨਿਰਾਦਰੀ ਕਰਦਾ ਲਿਖਦਾ ਹੈ, ਸੁੱਖਾ ਛਕਿਆ ਅਤੇ ਅਫੀਮ ਖਾਧੀ, ਫਿਰ ਘੋੜਾ ਮੰਗਵਾਇਆ ਅਤੇ ਸਿੱਖਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਚਲੇ ਗਏ:

ਇਕ ਦਿਨ ਪ੍ਰਭੂ ਪਾਛਲੇ ਜਾਮੂ।
ਸੁਖਾ ਛਕਿ ਅਫੀਮ ਸੁਖ ਧਾਮੂ।
ਸੌਚ ਸ਼ਨਾਨ ਠਾਨਿ ਕਰਿ ਚਹੋ।
ਪਹਿਰੇ ਬਸਤ੍ਰ ਸ਼ਸਤ੍ਰ, ਬਚ ਕਹੋ॥5॥
ਹਯ (ਘੋੜਾ) ਪਰ ਗੀਨ ਪਾਇ ਤਤਕਾਲਹਿ।
ਆਨਹੁ ਨਿਕਟ ਅਖੇਰਹਿ ਚਾਲਹਿ।
ਸੁਨਤਿ ਦਾਸ ਆਨੋ ਕਰਿ ਤਾਰ।
ਤਤਛਿਨ ਭਏ ਪ੍ਰਭੂ ਅਸਵਾਰ॥੬॥
(ਰੁੱਤ ਤੀਜੀ, ਅੱਠਵਾਂ ਅਧਿਆਇ-ਸ਼ਿਕਾਰ ਹਮਨ)।

ਅੱਜ ਦਾ ਕੋਈ ਲਿਖਾਰੀ ਜੇ ਦਸਵੇਂ ਪਾਤਿਸ਼ਾਹ ਪ੍ਰਤੀ ਅਜਿਹੇ ਨਿਰਾਦਰੀ ਦੇ ਬੋਲ ਲਿਖ ਦੇਵੇ ਜਾਂ ਬੋਲ ਦੇਵੇ ਤਾਂ ਸਮਝੋ ਉਸ ਦੀ ਖੈਰ ਨਹੀਂ। ਉਸ ਨੂੰ ਕੁੱਟਿਆ ਵੀ ਜਾਵੇਗਾ ਅਤੇ ਉਸ ਦੀ ਅਜਿਹੀ ਲਿਖਤ ਵੀ ਜ਼ਬਤ ਕੀਤੀ ਜਾਵੇਗੀ। ਉਸ ਨੂੰ ਸਿੱਖੀ ਵਿਚੋਂ ਛੇਕਣ ਦਾ ਕੁਹਾੜਾ ਮਾਰਨ ਵਾਲੇ ਵੀ ਢਿੱਲ ਨਹੀਂ ਕਰਨਗੇ, ਪਰ ਦੇਖੋ 'ਸੂਰਜ ਪ੍ਰਕਾਸ਼' ਗ੍ਰੰਥ ਵੱਲ, ਇਸ ਦੀ ਤਾਂ ਗੁਰਦੁਆਰਿਆਂ ਵਿਚ ਕਥਾ ਬੜੇ ਚਾਅ ਨਾਲ ਕੀਤੀ ਜਾ ਰਹੀ ਹੈ। ਭਾਵੇਂ ਇਸ ਨੇ ਗੁਰੂ ਜੀ ਦੀ ਪੁੱਜ ਕੇ ਨਿਰਾਦਰੀ ਕੀਤੀ ਹੈ ਅਤੇ ਲਿਖਤ ਸਭ ਦੇ ਸਾਹਮਣੇ ਵੀ ਹੈ, ਪਰ ਫਿਰ ਵੀ ਇਸ ਗ੍ਰੰਥ ਨੂੰ ਜ਼ਬਤ ਕਰਨ ਦੀ ਕੋਈ ਕਾਰਵਾਈ ਨਹੀਂ ਹੋ ਰਹੀ।

ਅਜਿਹੇ ਗ੍ਰੰਥਾਂ ਨੂੰ ਸਿੱਖੀ ਦਾ ਹਿੱਸਾ ਮੰਨ ਲੈਣਾ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਵਾਲੀ ਗੱਲ ਹੈ। ਕੀ ਬਣੂੰਗਾ ਸਿੱਖੀ ਦਾ? ਸਭ ਦੇ ਸਾਹਮਣੇ ਹੈ। ਕੇਵਲ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ (ਰਾਗਮਾਲਾ ਤੋਂ ਬਿਨਾ) ਵਿਚ ਲਿਖੀ ਵਿਚਾਰਧਾਰਾ ਹੀ ਬ੍ਰਾਹਮਣਵਾਦ ਨੂੰ ਸਿੱਖੀ ਵਿਚੋਂ ਕੱਢ ਸਕਦੀ ਹੈ, ਪਰ ਇਹ ਤਾਂ ਹੀ ਸੰਭਵ ਹੈ, ਜੇ ਸਾਰੇ ਸਿੱਖ ਇਸ ਅਸਲੀਅਤ ਨੂੰ ਸਮਝ ਕੇ ਇਕੱਠੇ ਹੋ ਕੇ ਬ੍ਰਾਹਮਣਵਾਦ ਦਾ ਟਾਕਰਾ ਕਰਨ ਅਤੇ ਦਸਵੇਂ ਗੁਰੂ ਜੀ ਵਲੋਂ ਦਿੱਤੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ (ਰਾਗ ਮਾਲਾ ਤੋਂ ਬਿਨਾ) ਤੋਂ ਬਾਹਰ ਝਾਕਣਾ ਬੰਦ ਕਰ ਦੇਣ।

*(ਚਲਦਾ)*

# ਕੁੱਲੀ ਦਾ ਲਾਲ ਕਰਨੈਲ ਰਾਮੂਵਾਲੀਆ

***ਸਾਲ 2016 ਵਿਚ ਉਘੇ ਕਵੀਸ਼ਰ ਕਰਨੈਲ ਸਿੰਘ ਪਾਰਸ (28 ਜੂਨ 1916-28 ਫਰਵਰੀ 2009) ਦੀ ਜਨਮ ਸ਼ਤਾਬਦੀ ਸੀ। ਇਸ ਮੌਕੇ ਉਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਜਿਨ੍ਹਾਂ ਦੀ ਜਨਮ ਸ਼ਤਾਬਦੀ ਹੁਣ ਮਨਾਈ ਜਾ ਰਹੀ ਹੈ, ਨੇ ਪਾਰਸ ਨੂੰ ਯਾਦ ਕਰਦਿਆਂ ਇਕ ਲੇਖ ਲਿਖਿਆ ਸੀ। ਇਹ ਲੇਖ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ ਜਿਸ ਵਿਚ ਕੰਵਲ ਨੇ ਕਵੀਸ਼ਰ ਪਾਰਸ ਦੀ ਜ਼ਿੰਦਗੀ ਦੇ ਕੁਝ ਅਣਛੋਹੇ ਪੱਖਾਂ ਦੀਆਂ ਗੱਲਾਂ ਕੀਤੀਆਂ ਹਨ। -ਸੰਪਾਦਕ***

ਕਰਨੈਲ ਰਾਮੂਵਾਲੀਏ ਨੂੰ ਲੋਕ 'ਪਾਰਸ' ਦੇ ਨਾਮ ਨਾਲ ਵੀ ਜਾਣਦੇ ਹਨ। ਉਹ ਕੱਖਾਂ ਦੀ ਕੁੱਲੀ 'ਚੋਂ ਦਗਦੇ ਲਾਲ ਵਾਂਗ ਲਿਸ਼ਕਿਆ, ਲਿਸ਼ਕਿਆ ਵੀ ਏਨਾ ਕਿ ਉਹਦਾ ਚਾਨਣ ਦੂਰ-ਦੂਰ ਤਕ ਫੈਲ ਗਿਆ, ਸੂਬਿਆਂ ਦੀਆਂ ਹੱਦਾਂ ਤੋਂ ਪਾਰ, ਦੇਸਾਂ ਦੀਆਂ ਹੱਦਾਂ ਤੋਂ ਪਾਰ, ਤੇ ਸਮੁੰਦਰਾਂ ਤੋਂ ਪਾਰ। ਉਹ ਜਿਥੇ ਵੀ ਗਿਆ, ਜਿਸ ਨਾਲ ਵੀ ਵਿਚਰਿਆ, ਘੁੱਪ ਹਨੇਰੇ ਵਿਚ ਰੌਸ਼ਨ ਮਸ਼ਾਲ ਬਣ ਕੇ ਜਗਿਆ। ਬਲਿਹਾਰੇ ਜਾਂਦਾ ਹਾਂ ਮੈਂ ਉਹਦੀ ਮਿੱਠਤ ਦੇ, ਉਹਦੀ ਬੇਬਾਕੀ ਦੇ, ਉਹਦੀ ਬੇਪਰਵਾਹੀ ਦੇ। ਉਹਦੀ ਮਿਹਨਤ, ਹਿੰਮਤ ਅਤੇ ਲਗਨ ਨੂੰ ਸਲਾਮ!

ਕਰਨੈਲ ਮੇਰਾ ਸਮਕਾਲੀ ਸੀ। ਜਿਸ ਜ਼ਮਾਨੇ ਵਿਚ ਅਸੀਂ ਪੈਦਾ ਹੋਏ, ਵਿਚਰੇ; ਉਹ ਅੱਜ ਨਾਲੋਂ ਬਿਲਕੁਲ ਵੱਖਰਾ ਸੀ। ਨਾ ਟਰੈਕਟਰ, ਨਾ ਕੰਬਾਈਨਾਂ, ਨਾ ਬੰਬੀਆਂ, ਨਾ ਕੋਠੀਆਂ, ਕਾਰਾਂ। ਪੰਜਾਬ ਕੱਤੇ ਦੀ ਬਿਮਾਰੀ ਦਾ ਮਧੋਲਿਆ ਹੋਇਆ ਸੀ ਜੋ ਤਕਰੀਬਨ ਸਾਰੇ ਦੇਸ ਵਿਚ ਹੀ ਫੈਲ ਗਈ ਸੀ। ਬੱਸ ਇਕੋ ਚੀਜ਼ ਸਾਂਝੀ ਸੀ ਉਦੋਂ ਦੇ ਪੰਜਾਬ ਤੇ ਅੱਜ ਦੇ ਪੰਜਾਬ ਵਿਚ-ਪੰਜਾਬ ਦੀ ਕਿਸਾਨੀ ਉਦੋਂ ਵੀ ਕਰਜ਼ੇ ਨਾਲ ਵਿੰਨ੍ਹੀ ਹੋਈ ਸੀ, ਅੱਜ ਵੀ

**ਜਸਵੰਤ ਸਿੰਘ ਕੰਵਲ**


ਕਰਜ਼ੇ ਨਾਲ ਮਰਨਹਾਰੀ ਹੈ। ਜ਼ਮੀਨਾਂ ਬੰਜਰ, ਖਿੰਡੀਆਂ-ਪੁੰਡੀਆਂ। ਘੁਮਾਂ ਐਥੇ, ਘੁਮਾਂ ਔਥੇ। ਖਿੰਡੀਆਂ-ਪੁੰਡੀਆਂ ਜ਼ਮੀਨਾਂ ਵਾਂਗ ਹੀ ਖਿੰਡੀ-ਪੁੰਡੀ ਸੀ ਲੋਕਾਂ ਦੀ ਜ਼ਿੰਦਗੀ। ਪਿੰਡਾਂ ਵਿਚ ਅਨਪੜ੍ਹਤਾ ਦਾ ਪਸਾਰਾ ਸੀ। ਕਰਨੈਲ ਇਸੇ ਮਹੌਲ ਵਿਚ ਜੰਮਿਆ। ਉਹਨੂੰ ਕਿਸੇ ਸਕੂਲ/ਮਦਰੱਸੇ ਜਾਣਾ ਨਸੀਬ ਨਾ ਹੋਇਆ। ਚੌਦਾਂ ਸਾਲ ਦੀ ਉਮਰ ਤੀਕ ਅੱਖਰ ਗਿਆਨ ਤੋਂ ਕੋਰਾ ਰਿਹਾ ਪਰ ਕਰਨੈਲ ਦੀ ਘਾਲਣਾ ਦੇਖੋ, ਪੈਂਤੀ ਅੱਖਰੀ ਖੁਦ-ਬਖੁਦ ਹੀ ਸਿੱਖ ਲਈ। ਹਿੰਦੀ ਤੇ ਉਰਦੂ ਨਾਲ ਵੀ ਯਾਰਾਨਾ ਲਾ ਲਿਆ। ਨਾਮਣਾ ਐਸਾ ਕਮਾਇਆ ਕਿ ਉਹ ਕਰਨੈਲ ਜੀਹਨੂੰ ਸਕੂਲ ਜਾਣਾ ਹੀ ਨਸੀਬ ਨਹੀਂ ਸੀ ਹੋਇਆ, ਸਕੂਲ ਉਸ ਦੇ ਨਾਂ ਲੱਗ ਗਏ। ਯੂਨੀਵਰਸਟੀਆਂ ਵਿਚ ਵਿਦਵਾਨ ਉਹਦੇ ਚਰਚੇ ਕਰਨ ਲੱਗੇ।

ਉਹਦੀ ਕਵੀਸ਼ਰੀ ਤਾਂ ਭਲਾ ਸੀ ਹੀ ਲੋਕਾਂ ਲਈ, ਖੇਤਾਂ ਦੇ ਲੋਕਾਂ ਲਈ; ਜਿਨ੍ਹਾਂ ਦਾ ਇਕੋ-ਇਕ ਮਨਪਰਚਾਵਾ ਮੇਲਿਆਂ-ਮਸਾਵਿਆਂ ਉਤੇ ਗਵੰਤਰੀ ਸੁਣਨੇ, ਅਲਗੋਜ਼ਿਆਂ ਵਾਲੇ ਤੇ ਢੱਡ-ਸਰੰਗੀਆਂ ਵਾਲੇ, ਤੇ ਜਾਂ ਅਤਿ ਦੀਆਂ ਗਰਮੀਆਂ 'ਚ ਸਿਖਰ ਦੁਪਹਿਰੀਂ ਬੋਹੜਾਂ-ਪਿੱਪਲਾਂ ਹੇਠ ਜਾਂ 'ਦਰਵੱਜਿਆਂ' ਵਿਚ ਬੈਠ ਕੇ ਭਗਤ ਪੂਰਨ, ਮਿਰਜ਼ਾ-ਸਾਹਿਬਾਂ ਤੇ ਹੀਰ ਦੇ ਕਿੱਸੇ ਪੜ੍ਹਨੇ/ਸੁਣਨੇ ਪਰ ਇਨ੍ਹਾਂ ਲੋਕਾਂ ਵਿਚ ਪਰਵਾਨ ਚੜ੍ਹਨ ਤੋਂ ਅੱਗੇ ਕਰਨੈਲ ਦੀ ਵੱਡੀ ਪ੍ਰਾਪਤੀ ਸੀ ਤਰਕਸ਼ੀਲਤਾ ਵੱਲ ਖਿੱਚਿਆ ਜਾਣਾ ਤੇ 'ਪ੍ਰੀਤਲੜੀ' ਦਾ ਪਾਠਕ ਬਣ ਜਾਣਾ। 'ਪ੍ਰੀਤਲੜੀ' ਨੇ ਜਿਨ੍ਹਾਂ ਹਜ਼ਾਰਾਂ ਲੋਕਾਂ ਦੀ ਸੋਚ ਵਿਗਿਆਨਕ ਤੇ ਨਿਰਪੱਖ ਬਣਾਈ, ਕਰਨੈਲ ਉਨ੍ਹਾਂ ਵਿਚੋਂ ਇਕ ਸੀ।

ਕਵੀਸ਼ਰ ਕਰਨੈਲ ਸਿੰਘ ਪਾਰਸ ਜਦੋਂ ਸਟੇਜ 'ਤੇ ਆ ਜਾਂਦਾ ਤਾਂ ਪੰਡਾਲ ਦਾ ਸਾਰਾ ਰੌਲਾ-ਰੱਪਾ ਇਕ ਦਮ ਸ਼ਾਂਤ ਹੋ ਜਾਂਦਾ। ਉਹ ਜੋਧਾ ਬੁਲਾਰਾ ਸੀ। ਸਰਬੱਤ ਦੇ ਭਲੇ ਦਾ ਨਿਸ਼ਾਨ ਸਦਾ ਉਹਦੀ ਸੇਧ ਵਿਚ ਰਿਹਾ। ਗੁਰਸਿੱਖੀ ਤੇ ਸਾਇੰਸੀ ਵਿਚਾਰਧਾਰਾ ਨੂੰ ਉਸ ਨੇ ਬਰਾਬਰ ਰੱਖ ਕੇ ਪ੍ਰਚਾਰਿਆ। ਉਹ ਰੱਬ ਨੂੰ ਭਾਵੇਂ ਨਹੀਂ ਸੀ ਮੰਨਦਾ ਪਰ ਅਰਦਾਸ ਸਦਾ ਏਹੀ ਕਰਦਾ ਸੀ:

ਹੋਵੇ ਇਸ ਸੰਸਾਰ 'ਤੇ,
ਦੁਸ਼ਮਣ ਦਾ ਵੀ ਭਲਾ
ਟਲੇ ਗੁਆਂਢੀ ਤੋਂ ਸਦਾ,
ਕੋਹਾਂ ਦੂਰ ਬਲਾ
ਰੱਖੀਂ ਮਰਦਿਆਂ ਤਕ ਤੂੰ,
ਸਭ ਦੀ ਉਜਲੀ ਪੱਤ
ਤੇਰੀ ਰਜ਼ਾ ਵਿਚ ਦਾਤਿਆ,
ਸੁਖੀ ਵਸੇ ਸਰਬੱਤ।

ਵਿਦਿਆ ਦਾ ਸ਼ੁਦਾਅ ਤਾਂ ਸੀ ਕਰਨੈਲ ਨੂੰ ਪਰ ਨਾਲ ਹੀ ਦਿਲ-ਦਰਿਆ ਬੰਦਾ ਸੀ ਉਹ। ਖਾਣ-ਪਹਿਨਣ ਉਤੇ ਰੱਜ ਕੇ ਖਰਚ ਕਰਦਾ। ਗਰੀਬ-ਗੁਰਬੇ ਮੂਹਰੇ ਜੇਬ ਖੋਲ੍ਹ ਦਿੰਦਾ। ਵਿਦਿਆ ਬਾਰੇ ਕਹਿੰਦਾ: ਕੰਵਲ, ਜੇ ਮੈਂ ਛੱਪੜ ਉਤੇ ਫੱਟੀਆਂ ਤੋਂ ਊੜਾ-ਆੜਾ ਧੋਂਦੇ ਪਾੜ੍ਹਿਆਂ ਕੋਲੋਂ ਅੱਖਰ ਗਿਆਨ ਹਾਸਲ ਨਾ ਕਰਦਾ, ਮੈਂ ਰੁਲ ਜਾਣਾ ਸੀ। ਇਸੇ ਕਰਕੇ ਮੈਂ ਵਿਦਿਆ ਨੂੰ ਮਨੁੱਖ ਦਾ ਸਭ ਤੋਂ ਕੀਮਤੀ ਗਹਿਣਾ ਸਮਝਦਾਂ। ਮੇਰਾ ਦਿਲ ਕਰਦੈ, ਦੁਨੀਆਂ ਦੇ ਹਰ ਬੱਚੇ ਨੂੰ ਇਹ ਗਹਿਣਾ ਨਸੀਬ ਹੋਵੇ। ਇਸੇ ਲਈ ਕਰਨੈਲ ਦਿਲ ਖੋਲ੍ਹ ਕੇ ਵਿਦਿਆ ਦਾ ਦਾਨ ਦਿੰਦਾ। ਆਪਣੇ ਪਿੰਡ ਰਾਮੂਵਾਲੇ ਦੇ ਦੋਹਾਂ ਸਕੂਲਾਂ (ਪ੍ਰਾਇਮਰੀ ਤੇ ਹਾਈ) ਵਿਚ ਹਰ ਸਾਲ ਹੋਣਹਾਰ ਬੱਚਿਆਂ ਨੂੰ ਇਨਾਮ ਦਿੰਦਾ, ਲੋੜਵੰਦ ਪਾੜ੍ਹਿਆਂ ਨੂੰ ਕੱਪੜੇ ਤੇ ਬੂਟ ਪਹਿਨਾਉਂਦਾ। ਉਸ ਦੇ ਪਿੰਡ ਰਾਮੂਵਾਲੇ 'ਚ ਬਿਰਧ ਘਰ, ਲਾਇਬ੍ਰੇਰੀ, ਜਿਮਨੇਜ਼ੀਅਮ ਤੇ ਸਿਵੇ ਅੱਜ ਵੀ 'ਕਰਨੈਲ-ਕਰਨੈਲ' ਕੂਕਦੇ ਹਨ।



*ਮਰਹੂਮ ਕਰਨੈਲ ਸਿੰਘ ਪਾਰਸ*

ਕਰਨੈਲ ਦੀ ਜੀਵਨ-ਸ਼ੈਲੀ 'ਚ ਨਰਮਾਈ ਹੀ ਨਰਮਾਈ ਸੀ। ਕੋਈ ਹੰਕਾਰ ਨਹੀਂ, ਕੋਈ ਗੁਮਾਨ ਨਹੀਂ ਤੇ ਕੋਈ ਵੈਰ-ਵਿਰੋਧ ਨਹੀਂ। ਨਰਮ ਤੇ ਲਚਕੀਲਾ, ਪਾਣੀ ਵਰਗਾ। ਜਿਸ ਭਾਂਡੇ ਵਿਚ ਪੈਣਾ, ਉਸੇ ਵਰਗੀ ਸ਼ਕਲ ਅਖਤਿਆਰ ਕਰ ਲੈਣੀ; ਅਤਿ ਦੀ ਮੰਦਹਾਲੀ ਵਿਚ ਵੀ ਉਹ ਖਿੜਕਿਆ ਨਹੀਂ, ਡੋਲਿਆ ਨਹੀਂ। ਕਿਹਾ ਕਰਦਾ, ਮੰਦੇ ਹਾਲ ਸਦਾ ਨਹੀਂ ਰਹਿੰਦੇ। ਜੇ ਬੰਦਾ ਇਨ੍ਹਾਂ ਨਾਲ ਜੂਝਣ ਤੋਂ ਪਾਸਾ ਨਾ ਵੱਟੇ। ਕਹਿੰਦਾ, ਮੈਂ ਆਰਾਮ ਦਾ ਲਾਲਚ ਨਹੀਂ ਕਰਦਾ ਤੇ ਨਾ ਬੇਅਰਾਮੀ ਦੀ ਸ਼ਿਕਾਇਤ।

ਕਰਨੈਲ ਐਸਾ ਪਾਣੀ ਸੀ, ਜਿਹਦੀ ਮਿਸਾਲ ਨਿਵਾਣ ਤੋਂ ਉਚਾਣ ਵੱਲ ਜਾਣ ਦੀ ਉਤਸ਼ਾਹੀ ਪ੍ਰੇਰਨਾ ਦਿੰਦੀ ਹੈ। ਐਸਾ ਦਰਿਆ ਸੀ ਉਹ, ਜਿਹੜਾ ਮਾਰੂਥਲਾਂ ਵਿਚੋਂ ਪਹਾੜਾਂ ਵੱਲ ਵਗਿਆ ਅਤੇ ਪਹਾੜਾਂ ਦੀਆਂ ਚੋਟੀਆਂ ਤੀਕਰ ਚੜ੍ਹ ਗਿਆ। ਵਿਗਿਆਨਕ ਸੋਚ ਨਾਲ ਲੈਸ ਹੋ ਕੇ ਉਹਨੇ ਲਾਈਲੱਗਾਂ ਤੇ ਮੂੜ੍ਹਮੱਤੀਆਂ ਦੇ ਅੰਨ੍ਹੇ ਵਿਸ਼ਵਾਸ ਨੂੰ ਭਾਜੜਾਂ ਪਾਈ ਰੱਖੀਆਂ। ਮਾਰਕਸੀ ਵਿਚਾਰਧਾਰਾ ਦਾ ਹਾਮੀ ਬਣ ਕੇ ਮਾਇਆ ਦੇ ਲੋਭ ਲਾਲਚ ਤੋਂ ਨਿਰਲੇਪ ਹੋ ਗਿਆ। ਯਾਦ ਹੈ, ਮੈਨੂੰ ਜਦੋਂ ਕਰਨੈਲ ਦੀ ਮਹਿਮਾ ਸਿਖਰਾਂ ਵੱਲ ਵਧ ਰਹੀ ਸੀ, ਉਨ੍ਹੀਂ ਦਿਨੀਂ ਮੋਗੇ ਕੁਲ ਹਿੰਦ ਕਿਸਾਨ ਸਭਾ ਦਾ ਇਜਲਾਸ ਹੋਣਾ ਸੀ। ਕਮਿਊਨਿਸਟ ਪਾਰਟੀ ਉਦੋਂ ਇਕਮੁੱਠ ਸੀ; ਅੱਜ ਵਾਂਗੂੰ ਖੱਬੇ-ਸੱਜੇ ਦਾ ਰੱਫੜ ਨਹੀਂ ਸੀ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੱਸਦਾ ਹੁੰਦਾ ਸੀ, ਬਈ ਨਵੰਬਰ 1954 ਵਿਚ ਮੋਗੇ ਆਲ ਇੰਡੀਆ ਕਿਸਾਨ ਕਾਨਫਰੰਸ ਹੋਣੀ ਸੀ। ਪੂਰੇ ਦੇਸ਼ 'ਚੋਂ ਕਿਸਾਨ ਡੈਲੀਗੇਟ ਆਉਣੇ ਸਨ। ਪ੍ਰਧਾਨਗੀ ਕਾਮਰੇਡ ਨੰਬੂਦਰੀਪਾਦ ਨੇ ਕਰਨੀ ਸੀ। ਨੰਬੂਦਰੀਪਾਦ ਬਾਅਦ ਵਿਚ ਭਾਰਤ ਅੰਦਰ ਪਹਿਲਾ ਕਮਿਊਨਿਸਟ ਮੁੱਖ ਮੰਤਰੀ ਬਣਿਆ। ਕਮਿਊਨਿਸਟ ਵਰਕਰਾਂ ਵਿਚ ਕਾਨਫਰੰਸ ਲਈ ਤਕੜਾ ਉਤਸ਼ਾਹ ਸੀ। ਕਾਨਫਰੰਸ ਦੀ ਸਵਾਗਤੀ ਕਮੇਟੀ ਦੀ ਮੀਟਿੰਗ ਵਿਚ ਖਰਚੇ ਦਾ ਅੰਦਾਜ਼ਾ ਲਾਉਣ ਲੱਗੇ, ਤਾਂ ਪਤਾ ਲੱਗਾ ਬਈ ਖਰਚਾ ਵੱਡਾ ਹੋਣਾ ਸੀ ਪਰ ਪਾਰਟੀ ਦੇ ਖੀਸੇ ਖਾਲੀ। ਫੈਸਲਾ ਹੋਇਆ, ਪਿੰਡ ਪਿੰਡ ਜਾ ਕੇ ਉਗਰਾਹੀ ਕੀਤੀ ਜਾਵੇ।

ਕਰਨੈਲ ਦਾ ਪਾਰਟੀ ਦੇ ਚੋਟੀ ਦੇ ਵਰਕਰਾਂ ਨਾਲ ਬੈਠਣ-ਉਠਣ ਸੀ। ਕਈ ਅੰਡਰਗਰਾਊਂਡ ਲੀਡਰ ਉਸ ਦੇ ਘਰ ਲੁਕਿਆ ਕਰਦੇ ਸਨ। ਸੁਰਜੀਤ ਵੀ ਨ੍ਹੇਰੇ-ਸਵੇਰੇ ਕਰਨੈਲ ਦੇ ਘਰ ਆਉਂਦਾ। ਤੇਜਾ ਸਿੰਘ ਸੁਤੰਤਰ, ਬਾਬਾ ਬੂਝਾ ਸਿੰਘ ਵਰਗੇ ਅੰਡਰਗਰਾਊਂਡ ਆਗੂਆਂ ਦੀ ਠਾਹਰ ਵੀ ਕਰਨੈਲ ਦਾ ਘਰ ਹੀ ਸੀ। ਕਰਨੈਲ ਪਾਰਟੀ ਵਰਕਰਾਂ ਦੀ ਖੂਬ ਸੇਵਾ ਕਰਦਾ ਪਰ ਨਾਲ ਇਹ ਵੀ ਕਹਿ ਦਿੰਦਾ, ਬਈ ਮੈਨੂੰ ਨਾ ਆਪਣਾ ਨਾਮ ਦੱਸਿਓ ਤੇ ਨਾ ਹੀ ਪਤਾ ਟਿਕਾਣਾ। ਨਾ ਹੀ ਇਹ ਦੱਸਿਓ, ਬਈ ਕਿੱਥੋਂ ਆਏ ਤੇ ਅਗਾਂਹ ਕਿੱਥੇ ਜਾਣੈ। ਇਹ ਇਸ ਲਈ, ਬਈ ਮੈਥੋਂ ਪੁਲਿਸ ਦੀ ਕੁੱਟ ਨੀ ਸਹਾਰ ਹੋਣੀ ਤੇ ਮੇਰੇ ਮੂੰਹੋਂ ਪੁਲਿਸ ਨੇ ਨਾਮ ਬਕਾਅ ਲੈਣੇ ਐਂ। ਜਦੋਂ ਮੈਨੂੰ ਤੁਹਾਡੇ ਨਾਵਾਂ ਦਾ ਪਤਾ ਈ ਨੀ ਹੋਣਾ, ਤਾਂ ਮੈਥੋਂ ਪੁਲਿਸ ਵਾਲੇ ਬਕਾਉਣਗੇ ਕੀ? ਖੈਰ, ਸੁਰਜੀਤ ਕਾਮਰੇਡ ਨੇ ਕਰਨੈਲ ਨਾਲ ਗੱਲ ਕੀਤੀ, ਬਈ ਫੰਡਾਂ ਦੀ ਕਮੀ ਐ। ਕਰਨੈਲ ਕਹਿੰਦਾ, ਹਰਕਿਸ਼ਨ ਸਿਆਂ, ਮੇਰਾ ਜੱਥਾ ਇਕ ਮਹੀਨਾ ਪਾਰਟੀ ਦੇ ਹਵਾਲੇ।

ਕਰਨੈਲ ਨੇ ਬੈਲ-ਗੱਡਿਆਂ ਵਾਲੇ ਦੋ-ਤਿੰਨ ਪਾਰਟੀ ਵਰਕਰਾਂ ਨੂੰ ਨਾਲ ਲਿਆ। ਖੱਦਰ ਦੀਆਂ ਚਾਰ-ਪੰਜ ਚਾਦਰਾਂ ਜੋੜ ਕੇ ਗੱਡੇ ਦੇ ਅੰਦਰ ਦਾਣੇ ਪਾਉਣ ਲਈ ਜੁਗਾੜ ਬਣਾ ਲਿਆ। ਕਰਨੈਲ ਫਿਰ ਆਪਣੇ ਜੱਥੇ ਸਮੇਤ ਪਿੰਡ-ਪਿੰਡ ਫੇਰੀ ਪਾਉਣ ਨਿਕਲ ਪਿਆ। ਪਿੰਡ 'ਚ ਪਾਰਟੀ ਵਰਕਰ ਹੋਕਾ ਦੇ ਦਿੰਦੇ, ਬਈ ਕਰਨੈਲ ਕਵੀਸ਼ਰ ਦਾ ਜੱਥਾ ਕਵੀਸ਼ਰੀ ਕਰਨ ਆ ਰਿਹੈ। ਸੱਥ ਵਿਚ ਜਾਂ ਗੁਰਦੁਆਰੇ ਦੇ ਸਾਹਮਣੇ ਲੋਕ ਇਕੱਠੇ ਹੁੰਦੇ। ਕਰਨੈਲ ਦਾ ਜੱਥਾ ਕਵੀਸ਼ਰੀ ਗਾਉਂਦਾ:

ਬੰਦਨਾ ਹੈ ਸਾਡੀ ਤੈਨੂੰ ਯਮਲੇ ਜੱਟਾ!
ਨੰਗੇ ਪੈਰੀਂ ਮਿੱਧੇਂ ਸੱਪਾਂ ਦੀਆਂ ਸਿਰੀਆਂ
ਤੇਰੇ ਪੱਲੇ ਫੋਗ ਵਿਹਲੇ ਲੈ ਗਏ ਗਿਰੀਆਂ
ਟੁੱਕ ਉਤੇ ਖਾਵੇਂ ਭੁੱਕ ਭੁੱਕ ਕੇ ਘੱਟਾ,
ਬੰਦਨਾ ਹੈ ਸਾਡੀ ਤੈਨੂੰ ਯਮਲੇ ਜੱਟਾ!

ਤੈਂ ਨਾ ਕਦੇ ਕੀਤੀ ਐਤਵਾਰ ਦੀ ਛੁੱਟੀ
ਕੰਮ ਵੱਲੋਂ ਵੀਰਾ ਤੇਰੀ ਤਾਰ ਨਾ ਟੁੱਟੀ
ਖੁੱਲ੍ਹਾ ਰਹੇਂ ਬੋਤਲ ਬਰਾਂਡੀ ਦਿਆ ਡੱਟਾ
ਬੰਦਨਾ ਹੈ ਸਾਡੀ ਤੈਨੂੰ ਯਮਲੇ ਜੱਟਾ!

ਤੈਨੂੰ ਹੈ ਹੁਕਮ, ਦੇਹ ਦਸੌਂਧ ਵਿਹਲਿਆਂ ਨੂੰ
ਬੈਠ ਕੇ ਮਨਾਉਂਦੇ ਜਿਹੜੇ ਮੌਜ ਮੇਲਿਆਂ ਨੂੰ
ਚਾਰਦੈਂ ਤੂੰ ਵੰਡ ਤੇ ਦੁੱਧ ਚੁੰਘ ਜੇ ਕੱਟਾ
ਬੰਦਨਾ ਹੈ ਸਾਡੀ ਤੈਨੂੰ ਯਮਲੇ ਜੱਟਾ!

ਛੰਦ ਮੁੱਕਦਾ ਤਾਂ ਕਰਨੈਲ ਤਕਰੀਰ ਕਰਦਾ, ਕਹਿੰਦਾ: ਲੋਕੋ, ਆਹ ਕਮਰੇਡ ਈ ਤੁਹਾਡੇ ਹਮਾਇਤੀ ਐ! ਬਾਕੀ ਸਭ ਪਾਰਟੀਆਂ ਵਾਲੇ ਤੁਹਾਨੂੰ ਠਗਦੇ ਐ! ਮੋਗੇ 'ਚ ਵੱਡੀ ਕਾਨਫਰੰਸ ਹੋਣੀ ਐਂ ਕੁਲ ਹਿੰਦ ਦੇ ਕਿਸਾਨਾਂ ਦੀ। ਪੈਸਾ ਤਾਂ ਨਾ ਇਨ੍ਹਾਂ ਕਾਮਰੇਡਾਂ ਕੋਲ ਹੈ ਤੇ ਨਾ ਤੁਹਾਡੇ ਕੋਲ। ਖਰਚਾ ਵੱਡਾ ਹੋਣੈ। ਹੁਣ ਇਉਂ ਕਰੋ, ਯਥਾਸ਼ਕਤੀ ਤੇ ਯਥਾਸ਼ਰਧਾ ਦਾਣਿਆਂ ਦੀ ਥਾਲੀ-ਥਾਲੀ ਪਾ ਦਿਉ ਔਨ੍ਹਾਂ ਗੱਡਿਆਂ 'ਚ, ਛੰਨਾ-ਛੰਨਾ ਪਾ ਦਿਓ, ਜਾਂ ਬੋਰੀ ਪਾ ਦਿਓ, ਮਰਜ਼ੀ ਤੁਹਾਡੀ ਐ!

ਬੱਸ ਫਿਰ ਕੀ ਸੀ, ਗੱਡਿਆਂ ਦੇ ਗੱਡੇ ਭਰ-ਭਰ ਕੇ ਕਰਨੈਲ ਨੇ ਮੰਡੀ ਵਿਚ ਵੇਚੇ ਤੇ ਪੈਸੇ ਨਾਲ ਦੀ ਨਾਲ ਪਾਰਟੀ ਦਫਤਰ ਜਮ੍ਹਾਂ ਕਰਵਾਈ ਗਿਆ।

ਲੋਕ-ਹਿਤ ਵਾਲੇ ਇਨ੍ਹਾਂ ਗੁਣਾਂ ਕਰਕੇ ਹੀ ਉਹ ਮਾਣਮੱਤੀਆਂ ਪ੍ਰਾਪਤੀਆਂ ਦਾ ਬਾਦਸ਼ਾਹ ਬਣਿਆ। ਅਗਾਂਹਵਧੂ ਵਿਚਾਰਧਾਰਾ ਵਾਲੇ ਲੋਕਾਂ ਤੇ ਪਾਰਟੀ ਲੀਡਰਾਂ ਵਿਚ ਸਤਿਕਾਰ ਖੱਟ ਗਿਆ ਉਹ।

ਕਰਨੈਲ ਦੀ 'ਹਿੰਮਤੇ ਮਰਦਾਂ, ਮਦਦੇ ਖੁਦਾ' ਵਾਲੀ ਹਿੰਮਤ ਤੇ ਲਗਨ ਨੇ ਉਹਨੂੰ ਅੱਗੇ ਹੀ ਅੱਗੇ ਵਧਾਇਆ ਤੇ ਉਹ ਲਹਿਰੀਆ ਕਵੀਸ਼ਰ ਬਣਿਆ ਤੇ ਕਈ ਦਹਾਕੇ ਲੋਕ-ਦਿਲਾਂ 'ਤੇ ਛਾਇਆ ਰਿਹਾ। ਹੱਸਦੀਆਂ ਸਲਾਮਾਂ ਤੇ ਮੁਬਾਰਕਬਾਦੀ ਜੱਫੀਆਂ ਨਾਲ ਉਹ ਮਾਲਾ-ਮਾਲ ਹੁੰਦਾ ਰਿਹਾ। ਐਨਾ ਮਾਲਾਮਾਲ ਹੋਇਆ ਕਿ ਪਿੰਡਾਂ ਵਿਚ ਜਿਸ ਵੀ ਮੁੰਡੇ-ਖੁੰਡੇ ਦਾ ਨਾਮ ਘਰਦਿਆਂ ਨੇ ਕਰਨੈਲ ਰੱਖਿਆ ਹੁੰਦਾ, ਪਿੰਡ ਦੇ ਲੋਕ ਉਹਦੀ ਅੱਲ 'ਕਰਨੈਲ ਕਵੀਸ਼ਰ' ਪਾ ਦਿੰਦੇ।




ਜ਼ਿੰਦਗੀ ਦੇ ਅਖੀਰ ਤਕ ਉਹ ਅਨੰਤ ਖੁਸ਼ੀਆਂ ਦਾ ਸਰਬਾਲਾ ਬਣਿਆ ਢੋਲੇ ਦੀਆਂ ਲਾਉਂਦਾ ਰਿਹਾ। ਇਕ ਗੱਲ ਜਿਹੜੀ ਕਰਨੈਲ ਨੂੰ ਹੋਰ ਗਮੰਤਰੀਆਂ, ਢਾਡੀਆਂ, ਕਵੀਸ਼ਰਾਂ ਨਾਲੋਂ ਵੱਖਰਾ ਕਰਦੀ ਹੈ, ਉਹ ਇਹ ਸੀ ਕਿ ਉਹ ਧਾਰਮਿਕ ਕੱਟੜਤਾ ਤੋਂ ਬਾਗੀ ਸੀ ਤੇ ਖੁੱਲ੍ਹ-ਡੁੱਲ੍ਹ ਦਾ ਆਸ਼ਕ। ਰੱਬ ਨੂੰ ਉਹ ਟਿੱਚ ਜਾਣਦਾ ਸੀ। ਮਜ਼ਹਬੀ-ਜਨੂਨੀ ਜੈਕਾਰਿਆਂ ਵਲੋਂ ਕੰਨ ਬੰਦ ਕਰ ਲੈਂਦਾ ਸੀ। ਜਨੂਨੀ ਸ਼ੋਰ ਤੇ ਧਮੱਚੜ ਵਿਚ ਉਹਨੂੰ ਰੱਬ ਗੁਆਚਿਆ ਹੋਇਆ ਜਾਪਦਾ। ਕਿਹਾ ਕਰੇ, ਰੱਬ ਨੂੰ ਲੱਭਦੇ-ਲੱਭਦੇ ਲੋਕ ਆਪਣੇ ਅੰਦਰਲੀ ਇਨਸਾਨੀਅਤ ਨੂੰ ਕੇਰ ਬੈਠੇ ਹਨ। ਉਹ ਆਪਣੇ ਅੰਦਰ ਨੂੰ ਖੇੜਦਾ, ਤੇ ਇਸ ਖੇੜੇ ਵਿਚ ਖਿੜ-ਖਿੜ ਹੱਸਦਾ। ਬਾਹਰ ਨੂੰ ਰੌਲਾ-ਗੌਲਾ ਸਮਝਦਾ ਤੇ ਅੰਦਰਲੀ ਸ਼ਾਂਤੀ ਨੂੰ ਸਲਾਮ ਕਰਦਾ। ਕਿਹਾ ਕਰਦਾ: ਆਹ ਹੀ ਰੱਬ ਐ! ਉਹਦੀ ਸਰੂਰੀ ਮਸਤੀ ਕਮਾਲੋ-ਕਮਾਲ ਸੀ। ਸਾਥੀਆਂ ਦੀ ਮਹਿਫਲ ਵਿਚ ਬੱਲੇ-ਬੱਲੇ! ਘੁੱਟ ਪੀ ਕੇ ਉਹਦੀ ਸੁਰਤੀ ਉਹਦੇ ਅਸਲ ਨੂੰ ਕਪਾਹ ਦੀ ਗੱਠੜੀ ਵਾਂਗ ਖੋਲ੍ਹ ਦਿੰਦੀ, ਤੇ ਉਹ ਬੇਪਰਵਾਹੀ ਦਾ ਸ਼ਹਿਨਸ਼ਾਹ ਬਣ ਜਾਂਦਾ। ਉਸ ਦੀ ਮਸਤੀ ਬੁੱਲ੍ਹੇ ਸ਼ਾਹ ਵਾਂਗ ਗਾਉਂਦੀ: ਤੂੰ ਯਾਰ ਅੱਲਾ ਬੇਲੀਆ, ਮੈਨੂੰ ਵੀ ਬਣਾ ਲੈ ਯਾਰ ਅੱਲਾ ਬੇਲੀਆ!

ਇਕ ਵਾਰ ਮੈਂ ਉਹਨੂੰ ਜਣਾਇਆ, "ਤੂੰ ਕੀ ਤੋਂ ਕੀ ਹੋ ਗਿਆ ਏਂ? ਆਪਣੀ ਸਿਹਤ ਦਾ ਖਿਆਲ ਕਰ!"

ਉਸ ਜਵਾਬ ਦਿੱਤਾ, "ਕੰਵਲ, ਮੈਂ ਜ਼ਿੰਦਗੀ 'ਚ ਔਖੜਿਆ ਕਈ ਵਾਰ ਆਂ ਪਰ ਨਾ ਡਿੱਗਿਆਂ, ਨਾ ਮੰਜ਼ਿਲ ਦਾ ਰਾਹ ਛੱਡਿਆ।"

"ਮੈਂ ਕਿਤਾਬਾਂ ਲਿਖ-ਲਿਖ ਬੜਾ ਮੱਥਾ ਮਾਰਿਆ ਪਰ ਤੈਨੂੰ ਬਹਾਦਰੀ ਸ਼ਾਬਾਸ਼ ਦੇਣੋਂ ਭੁੱਲਿਆ ਹੀ ਰਿਹਾਂ। ਮਾਫ ਕਰੀਂ ਯਾਰ!"

"ਮਾਫੀਆਂ ਸੁੱਟ ਖੂਹ 'ਚ। ਮੇਲ ਹੋਇਆ, ਖੁਸ਼ੀ ਹੋਈ, ਦੂਹਰੀ ਚੜ੍ਹ ਗਈ। ਉਹ ਤੇਰੀ ਪੂਰਨਮਾਸ਼ੀ ਬੜੀ ਲੋਹੜੇਪੱਟ ਐ।"

"ਜਿਉਂਦਾ ਰਹਿ ਭਰਾਵਾ, ਤੇਰੀ ਲਗਨ ਦੇ ਬਲਿਹਾਰੇ! ਅੱਛਾ ਫੇਰ ਮਿਲਾਂਗੇ।"

"ਐਨੀ ਕੀ ਕਾਹਲੀ ਐ?" ਉਹ ਮੇਰੇ ਹੱਥ ਘੁੱਟੀ ਹਿਲੋਰੇ ਖਾ ਰਿਹਾ ਸੀ।

"ਬੱਸ ਛੁੱਟੀ ਦੇਊ, ਤੇ ਬਹੁਤੀ ਨਾ ਪੀਆ ਕਰ। ਅਜੇ ਤੇਰੀ ਲੋੜ ਐ।" ਮੈਂ ਉਹਦੀ ਡਿੱਗਦੀ ਸਿਹਤ ਤੋਂ ਫਿਕਰਮੰਦ ਹੋਇਆ।

"ਕੰਵਲ, ਪੀ ਜ਼ਰੂਰ ਲੈਨਾਂ ਪਰ ਸੁਰਤ ਕਦੇ ਨਹੀਂ ਗਵਾਈ।"

"ਚੰਗਾ ਜਿਉਂਦਾ ਰਹਿ। ਅਗਲੀ ਮੁਲਾਕਾਤ ਕਦੇ ਫੇਰ ਸਹੀ!" ਮੈਂ ਯਾਰ ਦਾ ਹੱਥ ਘੁੱਟ ਕੇ ਪੋਲੇ ਜਿਹੇ ਛੱਡ ਦਿੱਤਾ ਤੇ ਢੁਡੀਕੇ ਦੇ ਰਾਹ ਪਿਆ।

ਰਾਂਗਲੇ ਕਵੀਸ਼ਰ ਪਾਰਸ ਨਾਲ ਉਹ ਮੇਰੀ ਆਖਰੀ ਮੁਲਾਕਾਤ ਸੀ।

ਅਠਾਨਵੇਂ ਸਾਲ ਦੀ ਭੁਲੱਕੜ ਉਮਰ 'ਚ ਲਿਖੇ ਮੇਰੇ ਥੋੜ੍ਹੇ-ਜਿਹੇ ਸ਼ਬਦ ਹੀ ਬਹੁਤੇ ਸਮਝ ਲੈਣੇ।

## ਸੱਚਾ ਘਰ

ਹੁੰਦੀ ਨਹੀਂ ਮੌਜ ਆਪਣੇ ਘਰ ਵਰਗੀ
ਉਸ ਪਾਤਸ਼ਾਹ ਦੇ ਸਾਚੇ ਦਰ ਵਰਗੀ।
ਹੱਸਣਾ ਖੇਡਣਾ ਸਭ ਜਾਗ ਦੀਆ ਖੇਡਾਂ
ਸਭ ਛੱਡ ਜਾਣਾ, ਇਹ ਕਲੋਲਾਂ, ਇਹ ਝੇਡਾਂ।

ਬਣਿਆ ਸਮਾਨ, ਤੁਰ ਪਿਆ ਮੁਸਾਫਿਰ
ਭੁਲਿਆ ਹੈ ਪੈਂਡਾ, ਬਣਿਆ ਹੈ ਕਾਫਿਰ।
ਖਾਹਿਸ਼ਾਂ ਦਾ ਦੀਵਾ, ਅਰਮਾਨਾਂ ਦਾ ਤੇਲ
ਭੁਲਿਆ ਹੈ ਜੋਗੀ, ਕਰਨੇ ਸਤਿਗੁਰ ਨਾਲ ਮੇਲ।

ਰੂਹ ਬਾਣੀ ਤੂੰਬੀ, ਮਨ ਰੱਜ ਰੱਜ ਵਜਾਵੇ
ਲਾਲਸਾ ਦੇ ਸੁਰਾਂ 'ਚੋਂ ਤਰਿਆ ਨਾ ਜਾਵੇ।
ਦਿਲ ਨੇ ਦੱਸਿਆ, ਦਿਨ ਢਲ ਜਾਣਾ
ਫਿਰ ਕੰਮ ਨਾ ਆਵੇ ਅੰਤ ਪਛਤਾਉਣਾ।

ਘਰ ਤੇ ਹੈ ਪੁੱਜਾ, ਬੂਹਾ ਜੇ ਖੋਲ੍ਹੇ,
ਹੁਣ ਮੰਗੇ ਮਾਫੀ, ਤੇ ਰੱਜ ਰੱਜ ਰੋਲੇ।
ਮੁੜ ਨਾ ਆਵੇ ਪਰਦੇਸ,
ਜਿਥੇ ਹਵਾ ਚੱਲੇ ਅਗ ਵਰਗੀ।
ਹੁੰਦੀ ਨਹੀਂ ਮੌਜ ਆਪਣੇ ਘਰ ਵਰਗੀ,
ਉਸ ਪਾਤਸ਼ਾਹ ਦੇ ਸਾਚੇ ਦਰ ਵਰਗੀ।

***-ਗੁਰਪ੍ਰੀਤ ਪਨੇਸਰ***

*gurpreetkaur2212@gmail.com*

---

## ਸਾਵਣ ਦੀ ਗੱਲ

ਕਿੰਜ ਸਾਵਣ ਦੀ ਗੱਲ ਕਰਾਂ ਮੈਂ
ਕਿੰਜ ਸਾਵਣ ਦੇ ਗੀਤ ਮੈਂ ਗਾਵਾਂ।
ਕਿੰਜ ਹੱਥਾਂ 'ਤੇ ਲਾਵਾਂ ਮਹਿੰਦੀ
ਕਿੰਜ ਪਿੱਪਲਾਂ 'ਤੇ ਪੀਂਘਾਂ ਪਾਵਾਂ।
ਅੱਖਾਂ ਦੇ ਵਿਚ ਛਲਕਣ ਹੰਝੂ
ਕਿੰਜ ਬਾਹੀਂ ਵੰਗਾਂ ਛਣਕਾਵਾਂ।
ਦੁੱਧ ਪਾਣੀ ਸਭ ਜ਼ਹਿਰੀ ਹੋਏ
ਕਿੰਜ ਖੀਰਾਂ ਅਤੇ ਪੂੜੇ ਖਾਵਾਂ।
ਪਾਣੀ ਮੁਕਿਆ ਰੁਖ ਵੀ ਮੁੱਕੇ
ਖਾਲੀ ਖਾਲੀ ਹੋਈਆਂ ਥਾਂਵਾਂ।
ਚਿੱਟੇ ਨੇ ਖਾ ਲਈ ਜਵਾਨੀ
ਘਰ ਘਰ ਵੈਣ ਪਾਵਣ ਮਾਂਵਾਂ।
ਪੁੱਤਰਾਂ ਦੀਆਂ ਲਾਸ਼ਾਂ ਦੇ ਉਤੇ
ਬੁੱਢੇ ਬਾਪੂ ਮਾਰਨ ਧਾਵਾਂ।
ਮਾਨਵਤਾ ਨੂੰ ਮਾਰਨ ਵਾਲਿਓ
ਮਿਲਣ ਤੁਹਾਨੂੰ ਸਖਤ ਸਜ਼ਾਵਾਂ।
ਪੰਜ ਦਰਿਆ ਵੀ ਰੋ ਰੋ ਸੁਕ ਗਏ
ਕਿਸ ਨੂੰ ਦਿਲ ਦਾ ਦਰਦ ਸੁਣਾਵਾਂ
ਦੱਸੋ ਕੋਈ 'ਸੁਰਜੀਤ' ਨੂੰ ਲੋਕੋ
ਕਿੰਜ ਆਪਣਾ ਪੰਜਾਬ ਬਚਾਵਾਂ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਜ਼ਾਲਮ, ਜ਼ੁਲਮ ਅਤੇ ਮਜ਼ਲੂਮ

***ਇਤਾਲਵੀ ਚਿੰਤਕ ਵਿਟੋਰੀਓ ਅਲਫਾਇਰੀ ਦਾ ਜਨਮ 16 ਜਨਵਰੀ 1749 ਅਤੇ ਦੇਹਾਂਤ 8 ਅਕਤੂਬਰ 1803 ਈ. ਫਲੋਰੈਂਸ ਵਿਚ ਹੋਇਆ। ਮਾਂ, ਮੋਨਿਕਾ ਮੇਲਾਰਡ ਡੀ ਟੂਰਨੋਨ ਅਤੇ ਪਿਤਾ ਜਾਗੀਰਦਾਰ ਐਂਟੋਨੀਓ ਅਮੇਦੋ ਅਲਫਾਇਰੀ। ਬਾਗੀ ਤਬੀਅਤ ਦਾ ਮਾਲਕ ਵਿਟੋਰੀਓ ਕਿਸੇ ਦੇ ਕਹਿਣੇ ਵਿਚ ਕਦੀ ਨਹੀਂ ਰਿਹਾ। ਦਰਜਨ ਕਿਤਾਬਾਂ ਦੇ ਇਸ ਲੇਖਕ ਨੂੰ ਇਤਾਲਵੀ ਦੁਖਾਂਤ ਦਾ ਪਿਤਾਮਾ ਹੋਣ ਦਾ ਮਾਣ ਮਿਲਿਆ। ਉਸ ਨੇ ਕਵਿਤਾ, ਲੇਖ, ਨਾਟਕ ਅਤੇ ਰਾਜਨੀਤੀ ਉਪਰ ਗੰਭੀਰ ਸਾਹਿਤ ਸਿਰਜਣਾ ਕੀਤੀ। 'ਆਫ ਟਿਰਿਨੀ' ਕਿਤਾਬ ਉਸ ਦੇ ਰਾਜਨੀਤਕ ਦ੍ਰਿਸ਼ਟੀਕੋਣ ਦਾ ਸਾਰ ਹੈ, ਜਿਸ ਦਾ ਫਲਸਫਾ ਉਸ ਦੀਆਂ ਸਭ ਲਿਖਤਾਂ ਵਿਚ ਰਮਿਆ ਹੋਇਆ ਹੈ। ਉਸ ਨੇ ਨਾਇਕ ਮਿਥਿਹਾਸ ਅਤੇ ਇਤਿਹਾਸ-ਦੋਹਾਂ ਵਿਚੋਂ ਲਏ, ਜੋ ਜ਼ਾਲਮ ਤਾਨਾਸ਼ਾਹਾਂ ਖਿਲਾਫ ਯੁੱਧ ਛੇੜਦੇ ਹਨ, ਹਾਕਮਾਂ ਦਾ ਕਤਲ ਕਰਕੇ ਖੁਦ ਫਾਂਸੀ ਦੇ ਫੰਦੇ ਚੁੰਮਦੇ ਹਨ। ਉਸ ਦੇ ਰੋਲ ਮਾਡਲ ਪੁਰਾਤਨ ਯੂਨਾਨੀ ਨਾਟਕ ਸਨ, ਉਸ ਦਾ ਸੁਫਨਾ ਸੀ ਇਤਾਲਵੀ ਨਾਟਕ ਯੂਨਾਨੀ ਮੰਜ਼ਿਲ ਤੱਕ ਅੱਪੜੇ।***

***ਮੈਕਾਵਲੀ ਨੂੰ ਪੜ੍ਹ ਕੇ ਉਹ ਉਦਾਸ ਹੋਇਆ ਕਿ ਏਨਾ ਰੌਸ਼ਨ-ਦਿਮਾਗ ਫਿਲਾਸਫਰ ਸੱਤਾ ਤੋਂ ਭੈਭੀਤ ਹੋ ਕੇ ਸੱਤਾ ਦੀ ਹਮਾਇਤ ਵਿਚ ਲਿਖ ਦਿੰਦਾ ਹੈ। ਉਸ ਬਾਰੇ ਲਿਖਦਾ ਹੈ, "ਸੱਤਾ ਤੋਂ ਡਰਦਿਆਂ ਮੈਕਾਵਲੀ ਦੀ ਕਲਮ ਜਿੱਥੇ ਜਿੱਥੇ ਕੰਬੀ, ਮੈਨੂੰ ਸਾਫ ਦਿੱਸੀ।" ਅਪਣੇ ਹੱਥ ਮਜ਼ਬੂਤ ਕਰਨ ਲਈ ਉਹ ਆਪਣੇ ਆਪ ਨੂੰ ਹਕੂਮਤ ਤੋਂ ਦੂਰ ਰਖਦਾ ਹੈ, ਜਾਇਦਾਦ ਤਿਆਗਦਾ ਹੈ, ਦੇਸ਼ ਤਿਆਗਦਾ ਹੈ; ਕਿਸੇ ਦਾ ਮਜਬੂਰ ਕੀਤਾ ਹੋਇਆ ਨਹੀਂ, ਮਨਮਰਜ਼ੀ ਨਾਲ ਬਿਖੜੇ ਪੈਂਡੇ ਦਾ ਰਾਹੀ। ਇਟਲੀ ਉਪਰ ਫਰਾਂਸ ਦਾ ਰਾਜ ਸੀ, ਕਲਮ ਰਾਹੀਂ ਸਾਰੀ ਉਮਰ ਫਰਾਂਸ ਵਿਰੁਧ ਲਿਖਿਆ, ਤਾਂ ਵੀ ਫਰਾਂਸ ਸਰਕਾਰ ਨੇ ਪੂਰੇ ਸ਼ਾਹੀ ਸਨਮਾਨਾਂ ਨਾਲ ਉਸ ਨੂੰ ਦਫਨ ਕੀਤਾ; ਛੇ ਸਾਲ ਦੀ ਮਿਹਨਤ ਨਾਲ ਉਸ ਦਾ ਬੁੱਤ ਤਰਾਸ਼ਿਆ, ਜੋ 1810 ਵਿਚ ਉਸ ਦੀ ਕਬਰ 'ਤੇ ਸਥਾਪਿਤ ਕੀਤਾ ਗਿਆ।***

ਕਾਲਜ ਦੇ ਦਿਨੀਂ 1972 ਵਿਚ ਮੈਨੂੰ ਇੱਕ ਕਿਤਾਬ ਦਿਸੀ, ਜਿਸ ਦਾ ਨਾਂ ਸੀ, 'ਆਫ ਟਿਰਿਨੀ' ਤੇ ਲੇਖਕ ਸੀ ਇਟਲੀ ਦਾ, 'ਵਿਟੋਰੀਓ ਅਲਫਾਇਰੀ'। ਇਸ ਵਿਚ ਮਨੁੱਖ ਦੇ ਉਨ੍ਹਾਂ ਉਦਾਸ ਬੇਫਿਕਰ ਸਰੋਕਾਰਾਂ ਦਾ ਵਰਨਣ ਹੈ, ਜਦੋਂ ਉਹ ਜ਼ੁਲਮ ਕਰਦਾ ਹੈ ਅਤੇ ਜ਼ੁਲਮ ਸਹਿੰਦਾ ਹੈ। ਕੁਝ ਦਿਨ ਪਹਿਲਾਂ ਲੱਭ ਕੋਈ ਹੋਰ ਕਿਤਾਬ ਰਿਹਾ ਸਾਂ, ਪਰ ਲਾਇਬ੍ਰੇਰੀ ਦੇ ਇੱਕ ਸ਼ੈਲਫ 'ਤੇ ਇਹ ਕਿਤਾਬ ਪਈ ਵੇਖੀ ਤਾਂ ਲੱਗਾ ਜਿਵੇਂ ਮੁੱਦਤ ਪਹਿਲਾਂ ਵਿਛੜਿਆ ਮਿੱਤਰ ਅਚਾਨਕ ਮਿਲ ਗਿਆ ਹੋਵੇ। ਇਹ ਕਿਤਾਬ ਫਿਰ ਪੜ੍ਹੀ ਤਾਂ ਦਿਲ ਕੀਤਾ ਕਿ ਜ਼ਰਾ ਪੰਜਾਬੀ ਪਾਠਕਾਂ ਨੂੰ ਇਸ ਦੀਆਂ ਗੱਲਾਂ ਸੁਣਾ ਕੇ ਪੁੱਛੀਏ ਕਿ 'ਅਲਫਾਇਰੀ' ਵਾਕਿਆ ਹੀ ਵੱਡਾ ਸੀ ਕਿ ਇਹ ਕੇਵਲ ਹੋਰ ਹਜ਼ਾਰਾਂ ਵਿਚੋਂ ਇੱਕ ਉਨ੍ਹਾਂ ਵਰਗਾ ਹੀ ਸੀ।



ਅਲਫਾਇਰੀ ਦਾ ਜਨਮ 17 ਜਨਵਰੀ 1749 ਈਸਵੀ ਵਿਚ ਤਕੜੇ ਠਾਠ-ਬਾਠ ਵਾਲੇ ਪਰਿਵਾਰ ਵਿਚ ਹੋਇਆ। ਠਾਠ-ਬਾਠ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਵਾਲਾ ਇਸ ਲਈ ਕਿ ਬਾਹਰਵੀਂ ਸਦੀ ਤੋਂ ਹੀ ਇਹ ਪਰਿਵਾਰ ਕਿਸੇ ਨਾ ਕਿਸੇ ਰੂਪ ਵਿਚ ਹਕੂਮਤ ਦਾ ਹਿੱਸਾ ਰਿਹਾ। ਉਸ ਨੇ ਸ਼ਾਹੀ ਪਰਿਵਾਰਾਂ ਨੂੰ ਬਹੁਤ ਨੇੜਿਓਂ ਦੇਖਿਆ, ਇਸ ਕਰ ਕੇ ਉਸ ਨੂੰ ਪਤਾ ਸੀ, ਹਕੂਮਤ ਦੀ ਕਾਰਜਸ਼ੈਲੀ ਕੀ ਹੁੰਦੀ ਹੈ, ਰਾਜ ਵਿਸਥਾਰ ਕਿਵੇਂ ਹੁੰਦੇ ਹਨ, ਸਾਜ਼ਿਸ਼ਾਂ ਕਿਵੇਂ ਚਲਦੀਆਂ ਹਨ ਅਤੇ ਹੁਕਮਰਾਨ ਤਾਨਾਸ਼ਾਹੀ ਵੱਲ ਕਿਵੇਂ ਵਧਦੇ ਹਨ। ਤਾਨਾਸ਼ਾਹਾਂ ਦੀਆਂ ਵਧੀਕੀਆਂ ਬਾਰੇ ਵਿਅੰਗ ਕਰਦਿਆਂ ਲਿਖਦਾ ਹੈ, "ਬਾਦਸ਼ਾਹ ਏਡਾ ਜ਼ਾਲਮ ਹੋ ਗਿਆ ਕਿ ਵਿਚਾਰੇ ਛੋਟੇ-ਮੋਟੇ ਜਗੀਰਦਾਰ ਆਪਣੀ ਪਰਜਾ ਉਤੇ ਨਿੱਕੇ ਮੋਟੇ ਜ਼ੁਲਮ ਕਰਨੋਂ ਵੀ ਹਟ ਗਏ, ਜਿਹੜੇ ਜ਼ੁਲਮ ਕਰਨ ਦਾ ਉਨ੍ਹਾਂ ਦਾ ਆਮ ਸੁਭਾਅ ਹੁੰਦਾ ਹੈ ਤੇ ਹੱਕ ਵੀ ਹੋਇਆ ਕਰਦਾ ਹੈ। ਬਾਦਸ਼ਾਹ ਦੇ ਜ਼ੁਲਮ ਨੇ ਸਭ ਨੂੰ ਭੈਅਭੀਤ ਕਰ ਦਿੱਤਾ।"

ਅਲਫਾਇਰੀ ਸਾਰੀ ਉਮਰ ਟਿਕ ਕੇ ਨਹੀਂ ਬੈਠਿਆ। ਸਪੇਨ ਤੋਂ ਰੂਸ ਤਕ ਅਤੇ ਇਟਲੀ ਤੋਂ ਇੰਗਲੈਂਡ ਤਕ ਲਗਾਤਾਰ ਘੁੰਮਦਾ ਫਿਰਿਆ। ਘੁੰਮਦਿਆਂ-ਘੁੰਮਾਉਂਦਿਆਂ ਉਹ ਪੜ੍ਹਦਾ ਤੇ ਲਿਖਦਾ ਰਿਹਾ। ਪਹਿਲੋਂ ਉਸ ਨੇ ਦੁਖਾਂਤ ਨਾਟਕ ਲਿਖੇ, ਜਿਨ੍ਹਾਂ ਵਿਚਲੀਆਂ ਦੁਖਦਾਈ ਘਟਨਾਵਾਂ ਵੀ ਅਸਲ ਵਿਚ ਮਹਿਲਾਂ ਦੀਆਂ ਕਥਾ ਕਹਾਣੀਆਂ ਹੀ ਹਨ। ਦਹਿਸ਼ਤ ਬਾਰੇ ਉਸ ਨੇ ਜੋ ਕਿਤਾਬ 'ਆਫ ਟਿਰਅਨਿ' 1777 ਵਿਚ ਲਿਖੀ, ਉਸ ਦਾ ਫਲਸਫਾ ਹੀ ਉਸ ਦੇ ਨਾਟਕਾਂ ਵਿਚ ਸਾਕਾਰ ਹੁੰਦਾ ਹੈ। ਇਹ ਕਿਤਾਬ ਇੱਕ ਮਹੀਨੇ ਦੇ ਅਰਸੇ ਵਿਚ ਮੁਕੰਮਲ ਕਰ ਲਈ ਸੀ, ਪਰ ਉਮਰ ਦੇ ਅਖੀਰ ਵਿਚ ਉਸ ਨੇ ਫਿਰ ਆਪ ਸੋਧ ਕੇ ਅੰਤਿਮ ਰੂਪ ਦਿੱਤਾ। ਸ਼ਬਦ ਵਾਕ ਬਣ ਗਏ, ਵਾਕ ਪਹਿਰੇ ਬਣੇ ਤੇ ਪਹਿਰੇ ਸਫਿਆਂ ਵਿਚ ਪਲਟਦੇ ਗਏ।

'ਜ਼ੁਲਮ ਬਾਰੇ' ਨਾਂ ਦੀ ਕਿਤਾਬ ਰਚਣ ਦੇ ਖਤਰਿਆਂ ਤੋਂ ਉਹ ਵਾਕਫ ਸੀ। ਸਰਕਾਰ ਦਾ ਸਖਤ ਸੈਂਸਰ ਲਾਗੂ ਸੀ। ਜਿਹੜੇ ਲੇਖਕ ਸਰਕਾਰੇ ਦਰਬਾਰੇ ਖੁਸ਼ਾਮਦ ਰਾਹੀਂ ਨਾਂ ਬਣਾ ਲੈਣ ਵਿਚ ਸਫਲ ਹੋ ਜਾਂਦੇ, ਉਨ੍ਹਾਂ 'ਤੇ ਖਾਸ ਮਿਹਰਬਾਨੀਆਂ ਦੀ ਬਾਰਸ਼ ਹੁੰਦੀ ਤੇ ਬਾਕੀਆਂ ਨਾਲ ਉਹੀ ਹੁੰਦਾ ਜੋ ਧੁਰੋਂ ਮੁੱਢ ਕਦੀਮੋਂ ਹੁੰਦਾ ਆਇਆ ਹੈ। ਅਲਫਾਇਰੀ ਦੀ ਉਮਰ ਉਦੋਂ 28 ਸਾਲ ਦੀ ਸੀ, ਜਦੋਂ ਇਹ ਕਿਤਾਬ ਲਿਖ ਕੇ ਉਸ ਨੇ ਆਪਣੀ ਜਾਇਦਾਦ ਆਪਣੀ ਭੈਣ ਦੇ ਨਾਂ ਲਵਾ ਕੇ ਕਿਹਾ, "ਹੁਣ ਕੋਈ ਜ਼ਾਲਮ ਮੇਰੇ ਤੋਂ ਕੀ ਖੋਹ ਸਕਦਾ ਹੈ? ਹੁਣ ਮੇਰੇ ਕੋਲ ਇੱਕ ਮੇਰਾ ਦਿਮਾਗ ਹੈ ਤੇ ਦੂਜੀ ਕਲਮ। ਇਹ ਦੋਵੇਂ ਰਲ-ਮਿਲ ਕੇ ਚੱਲਣਗੇ, ਪਰ ਜਿੱਥੇ ਕਿਧਰੇ ਲੋੜ ਪਈ ਤਾਂ ਜ਼ੁਲਮ ਦੇ ਖਾਤਮੇ ਲਈ ਮੈਂ ਕਲਮ ਦੇ ਨਾਲ-ਨਾਲ ਤਲਵਾਰ ਵੀ ਉਠਾਵਾਂਗਾ। ਤਾਨਾਸ਼ਾਹੀ ਦੇ ਖਾਤਮੇ ਅਤੇ ਅਜ਼ਾਦੀ ਦੀ ਬਹਾਲੀ ਲਈ ਤਾਂ ਕੋਈ ਕੁਝ ਵੀ ਕਰ ਸਕਦਾ ਹੈ।


ਅਠਾਰ੍ਹਾਂ ਸਾਲਾਂ ਦੀ ਉਮਰ ਤਕ ਉਹ ਕਈ ਰਾਜਿਆਂ, ਰਾਜਕੁਮਾਰਾਂ ਅਤੇ ਵਾਇਸਰਾਇ ਤਕ ਨੂੰ ਮਿਲ ਚੁਕਾ ਸੀ। ਲਿਖਦਾ ਹੈ, "ਮੈਂ ਮਨੁੱਖ ਨੂੰ ਮਨੁੱਖ ਹੱਥੋਂ ਬੇਇੱਜਤ ਹੁੰਦਾ ਵੇਖਿਆ ਹੈ...ਮੈਂ ਸੰਗਲ ਵੇਖੇ ਹਨ, ਸੰਗਲਾਂ ਦੇ ਛਣਕਾਟੇ ਸੁਣੇ ਹਨ ਤੇ ਮੈਨੂੰ ਗੁਲਾਮੀ ਦਾ ਸਿਰਨਾਂਵਾਂ ਪੂਰਾ ਪਤਾ ਹੈ। ਇਹ ਭਾਰ ਵੇਖ ਕੇ ਮੈਂ ਇੱਕ ਬੱਚੇ ਵਾਂਗ ਵਿਲਕ ਉਠਿਆ ਤੇ ਆਪਣੇ ਆਪ ਨੂੰ ਕਿਹਾ, 'ਤੂੰ ਬਾਕੀ ਕੰਮ ਛੱਡ, ਕੇਵਲ ਜ਼ੁਲਮ ਬਾਰੇ ਲਿਖ...ਕੇਵਲ ਜ਼ੁਲਮ ਬਾਰੇ।' ਸੰਸਾਰ ਦਾ ਦਮ ਘੁੱਟਦਾ ਵੇਖ ਕੇ ਮੈਂ ਸ਼ਾਂਤ ਕਿਵੇਂ ਰਹਿ ਸਕਦਾ ਸਾਂ? ਮੇਰਾ ਦਿਲ ਤਾਂ ਕਰਦਾ ਸੀ, ਮੈਂ ਵੀ ਮੈਕਿਆਵਲੀ ਵਾਂਗ ਅਰਾਮ ਨਾਲ ਲਿਖਦਾ ਤੇ ਪੜ੍ਹਦਾ, ਪਰ ਮੈਨੂੰ ਅਧੀਨਤਾ ਪ੍ਰਵਾਨ ਨਹੀਂ ਸੀ; ਮੈਨੂੰ, ਜਿਸ ਦੀ ਰੂਹ ਅਨੰਤ ਤਕ ਉਡਾਰੀਆਂ ਲਾਉਂਦੀ ਸੀ, ਗੁਲਾਮੀ ਮਨਜ਼ੂਰ ਨਹੀਂ ਸੀ। ਸੋ ਬਿਖੜਾ ਪੈਂਡਾ ਠੀਕ ਸਮਝਿਆ।"

ਅਲਫਾਇਰੀ ਦੀਆਂ ਲਿਖਤਾਂ ਵਿਚ ਜਾਨ ਸੀ, ਜਜ਼ਬਾ ਸੀ। ਉਹ ਏਨਾ ਹਰਮਨਪਿਆਰਾ ਹੋ ਗਿਆ ਕਿ 'ਜ਼ੁਲਮ ਬਾਰੇ' ਕਿਤਾਬ ਦੇ 21 ਐਡੀਸ਼ਨ ਛਪੇ। ਵੀਆਨਾ ਦੇ ਕੌਮੀ ਕਵੀ ਪੀਤਰੋ ਨੇ ਉਸ ਕੋਲ ਸੁਨੇਹਾ ਭੇਜਿਆ ਕਿ ਮਹਿਲ ਵਿਚ ਤੇਰੀ ਥਾਂ ਹੈ, ਇੱਥੇ ਆ ਜਾਹ। ਅਲਫਾਇਰੀ ਦਾ ਜਵਾਬ ਸੀ, "ਜ਼ਾਲਮ ਦੇ ਘਰ ਅੰਦਰ ਪੁੱਜਣ ਸਾਰ ਰੂਹ ਗਹਿਣੇ ਟਿਕ ਜਾਂਦੀ ਹੈ ਭਰਾ। ਆਪਾਂ ਨੂੰ ਅਧੀਨਤਾ ਕਬੂਲ ਨਹੀਂ। ਮਹਿਲ ਵਿਚ ਤਾਂ ਕੀ ਰਹਿਣਾ, ਮੈਂ ਤੇਰੇ ਵਰਗੇ ਨਾਲ ਦੋਸਤੀ ਵੀ ਨਹੀਂ ਕਰਨੀ। ਭਾੜੇ ਦੇ ਬੰਦਿਆਂ ਨਾਲ ਆਪਣਾ ਕਾਹਦਾ ਸਰੋਕਾਰ?" ਰੂਸ ਦੀ ਮਹਾਰਾਣੀ ਕੈਥਰੀਨ ਨੇ ਉਸ ਨੂੰ ਸਤਿਕਾਰ ਪੂਰਨ ਸੱਦਾ-ਪੱਤਰ ਭੇਜਿਆ ਪਰ ਉਹ ਵੀ ਮਨਜ਼ੂਰ ਨਾ ਕੀਤਾ ਤੇ ਕਿਹਾ, "ਰੂਸ ਦੀ ਤਾਨਾਸ਼ਾਹੀ ਤਾਂ ਪਰਸ਼ੀਆ ਤੋਂ ਵੀ ਬਦਤਰ ਹੈ।"

1768 ਵਿਚ ਇੰਗਲੈਂਡ ਗਿਆ। ਉਸ ਨੂੰ ਜੇ ਕੋਈ ਸਰਕਾਰ ਚੰਗੀ ਲੱਗੀ, ਤਾਂ ਉਹ ਇੰਗਲੈਂਡ ਦੀ ਸੀ। ਇੱਥੇ ਉਸ ਨੂੰ ਲੱਗਾ ਕਿ ਮਨੁੱਖੀ ਸ਼ਖਸੀਅਤ ਦਾ ਵਿਕਾਸ ਠੀਕ ਹੋ ਰਿਹਾ ਹੈ। ਲਿਖਦਾ ਹੈ, "ਅਜੇ ਮੈਂ ਇੰਗਲੈਂਡ ਦਾ ਸੰਵਿਧਾਨ ਨਹੀਂ ਪੜ੍ਹਿਆ ਤੇ ਸਰਕਾਰ ਦੇ ਕੰਮ ਢੰਗ ਦਾ ਪੂਰਾ ਜਾਇਜ਼ਾ ਨਹੀਂ ਲਿਆ, ਪਰ ਲੋਕਾਂ ਦੇ ਚਿਹਰਿਆਂ ਦੀ ਰੌਣਕ ਤੇ ਆਤਮ-ਵਿਸ਼ਵਾਸ ਤੋਂ ਚੰਗੀ ਸਰਕਾਰ ਦਾ ਨਤੀਜਾ ਸਾਫ ਦਿੱਸ ਰਿਹਾ ਸੀ। ਮੇਰੇ ਪਿਆਰੇ ਵਤਨ ਇਟਲੀ ਦੇ ਲੋਕਾਂ ਦੀ ਜ਼ਮੀਰ ਇਸ ਕਦਰ ਗੁਲਾਮ ਹੋ ਚੁਕੀ ਹੈ ਕਿ ਕਦੀ-ਕਦੀ ਮੈਂ ਸ਼ਰਮ ਦਾ ਮਾਰਿਆ ਦੱਸਦਾ ਨਹੀਂ ਹੁੰਦਾ ਕਿ ਮੈਂ ਇਟਾਲੀਅਨ ਹਾਂ। ਇੰਗਲੈਂਡ ਵਿਚ ਬੋਲਣ ਤੇ ਲਿਖਣ ਦੀ ਅਜ਼ਾਦੀ ਹੈ। ਤੁਸੀਂ ਸਰਕਾਰ ਦੀ ਆਲੋਚਨਾ ਕਰ ਸਕਦੇ ਹੋ, ਤੇ ਮੇਰੇ ਮੁਲਕ ਇਟਲੀ ਵਿਚ? ਤੌਬਾ! ਜੇ ਕੋਈ ਮੈਨੂੰ ਕਹੇ ਕਿ ਲਿਖਤ ਵਿਚ ਸੋਧ ਕਰ ਲੈ, ਮੇਰਾ ਮਰਨ ਹੋ ਜਾਂਦਾ ਹੈ ਤੇ ਜੇ ਮੂਰਖ ਸਰਕਾਰ ਅਜਿਹਾ ਕਰਨ ਲਈ ਕਹੇ...ਤੁਸੀਂ ਸਮਝ ਸਕਦੇ ਹੋ ਮੇਰੀ ਹਾਲਤ। ਮੈਨੂੰ ਬਿਗਲ ਅਤੇ ਸ਼ਾਹੀ ਨਗਾਰੇ ਕਦੀ ਚੰਗੇ ਨਹੀਂ ਲੱਗੇ।"

ਅਲਫਾਇਰੀ ਮੈਕਾਵਲੀ ਦੀ ਸਟੇਟ ਵਿਚ ਫੌਜੀ ਤਾਕਤ ਵਿਰੁੱਧ ਆਖਦਾ ਹੈ, "ਵੱਡੀ ਫੌਜ ਜ਼ਾਲਮ ਦੇ ਹੱਥ ਵਿਚਲਾ ਉਹ ਮਾਰੂ ਪਿਸਤੌਲ ਹੈ, ਜਿਸ ਨਾਲ ਉਹ ਸੋਨਾ ਲੁੱਟਣ ਤੇ ਜ਼ੁਲਮ ਕਰਨ ਤੋਂ ਬਿਨਾ ਕੁਝ ਨਹੀਂ ਕਰਦਾ। ਜ਼ਿੰਮੇਵਾਰ ਲੋਕ ਸਹੀ ਤੇ ਹਿਤਕਾਰੀ ਕਾਨੂੰਨ ਬਣਾ ਕੇ ਮਨੁੱਖਤਾ ਦਾ ਭਲਾ ਕਰਨ ਦੇ ਸਮਰੱਥ ਹਨ। ਜੇ ਹੁਣ ਤਕ ਅਜਿਹਾ ਨਹੀਂ ਹੋ ਸਕਿਆ ਤਾਂ ਇਸ ਦਾ ਅਰਥ ਇਹ ਨਹੀਂ ਕਿ ਕਦੀ ਹੋ ਵੀ ਨਹੀਂ ਸਕੇਗਾ?"

ਉਹ ਦੁਖੀ ਮਨ ਨਾਲ ਆਖਦਾ ਹੈ, "ਮਾਂਟੇਕ ਅਤੇ ਕਾਰਨੀਲ ਬਹੁਤ ਸ਼ਕਤੀਸ਼ਾਲੀ ਲੇਖਕ ਸਨ, ਪਰ ਉਹ ਮਹਿਲ ਦੀ ਸ਼ਰਨ ਵਿਚ ਜਾ ਕੇ ਬਰਬਾਦ ਹੋ ਗਏ। ਤੁਸੀਂ ਉਨ੍ਹਾਂ ਦੀਆਂ ਲਿਖਤਾਂ ਪੜ੍ਹੋ। ਤੁਹਾਨੂੰ ਆਪੇ ਪਤਾ ਲੱਗ ਜਾਵੇਗਾ ਕਿ ਬੜੀ ਦੂਰ ਤਕ ਜਾ ਨਿਕਲਣਾ ਸੀ ਇਨ੍ਹਾਂ ਨੇ, ਪਰ ਕਲਮ ਅਚਾਨਕ ਚੱਲਦੀ ਚੱਲਦੀ ਰੁਕ ਜਾਂਦੀ ਹੈ। ਫਿਰ ਇਨ੍ਹਾਂ ਦੀ ਲਿਖਤ ਘੁੰਡ ਕੱਢ ਲੈਂਦੀ ਹੈ ਤੇ ਤਾਕਤਵਰ ਕਲਮ ਕੰਬਣ ਲੱਗਦੀ ਹੈ। ਮੈਂ ਉਹ ਸਭ ਥਾਂਵਾਂ ਸਾਫ



ਵਿਟੋਰੀਓ ਅਲਫਾਇਰੀ

***ਅਲਫਾਇਰੀ ਸਾਰੀ ਉਮਰ ਟਿਕ ਕੇ ਨਹੀਂ ਬੈਠਿਆ। ਸਪੇਨ ਤੋਂ ਰੂਸ ਤਕ ਅਤੇ ਇਟਲੀ ਤੋਂ ਇੰਗਲੈਂਡ ਤਕ ਲਗਾਤਾਰ ਘੁੰਮਦਾ ਫਿਰਿਆ। ਘੁੰਮਦਿਆਂ-ਘੁੰਮਾਉਂਦਿਆਂ ਉਹ ਪੜ੍ਹਦਾ ਤੇ ਲਿਖਦਾ ਰਿਹਾ। ਪਹਿਲੋਂ ਉਸ ਨੇ ਦੁਖਾਂਤ ਨਾਟਕ ਲਿਖੇ, ਜਿਨ੍ਹਾਂ ਵਿਚਲੀਆਂ ਦੁਖਦਾਈ ਘਟਨਾਵਾਂ ਵੀ ਅਸਲ ਵਿਚ ਮਹਿਲਾਂ ਦੀਆਂ ਕਥਾ ਕਹਾਣੀਆਂ ਹੀ ਹਨ। ਦਹਿਸ਼ਤ ਬਾਰੇ ਉਸ ਨੇ ਜੋ ਕਿਤਾਬ 'ਆਫ ਟਿਰਅਨਿ' 1777 ਵਿਚ ਲਿਖੀ, ਉਸ ਦਾ ਫਲਸਫਾ ਹੀ ਉਸ ਦੇ ਨਾਟਕਾਂ ਵਿਚ ਸਾਕਾਰ ਹੁੰਦਾ ਹੈ। ਇਹ ਕਿਤਾਬ ਇੱਕ ਮਹੀਨੇ ਦੇ ਅਰਸੇ ਵਿਚ ਮੁਕੰਮਲ ਕਰ ਲਈ ਸੀ, ਪਰ ਉਮਰ ਦੇ ਅਖੀਰ ਵਿਚ ਉਸ ਨੇ ਫਿਰ ਆਪ ਸੋਧ ਕੇ ਅੰਤਿਮ ਰੂਪ ਦਿੱਤਾ। ਸ਼ਬਦ ਵਾਕ ਬਣ ਗਏ, ਵਾਕ ਪਹਿਰੇ ਬਣੇ ਤੇ ਪਹਿਰੇ ਸਫਿਆਂ ਵਿਚ ਪਲਟਦੇ ਗਏ।***

ਲੱਭ ਲੈਂਦਾ ਹਾਂ, ਜਿੱਥੇ-ਜਿੱਥੇ ਮਹਿਲ ਨੇ ਇਨ੍ਹਾਂ ਨੂੰ ਘੇਰ ਲਿਆ ਸੀ। ਮਾਂਟੇਕ ਦੇ ਦਿਲ ਅੰਦਰਲਾ ਤਕੜਾ ਜਵਾਲਾਮੁਖੀ ਮਹਿਲ ਦੀਆਂ ਫੁਹਾਰਾਂ ਨੇ ਬੁਝਾਇਆ। ਮੈਂ ਸਭ ਜਾਣਦਾ ਹਾਂ ਇਹ ਗੱਲਾਂ।"

"ਜ਼ਾਲਮ ਹਕੂਮਤ ਦਾ ਤੁਸੀਂ ਸਤਿਕਾਰ ਨਹੀਂ ਕਰ ਸਕਦੇ, ਨਾ ਉਸ ਨੂੰ ਪਿਆਰ ਕਰ ਸਕਦੇ ਹੋ, ਨਾ ਉਸ ਵਿਚ ਵਿਸ਼ਵਾਸ ਕਾਇਮ ਰਹਿ ਸਕਦਾ ਹੈ। ਪਿਆਰ ਸਤਿਕਾਰ ਉਸ ਨੂੰ ਕਹਿੰਦੇ ਹਨ, ਜੋ ਮੋੜਵਾਂ ਓਨਾ ਹੀ ਮਿਲੇ, ਜਿੰਨਾ ਤੁਸੀਂ ਕੀਤਾ ਹੁੰਦਾ ਹੈ। ਓਧਰੋਂ ਤਾਂ 'ਹੁਕਮ' ਜਾਰੀ ਹੁੰਦੇ ਹਨ ਤੇ ਇੱਧਰ 'ਸਹਿਮ' ਦਾ ਪਸਾਰਾ ਹੁੰਦਾ ਹੈ। ਇਸੇ ਕਰ ਕੇ ਸਰਕਾਰ ਵੱਲੋਂ ਦਿੱਤੇ ਸਨਮਾਨ ਮੈਨੂੰ ਤਕੜਾ ਫਰਾਡ ਦਿੱਸਦੇ ਹਨ।

ਹੁਕਮਰਾਨਾਂ ਵਿਚੋਂ ਅਲਫਾਇਰੀ ਨੂੰ ਜੇ ਕੋਈ ਚੰਗਾ ਲੱਗਾ ਤਾਂ ਉਹ ਸੀ, ਜਾਰਜ ਵਾਸ਼ਿੰਗਟਨ, ਜਿਸ ਨੇ ਮਨੁੱਖੀ ਹੱਕਾਂ ਅਤੇ ਸਨਮਾਨਾਂ ਲਈ ਆਦਰਸ਼ ਨਾਇਕ ਵਾਂਗ ਉਤਰੀ ਅਮਰੀਕਾ ਦੀ ਜੰਗ ਲੜੀ ਅਤੇ ਜਿੱਤੀ।

ਅਲਫਾਇਰੀ ਯੂਰਪ ਦਾ ਉਹ ਪਹਿਲਾ ਬੇਅੰਤ ਸ਼ਕਤੀਸ਼ਾਲੀ ਦਾਰਸ਼ਨਿਕ ਹੈ, ਜਿਸ ਨੇ ਅਜ਼ਾਦੀ ਦਾ ਸਨਮਾਨ ਬਹਾਲ ਕਰਨ ਲਈ ਕਲਮ ਚੁੱਕੀ ਤਾਂ ਉਸ ਦੀਆਂ ਲਿਖਤਾਂ ਤੋਂ ਪ੍ਰੇਰਨਾ ਲੈ ਕੇ ਪਿਛਲੇਰੀਆਂ ਪੀੜ੍ਹੀਆਂ ਨੇ ਹਥਿਆਰ ਚੁੱਕੇ ਤੇ ਅਜ਼ਾਦੀ ਸੰਗਰਾਮ ਜਿੱਤੇ। ਉਹ ਆਖਿਆ ਕਰਦਾ ਸੀ, "ਜ਼ਾਲਮ ਹਕੂਮਤਾਂ ਤੋੜਨ ਵਾਸਤੇ ਮੈਂ ਇੱਕ ਪਵਿੱਤਰ ਸਾਜ਼ਿਸ਼ ਰਚ ਰਿਹਾ ਹਾਂ, ਜੋ ਕਾਮਯਾਬ ਹੋਵੇਗੀ ਹੀ ਹੋਵੇਗੀ।"

ਬਰੋਫਰੀਓ ਲਿਖਦਾ ਹੈ, "ਇੱਕ ਸ਼ਾਮ ਪੀਣ ਪਿਆਉਣ ਦਾ ਸਿਲਸਿਲਾ ਚੱਲ ਰਿਹਾ ਸੀ। ਕਦੀ ਰਾਜੇ ਦੇ ਨਾਂ 'ਤੇ ਜਾਮ ਛਲਕਦੇ, ਕਦੀ ਪੋਪ ਦੇ ਨਾਂ 'ਤੇ। ਦਰਜਨਾਂ ਲੇਖਕਾਂ ਦਾ ਨਾਂ ਲੈ ਕੇ ਜਾਮ ਲਹਿਰਾਏ ਜਾ ਰਹੇ ਸਨ ਤਾਂ ਮੈਂ ਉਚੀ ਅਵਾਜ਼ ਵਿਚ ਕਿਹਾ, 'ਭਾਈਓ ਇੱਕ ਜਾਮ ਸਾਡੇ ਅਮਰ ਨਾਇਕ ਅਲਫਾਇਰੀ ਦੇ ਨਾਂ ਵੀ।' ਤਦ ਕੇਵਲ ਇੱਕ ਹੱਥ ਉਚਾ ਉਠਿਆ, ਬੱਸ ਮੇਰਾ ਇਕੱਲੇ ਦਾ। ਕਿਸੇ ਨੇ ਉਸ ਦੇ ਨਾਂ 'ਤੇ ਹੁੰਗਾਰਾ ਨਾ ਭਰਿਆ। ਗੁਲਾਮ ਯੁੱਗ ਵਿਚਲੇ ਬਾਸ਼ਿੰਦਿਆਂ ਵਿਚੋਂ ਇੱਕੋ ਇੱਕ ਅਲਫਾਇਰੀ ਸੀ, ਜੋ ਬਾਦਸ਼ਾਹਾਂ ਵਾਂਗ ਬੋਲਿਆ, ਜਿਸ ਨੇ ਲਿਖਤਾਂ ਤੇ ਵਿਖਿਆਨਾਂ ਰਾਹੀਂ ਮੁਰਦਾ ਜਿਸਮਾਂ ਨੂੰ ਹਰਕਤ ਕਰਨ ਲਾ ਦਿੱਤਾ। ਉਹ ਇਕੱਲਾ ਲੜਿਆ ਪੂਰੇ ਯੂਰਪ ਨਾਲ।

ਅਲਫਾਇਰੀ ਹਥਲੀ ਕਿਤਾਬ ਸਮਰਪਣ ਕਰਦਾ ਹੈ, "ਅਜ਼ਾਦੀ ਨੂੰ।" ਇੱਕ ਪੰਨਾ ਸਮਰਪਣ 'ਤੇ ਹੈ। ਲਿਖਦਾ ਹੈ, "ਕਿਤਾਬਾਂ ਤਕੜੇ ਬੰਦਿਆਂ ਨੂੰ ਸਮਰਪਿਤ ਕੀਤੀਆਂ ਜਾਂਦੀਆਂ ਹਨ ਅਕਸਰ, ਕਿਉਂਕਿ ਬਦਲੇ ਵਿਚ ਓਥੋਂ ਸੁਖ ਸਨਮਾਨ ਮਿਲਣ ਦੀ ਸੰਭਾਵਨਾ ਹੈ। ਹੇ ਅਜ਼ਾਦੀ, ਤੇਰੇ ਤਿੜਕਦੇ ਚੰਗਿਆੜੇ ਹਰੇਕ ਮਨ ਵਿਚੋਂ ਨਹੀਂ ਬੁਝੇ। ਥੋੜ੍ਹੇ ਕੁ ਬੰਦੇ ਅਜੇ ਜਿਊਂਦੇ ਹਨ, ਜਿਨ੍ਹਾਂ ਦੇ ਦਿਲਾਂ ਵਿਚ ਤੇਰੀ ਪਵਿੱਤਰ ਤੇ ਅਮਰ ਯਾਦ ਦਾ ਨਿੱਘ ਛੁਪਿਆ ਬੈਠਾ ਹੈ। ਮੈਂ ਆਪਣੀ ਕਿਤਾਬ ਰਾਜੇ ਜਾਂ ਰਾਜਕੁਮਾਰ ਨੂੰ ਕਿਉਂ ਅਰਪਣ ਕਰਾਂ? ਤੇਰੇ ਜੱਦੀ ਦੁਸ਼ਮਣ ਹਨ ਉਹ ਤਾਂ। ਤੈਨੂੰ ਯਾਦ ਕਰਨ ਨਾਲ ਮੇਰੀ ਕਲਮ ਲੜਖੜਾਉਂਦੀ ਨਹੀਂ। ਵਿਚਾਰ ਧੁੰਦਲੇ ਨਹੀਂ ਪੈਂਦੇ।"

"ਹੇ ਪਿਆਰੀ ਅਜ਼ਾਦੀ, ਇਹ ਕਿਤਾਬ ਇਸ ਲਈ ਲਿਖ ਰਿਹਾ ਹਾਂ ਤਾਂ ਕਿ ਮੇਰੇ ਵਿਚਾਰ ਅਮਲ ਵਿਚ ਆ ਸਕਣ। ਮੈਂ, ਜੇ ਲੋੜ ਪਈ ਤਾਂ ਤੇਰੇ ਝੰਡੇ ਨੂੰ ਉਚਾ ਲਹਿਰਾਉਣ ਹਿਤ ਕਲਮ ਦੀ ਥਾਂ ਕੁਝ ਸਮੇਂ ਲਈ ਤਲਵਾਰ ਉਠਾਉਣ ਤੋਂ ਵੀ ਝਿਜਕਾਂਗਾ ਨਹੀਂ। ਮੇਰੇ ਵਿਚ ਇਹ ਸਾਹਸ ਹੈ ਕਿ ਮੈਂ ਕੇਵਲ ਤੈਨੂੰ ਕਿਤਾਬ ਸਮਰਪਿਤ ਕਰਾਂ। ਇਨ੍ਹਾਂ ਪੰਨਿਆਂ ਵਿਚ ਮੈਂ ਆਪਣੀ ਅਕਲ ਦੀ ਨੁਮਾਇਸ਼ ਨਹੀਂ ਲਾਵਾਂਗਾ ਕਿਉਂਕਿ ਵਿਦਵਤਾ ਮੇਰੇ ਕੋਲ ਹੈ ਹੀ ਨਹੀਂ, ਫਿਰ ਹਾਰਨ ਦਾ ਕੀ ਲਾਭ? ਮੈਂ ਕੁਝ ਕੁ ਵਿਚਾਰ ਸਾਹਮਣੇ ਰੱਖਾਂਗਾ, ਜੋ ਮੇਰੀ ਰੂਹ ਤਕ ਨੂੰ ਕਾਂਬਾ ਛੇੜ ਦਿੰਦੇ ਹਨ। ਸਾਦੇ ਢੰਗ ਨਾਲ ਲਿਖਾਂਗਾ, ਸਾਫ-ਸਾਫ ਗੱਲ ਕਰਾਂਗਾ, ਸੱਚ ਬਿਆਨ ਕਰਾਂਗਾ ਜਿਨ੍ਹਾਂ ਨੂੰ ਸਹੀ ਸਾਬਤ ਕਰਨ ਲਈ ਸਬੂਤ ਦੇਣ ਦੀ ਲੋੜ ਨਾ ਪਵੇ, ਸਗੋਂ ਦਿਲ ਆਪੇ 'ਹਾਂ' ਕਰ ਦਏ। ਇੱਕ ਲਾਟ ਜਿਹੀ ਬਚਪਨ ਤੋਂ ਮੇਰੇ ਦਿਲ ਨੂੰ ਖਾਂਦੀ ਰਹੀ, ਉਸੇ ਨੂੰ ਕਾਗਜ਼ 'ਤੇ ਉਤਾਰਾਂਗਾ, ਜੋ ਹੁਣ ਤਕ ਜੰਦਰਾ ਮਾਰ ਮਾਰ ਰੱਖੀ ਸੀ।"

ਪਹਿਲੇ ਅਧਿਆਇ ਵਿਚ ਉਹ 'ਜ਼ਾਲਮ ਬਾਦਸ਼ਾਹ' ਦੀ ਪਰਿਭਾਸ਼ਾ ਦਿੰਦਾ ਹੈ, ਦੂਜੇ ਅਧਿਆਇ ਵਿਚ ਜ਼ੁਲਮ ਬਾਰੇ ਦੱਸਦਾ ਹੈ, ਤੀਜੇ ਵਿਚ ਖੌਫ ਬਾਰੇ, ਖੁਦਗਰਜ਼ੀ ਬਾਰੇ, ਫਿਰ ਫੌਜ ਬਾਰੇ, ਫਿਰ ਧਰਮ ਬਾਰੇ, ਫਿਰ ਨਵੀਆਂ ਪੁਰਾਣੀਆਂ ਹਕੂਮਤਾਂ ਬਾਰੇ, ਫਿਰ ਕੁਲੀਨ ਵਰਗ ਬਾਰੇ, ਏਸ਼ੀਆ ਅਤੇ ਯੂਰਪ ਦੀਆਂ ਜਾਬਰ ਸਰਕਾਰਾਂ ਦੀ ਤੁਲਨਾ ਬਾਰੇ, ਅੱਯਾਸ਼ੀਆਂ ਬਾਰੇ, ਰਾਜੇ ਦੀਆਂ ਪਤਨੀਆਂ ਤੇ ਉਨ੍ਹਾਂ ਦੀ ਸੰਤਾਨ ਬਾਰੇ ਲਿਖਦਾ ਹੈ। ਕਿਤਾਬ ਦੇ ਦੂਜੇ ਭਾਗ ਵਿਚ ਦੱਸਦਾ ਹੈ ਕਿ ਜਾਬਰ ਹਕੂਮਤ ਵਿਚ ਦਿਨ ਕਿਵੇਂ ਕੱਟਣੇ ਹਨ, ਜਿਉਂਦੇ ਕਿਵੇਂ ਰਹਿਣਾ ਹੈ, ਮਰਨਾ ਕਿਵੇਂ ਚਾਹੀਦਾ ਹੈ, ਕਿੰਨੀ ਕੁ ਹੱਦ ਤਕ ਜ਼ੁਲਮ ਝੱਲਣਾ ਹੈ, ਕਦੋਂ ਜ਼ੁਲਮ ਬੰਦ ਕਰਾਉਣ ਦਾ ਫੈਸਲਾ ਕਰਨਾ ਹੈ। ਦੱਸਦਾ ਹੈ ਕਿ ਜਿਨ੍ਹਾਂ ਕੌਮਾਂ ਨੂੰ ਅਜ਼ਾਦੀ ਦਾ ਪਤਾ ਨਹੀਂ, ਕੀ ਇਨਾਮ ਵਿਚ ਉਨ੍ਹਾਂ ਨੂੰ ਜ਼ੁਲਮ ਨਹੀਂ ਮਿਲਣਾ ਚਾਹੀਦਾ? ਤੇ ਅਖੀਰਲਾ ਅਧਿਆਇ ਹੈ, ਆਦਰਸ਼ਕ ਸਰਕਾਰ ਕਿਹੋ ਜਿਹੀ ਹੁੰਦੀ ਹੈ? ਕਿਤਾਬ ਦੇ ਅੰਤਿਮ ਪੰਨੇ 'ਤੇ ਲੇਖਕ ਦੀ ਇੱਕ ਨਿੱਕੀ ਜਿਹੀ ਟਿੱਪਣੀ ਹੈ, ਜਿਸ ਨੇ ਪੂਰਾ ਪੰਨਾ ਘੇਰਿਆ ਹੋਇਆ ਹੈ, ਇਉਂ ਹੈ,

"ਘੋਰ ਗਰੀਬੀ ਕਾਰਨ ਨਹੀਂ, ਕਿਸੇ ਵੱਡੇ ਕਾਰੋਬਾਰ ਦੀ ਘਾਟ ਕਾਰਨ ਨਹੀਂ, ਧੁੰਦਲੇ ਦੀਵਿਆਂ ਦੀ ਮੱਧਮ ਰੌਸ਼ਨੀ ਦਾ ਸੁਖ ਮਾਣਨ ਦੀ ਖੁਸ਼ਫਹਿਮੀ ਵਾਲੇ ਮੂਰਖਾਂ ਵਾਂਗ ਨਹੀਂ, ਜਿਸ ਗੁਲਾਮੀ ਅਤੇ ਦਲਿੱਦਰ ਵਿਚ ਢਿੱਡ-ਭਾਰ ਇਟਲੀ ਰੀਂਗ ਰਿਹਾ ਹੈ, ਉਸ ਕਰ ਕੇ ਵੀ ਨਹੀਂ; ਪਿਆਰੇ ਭਾਈਓ, ਕਿਤਾਬ ਲਿਖਣ ਦਾ ਫੈਸਲਾ ਇਨ੍ਹਾਂ ਵਿਚੋਂ ਕਿਸੇ ਵੀ ਕਾਰਨ ਕਰ ਕੇ ਨਹੀਂ ਲਿਆ। ਬੋਦੀਆਂ ਹਕੂਮਤਾਂ ਨੂੰ ਨਕਾਰਨ ਦਾ ਫੈਸਲਾ ਕਰਨ ਪਿੱਛੇ ਕੋਈ ਹੋਰ ਸੀ; ਕੋਈ ਪ੍ਰਬਲ ਦੇਵਤਾ ਸੀ, ਜੋ ਹਮੇਸ਼ਾ ਮੇਰਾ ਸਾਥ ਦਿੰਦਾ ਰਿਹਾ, ਬਚਪਨ ਤੋਂ ਮੈਨੂੰ ਹੌਸਲਾ ਦਿੰਦਾ ਰਿਹਾ। ਹੌਲੀ-ਹੌਲੀ ਉਸ ਨੇ ਮੈਨੂੰ ਏਨਾ ਨਿਡਰ ਕਰ ਦਿੱਤਾ ਕਿ ਇੱਕ ਦਿਨ ਮੈਨੂੰ ਲੱਗਾ, ਮੇਰੀ ਗਤੀ ਨਹੀਂ ਹੋਵੇਗੀ, ਜੇ ਮੈਂ ਜ਼ਾਲਮ ਹਕੂਮਤਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਕਲਮ ਚੁੱਕ ਕੇ ਕੁਝ ਪੰਨੇ ਜ਼ਖਮੀ ਨਾ ਕੀਤੇ।"

*-ਵਿਟੋਰੀਓ ਅਲਫਾਇਰੀ*

---

### ਕਿਤਾਬ ਦਾ ਮੁੱਖ ਬੰਦ

"ਬੜੇ ਕਹਿਣਗੇ ਕਿ ਅਲਫਾਇਰੀ ਨੇ ਬਹੁਤ ਬੇਰਸ ਗੱਲਾਂ ਕੇਵਲ ਜ਼ਾਲਮਾਂ ਬਾਰੇ ਲਿਖ ਮਾਰੀਆਂ; ਕਿ ਅਲਫਾਇਰੀ ਦੀ ਲਹੂ ਰੰਗੀ ਕਲਮ, ਜ਼ਹਿਰ ਦੀ ਦਵਾਤ ਵਿਚੋਂ ਸਿਆਹੀ ਭਰਦੀ ਸੀ; ਕਿ ਅਲਫਾਇਰੀ ਇੱਕੋ ਅਕਾਊ ਸੁਰ ਤਾਂ ਅਲਾਪਦਾ ਰਿਹਾ, ਪਰ ਇਹ ਸੰਗੀਤ ਕਿਸੇ ਗੁਲਾਮ ਨੂੰ ਅਜ਼ਾਦ ਤਾਂ ਕਰਾ ਨਹੀਂ ਸਕਿਆ। ਸਿਆਣੇ ਬੰਦੇ ਹੱਸਣਗੇ ਮੇਰੀ ਲਿਖਤ 'ਤੇ, ਪਰ ਜੋ ਪਵਿੱਤਰ ਕੰਮ ਮੇਰੀ ਰੂਹ ਨੇ ਕਰਨਾ ਚਾਹਿਆ, ਇਹ ਉਹੀ ਕਰੇਗੀ। ਕਦੀ ਨਹੀਂ ਭਟਕੇਗੀ, ਇੱਧਰ-ਓਧਰ। ਮੈਨੂੰ ਪਤਾ ਹੈ ਮੇਰਾ ਹੁਨਰ ਕਮਜ਼ੋਰ ਹੈ ਤੇ ਜ਼ਾਲਮ ਹਕੂਮਤਾਂ ਤਕੜੀਆਂ ਹਨ। ਇਮਾਨਦਾਰ ਮਨੁੱਖ ਜੰਮਣਗੇ ਤਾਂ ਦੇਖਣਾ ਮੇਰੇ ਸ਼ਬਦ ਹਵਾ ਵਿਚ ਸੱਜੇ ਖੱਬੇ ਭਟਕਣਗੇ ਨਹੀਂ। ਆਉਣਗੇ ਅਜਿਹੇ ਬੰਦੇ, ਜਿਨ੍ਹਾਂ ਨੂੰ ਪਤਾ ਹੈ ਅਜ਼ਾਦੀ ਕਿੰਨੀ ਪਿਆਰੀ ਹੈ ਤੇ ਜੀਵਨ ਦਾ ਕਿੰਨਾ ਜ਼ਰੂਰੀ ਹਿੱਸਾ ਹੈ।"

---

### ਕੌਣ ਹੁੰਦਾ ਹੈ ਜ਼ਾਲਮ

"ਬੰਦਿਆਂ ਜਾਂ ਘਟਨਾਵਾਂ ਦੇ ਨਾਂ ਉਨ੍ਹਾਂ ਦੀ ਪਰਿਭਾਸ਼ਾ ਨਹੀਂ ਬਣਦੇ ਕਿਉਂਕਿ ਨਾਂ ਬਦਲਦੇ ਨਹੀਂ, ਬੰਦੇ ਵੀ ਤੇ ਘਟਨਾਵਾਂ ਵੀ ਸਮੇਂ ਅਤੇ ਸਥਾਨ ਅਨੁਸਾਰ ਬਦਲਦੇ ਰਹਿੰਦੇ ਹਨ। ਸੋ ਅਸੀਂ ਨਾਂਵਾਂ ਪਿੱਛੇ ਨਹੀਂ ਜਾਵਾਂਗੇ, ਅਸੀਂ ਤਾਂ ਮਨੁੱਖੀ ਸੁਭਾਅ ਦੀ ਕਹਾਣੀ ਛੇੜਾਂਗੇ।"

"ਆਮ ਆਦਮੀ 'ਜ਼ਾਲਮ' ਨਹੀਂ ਹੁੰਦਾ, ਹੋਣਾ ਚਾਹੇ ਤਦ ਵੀ ਨਹੀਂ, ਕਿਉਂਕਿ ਉਸ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮਾਜ ਕੁੱਟ ਦਿੰਦਾ ਹੈ ਜਾਂ ਫਿਰ ਕਾਨੂੰਨ ਉਸ ਨੂੰ ਆਪਣੀ ਕੁੜਿੱਕੀ ਵਿਚ ਨੱਪ ਲੈਂਦਾ ਹੈ। ਜ਼ਾਲਮ ਸ਼ਬਦ ਦਾ ਵਧੇਰੇ ਸਬੰਧ ਰਾਜਿਆਂ ਨਾਲ ਜੁੜਦਾ ਹੈ। ਰਾਜਾ (ਨਾਂ ਕੋਈ ਰੱਖ ਲਵੋ ਜਾਂ ਕੇਵਲ 'ਸਰਕਾਰ' ਆਖ ਲਵੋ) ਜਦੋਂ ਕਿਸੇ ਅੱਗੇ ਜਵਾਬਦੇਹ ਨਾ ਰਹੇ, ਤਦ

***(ਅਗਲੇ ਸਫੇ 'ਤੇ ਜਾਰੀ)***

ਉਸ ਵਰਗਾ 'ਅਤਿਵਾਦੀ' ਕੋਈ ਨਹੀਂ ਹੁੰਦਾ। ਪੁਰਾਣੇ ਯੂਨਾਨੀਆਂ ਨੇ ਸਭ ਰਾਜਿਆਂ ਨੂੰ 'ਜਾਬਰ' ਕਿਹਾ ਸੀ, ਇਸ ਕਰ ਕੇ ਮੈਂ ਆਖਦਾ ਹਾਂ ਕਿ 'ਮਰਦ' ਅਖਵਾਉਣ ਦੇ ਹੱਕਦਾਰ ਯੂਨਾਨੀ ਹੀ ਹਨ। ਸੋ, ਜਾਬਰ ਦੀ ਪਰਿਭਾਸ਼ਾ ਇਹ ਹੋਈ, ਉਹ ਸਭ ਬੰਦੇ, ਨਵੀਨ ਜਾਂ ਪੁਰਾਤਨ, ਧੱਕੇ ਨਾਲ ਜਾਂ ਧੋਖੇ ਨਾਲ, ਇੱਥੋਂ ਤਕ ਕਿ ਚਲੋ ਬੇਸ਼ੱਕ ਪਰਜਾ ਦੀ ਸਹਿਮਤੀ ਨਾਲ, ਸੱਤਾ ਵਿਚ ਆ ਗਏ ਤੇ ਫਿਰ ਆਪਣੇ ਆਪ ਨੂੰ ਕਾਨੂੰਨ ਤੋਂ ਉਪਰ ਸਮਝਣ ਲੱਗ ਪਏ, 'ਜਾਬਰ' ਅਤੇ 'ਜ਼ਾਲਮ' ਹਨ।"

"ਜੇ ਭੂਤਕਾਲ ਦਾ ਟਾਇਟਸ ਜਾਂ ਟਰਾਜਨ ਜਾਬਰ ਸੀ ਤਾਂ ਸਾਡੇ ਅੱਜ ਦੇ ਨੀਰੋ, ਤਿਬੇਰੀਅਸ ਤੇ ਫਿਲਿਪ ਦੂਜਾ ਜਾਂ ਹੈਨਰੀ ਅਠਵਾਂ ਕੀ ਹਨ? ਧੰਨ ਹੈ ਸਾਡੀ ਪਰਜਾ, ਪੁਰਾਣੇ ਵੇਲੇ ਦੇ ਜ਼ੁਲਮਾਂ ਦੀਆਂ ਕਹਾਣੀਆਂ ਯਾਦ ਰੱਖਦੀ ਹੈ, ਪਰ ਵਰਤਮਾਨ ਜ਼ੁਲਮ ਬਰਦਾਸ਼ਤ ਕਰੀ ਜਾਂਦੀ ਹੈ। ਜਾਬਰ ਹਕੂਮਤ ਅਧੀਨ ਰਹਿੰਦੀ ਪਰਜਾ ਆਪਣੇ ਆਪ ਨੂੰ ਧੋਖਾ ਦੇਣਾ ਸਹਿਜੇ ਹੀ ਸਿੱਖ ਲੈਂਦੀ ਹੈ।"

"ਮੈਂ ਹਰੇਕ ਉਸ ਸਰਕਾਰ ਨੂੰ, ਜੋ ਪਿਤਾ-ਪੁਰਖੀ ਹੋਵੇ ਭਾਵੇਂ ਲੋਕਾਂ ਦੀ ਚੁਣੀ ਹੋਈ, 'ਜਾਬਰ' ਕਹਾਂਗਾ, ਜੋ ਮਨਮਰਜ਼ੀ ਨਾਲ ਕਿਸੇ ਬੰਦੇ ਤੋਂ ਉਸ ਦੀ ਜਾਨ, ਜਾਇਦਾਦ ਜਾਂ ਉਸ ਦਾ ਸਨਮਾਨ ਖੋਹ ਲਵੇ।...ਕੀ ਤੁਸੀਂ ਸੋਚ ਸਕਦੇ ਹੋ ਕਿ ਅਜਿਹੀ ਸਰਕਾਰ ਦੀ ਕਦਰ ਵੀ ਲੋਕ ਕਰ ਸਕਦੇ ਹਨ? ਹਾਂ ਕਰਦੇ ਹਨ। ਜੋ ਲੋਕਾਂ ਨੂੰ ਪਤਾ ਹੈ ਕਿ ਸਾਡੀ ਹਰ ਵਸਤੂ ਬਗੈਰ ਕਾਰਨ ਦੱਸੇ ਖੋਹੀ ਜਾ ਸਕਦੀ ਹੈ, ਤਾਂ ਉਹ ਸਮਝਦੇ ਹਨ ਕਿ ਜੋ ਕੁਝ ਆਪਣੇ ਕੋਲ ਬਚਿਆ ਹੈ, ਇਹ ਸਰਕਾਰ ਦੀ ਮਿਹਰਬਾਨੀ ਹੈ, ਜੇ ਖੁੱਸਿਆ ਨਹੀਂ ਤਾਂ। ਹੱਥ 'ਤੇ ਰੱਖੀ ਰੋਟੀ ਜੇ ਖਾਧੀ ਗਈ ਤਾਂ ਧੰਨ ਹੈ ਸਾਡੀ ਸਰਕਾਰ, ਇਹ ਰੋਟੀ ਖੋਹੀ ਵੀ ਜਾ ਸਕਦੀ ਸੀ। ਜੋ ਕੁਝ ਖੁੱਸਿਆ ਨਹੀਂ, ਉਹ ਬਾਦਸ਼ਾਹ ਵੱਲੋਂ ਦਿੱਤਾ ਗਿਆ 'ਤੋਹਫਾ' ਸਮਝ ਕੇ ਪਰਜਾ ਰਾਜੇ ਦੇ ਗੁਣ ਗਾਉਂਦੀ ਹੈ।"

"ਅਜ਼ਾਦੀ ਉਹ ਨਹੀਂ ਹੁੰਦੀ ਜਿਸ ਲਈ ਲਾਇਸੈਂਸ ਲੈਣਾ ਪਵੇ। ਅਜ਼ਾਦੀ ਲੀਜ਼ 'ਤੇ ਵੀ ਨਹੀਂ ਦਿੱਤੀ ਜਾਇਆ ਕਰਦੀ ਕਦੀ। ਮੈਂ ਦੂਰ-ਦੂਰ ਘੁੰਮਿਆ। ਯੂਰਪ ਦੇ ਹਰ ਹਿੱਸੇ ਵਿਚ ਵੱਸਦੇ ਲੋਕਾਂ ਦੇ ਚਿਹਰਿਆਂ 'ਤੇ ਮੈਂ ਗੁਲਾਮੀ ਦੇ ਦਾਗ ਸਾਫ ਵੇਖੇ। ਜਾਬਰ ਸਰਕਾਰਾਂ ਜੇ ਸਮਝ ਰਹੀਆਂ ਹਨ ਕਿ ਸਮੇਂ ਦਾ ਪਹੀਆ ਰੁਕ ਗਿਆ ਹੈ, ਤਾਂ ਉਹ ਲਗਾਤਾਰ ਗਲਤਫਹਿਮੀ ਵਿਚ ਹਨ। ਉਨ੍ਹਾਂ ਦੀ ਖੁਸ਼ੀ ਥੋੜ੍ਹਚਿਰੀ ਹੈ। ਹਰੇਕ ਨੇਕ ਭਲੇ ਮਨੁੱਖ ਨੂੰ ਮੇਰੀ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਤਬਦੀਲੀ ਅਟੱਲ ਹੈ। ਤੁਸੀਂ ਛੇਤੀ ਹੀ ਆਪਣੀਆਂ ਅੱਖਾਂ ਨਾਲ ਵੇਖੋਗੇ ਕਿ ਅੰਤਰਰਾਸ਼ਟਰੀ ਗੁਲਾਮੀ, ਅੰਤਰਰਾਸ਼ਟਰੀ ਅਜ਼ਾਦੀ ਵਿਚ ਬਦਲ ਜਾਵੇਗੀ। ਮੇਰਾ ਇਹ ਚੱਟਾਨ ਵਰਗਾ ਪੱਕਾ ਵਿਸ਼ਵਾਸ ਹੈ। ਮਨੁੱਖ ਗੁਲਾਮ ਨਹੀਂ ਰਹੇਗਾ। ਰਹਿ ਹੀ ਨਹੀਂ ਸਕਦਾ। ਜੇ ਉਹ ਮਨੁੱਖ ਹੈ ਤਾਂ ਅਜ਼ਾਦ ਹੋਵੇਗਾ, ਤੇ ਜੇ ਪਸ਼ੂ ਹੈ, ਤਾਂ ਇੱਕ ਦਿਨ ਮਨੁੱਖ ਬਣੇਗਾ।

> ***"ਬੜੇ ਕਹਿਣਗੇ ਕਿ ਅਲਫਾਇਰੀ ਨੇ ਬਹੁਤ ਬੇਰਸ ਗੱਲਾਂ ਕੇਵਲ ਜ਼ਾਲਮਾਂ ਬਾਰੇ ਲਿਖ ਮਾਰੀਆਂ; ਕਿ ਅਲਫਾਇਰੀ ਦੀ ਲਹੂ ਰੰਗੀ ਕਲਮ, ਜ਼ਹਿਰ ਦੀ ਦਵਾਤ ਵਿਚੋਂ ਸਿਆਹੀ ਭਰਦੀ ਸੀ; ਕਿ ਅਲਫਾਇਰੀ ਇੱਕੋ ਅਕਾਊ ਸੁਰ ਤਾਂ ਅਲਾਪਦਾ ਰਿਹਾ, ਪਰ ਇਹ ਸੰਗੀਤ ਕਿਸੇ ਗੁਲਾਮ ਨੂੰ ਅਜ਼ਾਦ ਤਾਂ ਕਰਾ ਨਹੀਂ ਸਕਿਆ। ਸਿਆਣੇ ਬੰਦੇ ਹੱਸਣਗੇ ਮੇਰੀ ਲਿਖਤ 'ਤੇ, ਪਰ ਜੋ ਪਵਿੱਤਰ ਕੰਮ ਮੇਰੀ ਰੂਹ ਨੇ ਕਰਨਾ ਚਾਹਿਆ, ਇਹ ਉਹੀ ਕਰੇਗੀ। ਕਦੀ ਨਹੀਂ ਭਟਕੇਗੀ, ਇੱਧਰ-ਉਧਰ। ਮੈਨੂੰ ਪਤਾ ਹੈ ਮੇਰਾ ਹੁਨਰ ਕਮਜ਼ੋਰ ਹੈ ਤੇ ਜ਼ਾਲਮ ਹਕੂਮਤਾਂ ਤਕੜੀਆਂ ਹਨ। ਇਮਾਨਦਾਰ ਮਨੁੱਖ ਜੰਮਣਗੇ ਤਾਂ ਦੇਖਣਾ ਮੇਰੇ ਸ਼ਬਦ ਹਵਾ ਵਿਚ ਸੱਜੇ ਖੱਬੇ ਭਟਕਣਗੇ ਨਹੀਂ। ਆਉਣਗੇ ਅਜਿਹੇ ਬੰਦੇ, ਜਿਨ੍ਹਾਂ ਨੂੰ ਪਤਾ ਹੈ ਅਜ਼ਾਦੀ ਕਿੰਨੀ ਪਿਆਰੀ ਹੈ ਤੇ ਜੀਵਨ ਦਾ ਕਿੰਨਾ ਜ਼ਰੂਰੀ ਹਿੱਸਾ ਹੈ।"***

ਹੋਣੀ ਅਟੱਲ ਹੈ।"

ਅਲਫਾਇਰੀ ਹੋਰ ਲਿਖਦਾ ਹੈ, "ਸੁਣੋ, ਕੋਈ ਵੀ ਸਰਕਾਰ, ਜਿਸ ਦੀ ਜ਼ਿੰਮੇਵਾਰੀ ਕਾਨੂੰਨ ਲਾਗੂ ਕਰਨ ਦੀ ਹੁੰਦੀ ਹੈ, ਜੇ ਕਾਨੂੰਨ ਮਨਮਰਜ਼ੀ ਨਾਲ ਬਣਾਏ ਜਾਂ ਤੋੜੇ, ਮਰਜ਼ੀ ਨਾਲ ਕਾਨੂੰਨ ਦੀ ਆਪਣੀ ਹੀ ਵਿਆਖਿਆ ਸਹੀ ਸਮਝੇ, ਜਾਂ ਕਾਨੂੰਨ ਨੂੰ ਨਜ਼ਰਅੰਦਾਜ਼ ਕਰੇ, ਜਾਂ ਸੰਵਿਧਾਨ ਨੂੰ ਸਸਪੈਂਡ ਕਰ ਦਏ ਤੇ ਸਰਕਾਰ ਨੂੰ ਪਤਾ ਹੋਵੇ ਕਿ ਅਜਿਹਾ ਕਰਨ ਸਦਕਾ ਹੁਕਮਰਾਨਾਂ ਨੂੰ ਕੋਈ ਸਜ਼ਾ ਨਹੀਂ ਹੋਵੇਗੀ, ਤਦ ਇਸੇ ਨੂੰ 'ਜਬਰ' ਅਤੇ 'ਜ਼ੁਲਮ' ਕਿਹਾ ਜਾਂਦਾ ਹੈ। ਤਾਨਾਸ਼ਾਹ ਹੋਵੇ ਜਾਂ ਗਣਤੰਤਰ, ਇੱਕ ਹੋਵੇ ਜਾਂ ਅਨੇਕ, ਜੋ ਕਾਨੂੰਨ ਨਾਲ ਉਪਰ ਦੱਸਿਆ ਖਿਲਵਾੜ ਕਰਦਾ ਹੈ, ਉਹ 'ਜ਼ਾਲਮ' ਹੈ ਤੇ ਜੋ ਪਰਜਾ ਉਸ ਦਾ ਜ਼ੁਲਮ ਬਰਦਾਸ਼ਤ ਕਰਦੀ ਹੈ, ਉਹ 'ਗੁਲਾਮ' ਹੈ। ਹਕੂਮਤ ਦੇਸੀ ਹੋਵੇ ਜਾਂ ਵਿਦੇਸ਼ੀ, ਸਭ 'ਤੇ ਇਹੋ ਪਰਿਭਾਸ਼ਾ ਲਾਗੂ ਹੁੰਦੀ ਹੈ।


ਕਾਨੂੰਨ ਕੀ ਹੁੰਦਾ ਹੈ? ਕਾਨੂੰਨ ਇੱਕ ਤਰ੍ਹਾਂ ਦਾ ਸੌਦਾ ਹੈ, ਜਿਸ 'ਤੇ ਪਰਜਾ ਅਤੇ ਹਕੂਮਤ ਦੇ ਦਸਤਖਤ ਹੁੰਦੇ ਹਨ। ਸੌਦਾ ਇਹ ਹੈ ਕਿ ਪਰਜਾ ਦਾ ਮਾਨ-ਸਨਮਾਨ, ਜਾਨ, ਮਾਲ ਸੁਰੱਖਿਅਤ ਰਹੇਗਾ ਤੇ ਬਦਲੇ ਵਿਚ ਪਰਜਾ ਰਾਜੇ ਦਾ ਮਾਣ-ਸਨਮਾਨ ਕਾਇਮ ਰੱਖੇਗੀ। ਇਹ ਸਮਾਜ ਦਾ ਉਹ ਅਹਿਦਨਾਮਾ ਹੈ, ਜੋ ਇੱਕਪਾਸੜ ਨਹੀਂ ਚੱਲ ਸਕਦਾ। ਪਰਜਾ ਓਨੀ ਹੀ ਸਨਮਾਨ ਦੀ ਹੱਕਦਾਰ ਰਹੇਗੀ, ਜਿੰਨਾ ਰਾਜਾ। ਕੁਝ ਮੂਰਖ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਦੇਸ਼ ਦਾ ਸੰਵਿਧਾਨ ਬੜਾ ਚੰਗਾ ਹੈ। ਪਿਆ ਹੋਏ ਚੰਗਾ। ਜੇ ਚੰਗਿਆਈ ਲਾਗੂ ਨਹੀਂ ਹੋਵੇਗੀ ਤਾਂ ਕੀ ਕਰੋਗੇ ਉਸ ਦਾ ਫਿਰ? ਕਾਨੂੰਨ ਕੋਈ ਖਾਣ ਦੀ ਚੀਜ਼ ਨਹੀਂ। ਖਾਣੀ ਤਾਂ ਰੋਟੀ ਹੈ, ਪਰ ਕਾਨੂੰਨ ਜੇ ਸਹੀ ਢੰਗ ਨਾਲ ਲਾਗੂ ਨਾ ਹੋਇਆ ਤਾਂ ਖੁਰਾਕ ਹਰਾਮ ਹੋ ਜਾਂਦੀ ਹੈ। ਸਭ ਤੋਂ ਭੈੜੀ ਜ਼ਾਲਮ ਸਰਕਾਰ ਉਹ ਹੁੰਦੀ ਹੈ, ਜੋ ਪਰਜਾ ਨੂੰ ਜਵਾਬ ਦੇਣਾ, ਹਿਸਾਬ ਦੇਣਾ ਮੁਨਾਸਬ ਨਾ ਸਮਝੇ। ਇਕੱਲਾ ਬੇਲਗਾਮ ਜਾਬਰ ਤਾਨਾਸ਼ਾਹ ਵੱਧ ਖਤਰਨਾਕ ਹੁੰਦਾ ਹੈ, ਜਿਸ ਨੂੰ ਅਸੀਂ 'ਗਣਤੰਤਰ' ਨਾਂ ਦੇ ਰੱਖਿਆ ਹੈ, ਉਸ ਵਿਚ ਵੱਧ ਗਿਣਤੀ ਵਿਚ ਜਾਬਰ ਹੁੰਦੇ ਹਨ, ਇਸ ਵਿਚ ਜ਼ੁਲਮ ਖਿੰਡ-ਪੁੰਡ ਜਾਂਦਾ ਹੈ, ਇਸ ਲਈ ਖਤਰਾ ਘਟ ਜਾਂਦਾ ਹੈ। ਬਦਲਾਖੋਰੀ ਦੀ ਸੰਭਾਵਨਾ ਜੇ ਮਿਟਦੀ ਨਹੀਂ ਤਾਂ ਘਟਦੀ ਤਾਂ ਹੈ ਹੀ। ਪਰਜਾਤੰਤਰਾਂ ਵਿਚ ਕਦੀ-ਕਦੀ ਸੁਤੰਤਰਤਾ ਦਾ ਝਲਕਾਰਾ ਪੈਂਦਾ ਹੈ। ਲੋਕ ਭ੍ਰਿਸ਼ਟ, ਮੂਰਖ ਅਤੇ ਗੁਲਾਮ ਬਣ ਜਾਣ, ਤਦ ਥੋੜ੍ਹੇ ਕੁ ਝਲਕਾਰੇ ਨਾਲ ਵੀ ਸੰਤੁਸ਼ਟ ਹੋ ਜਾਂਦੇ ਹਨ। ਜਦੋਂ ਇਹ ਕਿਤਾਬ ਲਿਖ ਰਿਹਾਂ ਸਾਂ, ਮੈਂ ਵੇਖਿਆ ਉਦੋਂ ਫਰਾਂਸ ਅਨੰਤ ਭ੍ਰਿਸ਼ਟਾਚਾਰ ਦੀ ਗੂੜ੍ਹੀ ਨੀਂਦੇ ਸੁੱਤਾ ਪਿਆ ਸੀ।"

"ਪੁਰਾਣੇ ਵੇਲਿਆਂ ਵਿਚ ਰੋਮਨਾਂ ਨੇ 'ਭੈ' ਨਾਂ ਦੀ ਦੇਵੀ ਦਾ ਇੱਕ ਮੰਦਿਰ (ਟੈਂਪਲ ਆਫ ਫੀਅਰ) ਖੜ੍ਹਾ ਕਰ ਕੇ ਉਥੇ ਬਲੀ ਦੇਣੀ ਸ਼ੁਰੂ ਕੀਤੀ ਸੀ ਤਾਂ ਕਿ ਇਹ ਦੇਵੀ, ਡਰ ਤੇ ਖੌਫ ਸਾਡੇ ਨੇੜੇ ਨਾ ਆਉਣ ਦੇਵੇ। ਅਜੋਕੀਆਂ ਅਦਾਲਤਾਂ ਮੈਨੂੰ ਪੁਰਾਣੇ ਮੰਦਿਰ ਲੱਗਦੇ ਹਨ। ਮੰਦਿਰ ਦਾ ਨਾਂ ਹੈ ਮਹਿਲ; ਜੋ ਮੂਰਤੀ ਸਥਾਪਤ ਕੀਤੀ, ਉਸ ਦਾ ਨਾਂ ਰੱਖਿਆ, ਰਾਜਾ। ਦਰਬਾਨ, ਅਫਸਰ, ਜੱਜ ਇਸ ਦੀ ਪੁਜਾਰੀ ਸ਼੍ਰੇਣੀ ਹੈ ਤੇ ਇਹ ਪੁਜਾਰੀ ਪਤਾ ਹੈ, ਕੀ ਬਲੀ ਚੜ੍ਹਾਉਂਦੇ ਹਨ? ਸਾਡੀ ਅਜ਼ਾਦੀ, ਨੇਕੀ, ਖਰਾ ਸਨਮਾਨ, ਸਾਡਾ ਆਪਣਾ ਪਿਆਰਾ ਅਤਿ ਸੋਹਣਾ ਤੇ ਸੂਖਮ ਆਪਾ ਹਰ ਰੋਜ਼ ਇੱਥੇ ਕੁਰਬਾਨ ਹੁੰਦੇ ਹਨ।"

"ਵਿਦਵਾਨ ਮਾਂਟੇਕ ਆਖਦਾ ਹੈ ਕਿ ਬਾਦਸ਼ਾਹਤ ਦੀ ਨੀਂਹ ਅਤੇ ਸਿਖਰਲਾ ਝੰਡਾ ਸ੍ਵੈਮਾਣ ਵਿਚੋਂ ਉਪਜਦਾ ਹੈ। ਮੈਂ ਇਹ ਗੱਲ ਨਹੀਂ ਮੰਨਦਾ। ਬਾਦਸ਼ਾਹਤ ਦੀ ਨੀਂਹ ਖੌਫ 'ਤੇ ਟਿਕਦੀ ਹੈ ਤੇ ਉਸ ਦਾ ਪਰਚਮ ਖੌਫਨਾਕ ਹੁੰਦਾ ਹੈ। ਹਰ ਮਨੁੱਖ ਕਿਸੇ ਨਾ ਕਿਸੇ ਵਜ੍ਹਾ ਕਰ ਕੇ ਦੁਖੀ ਹੁੰਦਾ ਹੈ। ਪਰ ਸਰਕਾਰ, ਜੋ ਬਣਾਈ ਭਲਾ ਕਰਨ ਲਈ ਸੀ, ਜੇ ਉਹ ਵੀ ਦੁਖੀ ਕਰਨ ਲੱਗੇ ਤਦ ਜਾਂ ਤਾਂ ਆਦਮੀ ਇੰਨੇ ਭੈਭੀਤ ਹੋ ਜਾਂਦੇ ਹਨ ਕਿ ਉਹ ਰਾਜੇ ਨੂੰ 'ਰੱਬ ਤੋਂ ਵੀ ਵੱਡਾ' ਕਹਿਣ ਲੱਗਦੇ ਹਨ, ਜਾਂ ਫਿਰ ਸਰਕਾਰ ਦੀ ਦਹਿਸ਼ਤ ਤੋਂ ਏਨੇ ਨਿਡਰ ਹੋ ਜਾਂਦੇ ਹਨ ਕਿ ਹਕੂਮਤਾਂ ਪਲਟ ਦਿੰਦੇ ਹਨ। ਇੱਕੋ ਸਮੇਂ, ਇੱਕੋ ਦੇਸ਼ ਵਿਚ, ਇੱਕੋ ਧਰਮ ਵਾਲੇ ਲੋਕਾਂ ਦਾ ਇੱਕ ਹਿੱਸਾ ਰਾਜੇ ਦੀ ਬੰਦਗੀ ਕਰਦਾ ਹੈ, ਦੂਜਾ ਹਿੱਸਾ ਬਗਾਵਤ ਕਰਦਾ ਹੈ।"

"ਬਾਦਸ਼ਾਹ ਖੁਦ ਭੈ-ਮੁਕਤ ਨਹੀਂ ਹੁੰਦਾ। ਜੇ ਤਾਂ ਤਾਕਤ ਨੇ ਉਸ ਨੂੰ ਪੂਰਾ ਮੂਰਖ ਕਰ ਦਿੱਤਾ ਹੈ, ਫਿਰ ਤਾਂ ਕਹਾਣੀ ਹੋਰ ਹੈ, ਪਰ ਬੇਲਗਾਮ ਹੁਕਮਰਾਨ ਨੂੰ ਆਪਣੀਆਂ ਕਰਤੂਤਾਂ ਦਾ ਕਿਉਂਕਿ ਪਤਾ ਹੁੰਦਾ ਹੈ, ਉਹ ਜਾਣਦਾ ਹੈ ਕਿ ਅਣਗਿਣਤ ਦਿਲਾਂ 'ਚ ਬਦਲਾਖੋਰੀ ਦੀ ਸੁਲਘਦੀ ਅੱਗ ਭੜਕ ਵੀ ਸਕਦੀ ਹੈ। ਭੜਕਣੀ ਹੀ ਹੈ ਇੱਕ ਦਿਨ। ਲੋਕ ਡਰਦੇ ਹਨ, ਉਨ੍ਹਾਂ ਕੋਲ ਇੱਕ ਜਾਨ ਬਚੀ ਹੈ ਕੇਵਲ, ਕਿਤੇ ਇਹ ਵੀ ਨਾ ਖੁੱਸ ਜਾਵੇ। ਰਾਜਾ ਡਰਦਾ ਹੈ ਕਿ ਉਸ ਕੋਲ ਸਭ ਕੁਝ ਹੈ, ਕਿਤੇ ਇਹ ਖੁੱਸ ਨਾ ਜਾਵੇ।

ਤਦ ਕਦੀ-ਕਦੀ ਇਸ ਡਰ ਵਿਚ ਉਹ ਕੁਝ ਰਿਆਇਤਾਂ ਦਿੰਦਾ ਹੈ। ਡਰਦੇ ਮਾਰੇ ਲੋਕ ਵਗਾਰਾਂ ਕਰਦੇ ਹਨ, ਅਧਨੰਗੇ ਰਹੀ ਜਾਂਦੇ ਹਨ। ਹਕੂਮਤ ਉਨ੍ਹਾਂ ਦੇ ਘਰਾਂ ਵਿਚੋਂ ਜਵਾਨ ਮੁੰਡੇ ਘੜੀਸ ਕੇ, ਹੱਥਾਂ ਵਿਚ ਹਥਿਆਰ ਫੜਾ ਕੇ ਗੁਆਂਢੀ ਦੇਸ਼ ਉਪਰ ਹੱਲਾ ਕਰਵਾਉਂਦੀ ਹੈ। ਜਿਸ ਦੇਸ਼ ਨਾਲ ਉਹ ਲੜਨ ਗਏ ਹਨ, ਉਹ ਉਨ੍ਹਾਂ ਦਾ ਦੁਸ਼ਮਣ ਨਹੀਂ, ਦੁਸ਼ਮਣ ਤਾਂ ਆਪਣੀ ਹਕੂਮਤ ਹੈ। ਲੋਕ ਵੇਖਦੇ ਹਨ ਕਿ




ਇਨਸਾਫ ਖਰੀਦਿਆ-ਵੇਚਿਆ ਜਾ ਸਕਦਾ ਹੈ, ਨੇਕੀ ਰੁਲਦੀ ਫਿਰਦੀ ਹੈ, ਗਰੀਬੀ ਅਤੇ ਵਿਭਚਾਰ ਫੈਲ ਰਿਹਾ ਹੈ, ਮੁਖਬਰ ਸਨਮਾਨਿਤ ਹੋ ਰਹੇ ਹਨ, ਬਦੀ ਉਚ ਰੁਤਬਿਆਂ 'ਤੇ ਸੁਸ਼ੋਭਿਤ ਹੈ, ਇਮਾਨਦਾਰੀ ਅਤੇ ਸੱਚਾਈ ਨੂੰ ਅਪਰਾਧੀ ਠਹਿਰਾ ਕੇ ਫਾਹੇ ਲਾਇਆ ਜਾਂਦਾ ਹੈ, ਜਾਇਦਾਦਾਂ ਕੁਰਕ ਕੀਤੀਆਂ ਜਾਂਦੀਆਂ ਹਨ ਤਾਂ ਦਹਿਸ਼ਤ ਫੈਲਦੀ ਹੈ। ਸਟੇਟ ਵਿਰੁਧ ਕੀਤਾ ਇੱਕ ਕਥਨ ਵੀ ਅਪਰਾਧ ਹੈ, ਕੋਈ ਐਕਸ਼ਨ ਕਰਨਾ ਤਾਂ ਦੂਰ ਦੀ ਗੱਲ। ਕੁਝ ਲੋਕ ਸੋਚਦੇ ਵੀ ਹਨ ਕਿ ਹਕੂਮਤ ਵਿਰੁਧ ਬੋਲਣ ਦੀ ਥਾਂ ਕਾਰਨਾਮੇ ਹੀ ਕਰਨੇ ਚਾਹੀਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਨਾ ਕੋਈ ਕੁਸਕਦਾ ਹੈ, ਨਾ ਕਾਰਨਾਮਾ ਹੁੰਦਾ ਹੈ। ਅਸੀਂ ਸਭ ਚੰਗੇ ਜਾਂ ਮਾੜੇ, ਵਿਦਵਾਨ ਤੇ ਜਾਹਲ, ਸਿਆਣੇ ਤੇ ਕਮਲੇ, ਯੋਧੇ ਤੇ ਬੁਜ਼ਦਿਲ, ਕੋਈ ਘੱਟ ਕੋਈ ਵੱਧ, ਸਭ ਨੂੰ ਕਾਂਬਾ ਛਿੜ ਜਾਂਦਾ ਹੈ। ਇਹ ਦਹਿਸ਼ਤ ਮਨੁੱਖਾਂ ਨੂੰ ਹਕੂਮਤ ਨਾਲ ਜੋੜੀ ਰੱਖਦੀ ਹੈ।

ਅਜਿਹੀ ਹਕੂਮਤ ਭ੍ਰਿਸ਼ਟ ਬੰਦਿਆਂ ਨੂੰ ਜੱਜ ਨਿਯੁਕਤ ਕਰਦੀ ਹੈ, ਇਮਾਨਦਾਰ ਜੱਜਾਂ ਨੂੰ ਭ੍ਰਿਸ਼ਟ ਕਰਦੀ ਹੈ, ਕਿਉਂਕਿ ਜੇ ਜੱਜ ਇਮਾਨਦਾਰ ਰਹਿਣ ਦਿੱਤੇ ਤਾਂ ਉਹ ਪਰਜਾ ਦੀ ਸ਼ਿਕਾਇਤ 'ਤੇ ਹਕੂਮਤ ਨੂੰ ਵੀ ਸਜ਼ਾ ਦੇ ਸਕਦੇ ਹਨ। ਹਕੂਮਤ ਹੈ ਹੀ ਭ੍ਰਿਸ਼ਟ, ਤਾਂ ਸਜ਼ਾਯਾਫਤਾ ਕਿਉਂ ਹੋਵੇ? ਭ੍ਰਿਸ਼ਟ ਦੇਸ਼ ਵਿਚ ਸਭ ਤੋਂ ਵੱਡਾ ਸਨਮਾਨਯੋਗ ਬੰਦਾ ਉਹੀ ਹੋਵੇਗਾ, ਜੋ ਸਭ ਤੋਂ ਵੱਧ ਭ੍ਰਿਸ਼ਟ ਹੈ। ਹਰੇਕ ਜਾਬਰ, ਇਨਸਾਫ ਦਾ ਨਾਂ ਸੁਣ ਕੇ ਕੰਬ ਜਾਂਦਾ ਹੈ; ਇਮਾਨਦਾਰ ਬੰਦਾ ਉਸ ਨੂੰ ਲੱਗਦਾ ਹੈ, ਧਰੋਹ ਕਮਾਏਗਾ, ਸਾਜ਼ਿਸ਼ ਰਚੇਗਾ। ਸੱਚ ਸੁਣ ਕੇ ਉਸ ਨੂੰ ਕ੍ਰੋਧ ਚੜ੍ਹ ਜਾਂਦਾ ਹੈ। ਉਹ ਸਾਰਾ ਕਾਰਜਭਾਰ ਉਨ੍ਹਾਂ ਬੰਦਿਆਂ ਨੂੰ ਸੰਭਾਲੇਗਾ, ਜੋ ਉਸ ਦੇ ਵਿਸ਼ਵਾਸਪਾਤਰ ਹਨ, ਜੇ ਭ੍ਰਿਸ਼ਟ ਹਨ ਤਾਂ ਕੀ ਹੋਇਆ? ਲੁੱਟਾਂ-ਖੋਹਾਂ ਤੇ ਬਲਾਤਕਾਰਾਂ ਵਿਚ ਇਹ ਵਿਸ਼ਵਾਸਪਾਤਰ ਬੰਦੇ ਕੋਈ ਹੱਦ ਬੰਨਾ ਨਹੀਂ ਵੇਖਦੇ।

ਭਲਾ ਤੇ ਇਮਾਨਦਾਰ ਬੰਦਾ ਤਾਂ ਬਾਦਸ਼ਾਹ ਦੇ ਲਾਗੇ ਨਹੀਂ ਲੱਗਦਾ, ਕਿਉਂਕਿ ਨੇਕੀ ਬੜੀ ਜਲਦੀ ਜ਼ਖਮੀ ਹੁੰਦੀ ਹੈ। ਬਦ-ਇਖਲਾਕ ਲੋਕ ਉਸ ਦੇ ਦੁਆਲੇ ਝੁਰਮਟ ਪਾਈ ਰੱਖਦੇ ਹਨ। ਇਨ੍ਹਾਂ ਲੋਕਾਂ ਵਿਚੋਂ ਦੀ ਰਾਜੇ ਨੇ ਪਰਜਾ ਵੇਖਣੀ ਹੈ। ਸੋ, ਇਹੀ ਉਸ ਦੇ ਕੰਨ ਹਨ, ਇਹੀ ਅੱਖਾਂ। ਕਦੀ ਕਦੀ ਕੋਈ ਇਮਾਨਦਾਰ ਰਾਜਾ ਵੀ ਜੇ ਪਰਜਾ ਨੂੰ ਮਿਲ ਜਾਵੇ, ਤਦ ਵੀ ਭ੍ਰਿਸ਼ਟ ਬੰਦੇ ਤੁਰੰਤ ਇਮਾਨਦਾਰੀ ਦਾ ਲਿਬਾਸ ਪਾ ਲੈਂਦੇ ਹਨ। ਹੌਲੀ-ਹੌਲੀ ਰਾਜਾ ਉਨ੍ਹਾਂ 'ਤੇ ਨਿਰਭਰ ਹੋ ਜਾਂਦਾ ਹੈ। ਵੈਸੇ ਵੀ ਇਮਾਨਦਾਰ ਤੇ ਭਲੇ ਬੰਦੇ ਨਾਲੋਂ ਭ੍ਰਿਸ਼ਟ ਬੰਦਾ ਵੱਧ ਗਤੀਸ਼ੀਲ, ਵੱਧ ਚੇਤੰਨ ਤੇ ਵੱਧ ਕਾਰਜਸ਼ੀਲ ਹੁੰਦਾ ਹੈ। ਹਕੂਮਤਾਂ ਲਈ ਅਜਿਹੇ ਬੰਦੇ ਰੱਬ ਬਣ ਕੇ ਬਹੁੜਦੇ ਹਨ। ਚੰਗੀ ਸਰਕਾਰ ਵਿਚ ਵੀ ਲੋਕ ਡਰਦੇ ਹਨ, ਪਰ ਬੰਦਿਆਂ ਤੋਂ ਨਹੀਂ, ਕਾਨੂੰਨ ਤੋਂ ਡਰਦੇ ਹਨ। ਚੰਗੀ ਸਰਕਾਰ ਦਾ ਕਾਨੂੰਨ ਦਿਲ ਵਿਚ ਡਰ ਤਾਂ ਪੈਦਾ ਕਰਦਾ ਹੈ, ਨਫਰਤ ਪੈਦਾ ਨਹੀਂ ਕਰਦਾ। ਜ਼ਾਲਮ ਸਰਕਾਰ ਦੇ ਹਰ ਅਮਲ ਵਿਚ ਘ੍ਰਿਣਾ ਦੇ ਅੰਸ਼ ਮਿਲੇ ਹੁੰਦੇ ਹਨ।

ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜ਼ਾਲਮ ਹਕੂਮਤ ਲਈ ਵੀ ਸਰਹੱਦਾਂ 'ਤੇ ਬਹਾਦਰੀ ਨਾਲ ਲੋਕ ਜਾਨਾਂ ਕਿਉਂ ਨਿਛਾਵਰ ਕਰ ਦਿੰਦੇ ਹਨ? ਇਸ ਦਾ ਉਤਰ ਇਹ ਹੈ ਕਿ ਬੁਜ਼ਦਿਲੀ ਅਕਸਰ ਬਹਾਦਰੀ ਦਾ ਲਿਬਾਸ ਪਾ ਲੈਂਦੀ ਹੈ। ਨਾ ਲੜਨਾ ਚਾਹੁਣ ਵਾਲਾ ਸਿਪਾਹੀ, ਸਾਹਮਣੇ ਦੁਸ਼ਮਣ ਹਮਲਾਵਰ ਨੂੰ ਵੇਖ ਕੇ ਰੋਹ ਵਿਚ ਆ ਜਾਂਦਾ ਹੈ। ਇਹ ਆਮ ਮਨੁੱਖੀ ਸੁਭਾਅ ਹੈ। ਦੂਜਾ ਇਹ ਕਿ ਜੰਗੀ ਭਗੌੜੇ ਨੂੰ ਤਾਂ ਉਸ ਦੀ ਆਪਣੀ ਸੈਨਾ ਵੀ ਜਿਉਂਦਾ ਨਹੀਂ ਛੱਡਦੀ। ਸਾਹਮਣੇ ਦੁਸ਼ਮਣ ਹੈ, ਉਸ ਨਾਲ ਲੜਨਾ, ਜਿੱਤਣਾ ਜਾਂ ਮਰਨਾ ਸਨਮਾਨਯੋਗ ਹੈ; ਪਿੱਛੇ ਆਪਣੀ ਫੌਜ ਹੈ ਹਥਿਆਰਬੰਦ, ਉਸ ਹੱਥੋਂ ਵੀ ਮੌਤ ਹੋਵੇਗੀ, ਪਰ ਅਪਮਾਨਿਤ ਮੌਤ। ਜੇ ਨਤੀਜਾ ਮੌਤ ਹੈ ਤਾਂ ਸਨਮਾਨਯੋਗ ਮੌਤ ਕਿਉਂ ਨਾ ਮਰੀਏ? ਬੁਜ਼ਦਿਲ ਸਿਪਾਹੀ ਦਾ ਵੀ ਇਹੀ ਤਰਕ ਹੋਵੇਗਾ। ਦੇਸ਼ ਪਿਆਰ ਕਿੱਥੇ ਹੈ ਇੱਥੇ?

ਆਮ ਆਦਮੀ ਏਨਾ ਬੁਜ਼ਦਿਲ ਨਹੀਂ ਹੁੰਦਾ ਜਿੰਨੇ ਦਰਬਾਰ ਵਿਚਲੇ ਅਫਸਰ। ਇਹ ਅਫਸਰ ਆਪਣੀ ਬੁਜ਼ਦਿਲੀ ਨੂੰ ਕਦੀ ਹੁਕਮਰਾਨ ਨਾਲ ਪਿਆਰ ਦਾ ਨਾਂ ਦਿੰਦੇ ਹਨ, ਕਦੀ ਸਤਿਕਾਰ, ਕਦੀ ਵਫਾਦਾਰੀ ਦਾ ਨਾਂ। ਸੁਤੰਤਰ ਮਨੁੱਖ ਤਾਂ ਰਾਜੇ ਦੇ ਸਾਹਮਣੇ ਆਉਣ ਲਈ ਤਿਆਰ ਨਹੀਂ, ਕਿਉਂਕਿ ਉਸ ਦੀ ਅਣਖ ਜ਼ਖਮੀ ਹੋ ਸਕਦੀ ਹੈ। ਮਹਿਲਾਂ ਅੰਦਰ ਸਿਰੇ ਦੇ ਬੁਜ਼ਦਿਲ ਸਿਰ ਝੁਕਾਈ, ਹੱਥ ਬੰਨ੍ਹੀ ਤਾਬਿਆਦਾਰੀ ਵਿਚ ਲੀਨ ਹਨ, ਪਰ ਬਾਹਰ ਆ ਕੇ ਹੋਰਾਂ 'ਤੇ ਉਹ ਖੂਬ ਰੋਹਬਦਾਬ ਪਾਉਂਦੇ ਹਨ। ਹੁਕਮਰਾਨ ਇਕੱਲਾ ਹੈ, ਪਰਜਾ ਬਹੁਗਿਣਤੀ ਵਿਚ ਹੈ, ਸੋ ਉਸ ਦੇ ਹਿਤ ਬਹੁਗਿਣਤੀ ਦੇ ਹਿਤਾਂ ਨਾਲ ਟਕਰਾਉਣਗੇ। ਹਕੂਮਤ ਨੂੰ ਉਹ ਬੰਦੇ ਚਾਹੀਦੇ ਹਨ, ਜੋ ਰਾਜੇ ਦੀ ਹਮਾਇਤ ਵਿਚ ਬਹੁਗਿਣਤੀ ਦੇ ਖਿਲਾਫ ਹੋਣ। ਅਜਿਹੇ ਬੰਦਿਆਂ ਨੂੰ ਇਨਾਮ ਮਿਲਦੇ ਹਨ। ਜੋ ਬੰਦਾ ਬਹੁਤਿਆਂ ਦਾ ਭਲਾ ਕਰਨ ਲਈ ਯਤਨਸ਼ੀਲ ਹੋਵੇ, ਹਕੂਮਤਾਂ ਉਸ ਨੂੰ ਸਜ਼ਾਵਾਂ ਦੇਣਗੀਆਂ। ਇੱਕ ਇਮਾਨਦਾਰ ਬੰਦਾ ਵੀਹਾਂ ਬੇਈਮਾਨਾਂ ਦੀ ਨੀਂਦ ਹਰਾਮ ਕਰੇਗਾ, ਫਿਰ ਉਸ ਨੂੰ ਕਿਉਂ ਖਾਹਮਖਾਹ ਬਰਦਾਸ਼ਤ ਕੀਤਾ ਜਾਵੇ? ਹਕੂਮਤਾਂ ਮੂਰਖ ਨਹੀਂ ਹਨ ਭਾਈ!

ਮੈਂ ਜ਼ਾਲਮ ਰਾਜੇ ਨੂੰ ਆਪਣੀ ਪਰਜਾ ਕਤਲ ਕਰਦਿਆਂ ਵੇਖਿਆ ਹੈ, ਪੂਰੇ ਸ਼ਹਿਰ ਨੂੰ ਅੱਗ ਲਾ ਕੇ ਸੁਆਹ ਦਾ ਢੇਰ ਬਣਾਉਂਦਿਆਂ ਵੇਖਿਆ ਹੈ ਤੇ ਫਿਰ ਇਹ ਵੀ ਵੇਖਿਆ ਹੈ ਕਿ ਉਹ ਪਾਦਰੀ ਕੋਲ ਪਛਤਾਵਾ ਕਰਨ ਗਿਆ ਤੇ ਪਾਦਰੀ ਨੇ ਉਸ ਦੇ ਅਪਰਾਧ ਮਾਫ ਕਰ ਦਿੱਤੇ। ਮੈਂ ਨਹੀਂ ਵੇਖਿਆ ਕੈਥੋਲਿਕ ਮਤ ਨੇ ਕਿਸੇ ਵਿਅਕਤੀ ਨੂੰ ਸੁਤੰਤਰ ਰਹਿਣ ਦਿੱਤਾ ਹੋਵੇ। ਰਾਜਿਆਂ ਨੇ ਆਪਣੀਆਂ ਪਤਨੀਆਂ, ਭਰਾ, ਭੈਣ ਤੇ ਮਾਪੇ ਕਤਲ ਕੀਤੇ; ਨਿਰਸੰਦੇਹ ਖੁਦ ਵੀ ਪਿੱਛੋਂ ਤਲਵਾਰ ਦੀ ਭੇਟ ਚੜ੍ਹ ਗਏ, ਕਿਉਂਕਿ ਉਨ੍ਹਾਂ ਦੀ ਕਿਸਮਤ ਇਹੋ ਸੀ, ਪਰ ਇਹ ਦੱਸੋ ਕਿਸੇ ਪੁਜਾਰੀ ਤੋਂ ਲੈ ਕੇ ਪੋਪ ਤਕ ਕਿਸੇ ਨੇ ਉਨ੍ਹਾਂ ਨੂੰ ਲਾਹਨਤ ਪਾਈ ਜਾਂ ਉਨ੍ਹਾਂ ਵਿਰੁਧ ਫਤਵਾ ਦਿੱਤਾ? ਚੋਰ ਅਤੇ ਕੁੱਤੀ ਹਮੇਸ਼ਾ ਰਲੇ ਰਹੇ।

ਮਾਣ ਸਨਮਾਨ ਕੀ ਹੁੰਦਾ ਹੈ ਭਲਾ? ਇਸ ਦੀ ਪਰਿਭਾਸ਼ਾ ਹੈ ਤਾਂ ਔਖੀ ਪਰ ਕੁਝ ਕੁ ਠੀਕ ਇਹ ਹੈ, 'ਮਨੁੱਖ ਦੀ ਤੀਬਰ ਲੋਚਾ ਅਤੇ ਹੱਕ, ਕਿ ਵੱਧ ਤੋਂ ਵੱਧ ਗਿਣਤੀ ਵਿਚ ਲੋਕ ਉਸ ਨੂੰ ਦਿਲੋਂ ਪਿਆਰ ਕਰਨ।' ਧਿਆਨ ਨਾਲ ਕਦੀ ਵੇਖਣਾ ਕਿ ਕੀ ਕਿਸੇ ਹਕੂਮਤ ਵੱਲੋਂ ਦਿੱਤਾ ਸਨਮਾਨ ਚਿਰ ਸਥਾਈ ਹੋ ਸਕਿਆ ਹੈ? ਲੋਕ ਨੇਕੀ ਨੂੰ, ਉਦਾਰਤਾ ਨੂੰ, ਇਮਾਨਦਾਰੀ ਨੂੰ ਪਿਆਰ ਕਰਦੇ ਹਨ। ਇਹੀ ਕਾਰਨ ਹੈ ਕਿ ਸਦੀਆਂ ਤਕ ਮਾਣ-ਸਨਮਾਨ ਉਨ੍ਹਾਂ ਯੋਧਿਆਂ ਨੂੰ ਮਿਲਿਆ ਹੈ, ਜੋ ਹਕੂਮਤ ਦੇ ਪੱਖ ਦੀ ਥਾਂ ਹਕੂਮਤ ਦੇ ਵਿਰੁਧ ਲੜੇ, ਜ਼ਲੀਲ ਹੋਏ, ਬਰਬਾਦ ਹੋਏ ਤੇ ਮਰ ਗਏ। ਸਨਮਾਨ ਦੇ ਹੱਕਦਾਰ ਸਹੀ ਮਨੁੱਖ ਇਹੀ ਹਨ। ਇਸ ਪਰਿਭਾਸ਼ਾ ਪੱਖੋਂ ਪੁਰਾਤਨ ਯੂਨਾਨੀ ਅਤੇ ਰੋਮਨ ਨਾਗਰਿਕ ਸਨਮਾਨਯੋਗ ਸਨ ਤੇ ਅੱਜ ਸਾਰੇ ਯੂਰਪ ਵਿਚ ਇਹ ਵਡਿੱਤਣ ਕੇਵਲ ਅੰਗਰੇਜ਼ਾਂ ਕੋਲ ਹੈ, ਜੋ ਆਪਣੀ ਹਕੂਮਤ ਦੀਆਂ ਗਲਤੀਆਂ ਕਾਰਨ ਉਸ ਨੂੰ ਝਿੜਕ ਦਿੰਦੇ ਹਨ। ਲੋਕਤੰਤਰ ਵਿਚ ਵੀ ਜ਼ੁਲਮ ਹੁੰਦਾ ਹੈ ਤੇ ਹਥਿਆਰ ਵੀ ਉਹੀ ਹਨ ਤਾਨਾਸ਼ਾਹਾਂ ਵਾਲੇ, ਪਰ ਇੱਥੇ ਇੱਕ ਤਾਂ ਤਾਕਤ ਵੰਡੀ ਹੋਈ ਹੁੰਦੀ ਹੈ ਤੇ ਦੂਜੇ ਕੇਵਲ ਇੱਕ ਖਾਸ ਸਮੇਂ ਲਈ ਸਰਕਾਰ ਬਣਦੀ ਹੈ, ਇਸ ਕਰ ਕੇ ਜ਼ੁਲਮ ਦੀ ਮਾਤਰਾ ਘੱਟ ਹੋ ਜਾਂਦੀ ਹੈ।

ਜ਼ਾਲਮ ਰਾਜੇ ਦੀ ਪਰਜਾ ਦੇ ਅਮੀਰ, ਗਰੀਬ ਸਾਰੇ ਵਿਆਹ ਕਰਵਾਉਂਦੇ ਹਨ। ਅਮੀਰਾਂ ਦੀ ਤਾਂ ਕਹਾਣੀ ਸਮਝ ਵਿਚ ਆਉਂਦੀ ਹੈ ਕਿ ਉਨ੍ਹਾਂ ਦੀ ਨਾਜਾਇਜ਼ ਜਾਇਦਾਦ ਐਰ-ਗੈਰ ਸੰਭਾਲਣਗੇ, ਇਸ ਲਈ ਵਿਆਹ ਕਰਵਾਓ। ਪਰ ਗਰੀਬ ਅਜਿਹਾ ਕਿਉਂ ਕਰਦੇ ਹਨ? ਗਰੀਬ ਕਿਉਂ ਹੋਰ ਗਰੀਬ ਅਤੇ ਗੁਲਾਮ ਪੈਦਾ ਕਰਨ ਹਿਤ ਵਿਆਹ ਕਰਵਾਉਂਦੇ ਹਨ? ਇਸ ਦਾ ਸਿੱਧਾ ਉਤਰ ਇਹੀ ਲੱਗਦਾ ਹੈ ਕਿ ਗਰੀਬ ਅਤੇ ਗੁਲਾਮ ਦੀ ਅਕਲ ਪੂਰੀ ਤਰ੍ਹਾਂ ਨਕਾਰੀ ਹੋ ਚੁਕੀ ਹੈ। ਉਸ ਨੂੰ ਪਤਾ ਹੀ ਨਹੀਂ ਹੁੰਦਾ, ਕੀ ਕਰਨਾ ਹੈ, ਕੀ ਨਹੀਂ ਕਰਨਾ? ਪਰ ਕੁਦਰਤ ਦੀ ਸ਼ਾਇਦ ਕੋਈ ਹੋਰ ਮਨਸ਼ਾ ਹੋਵੇ। ਕੁਦਰਤ ਹਰੇਕ ਜ਼ਾਲਮ ਹਕੂਮਤ ਤੋਂ ਉਪਰ ਹੈ, ਇਸ ਕਰ ਕੇ ਕੁਦਰਤ ਗਰੀਬਾਂ ਤੇ ਗੁਲਾਮਾਂ ਤੋਂ ਸ਼ਾਇਦ ਕੋਈ ਕੰਮ ਲੈਣ ਦੀ ਇੱਛੁਕ ਹੋਵੇ, ਸ਼ਾਇਦ ਕੁਦਰਤ ਗਰੀਬਾਂ ਦੇ ਬੱਚਿਆਂ ਰਾਹੀਂ ਨੇਕੀ ਕਰਵਾਏ ਤੇ ਅਜ਼ਾਦੀ ਤੋਂ ਵੱਡੀ ਨੇਕੀ ਹੋਰ ਕੋਈ ਨਹੀਂ। ਕਦੀ ਕਦੀ ਗਰੀਬਾਂ ਅਤੇ ਗੁਲਾਮਾਂ ਨੂੰ ਇਨ੍ਹਾਂ ਗੱਲਾਂ ਦੀ ਸਮਝ ਪੈ ਜਾਂਦੀ ਹੈ, ਤਾਂ ਵੀ ਮੈਂ ਹਿਸਾਬੀ ਤਕੜਾ ਹਾਂ। ਮੈਨੂੰ ਪਤਾ ਨਹੀਂ ਲੱਗਦਾ ਗੁਲਾਮ ਕਿਉਂ ਵਿਆਹ ਕਰਵਾ ਲੈਂਦੇ ਹਨ? ਗੁਲਾਮ ਦੀ ਇਹ ਇੱਛਾ ਤਾਂ ਠੀਕ ਹੈ ਕਿ ਪਤਨੀ ਦੇ ਰੂਪ ਵਿਚ ਉਸ ਦਾ ਸਾਥੀ ਅਜਿਹਾ ਹੋਣਾ ਚਾਹੀਦਾ ਹੈ, ਜਿਸ ਨੂੰ ਮੌਤ ਤੋਂ ਇਲਾਵਾ ਕੋਈ ਹੋਰ ਖੋਹ ਨਾ ਸਕੇ; ਪਰ ਗੁਲਾਮ ਨੂੰ ਇਹ ਜਾਣਕਾਰੀ ਵੀ ਹੋਣੀ ਚਾਹੀਦੀ ਹੈ ਕਿ ਨਾਜਾਇਜ਼ ਢੰਗਾਂ ਨਾਲ ਹਕੂਮਤ ਉਸ ਦੀ ਪਤਨੀ ਨੂੰ ਬੇਵਫਾ ਵੀ ਕਰ ਸਕਦੀ ਹੈ, ਖੋਹ ਵੀ ਸਕਦੀ ਹੈ, ਬਲਾਤਕਾਰ ਵੀ ਕਰ ਸਕਦੀ ਹੈ। ਸਪੇਨ ਵਿਚ ਇਕ ਬਲਾਤਕਾਰ ਹੋਇਆ ਸੀ ਤੇ ਨਤੀਜਾ ਨਿਕਲਿਆ ਸੀ ਕਿ ਸਪੇਨ 'ਤੇ ਇਸੇ ਘਟਨਾ ਸਦਕਾ ਵਿਦੇਸ਼ੀ ਰਾਜ ਕਾਇਮ ਹੋ ਗਿਆ ਸੀ।"

"ਅਮੀਰਾਂ ਅਤੇ ਅਫਸਰਾਂ ਦੀਆਂ ਔਰਤਾਂ ਨਾਲ ਬਲਾਤਕਾਰ ਨਹੀਂ ਹੋਇਆ ਕਰਦੇ। ਉਥੇ ਸਭ ਕੁਝ ਸਹਿਮਤੀ ਨਾਲ ਹੋ ਜਾਂਦਾ ਹੈ। ਇਹ, ਜਿਸ ਨੂੰ ਅਸੀਂ ਸਭ ਤੋਂ ਵੱਡੀ ਬੇਇੱਜ਼ਤੀ ਸਮਝਦੇ ਹਾਂ, ਅਫਸਰ ਇਸ ਨੂੰ ਆਪਣੀ ਸ਼ਾਨ ਸਮਝਦੇ ਹਨ। ਮੈਂ ਤੁਹਾਨੂੰ ਜੋ ਗੱਲ ਦੱਸ ਰਿਹਾ ਹਾਂ, ਤੁਸੀਂ ਹੱਸੋਗੇ ਇਹ ਸੁਣ ਕੇ, ਜੇ ਬਾਦਸ਼ਾਹ ਕਿਸੇ ਮਾਤਹਿਤ ਦੀ ਔਰਤ ਨਾਲ ਕੋਈ ਖੁੱਲ੍ਹ ਲੈ ਲਵੇ ਤੇ ਉਹ ਮਾਤਹਿਤ ਇਸ ਗੱਲ ਦਾ ਬੁਰਾ ਮਨਾਵੇ ਤੇ ਬਦਲਾ ਲੈਣ ਦੀ ਸੋਚੇ, ਬਦਲਾ ਲੈਣ ਦਾ ਤੇ ਬਾਦਸ਼ਾਹ ਨੂੰ ਨੀਵਾਂ ਵਿਖਾਉਣ ਦਾ ਯਤਨ ਕਰੇ ਤਾਂ ਸਿਆਣੇ ਲੋਕ ਉਸ ਨੂੰ ਸਿੱਧਰਾ, ਗੱਦਾਰ ਤੇ ਪਾਗਲ ਕਰਾਰ ਦੇਣਗੇ, ਕਿਉਂਕਿ ਸਿਆਣੇ ਲੋਕਾਂ ਨੂੰ ਪਤਾ ਹੈ ਕਿ ਉਸ ਨੂੰ ਬਾਦਸ਼ਾਹ ਨੇ ਜੋ ਅੱਯਾਸ਼ੀਆਂ ਕਰਨ ਦੇ ਹੱਕ ਦੇ ਰੱਖੇ ਸਨ, ਉਹ ਇਸ ਕਰ ਕੇ ਥੋੜ੍ਹੇ ਸਨ ਕਿ ਇਹ ਬੰਦਾ ਬਾਕੀਆਂ ਤੋਂ ਉਤਮ ਸੀ? ਬਥੇਰੇ ਉਸ ਤੋਂ ਵਧੀਆ ਬੰਦੇ ਉਸ ਅਫਸਰੀ ਤੋਂ ਵਾਂਝੇ ਕੀਤੇ ਗਏ ਸਨ, ਜੋ ਉਸ ਆਫਿਸ ਲਈ ਵੱਧ ਯੋਗ ਸਨ। ਫਿਰ ਤਿਲਮਿਲਾਉਣ ਦੀ ਥਾਂ ਕਿੱਥੇ ਰਹੀ? ਉਂਜ ਜੋ ਗੱਲਾਂ ਮੈਂ ਲਿਖ ਰਿਹਾ ਹਾਂ, ਇਨ੍ਹਾਂ ਬਾਰੇ ਸੋਚਦਿਆਂ ਤੇ ਲਿਖਦਿਆਂ ਮੈਨੂੰ ਕਾਂਬਾ ਛਿੜ ਰਿਹਾ ਹੈ।"

1803 ਵਿਚ ਜਦੋਂ ਅਲਫਾਇਰੀ ਦੀ ਮੌਤ ਹੋਈ, ਉਦੋਂ ਤਕ ਉਹ ਵੀਹ ਦੁਖਾਂਤ ਨਾਟਕ, ਛੇ ਸੁਖਾਂਤ, ਪੰਜ ਦਾਰਸ਼ਨਿਕ ਕਿਤਾਬਾਂ, ਕੁਝ ਕਵਿਤਾਵਾਂ, ਸ੍ਵੈ-ਜੀਵਨੀ ਅਤੇ ਯੂਨਾਨੀ ਲਾਤੀਨੀ ਭਾਸ਼ਾਵਾਂ ਵਿਚੋਂ ਕੁਝ ਚੰਗੀਆਂ ਰਚਨਾਵਾਂ ਦਾ ਅਨੁਵਾਦ ਕਰ ਚੁਕਾ ਸੀ। ਉਸ ਨੇ ਸਟਾਲਬਰ ਦੀ ਰਾਜਕੁਮਾਰੀ ਲਾਉਜ਼ੀ ਨਾਲ ਇਸ਼ਕ ਕੀਤਾ, ਪਰ ਵਿਆਹ ਨਾ ਕਰਵਾਇਆ। ਉਸ ਨੂੰ ਸਾਂਤਾ-ਕਰੋਚੇ ਗਿਰਜੇ ਵਿਚ ਦਫਨਾਇਆ ਗਿਆ। ਇਹ ਗਿਰਜਾ ਇਟਲੀ ਦਾ ਸਭ ਤੋਂ ਪ੍ਰਸਿੱਧ ਚਰਚ ਹੈ। ਮਾਈਕਲ ਐਂਜਲੋ ਅਤੇ ਮੈਕਿਆਵਲੀ ਵੀ ਇੱਥੇ ਦਫਨਾਏ ਗਏ ਸਨ। ਇਸ ਲੇਖਕ ਦੀ ਯਾਦਗਰ ਕੈਨੋਵਾ ਨੇ ਬਣਾਈ। ਅਲਫਾਇਰੀ ਦੀ ਯਾਦਗਰ ਵਿਚ ਵਿਖਾਇਆ ਗਿਆ ਹੈ ਕਿ ਇਟਲੀ ਉਸ ਪਿੱਛੋਂ ਕਿੰਨਾ ਉਦਾਸ ਹੈ। ਜਿਸ ਕੁੜੀ ਨੇ ਉਦਾਸ ਇਟਲੀ ਦੇ ਬੁੱਤ ਵਜੋਂ ਮਾਡਲ ਬਣਨ ਦੀ ਪੇਸ਼ਕਸ਼ ਕੀਤੀ, ਉਹ ਅਲਬਾਨੀਆਂ ਦੀ ਰਾਜਕੁਮਾਰੀ ਸੀ। ਜਿਸ ਅਲਫਾਇਰੀ ਨੇ ਰਾਜਿਆਂ ਅਤੇ ਰਾਜਕੁਮਾਰਾਂ ਦੇ ਖਿਲਾਫ ਡਟ ਕੇ ਲਿਖਿਆ ਤੇ ਗੁਲਾਮ ਪਰਜਾ ਨੂੰ ਰੱਜ ਕੇ ਕੋਸਿਆ, ਫਟਕਾਰਿਆ, ਉਸ ਨੂੰ ਰਾਜਿਆਂ ਨੇ ਅਤੇ ਪਰਜਾ ਨੇ ਰੱਜ ਕੇ ਪਿਆਰ ਕੀਤਾ। ਆਪ ਲਿਖਦਾ ਹੈ, "ਮੇਰੇ ਜਿਹੇ ਘੱਟ ਮਿਲਣਗੇ।"

## ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਦਾ ਇਕ ਕਾਂਡ

# ਕੰਵਲ ਦਾ ਸ਼ਾਹਕਾਰ ਨਾਵਲ 'ਪੂਰਨਮਾਸ਼ੀ'

ਜਸਵੰਤ ਸਿੰਘ 'ਕੰਵਲ' ਦੀ ਵਧੇਰੇ ਪ੍ਰਸਿੱਧੀ 'ਪੂਰਨਮਾਸ਼ੀ' ਨਾਵਲ ਪ੍ਰਕਾਸ਼ਿਤ ਹੋਣ ਨਾਲ ਹੋਈ ਸੀ। ਇਹ ਨਾਵਲ ਪਹਿਲੀ ਵਾਰ 1949 ਵਿਚ ਲਾਹੌਰ ਬੁੱਕ ਸ਼ਾਪ, ਲੁਧਿਆਣਾ ਨੇ ਛਾਪਿਆ ਸੀ। ਨਾਵਲ ਪਿੰਡਾਂ ਦੀਆਂ ਸੱਥਾਂ, ਖੁੰਢਾਂ, ਖੂਹਾਂ ਅਤੇ ਹੱਟੀਆਂ ਭੱਠੀਆਂ 'ਤੇ ਵਾਰਸ ਦੀ ਹੀਰ ਵਾਂਗ ਪੜ੍ਹਿਆ ਤੇ ਸੁਣਿਆ ਗਿਆ। ਇਸ ਦਾ ਮੁੱਖ ਬੰਦ ਉਸ ਸਮੇਂ ਦੇ ਧਨੰਤਰ ਆਲੋਚਕ ਸੰਤ ਸਿੰਘ ਸੇਖੋਂ ਨੇ ਲਿਖਿਆ ਸੀ। ਕੰਵਲ ਨੇ ਪਹਿਲੇ ਪੰਨੇ 'ਤੇ ਸਮਰਪਣ ਵਜੋਂ ਇਹ ਲਫਜ਼ ਲਿਖੇ ਸਨ:

"ਧੰਨਵਾਦ! ਹਾਲੀਆਂ ਪਾਲੀਆਂ ਦਾ, ਜਿਨ੍ਹਾਂ ਦੇ ਲੋਕ ਗੀਤਾਂ ਦੀਆਂ ਲਿਰਿਕਾਂ ਨੇ ਖੁੱਲ੍ਹੇ ਖੇਤਾਂ ਵਿਚੋਂ ਮੈਨੂੰ ਆਪਣੇ ਰਸ ਵੱਲ ਖਿੱਚਿਆ। ਉਨ੍ਹਾਂ ਪੇਂਡੂ ਕੁੜੀਆਂ ਦਾ, ਜਿਨ੍ਹਾਂ ਚਿੱਠੀਆਂ ਰਾਹੀਂ ਲੋਕ ਗੀਤ ਮੈਨੂੰ ਘੱਲੇ। ਆਪਣੇ ਛੋਟੇ ਵੀਰ ਹਰਬੰਸ ਦਾ, ਜਿਸ ਘਰ ਦੇ ਕੰਮਾਂ ਵਿਚ ਨਹੀਂ ਰੁੱਝਣ ਦਿੱਤਾ। ਸਾਹਿਤਕਾਰ ਸਾਥੀਆਂ ਦਾ, ਜਿਨ੍ਹਾਂ ਚੰਗੀਆਂ ਸਲਾਹਾਂ ਦਿੱਤੀਆਂ, ਖਾਸ ਕਰ ਪ੍ਰੋ. ਸੰਤ ਸਿੰਘ ਸੇਖੋਂ ਜੀ ਦਾ ਜਿਨ੍ਹਾਂ ਕੀਮਤੀ ਸਮਾਂ ਕੱਢ ਕੇ ਮੁੱਖ-ਬੰਧ ਲਿਖਣ ਦੀ ਖੇਚਲ ਕੀਤੀ।"

ਉਦੋਂ ਪੰਜਾਬੀ ਆਲੋਚਨਾ ਵਿਚ ਸੰਤ ਸਿੰਘ ਸੇਖੋਂ ਦਾ ਨਾਂ ਚਲਦਾ ਸੀ। ਉਹ ਅੰਗਰੇਜ਼ੀ ਸਾਹਿਤ ਦਾ ਧੁਨੰਤਰ ਵਿਦਵਾਨ ਸੀ। ਉਹ ਗੂੜ੍ਹ ਗਿਆਨੀਆਂ ਵਾਲੀ ਭਾਸ਼ਾ ਵਿਚ ਆਲੋਚਨਾ ਕਰਿਆ ਕਰਦਾ ਸੀ, ਜੋ ਆਮ ਪਾਠਕਾਂ ਦੀ ਸਮਝ ਤੋਂ ਬਾਹਰ ਸੀ। ਉਸ ਦੇ 'ਮੁੱਖ-ਸ਼ਬਦ' ਸਨ, "...ਨਾਵਲ 'ਪਾਲੀ' ਨੂੰ ਸਾਰਥਕ ਕਰਨ ਵਾਲਾ ਵੀ ਜਿਥੋਂ ਤਕ ਸੀ, ਮਾਲਵੇ ਦਾ ਪੇਂਡੂ ਜੀਵਨ ਹੀ ਸੀ; 'ਪੂਰਨਮਾਸ਼ੀ' ਤਾਂ ਉਸ ਜੀਵਨ ਦੀ ਹੀ ਨਵੇਂ ਸਿਰੇ ਤੋਂ ਦ੍ਰਿਸ਼ਟੀ ਹੈ। ਭਾਵੇਂ ਨਾਉਂ ਉਸ ਦਾ ਵੀ ਇਕ ਪਾਤਰ ਤੇ ਉਹ ਵੀ ਬਹੁਤ ਛੋਟੇ ਪਾਤਰ 'ਤੇ ਰੱਖਿਆ ਗਿਆ ਹੈ। ਇਹ ਕਿਸੇ ਇਕ ਇਸਤਰੀ ਦੇ ਦੁੱਖਾਂ ਦਾ ਪਿਆਰਾਂ-ਭਰਿਆ ਜੀਵਨ ਹੀ ਨਹੀਂ, ਇਹ ਮਾਲਵੇ ਦੇ ਪਿੰਡਾਂ ਦਾ ਤੇ ਮਾਲਵੇ ਦੇ ਪਿੰਡਾਂ ਤੋਂ ਵੱਖਰਾ ਪੇਂਡੂ ਜੀਵਨ ਮਾਝੇ, ਬਾਰ, ਪੋਠੋਹਾਰ ਵਿਚ ਤਾਂ ਕੀ, ਯੂਰਪ ਵਿਚ ਵੀ ਹੋ ਸਕਦਾ ਜੀਵਨ ਹੈ। ਫੇਰ ਭਾਵੇਂ ਇਹ ਦੋ ਤਿੰਨ ਪਿੰਡਾਂ ਦੀ ਹੀ ਕਹਾਣੀ ਹੈ, ਇਹ ਡਿਕਨਜ਼ ਦੇ ਨਾਵਲ 'ਦੋ ਸ਼ਹਿਰਾਂ ਦੀ ਕਹਾਣੀ' ਵਾਂਗ ਕਿਸੇ ਮਹਾਨ ਘਟਨਾ ਦਾ ਇਕ ਨਿਗੂਣਾ ਜਿਹਾ ਪੱਖ ਦਰਸਾ ਕੇ ਨਹੀਂ ਰਹਿ ਜਾਂਦੀ ਸਗੋਂ ਇਨ੍ਹਾਂ ਤਿੰਨ ਪਿੰਡਾਂ ਵਿਚ ਇਕ ਦੁਨੀਆਂ ਬੰਦ ਕੀਤੀ ਪਈ ਹੈ।

ਜਟਕੇ ਜੀਵਨ ਦਾ ਇਹ ਯਥਾਰਥਵਾਦੀ ਚਿੱਤਰ ਜ਼ਰੂਰ ਹੈ, ਪਰ ਇਸ ਤੋਂ ਵਧ ਕੇ ਇਹ ਹੋਰ ਵੀ ਬਹੁਤ ਕੁਝ ਹੈ। ਇਹ ਇਸ ਜੀਵਨ ਦੀ ਸੁਘੜ ਆਤਮਾ ਦਾ ਪ੍ਰਕਾਸ਼ ਹੈ। ਰੂਪ, ਇਸ ਦਾ ਨਾਇਕ ਕੋਈ ਦੇਵਤਾ ਨਹੀਂ। ਉਹ ਇਕ ਵਿਆਹ ਕਰਵਾ ਕੇ ਛੱਡ ਦਿੰਦਾ ਹੈ, ਜਿਸ ਕਰਕੇ ਨਾਵਲ ਦੇ ਅਰੰਭ ਵਿਚ ਉਹ ਇਕ ਘ੍ਰਿਣਤ ਜੀਵ ਹੈ, ਪਰ ਜਿਥੇ ਉਸ ਦਾ ਇਹ ਔਗੁਣ ਸਮਾਜ ਵੱਲ ਇਕ ਮੂੜ੍ਹ ਮੱਤ ਦੀ ਵੰਗਾਰ ਦਾ ਸਿੱਟਾ ਹੈ, ਉਥੇ ਉਸ ਦਾ ਚੰਨੋ ਦੇ ਪਿਆਰ ਤੇ ਗਿਆਨੀ ਦੀ ਮਿੱਤਰਤਾ ਦੇ ਪ੍ਰਭਾਵ ਗ੍ਰਹਿਣ ਕਰਨਾ, ਉਸ ਦੀ ਮਨੁੱਖ ਸੁਹਿਰਦਤਾ ਦਾ ਪਰਮਾਣ ਹੈ। ਇਸ ਤੋਂ ਆਸ ਉਪਜਦੀ ਹੈ ਕਿ ਸਮਾਜ ਦੀਆਂ ਹਜ਼ਾਰਾਂ ਸਾਲਾਂ ਦੀਆਂ ਟੇਢੀਆਂ ਚਾਲਾਂ ਵੀ ਮਨੁੱਖ ਦੀ ਸੱਚੇ ਜੀਵਨ ਦੀ ਪ੍ਰਾਪਤੀ ਦੀ ਸੰਭਾਵਨਾ ਨੂੰ ਖਤਮ ਨਹੀਂ ਕਰ ਸਕੀਆਂ। ਰੂਪ, ਮਨੁੱਖਾ ਜੀਵਨ ਦੀ ਇਕ ਆਸ਼ਾਵਾਦੀ ਦ੍ਰਿਸ਼ਟੀ ਦਾ ਪ੍ਰਕਾਸ਼ ਹੈ।

ਸ਼ਾਮੋ ਮੈਲੀ ਹੋਣ 'ਤੇ ਵੀ ਹੀਰੇ ਦੀ ਕਣੀ ਹੈ। ਉਸ ਦੀ ਮੈਲ ਦਾ ਇਕ ਅਤਿ ਸਵੱਛ ਬਸਤਰ ਦੀ ਤਣੀ 'ਤੇ ਅਚਾਨਕ ਭੁੰਜੇ ਡਿੱਗ ਜਾਣ ਨਾਲ ਲੱਗੇ ਦਾਗ ਹਨ, ਜੋ ਇਸ ਦੀ ਸਵੱਛਤਾ ਨੂੰ ਨਸ਼ਟ ਨਹੀਂ ਕਰ ਸਕਦੇ। ਅਸੀਂ ਆਪਣੀ ਧੀ-ਭੈਣ ਨੂੰ ਇਸ ਦਾਗ ਤੋਂ ਬਚਾਈ ਰੱਖਣਾ ਚਾਹੁੰਦੇ ਹਾਂ, ਪਰ ਜਿਹੜੀ ਧੀ-ਭੈਣ ਇਸ ਦਾਗ ਦੇ ਲੱਗ ਜਾਣ 'ਤੇ ਸ਼ਾਮੋ ਜਿੰਨੀ ਸਵੱਛ ਰਹੇਗੀ, ਉਸ ਨੂੰ ਅਸੀਂ ਤਾਂ ਕੀ, ਸਾਰੇ ਖਿਮਾ ਕਰ ਦੇਣਗੇ, ਤੇ ਖਿਮਾ ਹੀ ਨਹੀਂ, ਉਸ ਨੂੰ ਉਸ ਖੁਸ਼ਹਾਲੀ ਦਾ ਪੂਰਨ-ਭਾਂਤ ਭਾਗੀ ਸਮਝਣਗੇ, ਜੋ ਉਸ ਨੂੰ ਆਪਣੇ ਸਹੁਰੇ ਘਰ ਪ੍ਰਾਪਤ ਹੁੰਦੀ ਹੈ। ਜਦੋਂ ਨਾਵਲ ਦੇ ਅੰਤ ਵਿਚ ਸ਼ਾਮੋ ਅਰ ਉਸ ਦਾ ਪੜ੍ਹਿਆ ਲਿਖਿਆ, ਕੋਟ ਪਤਲੂਨ ਵਾਲਾ ਸਰਦਾਰ, ਦਿਆਲੇ ਅਮਲੀ ਦੇ ਟਾਂਗੇ 'ਤੇ ਸਵਾਰ ਹੁੰਦੇ ਹਨ ਅਤੇ ਸ਼ਾਮੋ ਦਾ ਸਰਦਾਰ ਦਿਆਲੇ ਨਾਲ ਉਸ ਦੇ ਵਿਆਹ ਦੀ ਗੱਲ ਛੇੜ ਦਿੰਦਾ ਹੈ ਤਾਂ ਭਾਵੇਂ ਦਿਆਲੇ ਦੀਆਂ ਤਨਜ਼ਾਂ ਤੇ ਸ਼ਾਮੋ ਦੀਆਂ ਝੇਪਾਂ ਵਿਚ ਪੜ੍ਹਨ ਵਾਲੇ ਨੂੰ ਪ੍ਰਧਾਨ ਪ੍ਰਭਾਵ ਵਿਅੰਗ ਦਾ ਜਾਪੇ, ਮੈਨੂੰ ਇਸ ਵਿਚ ਸ਼ਾਮੋ ਦੀ ਸਵੱਛਤਾ ਦਾ ਫਲ-ਰੂਪ ਹੀ ਦਿਸਦਾ ਹੈ, ਜਿਵੇਂ ਕੋਈ ਕਹਿ ਰਿਹਾ ਹੋਵੇ ਕਿ ਇਕ-ਅੱਧ ਭੁੱਲ ਜੀਵਨ ਵਿਚ ਕੋਈ ਅਰਥ ਨਹੀਂ ਰੱਖਦੀ, ਜੇ ਤੁਹਾਡਾ ਹਿਰਦਾ ਤੇ ਸਮੁੱਚਾ ਜੀਵਨ ਪੱਧਰਾ ਤੇ ਖਰਾ ਹੈ।

ਪਰ ਚੰਨੋ ਤਾਂ ਅਸਾਡੇ ਜੀਵਨ ਦੀ ਰਾਸ ਹੈ। ਬੜੇ ਸੁਭਾਗ ਦੀ ਗੱਲ ਹੈ ਕਿ ਅਸਾਡੀਆਂ ਇਸਤਰੀਆਂ ਇਸ ਕੁਚੱਜੇ ਸਮਾਜ ਵਿਚ ਵੀ ਚੰਨੋ ਜਿਹੀਆਂ ਸੁੰਦਰ ਹਨ, ਸਰੀਰ ਤੇ ਹਿਰਦੇ-ਦੋਹਾਂ ਪੱਖਾਂ ਤੋਂ। ਤਦੇ ਅਸੀਂ ਹਾਲੀ ਤਕ ਇਕ ਸਭਿਆ




ਲੋਕ ਤੁਰੇ ਆਉਂਦੇ ਹਾਂ, ਜਿਨ੍ਹਾਂ ਨੂੰ ਹਜ਼ਾਰ ਸਾਲ ਦੀ ਗੁਲਾਮੀ ਨੇ ਵੀ ਮੂਲੋਂ ਸਿਥਲ ਨਹੀਂ ਕਰ ਦਿੱਤਾ।

ਚੰਨੋ ਦਾ ਰੂਪ ਨੂੰ ਚੁਬਾਰੇ ਵਿਚ, ਤੇ ਫਿਰ ਉਹ ਜਦੋਂ ਹੋਰ ਥਾਂ ਮੰਗੀ ਜਾਂਦੀ ਹੈ, ਬਾਹਰ ਖੂਹ 'ਤੇ ਮਿਲਣਾ, ਜਦੋਂ ਕਿ ਰੂਪ ਉਸ ਨੂੰ ਨਸਾਅ ਲੈਣ ਦੇ ਇਰਾਦੇ ਨਾਲ ਰਾਤ ਨੂੰ ਮਿਲਣ ਆਇਆ ਸੀ, ਉਸ ਦੀ ਸਿਆਣਪ ਦਾ ਸਦਕਾ ਆਪਣੇ ਕਠੋਰ ਇਰਾਦੇ ਤੋਂ ਟਲ ਜਾਂਦਾ ਹੈ, ਆਪਣੇ ਆਪ ਵਿਚ ਕੁਝ ਦੁਰਵਿਸ਼ਵਾਸ ਜਿਹੀਆਂ ਗੱਲਾਂ ਲੱਗਣਗੀਆਂ, ਪਰ ਚੰਨੋ ਨੂੰ ਕਲਾਕਾਰ ਨੇ ਕੁਝ ਅਜਿਹਾ ਘੜਿਆ ਹੈ ਕਿ ਉਸ ਦੀ ਹਾਲਤ ਵਿਚ ਵਿਸ਼ਵਾਸ ਨੂੰ ਕਦੇ ਸੱਟ ਨਹੀਂ ਲੱਗਦੀ। ਚੰਨੋ ਇਕ ਆਦਰਸ਼ਕ ਜੀਵ ਹੈ, ਜਿਸ ਦੇ ਸਹਾਰੇ ਵਾਸਤਵ ਜੀਵਨ ਖੜ੍ਹਾ ਹੈ।

ਚੰਨੋ ਦੇ ਸਹੁਰੇ ਘਰ ਦਾ ਜੀਵਨ ਅਸਾਡੇ ਜਟਕੇ ਜੀਵਨ ਦੀ ਮੂੰਹ-ਬੋਲਦੀ ਤਸਵੀਰ ਹੈ। ਇਸ ਵਿਚ ਅਸਾਡੀ ਗਰੀਬੀ, ਅਸਾਡੀ ਮਜਬੂਰੀ, ਅਸਾਡਾ ਕੁਚੱਜ, ਪਰ ਨਾਲ ਹੀ ਅਸਾਡੀ ਸੁਹਿਰਦਤਾ ਸਾਕਾਰ ਹੁੰਦੀਆਂ ਹਨ। ਚੰਨੋ ਦਾ ਪਤੀ ਧਰਤੀ ਦਾ ਇਕ ਧੌਲ ਹੈ, ਜਿਸ ਦੇ ਆਸਰੇ ਅਸਾਡੀ ਧਰਤੀ ਖੜ੍ਹੀ ਹੈ ਅਤੇ ਉਸ ਦੇ ਜੰਗ ਵਿਚ ਮਰ ਜਾਣ ਨਾਲ ਇਹ ਧਰਤੀ ਡੋਲਦੀ ਦਿਸਦੀ ਹੈ ਤਾਂ ਚੰਨੋ ਆਪ ਹੇਠਾਂ ਸਿਰ ਦੇ ਕੇ ਇਸ ਨੂੰ ਬਚਾਅ ਲੈਂਦੀ ਹੈ।

ਤਕਨੀਕ ਦੇ ਨੁਕਤੇ ਤੋਂ ਭਾਵੇਂ ਗੋਂਦ, ਨਾਵਲ ਜਾਂ ਕਹਾਣੀ ਦਾ ਇਕ ਅਤਿ ਲੋੜੀਂਦਾ ਅੰਗ ਹੈ, ਤਾਂ ਵੀ ਇਸ ਦੀ ਅਸਲ ਵਡਿਆਈ ਪਾਤਰਾਂ ਵਿਚ ਹੁੰਦੀ ਹੈ, ਜਿਸ ਤਰ੍ਹਾਂ ਜੀਵਨ ਵਿਚ ਘਟਨਾ ਦੀ ਭੋਇੰ ਉਤੇ ਮਹਾਂਪੁਰਸ਼ ਤੇ ਯੋਧੇ ਇਸ ਦਾ ਫਲ ਹੁੰਦੇ ਹਨ, ਤੇ ਭੋਇੰ ਦੀ ਵਡਿਆਈ ਦਾ ਨਿਰਭਰ ਫਲ ਤੋਂ ਬਿਨਾ ਹੋਰ ਕਾਸੇ 'ਤੇ ਹੋ ਸਕਦਾ ਹੈ? 'ਪੂਰਨਮਾਸ਼ੀ' ਘਟਨਾ ਅਥਵਾ ਗੋਂਦ ਅਰ ਪਾਤਰਾਂ-ਦੋਹਾਂ ਪੱਖਾਂ ਤੋਂ ਸੁੰਦਰ ਤੇ ਪ੍ਰਭਾਵਸ਼ਾਲੀ ਹੈ, ਪਰ ਜੋ ਤਸਵੀਰ ਚੰਨੋ, ਸ਼ਾਮੋ, ਕਰਮਾ, ਰੂਪ ਤੇ ਦਿਆਲਾ ਬਣਾਉਂਦੇ ਹਨ, ਉਹ ਕਿਸੇ ਚੁਗਾਠ ਵਿਚ ਵੀ ਸੁਹਣੀ ਲੱਗਣੀ ਸੀ। ਅਜਿਹੇ ਪੰਜ ਪਾਤਰ ਹਿੰਦੁਸਤਾਨੀ ਸਾਹਿਤ ਵਿਚ ਕਿਸੇ ਘਟ ਹੀ ਸਿਰਜੇ ਹੋਣਗੇ।

ਚੰਗਾ ਹੁੰਦਾ ਜੇ ਕਰਮੇ ਦੇ ਮਰਨ ਤੋਂ ਬਾਅਦ ਚੰਨੋ ਦਾ ਪਿਛਲਾ ਜੀਵਨ ਜ਼ਰਾ ਵਿਸਥਾਰ ਨਾਲ ਵਰਣਨ ਕੀਤਾ ਜਾਂਦਾ ਤੇ ਨਾਵਲ ਦਾ ਪਿਛਲਾ ਹਿੱਸਾ ਹੋਰ ਲੰਮਾ ਕਰ ਦਿੱਤਾ ਜਾਂਦਾ। ਫਿਰ ਦੋ ਪੁਸ਼ਤਾਂ ਦਾ ਉਹ ਫਰਕ, ਜੋ ਰੂਪ ਤੇ ਪੂਰਨ ਦੇ ਵਿਆਹ ਵੇਲੇ ਉਨ੍ਹਾਂ ਦੀ ਸੇਵਾ ਕਰਦਿਆਂ ਦਿਖਾਇਆ ਗਿਆ, ਹੋਰ ਸਪੱਸ਼ਟ ਕਰਕੇ ਦਿਖਾਇਆ ਜਾਂਦਾ।

ਜਸਵੰਤ ਸਿੰਘ ਪੰਜਾਬੀ ਵਿਚ ਨਾਨਕ ਸਿੰਘ ਦਾ ਵਾਰਸ ਹੈ। ਇਹ ਪੰਜਾਬੀ ਨਾਵਲ ਦੇ ਖੇਤਰ ਨੂੰ ਹੋਰ ਚੌੜਾ ਕਰ ਰਿਹਾ ਹੈ ਤੇ ਮੈਨੂੰ ਆਸ ਹੈ ਕਿ ਕੁਝ ਸਾਲਾਂ ਤਕ ਪੰਜਾਬੀ ਨਾਵਲ, ਅਜਿਹੇ ਲੇਖਕਾਂ ਸਦਕਾ, ਯੂਰਪੀਨ ਨਾਵਲ ਦੀਆਂ ਉਚਾਈਆਂ ਨੂੰ ਛੁਹਣ ਲੱਗ ਜਾਣਗੇ।"

---

ਬਾਈ ਕੰਵਲ ਨਾਲ ਮੇਰੀ ਪਹਿਲੀ ਮਿਲਣੀ ਨਾਵਲ 'ਪੂਰਨਮਾਸ਼ੀ' ਪੜ੍ਹਨ ਨਾਲ ਹੀ ਹੋਈ ਸੀ। ਉਸ ਨੂੰ ਮਿਲਣ ਤੋਂ ਪਹਿਲਾਂ ਮੈਂ ਉਹਦੇ ਪਾਤਰਾਂ ਨੂੰ ਮਿਲਿਆ ਸਾਂ। ਰੂਪ ਨੂੰ ਮਿਲਿਆ, ਚੰਨੋ ਨੂੰ ਮਿਲਿਆ, ਸ਼ਾਮੋ, ਬਚਨੋ, ਪ੍ਰਸਿੰਨੀ, ਸੰਤੀ, ਜਗੀਰ, ਜਿਓਣੇ ਤੇ ਦਿਆਲੇ ਅਮਲੀ ਨੂੰ ਮਿਲਿਆ। ਉਹਦੇ ਨਾਵਲ ਵਿਚਲੇ 'ਨਵੇਂ ਪਿੰਡ' ਉਰਫ ਢੁੱਡੀਕੇ ਦੀ ਉਸ ਜਗ੍ਹਾ ਨੂੰ ਨਿਹਾਰਿਆ, ਜਿਥੇ ਖੂਹ ਵਗਦਾ ਸੀ। ਬਚਨੋ ਉਥੇ ਗੋਹੇ ਵਾਲਾ ਬੱਠਲ ਧੋਣ ਆਈ ਸੀ। ਇਹ ਮੂੰਹ 'ਨੇਰ੍ਹੇ ਰੂਪ ਨੂੰ ਮਿਲਣ ਦਾ ਬਹਾਨਾ ਸੀ। ਖੁਸ਼ਵੰਤ ਸਿੰਘ ਨੇ ਉਸ ਵਗਦੇ ਖੂਹ ਦੇ ਸਮੁੱਚੇ ਦ੍ਰਿਸ਼ ਨੂੰ ਅੰਗਰੇਜ਼ੀ ਦੇ ਮੈਗਜ਼ੀਨ 'ਇਲੱਸਟ੍ਰੇਟਿਡ ਵੀਕਲੀ' ਵਿਚ ਵਡਿਆਇਆ ਸੀ। ਜਿਥੇ ਖੂਹ ਹੁੰਦਾ ਸੀ, ਖੇਤ ਹੁੰਦੇ ਸਨ, ਸਿਰ ਚੁੱਕਦੀ ਚਾਰ-ਚਾਰ ਉਂਗਲਾਂ ਸੇਂਜੀ ਲੱਗ ਰਹੇ ਖੂਹ ਦੇ ਪਾਣੀ ਵਿਚ ਡੁੱਬ ਰਹੀ ਸੀ ਅਤੇ ਬਚਨੋ ਰੂਪ ਨੂੰ ਚੋਰੀ ਚੋਰੀ ਮਿਲੀ ਸੀ, ਉਥੇ ਹੁਣ ਕੰਵਲ ਦਾ ਘਰ ਹੈ। ਉਹ ਖੂਹ ਭਾਵੇਂ ਬੇਆਬਾਦ ਹੋ ਗਿਐ, ਪਰ ਪੂਰਨਮਾਸ਼ੀ ਵਿਚ ਆਬਾਦ ਹੈ।

ਉਸੇ ਖੂਹ ਦੀ ਮੌਣ ਉਤੇ ਬਲਰਾਜ ਸਾਹਨੀ ਬੈਠਿਆ, ਕੰਵਲ ਬੈਠਿਆ ਤੇ ਮੈਂ ਵੀ ਬੈਠਾ। ਆਉਂਦੇ-ਜਾਂਦੇ ਬਥੇਰੇ ਕਵੀ ਤੇ ਕਲਾਕਾਰ ਬੈਠੇ। ਉਹਦੀ ਨਿਸ਼ਾਨੀ ਅਜੇ ਵੀ ਕਾਇਮ ਹੈ। ਕਦੇ ਉਹ ਖੂਹ ਪਿੰਡੋਂ ਬਾਹਰਵਾਰ ਸੀ। ਹੁਣ ਪਿੰਡ ਏਨਾ ਫੈਲ ਗਿਆ ਹੈ ਕਿ ਉਹੀ ਖੂਹ ਪਿੰਡ ਦੇ ਕਾਫੀ ਅੰਦਰਵਾਰ ਆ ਗਿਆ ਹੈ।

ਪੂਰਨਮਾਸ਼ੀ ਲੋਕ ਗੀਤਾਂ ਨਾਲ ਭਰੀ ਪਈ ਸੀ। ਹਰ ਕਾਂਡ ਦੇ ਅੱਗੇ ਪਿੱਛੇ ਇਕ ਟੱਪਾ ਸੀ:

ਜੱਟਾ ਤੇਰੀ ਜੂਨ ਬੁਰੀ,
ਹਲ ਛੱਡ ਕੇ ਚਰ੍ਹੀ ਨੂੰ ਜਾਣਾ।

ਸੁਣ ਵੇ ਮੁੰਡਿਆ ਫੁੱਲ ਵਾਲਿਆ!
ਫੁੱਲ ਤੇਰਾ ਲਾਹ ਲਾਂਗੇ,
ਜੁੱਤੀ ਮਾਰ ਕੇ ਮਲਾਹਜਾ ਪਾ ਲਾਂਗੇ।

ਲੈ ਪੋਣਾ ਕੁੜੀ ਸਾਗ ਨੂੰ ਚੱਲੀ,
ਖੜ੍ਹੀ ਉਡੀਕੇ ਸਾਥਣ ਨੂੰ,
ਕੱਚੀ ਕੈਲ ਮਰੋੜੇ ਦਾਤਣ ਨੂੰ।

ਮੇਰੇ ਭਾ ਦਾ ਦੁੱਧ ਮੁਸ਼ਕੇ,
ਤੇਰਾ ਰੰਗ ਮੁਸ਼ਕੇ ਮੁਟਿਆਰੇ।

ਬੋਦੀ ਵਾਲਾ ਤਾਰਾ ਚੜ੍ਹਿਆ,
ਘਰ ਘਰ ਹੋਣ ਵਿਚਾਰਾਂ।
ਕੁਸ ਲੁਟ ਲੀ ਮੈਂ ਪਿੰਡ ਦਿਆਂ ਪੈਂਚਾਂ,
ਕੁਸ ਲੁੱਟ ਲੀ ਸਰਕਾਰਾਂ।
ਗਹਿਣੇ ਸਾਰੇ ਘਰ ਦਿਆਂ ਲਾਹ ਲਏ,
ਜੋਬਨ ਲੈ ਲਿਆ ਯਾਰਾਂ।
ਭੇਡਾਂ ਚਾਰਦੀਆਂ,
ਬੇਕਦਰਿਆਂ ਦੀਆਂ ਨਾਰਾਂ...।

ਕੀ ਘੋਲ ਤਵੀਤ ਪਿਆਏ,
ਲੱਗੀ ਤੇਰੇ ਮਗਰ ਫਿਰਾਂ।

ਜਾਵੀਂ ਮੇਲੇ 'ਤੇ ਲਿਆ ਦੀਂ ਪਹੁੰਚੀ,
ਲੈ ਜਾ ਮੇਰਾ ਗੁੱਟ ਮਿਣ ਕੇ।

ਨਾਂ ਲਿਖ ਲਿਆ ਚੰਦ ਕੁਰੇ ਤੇਰਾ,
ਕੋਕੇ ਵਾਲੀ ਡਾਂਗ ਦੇ ਉਤੇ।

ਜੱਟ ਸ਼ਾਹ ਨੂੰ ਖੰਘੂਰੇ ਮਾਰੇ,
ਕਣਕਾਂ ਨਿਸਰਦੀਆਂ।

ਹੁੰਦੀ ਆ ਪਟੋਲਿਆ ਤਿਆਰੀ,
ਕੱਤਣੀ ਨੂੰ ਫੁੱਲ ਲਗਦੇ।

ਤੈਨੂੰ ਵੇਖਿਆਂ ਸਬਰ ਨਾ ਆਵੇ,
ਯਾਰਾ ਤੇਰਾ ਘੁੱਟ ਭਰ ਲਾਂ...।

ਮੈਂ ਪੂਰਨਮਾਸ਼ੀ ਕਾਹਦੀ ਪੜ੍ਹੀ, ਇੰਜ ਲੱਗਾ ਜਿਵੇਂ ਕੰਵਲ ਘਰ ਦਾ ਬੰਦਾ ਹੋਵੇ। ਲੱਗਾ ਜਿਵੇਂ ਉਹ ਮੇਰਾ ਚਾਚਾ, ਤਾਇਆ ਹੀ ਹੋਵੇ। ਫਿਰ ਮੈਂ ਉਸ ਨੂੰ ਏਨਾ ਮਿਲਿਆ, ਏਨਾ ਮਿਲਿਆ ਕਿ ਹੁਣ ਤਕ ਮਿਲਦਾ ਹੀ ਆ ਰਿਹਾਂ। ਪੌਣੀ ਸਦੀ ਲੰਘ ਗਈ ਉਸ ਨੂੰ ਲਿਖਦਿਆਂ ਅਤੇ ਉਹ ਅਜੇ ਵੀ ਲਿਖੀ ਜਾ ਰਿਹੈ। ਉਹਦੀ ਰਚਨਾਤਮਕਤਾ ਦਾ ਕੋਈ ਹੱਦ ਬੰਨਾ ਨਹੀਂ। ਉਹ ਸਿਰਜਣਾ ਦਾ ਭਰ ਵਗਦਾ ਦਰਿਆ ਹੈ। ਪਹਿਲੀ ਮੁਲਾਕਾਤ ਵੇਲੇ ਉਹ ਚਾਲੀ ਕੁ ਸਾਲਾਂ ਦਾ ਸੀ, ਹੁਣ ਸੌ ਸਾਲਾਂ ਦਾ ਹੋ ਗਿਐ। ਉਸ ਨੇ ਲੱਖ ਤੋਂ ਵੱਧ ਸੰਵਾਦ ਤੇ ਪੰਜਾਹ ਲੱਖ ਤੋਂ ਵੱਧ ਲਫਜ਼ ਲਿਖ ਛੱਡੇ ਨੇ! ਉਹਦੀ ਲਿਖਣ ਦੀ ਮੈਰਾਥਨ ਅਜੇ ਵੀ ਜਾਰੀ ਹੈ। ਕਈ ਸਾਲਾਂ ਤੋਂ ਉਸ ਨੇ ਕਈ ਵਾਰ ਕਿਹਾ ਹੈ ਕਿ ਆਹ ਉਹਦੀ ਆਖਰੀ ਕਿਤਾਬ ਹੈ, ਪਰ ਲੱਗਦੈ ਉਹ ਤਦ ਤਕ ਲਿਖਦਾ ਰਹੇਗਾ ਜਦ ਤਕ ਸਿੜ੍ਹੀ 'ਤੇ ਨਹੀਂ ਪੈਂਦਾ!

ਕੰਵਲ ਨੂੰ ਮੈਂ ਪਹਿਲੀ ਵਾਰ 1958-59 ਵਿਚ ਵੇਖਿਆ ਸੀ। ਉਦੋਂ ਮੈਂ ਐਮ. ਆਰ. ਕਾਲਜ ਫਾਜ਼ਿਲਕਾ ਵਿਚ ਪੜ੍ਹਦਾ ਸਾਂ ਅਤੇ ਕਾਲਜ ਦੀ ਪੰਜਾਬੀ ਸਾਹਿਤ ਸਭਾ ਦਾ ਸਰਗਰਮ ਮੈਂਬਰ ਸਾਂ। ਸਾਹਿਤ ਸਭਾ ਨੇ ਕਾਲਜ ਵਿਚ ਕਵੀ ਦਰਬਾਰ ਕਰਵਾਇਆ, ਜਿਸ ਦੀ ਪ੍ਰਧਾਨਗੀ ਲਈ ਜਸਵੰਤ ਸਿੰਘ ਕੰਵਲ ਨੂੰ ਸੱਦਿਆ। ਕਵੀ ਦਰਬਾਰ ਵਿਚ




ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਸੰਤੋਖ ਸਿੰਘ ਧੀਰ, ਕ੍ਰਿਸ਼ਨ ਅਸ਼ਾਂਤ, ਸੁਰਜੀਤ ਮਰਜਾਰਾ, ਗੁਰਦਾਸ ਰਾਮ ਆਲਮ, ਸ਼ਿਵ ਕੁਮਾਰ ਬਟਾਲਵੀ ਤੇ ਹੋਰ ਕਈ ਕਵੀ ਆਏ। ਡਾ. ਜਗਤਾਰ ਉਦੋਂ ਜਗਤਾਰ ਪਪੀਹਾ ਹੁੰਦਾ ਸੀ। ਮੈਂ ਸਭਾ ਦੇ ਪ੍ਰਧਾਨ ਹਰਚਰਨ ਮੌੜ ਨਾਲ ਮਿਲ ਕੇ ਘੱਲ ਕਲਾਂ ਵਾਲੇ ਕਿੱਸਾਕਾਰ ਬੀਰਬਲ ਦੀ ਹਾਸਰਸੀ ਕਵੀਸ਼ਰੀ 'ਭਾਨੀਮਾਰਾਂ ਦੀ ਕਰਤੂਤ' ਵੀ ਸੁਣਾਈ ਸੀ:

ਇਕ ਪਿੰਡ ਜਾ ਕੇ ਨਾਈ,
ਲੱਗਾ ਕਰਨ ਸਗਾਈ,
ਕਿਸੇ ਪੁੱਛ ਬੈਠਾ ਭਾਈ,
ਕਿਹਾ ਕੁ ਗੁਜ਼ਾਰਾ ਐ,
ਹਾਲ ਮੈਨੂੰ ਉਨ੍ਹਾਂ ਦਾ ਸੁਣਾ ਦੇ ਸਾਰਾ ਐ...।

ਵਿਚ ਸਭ ਕੁਝ ਘਰ ਦੇ,
ਸਾਕ ਜਲਦੀ ਤੂੰ ਕਰਦੇ,
ਉਂ ਤਾਂ ਚੂਹੇ ਭੁੱਖੇ ਮਰਦੇ,
ਹੈ ਨੀ ਆਟਾ ਕੋਟਾ ਐ,
ਉਂ ਤਾਂ ਕੰਮ ਮੁੰਡੇ ਦਾ ਬਹੁਤ ਮੋਟਾ ਐ...।

ਇਕ ਹੋਰ ਗੱਲ ਕੈਨੂੰ,
ਸਾਰਾ ਪਤਾ ਹੋਣਾ ਤੈਨੂੰ,
ਕਿੰਨੇ ਭਾਈ ਦੱਸ ਮੈਨੂੰ,
ਕਿਥੇ ਕਿਥੇ ਵਿਹਾਏ ਐ,
ਕਿਥੋਂ ਕਿਥੋਂ ਸਾਕ ਤਾਂ ਉਨ੍ਹਾਂ ਨੂੰ ਆਏ ਐ...।

ਪੰਜ ਭਾਈ ਪੰਜੇ ਛੜੇ,
ਚਾਰ ਜੇਲ੍ਹ ਰਹਿੰਦੇ ਅੜੇ,
ਉਂ ਐ ਚਾਰੇ ਇਹਤੋਂ ਬੜੇ,
ਇਹ ਚੌਹਾਂ ਤੋਂ ਛੋਟਾ ਐ,
ਉਂ ਤਾਂ ਕੰਮ ਮੁੰਡੇ ਦਾ ਬਹੁਤ ਮੋਟਾ ਐ...।

ਉਦੋਂ ਸ਼ਿਵ ਕੁਮਾਰ ਬਟਾਲਵੀ ਨਵਾਂ ਨਵਾਂ ਕਵੀ ਦਰਬਾਰਾਂ 'ਚ ਜਾਣ ਲੱਗਾ ਸੀ। ਜਿਥੇ ਜਾਂਦਾ ਸੀ, ਮੇਲਾ ਲੁੱਟ ਲੈਂਦਾ ਸੀ। ਉਸ ਨੇ 'ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ' ਨਾਂ ਦੀ ਨਜ਼ਮ ਸੁਣਾਈ ਸੀ। ਗੀਤ 'ਪੀੜਾਂ ਦਾ ਪਰਾਗਾ' ਵੀ ਸੁਣਾਇਆ ਸੀ। ਉਹ ਕੰਨ 'ਤੇ ਹੱਥ ਰੱਖ ਕੇ ਅੱਖਾਂ ਮੀਚ ਕੇ ਗਾਉਂਦਾ ਸੀ।

ਕੰਵਲ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਸੀ, "ਅਜੇ ਤਕ ਮੈਂ ਦੋ ਚਾਰ ਕਿਤਾਬੜੀਆਂ ਈ ਲਿਖੀਆਂ, ਕੋਈ ਮਾਅਰਕਾ ਨਹੀਂ ਮਾਰਿਆ। ਮੈਨੂੰ ਤਾਂ ਤੁਸੀਂ ਐਵੇਂ ਈ ਵਡਿਆਈ ਜਾਨੇ ਓਂ।"

ਮੈਂ ਉਹਦੇ ਹੱਥ 'ਸੋਵੀਅਤ ਦੇਸ' ਨਾਂ ਦਾ ਪਰਚਾ ਵੇਖਿਆ ਸੀ। ਉਹਦੀ ਦਾੜ੍ਹੀ ਕਾਲੀ ਸ਼ਾਹ ਤੇ ਖੁੱਲ੍ਹੀ ਸੀ ਅਤੇ ਜੁੱਸਾ ਪਤਲਾ ਪਤੰਗ। ਠੰਢ ਕਰਕੇ ਸੁਆਟਰ ਪਾਇਆ ਹੋਇਆ ਸੀ ਤੇ ਉਤੇ ਲੋਈ ਲਈ ਹੋਈ ਸੀ। ਰਾਤੀਂ ਕਵੀ ਦਰਬਾਰ ਵੇਲੇ ਪੈਂਟ ਪਾਈ ਸੀ, ਪਰ ਸਵੇਰ ਵੇਲੇ ਤੰਬੀ ਲਾਈ ਹੋਈ ਸੀ।

ਕਾਲਜ ਪੜ੍ਹਦਿਆਂ ਮੈਂ ਕੰਵਲ ਦਾ ਪਾਠਕ ਬਣਿਆ ਸਾਂ। ਤਦ ਤਕ ਨਾਨਕ ਸਿੰਘ ਦੇ ਕਈ ਨਾਵਲ ਪੜ੍ਹ ਚੁਕਾ ਸਾਂ। ਇਕ ਦਿਨ ਕਾਲਜ ਦੀ ਲਾਇਬ੍ਰੇਰੀ 'ਚੋਂ ਨਾਵਲ 'ਪੂਰਨਮਾਸ਼ੀ' ਕਢਵਾ ਕੇ ਜਮਾਤ 'ਚ ਪਿਛਲੇ ਬੈਂਚ ਉਤੇ ਜਾ ਬੈਠਾ। ਨਾਵਲ ਦੀ ਕਹਾਣੀ ਨੇ ਐਸਾ ਬੰਨ੍ਹਿਆ ਕਿ ਪਤਾ ਈ ਨਾ ਲੱਗਾ ਪ੍ਰੋਫੈਸਰ ਕੀ ਪੜ੍ਹਾਉਂਦੇ ਗਏ ਤੇ ਪੀਰੀਅਡ ਕਦੋਂ ਬਦਲਦੇ ਗਏ। ਮੈਂ ਨਾਵਲ ਵਿਚਲੇ ਨਵੇਂ ਪਿੰਡ ਦੇ ਖੂਹ ਤੇ ਖੇਤਾਂ, ਦਾਤੇ ਦੇ ਰਾਹ, ਕਪੂਰਿਆਂ ਦੀਆਂ ਕੁੜੀਆਂ, ਸੈਦ ਕਬੀਰ ਦੇ ਮੇਲੇ, ਰੂਪ ਦੇ ਦਲਾਨ, ਤਖਾਣਵੱਧ ਦੇ ਖੇਤ, ਢੁੱਡੀਕੇ ਤੇ ਅਜੀਤਵਾਲ ਵਿਚਕਾਰ ਵਗਦੇ ਸੂਏ ਦੀ ਪਟੜੀ, ਮੱਦੋਕੇ ਦੇ ਦੀਵਾਨ, ਬੁੱਟਰ ਦੇ ਛੱਪੜ ਤੇ ਟਾਂਗੇ ਵਾਲੇ ਅਮਲੀ ਦੇ ਅੰਗ ਸੰਗ ਵਿਚਰ ਰਿਹਾ ਸਾਂ। ਉਥੇ ਚੰਨੋ ਸੀ, ਸ਼ਾਮੋ ਸੀ, ਰੂਪ ਸੀ, ਦਿਆਲਾ ਸੀ, ਜਗੀਰ ਸੀ, ਜੈਲੋ ਤੇ ਕਾਕਾ ਸੀ, ਉਥੇ ਮੇਲੇ ਵਿਚ ਸਾਰੰਗੀ ਵਜਾਉਣ ਵਾਲੇ ਗਮੰਤਰੀ ਸਨ ਤੇ ਗਿਆਨੀ ਬਣਿਆ ਕੰਵਲ ਆਪ ਸੀ।

ਪੂਰਨਮਾਸ਼ੀ ਵਿਚਲਾ 'ਨਵਾਂ ਪਿੰਡ' ਅਸਲ ਵਿਚ ਢੁੱਡੀਕੇ ਹੀ ਹੈ। ਨਾਵਲ ਦੇ ਸ਼ੁਰੂ ਵਿਚ ਜਿਸ ਵਗਦੇ ਖੂਹ ਦਾ ਨਜ਼ਾਰਾ ਹੈ, ਉਹ ਸਾਰਾ ਦ੍ਰਿਸ਼ ਹੁਣ ਪਿੰਡ 'ਚੋਂ ਅਲੋਪ ਹੋ ਚੁਕਾ ਹੈ। ਕੰਵਲ ਦੀ ਖੇਤ ਵਿਚਲੀ ਉਹ ਕੋਠਤੀ ਵੀ ਨਹੀਂ ਰਹੀ, ਜਿਥੇ 1960ਵਿਆਂ ਵਿਚ ਬਲਰਾਜ ਸਾਹਨੀ ਪੜ੍ਹਦਾ, ਲਿਖਦਾ ਤੇ ਗੰਨੇ ਚੂਪਦਾ ਹੁੰਦਾ ਸੀ। ਕਦੇ ਕਦੇ ਉਹ ਧੂਣੀਆਂ ਸੇਕਣ ਤੁਰ ਪੈਂਦਾ। ਸੀਮਿੰਟ ਦਾ ਉਹ ਲਾਲ ਬੈਂਚ, ਜਿਸ ਉਤੇ ਬੈਠਿਆਂ ਕੰਵਲ ਨੇ ਮੈਨੂੰ ਦਿੱਲੀ ਤੋਂ ਢੁੱਡੀਕੇ ਕਾਲਜ ਵਿਚ ਆਉਣ ਲਈ ਕਿਹਾ ਸੀ, ਮੈਨੂੰ ਅੱਜ ਵੀ ਯਾਦ ਐ। ਬਲਰਾਜ ਸਾਹਨੀ ਉਹਦੇ ਉਤੇ ਬੈਠ ਕੇ ਚੰਦ ਵੇਖਦਾ ਤੇ ਟਾਹਲੀ 'ਚੋਂ ਛਣਦੀ ਚਾਨਣੀ ਉਤੇ ਲਟਬੌਰਾ ਹੋ ਜਾਂਦਾ। ਉਸੇ ਬੈਂਚ ਉਤੇ ਬੈਠਿਆਂ ਕੰਵਲ ਨੇ ਮੈਥੋਂ ਇਕਰਾਰ ਲਿਆ ਸੀ ਕਿ ਮੈਂ ਦਿੱਲੀ ਦਾ ਖ਼ਾਲਸਾ ਕਾਲਜ ਛੱਡ ਕੇ ਢੁੱਡੀਕੇ ਪੜ੍ਹਾਉਣ ਲੱਗ ਪਵਾਂਗਾ। ਕੰਵਲ ਤੋਂ ਬਾਅਦ ਪਿੰਡ ਦਾ ਸਰਪੰਚ ਬਣਨ ਵਾਲਾ ਬਲਵੰਤ ਸਿੰਘ ਤੇ ਦਿੱਲੀ 'ਚ ਅਧਿਆਪਕ ਲੱਗਾ ਰਿਹਾ ਡਾ. ਅਜੀਤ ਸਿੰਘ ਵੀ ਉਥੇ ਹੀ ਸਨ। ਢੁੱਡੀਕੇ ਵਿਚ ਪਹਿਲੀ ਰਾਤ ਮੈਂ ਬਲਵੰਤ ਸਿੰਘ ਦੇ ਘਰ ਸੁੱਤਾ ਸਾਂ, ਜੋ ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਦਾ ਬਾਪ ਸੀ। ਉਹ ਸਾਹਿਤ ਦਾ ਗੰਭੀਰ ਪਾਠਕ ਸੀ। ਮੈਂ ਸਮਝਦਾਂ ਕੰਵਲ ਦੇ 'ਪੂਰਨਮਾਸ਼ੀ' ਨਾਵਲ ਨੇ ਹੀ ਮੇਰੇ ਕਰਮਾਂ ਵਿਚ ਢੁੱਡੀਕੇ ਦੀ ਪ੍ਰੋਫੈਸਰੀ ਲਿਖੀ ਸੀ।

ਪੂਰਨਮਾਸ਼ੀ ਦਾ ਨਾਇਕ ਰੂਪ, ਢੁੱਡੀਕੇ ਦੀ ਕੌਲੂ ਪੱਤੀ ਵਾਲਾ ਗੁਲਜ਼ਾਰਾ ਸੀ, ਜੋ ਇਲਾਕੇ ਦਾ ਦਰਸ਼ਨੀ ਜੁਆਨ ਸੀ। ਉਹਦਾ ਰੰਗ ਗੋਰਾ ਸੀ ਤੇ ਅੱਖਾਂ ਬਿੱਲੀਆਂ। ਉਹ ਮੇਲਿਆਂ 'ਤੇ ਬੋਰੀ ਚੁੱਕਣ ਦਾ ਮੁਕਾਬਲਾ ਕਰਿਆ ਕਰਦਾ ਸੀ। ਉਸ ਨੂੰ ਨਾਇਕ ਚਿਤਵ ਕੇ ਕੰਵਲ ਨੇ ਕਹਾਣੀ ਘੜੀ ਸੀ ਪਰ ਇਹ ਗੁਲਜ਼ਾਰੇ ਦੀ ਸੱਚੀ ਕਹਾਣੀ ਨਹੀਂ ਸੀ। ਗੁਲਜ਼ਾਰੇ ਨੇ ਆਪਣੀ ਪਹਿਲੀ ਘਰ ਵਾਲੀ ਨਹੀਂ

(ਬਾਕੀ ਅਗਲੇ ਸਫੇ 'ਤੇ)

ਸੀ ਛੱਡੀ ਤੇ ਨਾ ਹੀ ਉਸ ਦੇ ਦੋ ਵਿਆਹ ਹੋਏ ਸਨ। ਰੂਪ ਦਾ ਇਕੋ ਪੁੱਤਰ 'ਪੂਰਨ' ਹੋਇਆ ਵਿਖਾਇਆ ਗਿਆ ਹੈ, ਜਦ ਕਿ ਗੁਲਜ਼ਾਰੇ ਦੇ ਚਾਰ ਪੁੱਤਰ ਹਨ। ਉਸ ਦੇ ਦੋ ਪੁੱਤਰ-ਬਲਦੇਵ ਤੇ ਮਨਜੀਤ ਕਾਲਜ ਵਿਚ ਮੇਰੇ ਕੋਲੋਂ ਪੜ੍ਹਦੇ ਰਹੇ ਤੇ ਹੁਣ ਕੈਨੇਡਾ ਵਿਚ ਹਨ। ਉਹ ਮੇਰੇ ਭਰਾ ਭਜਨ ਦੇ ਜਮਾਤੀ ਸਨ, ਜੋ ਹੁਣ ਵੀ ਉਸ ਦੇ ਦੋਸਤ ਹਨ। ਉਹ ਵਿਆਹ ਸ਼ਾਦੀਆਂ 'ਤੇ ਅਜੇ ਵੀ ਇਕ ਦੂਜੇ ਦੇ ਆਉਂਦੇ ਜਾਂਦੇ ਹਨ।

ਲੇਖਕ ਕਿਸੇ ਅਸਲੀ ਪਾਤਰ ਨੂੰ ਆਪਣੇ ਸਾਹਮਣੇ ਰੱਖ ਕੇ ਆਪਣਾ ਕਾਲਪਨਿਕ ਨਾਇਕ ਜਾਂ ਹੋਰ ਪਾਤਰ ਕਿਵੇਂ ਸਿਰਜਦੇ ਹਨ, ਉਸ ਦੀ ਮਿਸਾਲ ਕੌਲੂ ਪੱਤੀ ਵਾਲਾ ਗੁਲਜ਼ਾਰਾ ਹੈ, ਜਿਸ ਨੂੰ ਰੂਪ ਬਣਾ ਕੇ ਕਪੂਰਿਆਂ ਦੇ ਮੇਲੇ ਵਿਚ ਬੋਰੀ ਚੁੱਕਣ ਦਾ ਮੁਕਾਬਲਾ ਕਰਵਾਇਆ ਗਿਆ:

"ਰੂਪ ਹੋਰਾਂ ਦੀ ਢਾਣੀ ਵਿਖਰ ਕੇ ਫਿਰ ਜੁੜ ਗਈ। ਉਨ੍ਹਾਂ ਮੇਲੇ ਦੇ ਦੂਜੇ ਪਾਸੇ ਬੋਰੀ ਅਤੇ ਮੁਗਧਰ ਚੁੱਕਣ ਵਾਲਿਆਂ ਦਾ ਖੁੱਲ੍ਹਾ ਖਾੜਾ ਬੰਨ੍ਹ ਲਿਆ। ਮੁਗਧਰ ਮੱਲਾਂ ਨੇ ਪਹਿਲੋਂ ਹੀ ਲਿਆਂਦੇ ਹੋਏ ਸਨ। ਸਾਢੇ ਚਾਰ ਮਣ ਪੱਕੇ ਦੀ ਬੋਰੀ ਵੀ ਠੋਕ ਠੋਕ ਕੇ ਭਰ ਲਈ ਗਈ। ਪੱਗਾਂ ਤੇ ਲੋਈਆਂ ਲਾਹ ਕੇ ਜਵਾਨ ਖਾੜੇ ਵਿਚ ਨਿਕਲ ਆਏ। ਮੁਗਧਰ ਚੁੱਕਣ ਵਾਲਿਆਂ ਲੱਕ ਨਾਲ ਚਾਦਰੇ ਕੱਸ ਕੇ ਬੰਨ੍ਹ ਲਏ। ਬੋਰੀ ਚੁੱਕਣ ਵਾਲਿਆਂ ਵਿਚੋਂ ਰੂਪ ਤੇ ਜਗੀਰ ਵੀ ਸਨ। ਰੂਪ ਦਾ ਭਰਿਆ, ਲੰਮਾ ਤੇ ਸੋਹਣਾ ਸਰੀਰ ਵੇਖ ਕੇ ਭੁੱਖ ਲਹਿੰਦੀ ਸੀ। ਖਾੜੇ ਦੀਆਂ ਨਜ਼ਰਾਂ ਉਸ ਦੇ ਪਿੱਛੇ ਹੀ ਭੌਂ ਰਹੀਆਂ ਸਨ। ਮੁਗਧਰ ਚੁੱਕੇ ਜਾਣ ਲੱਗੇ। ਜਗੀਰ ਤੇ ਰੂਪ ਦੇ ਮੁਕਾਬਲੇ ਵਿਚ ਬੋਰੀਆਂ ਚੁੱਕਣ ਵਾਲਿਆਂ ਦੀਆਂ ਦੋ ਜੋੜੀਆਂ ਸਨ। ਦੋ ਜੋੜੀਆਂ ਤੋਂ ਪਹਿਲੀ ਵਾਰੀ ਬਾਲਾ ਨਾ ਨਿਕਲਿਆ। ਫਿਰ ਜਗੀਰ ਤੇ ਰੂਪ ਦੀ ਵਾਰੀ ਆਈ, ਉਹ ਪਹਿਲੀ ਹੁਬਕਲੀ ਨਾਲ ਬੋਰੀ ਹਿੱਕ ਦੇ ਬਰਾਬਰ ਲੈ ਗਏ ਅਤੇ ਉਥੋਂ ਝੋਸਾ ਮਾਰ ਕੇ ਬਾਹਾਂ ਖੜ੍ਹੀਆਂ ਕਰ ਦਿੱਤੀਆਂ। ਇਕ ਵਾਰ ਹੀ ਸਾਰਾ ਖਾੜਾ 'ਵਾਹ ਬਈ ਵਾਹ' ਕਰ ਉਠਿਆ...।"

ਨਾਵਲ 'ਪੂਰਨਮਾਸ਼ੀ' ਮੈਨੂੰ ਇਸ ਲਈ ਵੀ ਦਿਲਚਸਪ ਲੱਗਿਆ ਸੀ ਕਿ ਆਪਣੇ ਪਿੰਡ ਚਕਰ ਤੋਂ ਸੌ ਮੀਲ ਦੂਰ ਫਾਜ਼ਿਲਕਾ ਪੜ੍ਹਦਿਆਂ ਮੈਨੂੰ ਇਹਦੇ ਵਿਚੋਂ ਆਪਣੇ ਪਿੰਡ ਦੀ ਖੁਸ਼ਬੋ ਆ ਰਹੀ ਸੀ। ਹੁਣ ਤਕ ਮੈਂ ਸੈਂਕੜੇ ਕਿਤਾਬਾਂ ਪੜ੍ਹੀਆਂ ਹਨ, ਪਰ ਸੱਚ ਜਾਣੋ, ਜਿੰਨੀ ਸ਼ਿੱਦਤ ਨਾਲ ਮੈਂ ਪਹਿਲੀ ਵਾਰ 'ਪੂਰਨਮਾਸ਼ੀ' ਪੜ੍ਹੀ, ਓਨੀ ਸ਼ਿੱਦਤ ਨਾਲ ਸ਼ਾਇਦ ਹੀ ਕੋਈ ਹੋਰ ਕਿਤਾਬ ਪੜ੍ਹੀ ਹੋਵੇ। ਜਿੰਨੀ ਕਿਤਾਬ ਮੈਂ ਕਾਲਜ ਦੇ ਬੈਂਚ 'ਤੇ ਬੈਠਾ ਪੜ੍ਹ ਸਕਦਾ ਸਾਂ, ਪੜ੍ਹਦਾ ਰਿਹਾ ਤੇ ਬਾਕੀ ਤਿੰਨ ਮੀਲ ਦੂਰ ਪਿੰਡ ਕੋਠੇ ਨੂੰ ਜਾਂਦਾ ਰਾਹ ਵਿਚ ਪੜ੍ਹਦਾ ਗਿਆ। ਆਖਰ ਉਦੋਂ ਸੁੱਤਾ ਜਦੋਂ 'ਪੂਰਨਮਾਸ਼ੀ' ਮੁੱਕ ਗਈ ਤੇ ਦਿਨ ਚੜ੍ਹ ਪਿਆ। ਮੈਂ ਅੱਜ ਵੀ ਮਹਿਸੂਸ ਕਰਦਾ ਹਾਂ ਕਿ ਕੰਵਲ ਦੀ ਸ਼ਾਹਕਾਰ ਰਚਨਾ 'ਪੂਰਨਮਾਸ਼ੀ' ਹੀ ਹੈ। ਇਸ ਵਿਚ ਉਸ ਨੇ ਪੰਜਾਬ ਦਾ ਪੇਂਡੂ ਜੀਵਨ ਤੇ ਮਾਲਵੇ ਦਾ ਸਭਿਆਚਾਰ ਕਮਾਲ ਦੀ ਕਲਾਕਾਰੀ ਨਾਲ ਪੇਸ਼ ਕੀਤਾ ਹੈ।

ਕਹਾਣੀ ਦਾ ਸਾਰ ਹੈ: ਨਵੇਂ ਪਿੰਡ ਦਾ ਬਣਦਾ ਫਬਦਾ ਜੁਆਨ ਰੂਪ ਆਪਣੇ ਨਾਨਕੇ ਪਿੰਡ ਦਾਤੇ ਨੂੰ ਤੁਰਿਆ ਜਾਂਦਾ ਹੈ। ਰਾਹ ਵਿਚ ਕਪੂਰੇ ਪਿੰਡ ਦੀਆਂ ਦੋ ਕੁੜੀਆਂ ਚੰਨੋ ਤੇ ਸ਼ਾਮੋ ਖੇਤ 'ਚ ਸਾਗ ਤੋੜਦੀਆਂ ਮਿਲਦੀਆਂ ਹਨ। ਰੂਪ ਤੇ ਚੰਨੋ ਦੀ ਨਜ਼ਰ ਵਾਰਸ ਦੀ ਹੀਰ ਤੇ ਰਾਂਝੇ ਵਾਂਗ ਮਿਲਦੀ ਹੈ ਤਾਂ 'ਹੀਰ ਹੱਸ ਕੇ ਤੇ ਮਿਹਰਬਾਨ ਹੋਈ' ਵਾਂਗ ਉਨ੍ਹਾਂ ਦਾ ਪਹਿਲੀ ਨਜ਼ਰ ਦਾ ਪਿਆਰ ਪੈ ਜਾਂਦਾ ਹੈ। ਪਿਆਰ ਕਹਾਣੀ ਅੱਗੇ ਵਧਦੀ ਹੈ, ਪਰ ਉਨ੍ਹਾਂ ਦਾ ਵਿਆਹ ਹੁੰਦਾ ਹੁੰਦਾ ਰਹਿ ਜਾਂਦਾ ਹੈ। ਚੰਨੋ ਦੀ ਸਹੇਲੀ ਸ਼ਾਮੋ ਪਿੰਡ ਦੇ ਸ਼ੁਕੀਨ ਮੁੰਡੇ ਦਿਆਲੇ ਨੂੰ ਪਿਆਰ ਕਰਦੀ ਹੈ। ਪੰਜਾਬੀ ਸਮਾਜ ਦੇ ਸਭਿਆਚਾਰਕ ਵਰਤਾਰੇ ਵਿਚ ਨਾ ਸ਼ਾਮੋ ਤੇ ਦਿਆਲੇ ਦਾ ਵਿਆਹ ਹੋ ਸਕਦਾ ਹੈ ਅਤੇ ਨਾ ਚੰਨੋ ਤੇ ਰੂਪ ਦਾ ਵਿਆਹ ਸਿਰੇ ਚੜ੍ਹਦਾ ਹੈ।

ਮੁੱਖ ਕਹਾਣੀ ਚੰਨੋ ਤੇ ਰੂਪ ਦੇ ਪਿਆਰ ਦੀ ਹੈ। ਹਾਲਾਤ ਚੰਨੋ ਨੂੰ ਬੁੱਟਰ ਦੇ ਕਰਮੇ ਨਾਲ ਵਿਆਹ ਦਿੰਦੇ ਹਨ ਅਤੇ ਰੂਪ ਨੂੰ ਰਾਏਕੋਟ ਦੀ ਪ੍ਰਸਿੰਨੀ ਨਾਲ। ਰੂਪ ਦੇ ਘਰ ਪੁੱਤਰ ਪੈਦਾ ਹੁੰਦਾ ਹੈ ਤੇ ਚੰਨੋ ਦੇ ਘਰ ਧੀ। ਰੂਪ ਤੇ ਚੰਨੋ ਆਪਣੇ ਅਧੂਰੇ ਪਿਆਰ ਨੂੰ ਆਪਣੇ ਬੱਚਿਆਂ ਦੇ ਆਪਸ ਵਿਚ ਵਿਆਹ ਕਰ ਕੇ ਪਰਵਾਨ ਚੜ੍ਹਾਉਂਦੇ ਹਨ। ਇੰਜ ਪਹਿਲੀ ਪੀੜ੍ਹੀ ਦਾ ਅਧੂਰਾ ਰਹਿ ਗਿਆ ਪਿਆਰ ਅਗਲੀ ਪੀੜ੍ਹੀ ਰਾਹੀਂ ਪੂਰ ਲਿਆ ਜਾਂਦਾ ਹੈ।

ਇਸ ਨਾਵਲ ਵਿਚ ਪੰਜਾਬ ਦੇ ਪੇਂਡੂ ਜੀਵਨ ਦੀਆਂ ਅਨੇਕਾਂ ਝਾਕੀਆਂ ਸਾਹਮਣੇ ਆਉਂਦੀਆਂ ਹਨ। ਕਿਤੇ ਤ੍ਰਿੰਜਣ, ਕਿਤੇ ਮੇਲੇ, ਕਿਤੇ ਤੀਆਂ, ਕਿਤੇ ਖੇਡ ਮੁਕਾਬਲੇ, ਕਿਤੇ ਖਾਣ ਪੀਣ ਦੀਆਂ ਮਹਿਫਿਲਾਂ, ਕਿਤੇ ਸਾਕੇਦਾਰੀ, ਪ੍ਰਾਹੁਣਚਾਰੀ, ਸੱਥ ਚਰਚਾ, ਲੋਹੜੀ, ਕਿਤੇ ਡਾਕਾ, ਕਿਤੇ ਠਾਣੇ ਦੀ ਹਵਾਲਾਤ, ਕਿਤੇ ਅਮਲੀ ਦੇ ਟਾਂਗੇ ਦੀ ਸਵਾਰੀ, ਜੰਨਾਂ ਦਾ ਚੜ੍ਹਨਾ, ਜਾਗੋ ਕੱਢਣੀ, ਵਿਆਹਾਂ ਦੇ ਗੀਤ, ਜੰਨ ਬੰਨ੍ਹਣੀ ਤੇ ਛਡਾਉਣੀ, ਗਾਉਣ ਦੇ ਖਾੜੇ, ਗਵੰਤਰੀਆਂ ਦੀਆਂ ਢੱਡ ਸਾਰੰਗੀਆਂ, ਮੇਲਿਆਂ ਦੀਆਂ ਰੌਣਕਾਂ ਤੇ ਲੜਾਈਆਂ, ਡੱਬਾਂ 'ਚ ਪਿਸਤੌਲ, ਖੂੰਡੇ, ਦੁਨਾਲੀਆਂ, ਜ਼ਮੀਨ ਦੱਬਣ ਦੇ ਲਾਲਚ, ਪੰਚਾਂ ਦੇ ਪੱਖਪਾਤੀ ਫੈਸਲੇ, ਸ਼ਰੀਕੇ, ਭਾਨੀਆਂ, ਗਿਆਨੀ ਦਾ ਉਪਦੇਸ਼ ਤੇ ਕਿਤੇ ਕਿਤੇ ਇਨਕਲਾਬ ਦੀਆਂ ਗੱਲਾਂ। ਜਦ ਰੂਪ, ਜਗੀਰ, ਜੈਲੋ ਤੇ ਕਾਕੇ ਹੋਰੀਂ ਸੰਤੀ ਦੀ ਜ਼ਮੀਨ ਵਿਚ ਹਲ ਵਾਹੁੰਦੇ ਦਿਲ ਦੀਆਂ ਗੱਲਾਂ ਕਰਦੇ ਹਨ ਤਾਂ ਉਨ੍ਹਾਂ ਦੇ ਬੋਲੇ ਬੋਲ ਮੈਨੂੰ ਅੱਜ ਵੀ ਯਾਦ ਹਨ:

...ਹਲ ਵਗਦੇ ਰਹੇ ਅਤੇ ਹਲਾਂ ਅੱਗੇ ਬਰੂ ਦੀਆਂ ਲੰਮੀਆਂ ਜੜ੍ਹਾਂ ਤੇ ਖੱਬਲ ਦੀਆਂ ਧਰਤੀ 'ਤੇ ਵਿਛੀਆਂ ਤਿੜਾਂ ਟੁਟ ਟੁਟ ਜਾਂਦੀਆਂ। ਧਰਤੀ ਦੀਆਂ ਸੁੰਡੀਆਂ ਨੂੰ ਕਾਂ ਤੇ ਗੁਟਾਰਾਂ ਝਪਟਾਂ ਮਾਰ ਮਾਰ ਚੁੱਕ ਰਹੇ ਸਨ। ਕਾਕੇ ਨੇ ਜੈਲੋ ਨੂੰ ਛੇੜਨ ਦੇ ਬਹਾਨੇ ਆਖਿਆ, "ਜੈਲੋ! ਉਹ ਫਿਰ ਤਖਾਣਾਂ ਦੀ ਵਹੁਟੀ, ਲੌਂਗ 'ਤੇ ਸੰਧੂਰ ਭੁੱਕ ਕੇ ਰੰਨ ਮਾਰਦੀ ਛਪੜ 'ਤੇ ਗੇੜੇ, ਹੁਣ ਨ੍ਹੀਂ ਕਿਤੇ ਮਿਲੀ?"

"ਜਾਹ ਸਾਲਿਆ, ਓਦਣ ਜੁੱਤੀਆਂ ਈ ਪੁਆ ਦਿੱਤੀਆਂ ਸੀ। ਹਟ ਮਰ ਜੇਂ ਤੂੰ ਨਾਰਿਆ, ਪਾੜਾ ਛੱਡ ਗਿਆ ਏਂ।" ਜੈਲੋ ਰੱਸਾ ਖਿੱਚ ਨਾਰੇ ਬਲਦ ਨੂੰ ਘੂਰਨ ਲੱਗ ਪਿਆ।

"ਬਾਈ ਰੈਹਲ ਨੂੰ ਚੱਲੀਂ ਐਤਕੀਂ।" ਕਾਕੇ ਨੇ ਅੱਗੇ ਹਲ ਵਾਹੁੰਦੇ ਜਗੀਰ ਨੂੰ ਆਖਿਆ, "ਹਲਾ ਬਈ ਗੋਰਿਆ, ਜਿਉਣ ਜੋਗਿਆ। ਸ਼ਾਬਾਸ਼! ਤੇਰੀ ਮਾਂ ਜੀਵੇ ਕਰਮਾਂ ਵਾਲੀ। ਤੱਤਾ ਤੱਤਾ, ਸਦਕੇ।"

"ਤਖਾਣ ਕੁਹਾੜੇ ਨਾਲ ਖਲਪਾੜਾਂ ਕਰ ਦੇਣਗੇ, ਪਤਾ ਲੱਗ ਜੂ ਫੇਰ ਆਸ਼ਕੀ ਮਾਸ਼ੂਕੀ ਦਾ।" ਜਗੀਰ ਨੇ ਵੱਡੇ ਹੋਣ ਦੀ ਹੈਸੀਅਤ ਵਿਚ ਆਖਿਆ।

"ਅੱਜ ਤੈਨੂੰ ਮੈਂ ਬੁਲਾ ਕੇ ਵਖਾਊਂ। ਕੱਢ ਲਏ ਜਿਹੜੀਆਂ ਗਾਲ੍ਹਾਂ ਕੱਢਦੀ ਐ, ਗਾਲ੍ਹਾਂ ਨਾਲ ਕਿਹੜੀ ਬਾਂਹ ਭੱਜਣ ਲੱਗੀ ਆ? ਜਿੰਨਾ ਚਿਰ ਹੱਥ ਧੋ ਕੇ ਕਿਸੇ ਕੰਮ ਦੇ ਮਗਰ ਨਾ ਪਈਏ, ਕੰਮ ਬਣਦਾ ਈ ਨ੍ਹੀ।" ਕਾਕੇ ਨੇ ਰੋਹਬ ਨਾਲ ਜੈਲੋ ਨੂੰ ਆਖਿਆ।

"ਮੈਂ ਤਾਂ ਕੰਨਾਂ ਨੂੰ ਹੱਥ ਲਾ ਲਏ। ਸਾਲੀ ਸੂਈ ਕੁੱਤੀ ਅੰਗੂੰ ਪਈ ਮੈਨੂੰ ਤਾਂ।"

"ਊਂ ਤਖਾਣੀ ਲਾਲੜੀ ਵਰਗੀ ਪਈ ਐ ਕਿ ਨ੍ਹੀਂ।"

"ਆਪਾਂ ਨੂੰ ਕੀ ਭਾ। ਆਪਣੇ ਨਾਲੋਂ ਤਾਂ ਟੁੱਟੀ ਜਿਹੀ ਕੱਛ ਵਾਲਾ ਨੜਾ ਤਖਾਣ ਈ ਚੰਗਾ ਏ। ਆਪਾਂ ਜੱਟਾਂ ਦੇ ਕਾਹਨੂੰ ਜੰਮਣਾ ਸੀ, ਏਦੂੰ ਤਾਂ ਗੱਜਣ ਤਖਾਣ ਦੇ ਘਰ ਜੰਮਦੇ, ਵਿਆਹੇ ਤਾਂ ਜਾਂਦੇ।" ਕੁਦਰਤੀ ਜਜ਼ਬਾਤੀ ਖਿੱਚ ਉਨ੍ਹਾਂ ਨੂੰ ਜਾਤਾਂ ਦੇ ਹੱਦ-ਬੰਨੇ ਮਿਟਾ ਕੇ ਔਰਤ ਤਕ ਲੈ ਗਈ, ਜਿਸ ਨੂੰ ਉਨ੍ਹਾਂ ਦਾ ਅੰਦਰ-ਬਾਹਰ ਬੁਰੀ ਤਰ੍ਹਾਂ ਤਰਸ ਰਿਹਾ ਸੀ...।"

ਜੈਲੋ ਨੇ ਬੋਲੀ ਪਾਈ, "ਆਟਾ ਗੁੰਨ੍ਹਦੀ ਦੇ ਹਿਲਦੇ ਵਾਲੇ, ਤੁਰਦੀ ਦੀ ਮਛਲੀ ਹਿੱਲੇ।"

ਕਾਕੇ ਨੇ ਵਾਰੀ ਲਈ, "ਕੱਚੇ ਦੁੱਧ ਨੂੰ ਜਾਗ ਨਾ ਲਾਵਾਂ, ਝਾਕਾਂ ਯਾਰ ਦੀਆਂ...।"

"ਸਾਲਿਓ ਕਰਦੇ ਨੀ ਚੁੱਪ, ਕੋਈ ਰੋਟੀ ਵਾਲੀ ਆਉਂਦੀ ਹੋਊ।" ਜਗੀਰ ਨੇ ਪਿੰਡ ਵੱਲ ਤਕਦਿਆਂ ਕਿਹਾ।

"ਬਾਈ ਬੋਲੀਆਂ ਦਾ ਹੀ ਆਸਰਾ ਐ ਛੜਿਆਂ ਨੂੰ। ਲੈ ਨਹੀਂ ਪਾਉਂਦੇ, ਜੇ ਤੇਰੀ ਕਿਤੇ ਨੰਦੋ ਆਉਂਦੀ ਐ।" ਕਾਕੇ ਨੇ ਉੱਤਰ ਦਿੱਤਾ।

ਤ੍ਰਿੰਜਣ ਵਿਚ ਚਰਖਾ ਕੱਤਦੀਆਂ ਚੰਨੋ ਤੇ ਸ਼ਾਮੋ ਦਾ ਨਜ਼ਾਰਾ ਇੰਜ ਪੇਸ਼ ਕੀਤਾ ਹੈ:

ਸੱਜੇ ਹੱਥ ਨਾਲ ਉਹ ਚਰਖੇ ਨੂੰ ਪੂਰਾ ਜ਼ੋਰ ਲਾ ਕੇ ਘੁਮਾ ਰਹੀਆਂ ਸਨ। ਚਰਮਖਾਂ ਦੇ ਆਸਰੇ ਖਲੋਤਾ ਤਕਲਾ ਮਸ਼ੀਨ ਦੇ ਧੁਰੇ ਵਾਂਗ ਘੁੰਮ ਰਿਹਾ ਸੀ। ਤੰਦ ਪਾਉਣ ਵੇਲੇ ਰਤਾ ਕੁ ਅਟਕਦਾ ਅਤੇ ਮੁੜ ਆਪਣੀ ਰਫ਼ਤਾਰ ਫੜ ਲੈਂਦਾ। ਮੁਟਿਆਰਾਂ ਦੀਆਂ ਬਾਹਾਂ ਲਗਰਾਂ ਵਾਂਗ ਲਿਫ ਲਿਫ ਤੰਦ ਪਾਉਂਦੀਆਂ ਤੇ ਉੱਚੀਆਂ ਉਠਦੀਆਂ। ਚਿਹਰੇ ਦੇਖਣ ਤੋਂ ਸ਼ਾਮੋ ਦੇ ਬੱਗੇ ਬੱਗੇ ਰੰਗ ਵਿਚ ਲੁਕੀ ਸ਼ੋਖੀ ਦਾ ਪਤਾ ਲੱਗਦਾ ਸੀ। ਪਰ ਚੰਨੋ ਦਾ ਮੂੰਹ ਸਾਊਪੁਣੇ ਵਿਚ ਮਿੱਠਾ ਹੁਸਨ ਬਣਿਆ ਹੋਇਆ ਸੀ। ਕੱਤਦੀ ਸ਼ਾਮੋ ਨੂੰ ਗਲੀ ਵਿਚ ਦੀ ਲੰਘਦੇ ਆਦਮੀ ਚੰਗੀ ਤਰ੍ਹਾਂ ਦਿਸਦੇ ਸਨ। ਛੋਪ ਵੱਲ ਦੇਖ ਕੇ ਉਹ ਗਲੀ ਵਿਚ ਝਾਤ ਮਾਰਦੀ। ਇਉਂ ਪਰਤੀਤ ਹੁੰਦਾ ਸੀ ਜਿਵੇਂ ਕਿਸੇ ਗੁੱਝੀ ਉਡੀਕ ਨੇ ਉਸ ਨੂੰ ਬੇਕਰਾਰ ਕਰ ਦਿੱਤਾ ਸੀ। ਰਹਿ ਰਹਿ ਕੇ ਉਸ ਦੇ ਗੋਰੇ ਰੰਗ ਵਿਚ ਚਿਣਗਾਂ ਫੁੱਟ ਰਹੀਆਂ ਸਨ। ਉਹ ਬਾਰ ਬਾਰ ਗਲੀ ਨੂੰ ਤੱਕ ਰਹੀ ਸੀ।

*(ਚਲਦਾ)*

## ਕਾਵਿ ਕਿਆਰੀ

### ਹੀਰ

ਬੇਵਫਾ ਹੀਰ ਕਦੇ ਨਾ ਹੋਈ
ਕੈਦੋਂ, ਚੂਚਕ ਜੋਰਾਵਰ ਸੀ।
ਇਸੇ ਗੱਲ ਨੂੰ ਸਾਬਤ ਕਰਦੀ
ਸੋਹਣੀ ਗਈ ਕੱਚੇ 'ਤੇ ਤਰ ਸੀ।

ਭਾਂਬੜ ਮੱਚਦੇ ਕਦ ਸਾਂਭੇ ਜਾਂਦੇ।
ਆਖਿਰ ਸਭ ਸੜਨਾ ਹੀ ਸੀ।
ਚਿੰਗਾਰੀ ਪੈਰਾਂ ਨਾਲ ਨਾ ਮਿੱਧੀ
ਦੋਸ਼ ਦੂਜੇ 'ਤੇ ਮੜਨਾ ਹੀ ਸੀ।

ਵਾਂਗ ਰਾਜਿਆਂ ਜੇ ਹੀਰ ਸੀ ਪਾਲੀ
ਚਾਕ ਨਾਲ ਉਹ ਗੱਲ ਕਿਉਂ ਕਰਦੀ।
ਪੋਚੇ ਪਾਉਣ ਵਾਲੀ ਮਾਂ ਆਖਰ ਨੂੰ
ਜਾਵੇ ਨਾਲ ਸ਼ਰਮ ਦੇ ਸੀ ਮਰਦੀ।

ਇਸ਼ਕ ਪੁਗਾ ਗਏ ਆਖਿਰ ਦੋਵੇਂ
ਚਾਲਾਂ ਕੈਦੋਂ, ਚੂਚਕ ਕਰ ਗਏ।
ਵਫਾ ਨਿਭਾਉਂਦੇ ਦੋਵੇਂ ਆਸ਼ਕ
ਚਾਹੁੰਦੇ ਇੱਕ ਦੂਜੇ ਨੂੰ ਮਰ ਗਏ।

*-ਸੁਰਿੰਦਰ ਕੌਰ*

# ਪਿੰਡਾਂ ਵਾਲਿਆਂ ਦੀ ਸਾਦੀ ਜ਼ਿੰਦਗੀ

ਮੇਰਾ ਜਨਮ ਸੰਨ 1937 ਦਾ ਹੈ। ਮੇਰੀ ਹੋਸ਼ ਤੋਂ ਪਹਿਲਾਂ ਹੀ ਪਿਤਾ ਜੀ ਸਾਰੇ ਪਰਿਵਾਰ ਨੂੰ ਜਮਸ਼ੇਦਪੁਰ ਲੈ ਗਏ। 1942 ਵਿਚ ਦੂਜੀ ਸੰਸਾਰ ਜੰਗ ਸਮੇਂ ਜਮਸ਼ੇਦਪੁਰ ਵਿਚ ਅਫਵਾਹ ਫੈਲ ਗਈ ਕਿ ਜਾਪਾਨ ਨੇ ਜਮਸ਼ੇਦਪੁਰ ਵਿਚ ਟਾਟਾ ਦੇ ਸਟੀਲ ਕਾਰਖਾਨੇ ਨੂੰ ਬੰਬਾਂ ਨਾਲ ਉਡਾ ਦੇਣਾ ਹੈ ਤੇ ਹੋ ਸਕਦਾ ਹੈ ਕਿ ਕੁਝ ਬੰਬ ਸਿਵਲ ਆਬਾਦੀ 'ਤੇ ਵੀ ਡਿੱਗ ਪੈਣ। ਟਾਟਾ ਨਗਰ ਦੇ ਸਭ ਮਾਰਵਾੜੀਆਂ ਅਤੇ ਪੰਜਾਬੀਆਂ ਨੇ ਟੱਬਰ ਇਥੋਂ ਪਿੰਡਾਂ ਨੂੰ ਭੇਜ ਦਿੱਤੇ। ਪਿਤਾ ਜੀ ਸਾਨੂੰ ਵੀ ਪਿੰਡ ਛੱਡ ਆਏ।

ਉਦੋਂ ਚਾਰ-ਪੰਜ ਸਾਲ ਦੀ ਉਮਰ ਦੀਆਂ ਸਭ ਯਾਦਾਂ ਮੇਰੇ ਦਿਮਾਗ ਵਿਚ ਹਨ। ਉਦੋਂ ਪਿੰਡ ਦੀਆਂ ਦੁਕਾਨਾਂ ਤੋਂ ਲੋਕ ਸਿਰਫ ਲੂਣ, ਮਸਾਲੇ, ਬਨਫਸ਼ਾ



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਆਦਿ ਹੀ ਖਰੀਦਦੇ ਸਨ ਜਾਂ ਖੰਡ, ਚਾਹ ਪੱਤੀ। ਦਾਲਾਂ ਸਭ ਜਿਮੀਂਦਾਰਾਂ ਦੇ ਆਪਣੇ ਘਰ ਦੀਆਂ ਹੀ ਹੁੰਦੀਆਂ ਸਨ। ਖੰਡ ਵੀ ਕੋਈ ਪ੍ਰਾਹੁਣਾ ਆਉਣ 'ਤੇ ਹੀ ਥੋੜ੍ਹੀ ਜਿਹੀ ਹੱਟੀ ਤੋਂ ਮੰਗਵਾਉਂਦੇ ਸਨ। ਤੀਵੀਆਂ ਚੱਕੀ 'ਤੇ ਦਾਲਾਂ ਦਲ ਲੈਂਦੀਆਂ ਤੇ ਬਹੁਤੀਆਂ ਕਣਕ ਅਤੇ ਮੱਕੀ ਦਾ ਆਟਾ ਵੀ ਟੱਬਰ ਜੋਗਾ ਚੱਕੀ 'ਤੇ ਪੀਹ ਲੈਂਦੀਆਂ।

ਸਾਡੇ ਪਿੰਡ ਵਿਚ ਦੋ ਖਰਾਸ ਸਨ, ਇਕ ਪਿੰਡ ਦੇ ਚੜ੍ਹਦੇ ਪਾਸੇ ਅਤੇ ਦੂਜਾ ਪਿੰਡ ਦੇ ਲਹਿੰਦੇ ਪਾਸੇ। ਸਾਡਾ ਘਰ ਚੜ੍ਹਦੇ ਪਾਸੇ ਸੀ ਅਤੇ ਉਸ ਖਰਾਸ ਨੂੰ ਗੰਗੀ ਖਰਾਸਣ ਦਾ ਖਰਾਸ ਕਹਿੰਦੇ ਸਨ। ਉਹ ਆਟੇ ਵਿਚੋਂ ਕੁਝ ਆਟਾ ਆਪੇ ਹੀ ਬਾਟੇ ਨਾਲ ਆਪਣੀ ਪਿਹਾਈ ਦਾ ਰੱਖ ਲੈਂਦੀ। ਆਟਾ ਬਾਰੀਕ ਜਾਂ ਮੋਟਾ ਪੀਹਣ ਲਈ ਉਹ ਪੁੜਾਂ ਵਿਚ ਦਾਣੇ ਡਿੱਗਣ ਦੀ ਇਕ ਕਲਾ ਨੂੰ ਥੋੜ੍ਹਾ ਕੱਸ ਜਾਂ ਢਿੱਲਾ ਕਰ ਦਿੰਦੀ ਸੀ। ਕੱਤਕ ਦੀ ਵੱਤ ਸਮੇਂ ਜਿਮੀਂਦਾਰ ਤੜਕੇ ਤੋਂ ਦੇਰ ਤਕ ਹਲ ਵਾਹੁੰਦੇ ਰਹਿੰਦੇ ਤੇ ਬਲਦਾਂ ਨੂੰ ਮਹੀਨਾ ਕੁ ਖਰਾਸ ਨਾਲ ਜੋੜਦੇ ਤਾਂ ਘਰ ਦੀਆਂ ਸੁਆਣੀਆਂ ਨੂੰ ਚੱਕੀ ਨਾਲ ਟੱਬਰ ਜੋਗਾ ਆਟਾ ਤੜਕੇ ਉਠ ਕੇ ਪੀਹਣਾ ਪੈਂਦਾ।

ਸਾਡੇ ਪਿੰਡ ਕਾਲਰੇ ਦੇ ਮੁਸਲਮਾਨਾਂ ਨੇ ਟਾਂਗਾ ਰਖਿਆ ਹੋਇਆ ਸੀ, ਜਿਸ 'ਤੇ ਉਹ ਸਵੇਰੇ ਹੀ ਸਵਾਰੀਆਂ ਲੈ ਕੇ ਅੱਠ ਵਜੇ ਦੀਆਂ ਜਲੰਧਰ ਅਤੇ ਹੁਸ਼ਿਆਰਪੁਰ ਨੂੰ ਜਾਣ ਵਾਲੀਆਂ ਗੱਡੀਆਂ ਤੇ ਸਵਾਰੀਆਂ ਨੂੰ ਆਦਮਪੁਰ ਸਟੇਸ਼ਨ 'ਤੇ ਲੈ ਕੇ ਜਾਂਦੇ ਅਤੇ ਕੁਝ ਘਰਾਂ ਤੋਂ ਦਾਣੇ ਪਿਹਾਉਣ ਲਈ ਵੀ ਲੈ ਜਾਂਦੇ। ਸਾਡੀ ਮਾਤਾ ਜੀ ਨੇ ਸ਼ਾਮ ਨੂੰ ਉਸ ਨੂੰ ਬੁਲਾ ਕੇ ਦਾਣੇ ਤੁਲਾ ਦੇਣੇ ਤੇ ਉਹ ਦੂਜੇ ਦਿਨ ਸ਼ਾਮ ਨੂੰ ਆਟਾ ਵੀ ਤੋਲ ਕੇ ਦਿੰਦਾ ਤੇ ਦੱਸ ਦਿੰਦਾ ਕਿ ਐਨੀ ਮਸ਼ੀਨ ਵਾਲੇ ਨੇ ਉਡਾਈ ਕੱਟ ਲਈ ਹੈ। ਉਦੋਂ ਮਸਾਂ ਤਾਂ ਖਾਣ ਜੋਗੀ ਕਣਕ ਹੁੰਦੀ ਸੀ। ਹੁਣ ਦੇ ਖੁੱਲ੍ਹ-ਡੁੱਲ੍ਹ ਦੇ ਸਮੇਂ ਅਸੀਂ ਨੌਕਰ ਨੂੰ ਬਿਨਾ ਤੋਲੇ ਕਣਕ ਦਾ ਝੋਲਾ ਚੁਕਾ ਦਿੰਦੇ ਹਾਂ ਤੇ ਕਦੇ ਨਹੀਂ ਪੁੱਛਿਆ ਕਿ ਦਾਣੇ ਕਿੰਨੇ ਹੋਏ ਤੇ ਮਸ਼ੀਨ ਵਾਲੇ ਨੇ ਕੀ ਉਡਾਈ ਕੱਟੀ ਹੈ।

1950 ਵਿਚ ਸਾਡੇ ਪਿੰਡੋਂ ਮੀਲ ਕੁ 'ਤੇ ਪਿੰਡ ਡਰੋਲੀ ਕਲਾਂ ਵਿਚ ਕਿਸੇ ਨੇ ਇੰਜਣ ਨਾਲ ਚੱਲਣ ਵਾਲੀ ਮਸ਼ੀਨ ਲਾਈ ਤਾਂ ਅਸੀਂ ਵੀ ਦਾਣੇ ਉਥੋਂ ਪਿਹਾਉਣ ਜਾਂਦੇ। ਸਾਡੇ ਵਿਚੋਂ ਖੱਤਰੀਆਂ ਦਾ ਪਾਸ਼ ਬੜਾ ਅਸਤਰ ਸੀ ਤੇ ਇਕ ਦਿਨ ਜਦੋਂ ਅਸੀਂ ਪੰਜ-ਛੇ ਮੁੰਡੇ ਸਿਰਾਂ 'ਤੇ ਕਣਕ ਦੇ ਬੋਰੇ ਰੱਖ ਕੇ ਚੱਲੇ ਤਾਂ ਰਾਹ ਵਿਚ ਪਾਸ਼ ਕਹਿੰਦਾ, ਠਹਿਰੋ ਜ਼ਰਾ ਆਹ ਅੰਨਿਆਂ ਦੇ ਖੂਹ 'ਤੇ। ਅਸੀਂ ਸਿਰਾਂ ਤੋਂ ਬੋਰੇ ਲਾਹ ਕੇ ਬੈਠ ਗਏ। ਉਸ ਨੇ ਕਿਹਾ ਕਿ ਸਾਰੇ ਜਣੇ ਇੱਟ ਦਾ ਇਕ-ਇਕ ਰੋੜਾ ਚੁੱਕ ਕੇ ਬੋਰਿਆਂ ਵਿਚ ਰੱਖ ਲਵੋ ਤੇ ਦਾਣੇ ਤੁਲਾ ਕੇ ਜਦੋਂ ਤੱਕੜ ਤੋਂ ਮਸ਼ੀਨ ਕੋਲ ਰੱਖੀਏ ਤਾਂ ਪੀਹਣ ਵਾਲੇ ਦੀ ਅੱਖ ਬਚਾ ਕੇ ਰੋੜਾ ਕੱਢ ਕੇ ਪਰਾਂ ਲੁਕੋ ਦੇਣਾ।

ਇਹੋ ਜਿਹੀ ਅਸਤਰੀ ਖੱਤਰੀਆਂ ਦੇ ਮੁੰਡੇ ਨੂੰ ਹੀ ਸੁੱਝ ਸਕਦੀ ਸੀ, ਸਾਡੇ ਜਿਮੀਂਦਾਰਾਂ ਦੇ ਮੁੰਡਿਆਂ ਦੇ ਦਿਮਾਗ ਵਿਚ ਕਦੇ ਨਹੀਂ ਆਈ ਸੀ। ਇਹ ਐਵੇਂ ਬਚਪਨ ਦੀ ਸ਼ਰਾਰਤ ਸੀ, ਕੋਈ ਬੇਈਮਾਨੀ ਨਹੀਂ ਸੀ। ਸਾਡੇ ਜਿਮੀਂਦਾਰਾਂ ਦੇ ਮੁੰਡੇ ਤਾਂ ਕਿਸੇ ਦੇ ਖੇਤ ਵਿਚੋਂ ਗਰਮੀਆਂ 'ਚ ਹਨੇਰੇ ਹੋਏ ਖਰਬੂਜੇ ਜਾਂ ਹਦਵਾਣੇ ਤੋੜ ਲਿਆਉਂਦੇ। ਜਿੰਨੇ ਕੁ ਰੱਜ ਕੇ ਖਾ ਹੁੰਦੇ, ਖਾ ਲੈਂਦੇ ਤੇ ਬਾਕੀ ਦੇ ਘਰਦਿਆਂ ਤੋਂ ਡਰਦੇ ਘਰ ਨਾ ਲਿਆਉਂਦੇ, ਬਾਹਰ ਹੀ ਕਿਤੇ ਬੂਟਿਆਂ ਵਿਚ ਲੁਕੋ ਆਉਂਦੇ। ਘਰ ਲਿਆਉਂਦੇ ਤਾਂ ਘਰੋਂ ਕੁਟਾਪਾ ਹੀ ਚੜ੍ਹਨਾ ਸੀ ਕਿ ਹੁਣ ਛੋਟੀਆਂ ਚੋਰੀਆਂ ਕਰਦੇ ਹੋ, ਵੱਡੇ ਹੋ ਕੇ ਵੱਡੀਆਂ ਕਰੋਗੇ।





*ਚਿੱਤਰਕਾਰ ਜਰਨੈਲ ਸਿੰਘ ਦੇ ਦੋ ਚਿੱਤਰ*

ਜਦੋਂ ਕੋਈ ਜੀਅ ਹੱਟੀ ਤੋਂ ਸੌਦਾ ਲੈਣ ਜਾਂਦਾ ਤਾਂ ਆਪਣੇ ਕੋਲ ਪਰਨਾ ਲੈ ਕੇ ਜਾਂਦਾ, ਕਿਉਂਕਿ ਉਦੋਂ ਕਾਗਜ਼ ਦੇ ਲਿਫਾਫੇ ਵੀ ਨਹੀਂ ਸੀ ਹੁੰਦੇ। ਪਲਾਸਟਿਕ ਦੇ ਲਿਫਾਫੇ ਤਾਂ 1960 ਦੇ ਨੇੜੇ-ਤੇੜੇ ਆਏ। ਬੱਚਿਆਂ ਦੇ ਖਾਣ ਲਈ ਖੰਡ ਦੀਆਂ ਗੋਲੀਆਂ। ਖਰਬੂਜੇ ਵਰਗੀਆਂ, ਮੱਛੀ ਵਰਗੀਆਂ ਕਈ ਰੰਗ ਦੀਆਂ ਹੁੰਦੀਆਂ। ਅਸੀਂ ਦਾਣੇ ਜਾਂ ਪੈਸੇ ਦੇ ਕੇ ਆਖ ਦਿੰਦੇ ਕਿ ਮੈਨੂੰ ਦੋ ਲਾਲ ਰੰਗ ਦੀਆਂ, ਦੋ ਹਰੇ ਰੰਗ ਦੀਆਂ ਅਤੇ ਦੋ ਪੀਲੇ ਰੰਗ ਦੀਆਂ ਦੇਵੇ। ਹੱਟੀ ਵਾਲੇ ਕਦੇ ਵੀ ਬੱਚਿਆਂ ਤੋਂ ਖਿਝਦੇ ਨਾ। ਉਦੋਂ ਦੁਕਾਨਦਾਰ ਗਾਹਕ ਨੂੰ ਭਗਵਾਨ ਦਾ ਰੂਪ ਕਿਹਾ ਕਰਦੇ ਸਨ। ਪਿੰਡਾਂ ਦੀਆਂ ਹੱਟੀਆਂ ਵਾਲੇ ਵਿਸਾਖੀ ਜਾਂ ਦੀਵਾਲੀ ਵਾਲੇ ਦਿਨ ਹੀ ਲੱਡੂ, ਜਲੇਬੀਆਂ ਬਣਾਉਂਦੇ, ਜੋ ਵਾਹਵਾ ਵਿਕ ਜਾਂਦੀਆਂ।

1947 ਤੋਂ ਪਹਿਲਾਂ ਬਹੁਤੇ ਦੁਕਾਨਦਾਰ ਖੱਤਰੀ, ਸੁਨਿਆਰੇ ਜਾਂ ਬ੍ਰਾਹਮਣ ਸਨ। ਦੇਸ਼ ਦੀ ਵੰਡ ਪਿਛੋਂ ਪਾਕਿਸਤਾਨ ਤੋਂ ਆਏ ਅਰੋੜਿਆਂ ਨੇ ਤਾਂ ਸੱਚਮੁੱਚ ਇਹ ਕਹਾਵਤ ਸੱਚ ਸਾਬਤ ਕਰ ਦਿੱਤੀ ਕਿ "ਲੱਕ ਬੱਧਾ ਅਰੋੜਿਆਂ ਤੇ ਮੁੰਨਾ ਕੋਹ ਲਾਹੌਰ।" ਅਰੋੜੇ ਪਾਕਿਸਤਾਨ ਤੋਂ ਚੰਗੇ ਕਾਰੋਬਾਰ ਛੱਡ ਕੇ ਮਸਾਂ ਜਾਨਾਂ ਬਚਾ ਕੇ ਆਏ ਸਨ, ਪਰ ਹੈ ਸਨ ਬੜੇ ਹਿੰਮਤੀ। ਉਨ੍ਹਾਂ ਨੇ ਪਿੰਡਾਂ ਵਿਚ ਦੁਕਾਨਾਂ ਪਾ ਲਈਆਂ। ਦੁਕਾਨਾਂ 'ਤੇ ਉਨ੍ਹਾਂ ਦੀਆਂ ਜਨਾਨੀਆਂ ਬੈਠਦੀਆਂ ਤੇ ਉਹ ਆਪ ਸ਼ਹਿਰੋਂ ਜਾ ਕੇ ਸਾਈਕਲਾਂ 'ਤੇ ਸਬਜ਼ੀਆਂ ਅਤੇ ਕੇਲੇ, ਸੰਤਰੇ ਵੀ ਲਿਆ ਕੇ ਦੁਕਾਨਾਂ ਵਿਚ ਰੱਖਦੇ। ਉਨ੍ਹਾਂ ਦੀਆਂ ਜਨਾਨੀਆਂ ਵੀ ਹਰ ਗਾਹਕ ਨੂੰ ਭਿਰਾ (ਭਰਾ) ਜੀ ਜਾਂ ਪਿਤਾ ਜੀ ਆਖਦੀਆਂ। ਇਧਰ ਦੀਆਂ ਜਨਾਨੀਆਂ ਤਾਂ ਸਲਵਾਰਾਂ ਪਾਉਂਦੀਆਂ ਪਰ ਉਨ੍ਹਾਂ ਚਾਦਰਾਂ ਲਾਈਆਂ ਹੁੰਦੀਆਂ। ਅਰੋੜਿਆਂ ਨੇ ਤਾਂ ਪਿੰਡਾਂ ਦੀਆਂ ਦੁਕਾਨਾਂ ਨੂੰ ਵੀ ਸ਼ਹਿਰ ਵਰਗੀਆਂ ਬਣਾ ਦਿਤਾ।

ਪਹਿਲਾਂ ਪਿੰਡਾਂ ਵਿਚ ਸੂਈਆਂ-ਗਧੂਈਆਂ ਵੇਚਣ ਬਾਜ਼ੀਗਰਨੀਆਂ ਆਉਂਦੀਆਂ ਸਨ, ਪਰ ਅਰੋੜਿਆਂ ਨੇ ਦੁਕਾਨਾਂ 'ਤੇ ਸੂਈਆਂ, ਸਿਲਾਈਆਂ, ਧਾਗੇ ਤੇ ਉਨ ਵੀ ਰੱਖ ਲਈ। ਉਨ੍ਹਾਂ ਦੀਆਂ ਜਨਾਨੀਆਂ ਹੱਟੀ 'ਤੇ ਬੈਠੀਆਂ ਹੀ ਕੁੜੀਆਂ ਨੂੰ ਕਢਾਈ ਅਤੇ ਸਵੈਟਰ ਬੁਣਨੇ ਸਿਖਾ ਦਿੰਦੀਆਂ। ਇਨ੍ਹਾਂ ਅਰੋੜਿਆਂ ਦੇ ਸੱਚੇ ਸੁੱਚੇ ਸੁਭਾਅ ਦੇਖ ਕੇ ਪਿੰਡ ਦੇ ਵੈਲੀ ਵੀ ਇਨ੍ਹਾਂ ਨੂੰ ਭੈਣ ਜੀ ਕਹਿ ਕੇ ਬੁਲਾਉਂਦੇ ਅਤੇ ਕਦੇ ਵੀ ਕਿਸੇ ਨੇ ਇਨ੍ਹਾਂ ਨੂੰ ਮਾੜੀ ਅੱਖ ਨਾਲ ਨਾ ਦੇਖਿਆ।

1967 ਵਿਚ ਸ. ਲਛਮਣ ਸਿੰਘ ਗਿੱਲ ਪੰਜਾਬ ਦਾ ਮੁੱਖ ਮੰਤਰੀ ਬਣਿਆ ਤਾਂ ਉਹ ਡਾ. ਐਮ. ਐਸ. ਰੰਧਾਵਾ ਨੂੰ ਖਰੜ ਦੇ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਫਾਰਮ ਹਾਊਸ ਮਿਲਣ ਗਿਆ ਅਤੇ ਕਿਹਾ ਕਿ ਰੰਧਾਵਾ ਸਾਹਿਬ, ਮੈਨੂੰ ਪਤਾ ਹੈ ਕਿ ਮੇਰੀ ਸਰਕਾਰ ਕੁਝ ਕੁ ਮਹੀਨੇ ਚੱਲਣੀ ਹੈ, ਤੁਸੀਂ ਦੱਸੋ, ਮੈਂ ਐਸਾ ਕਿਹੜਾ ਕੰਮ ਕਰਾਂ ਕਿ ਲੋਕੀਂ ਮੈਨੂੰ ਯਾਦ ਰੱਖਣ। ਰੰਧਾਵਾ ਸਾਹਿਬ ਨੇ ਕਿਹਾ ਕਿ ਤੁਸੀਂ ਪਿੰਡਾਂ ਵਾਲਿਆਂ ਨੂੰ ਕਹੋ ਕਿ ਕੱਚੀਆਂ ਸੜਕਾਂ 'ਤੇ ਰਲ ਕੇ ਮਿੱਟੀ ਪਾ ਦਿਉ, ਪੱਕੀਆਂ ਸਰਕਾਰ ਕਰ ਦੇਵੇਗੀ। ਉਨ੍ਹਾਂ ਦੇ ਪਿੰਡ ਚੂਹੜਚੱਕ ਦੀ ਸੜਕ ਇਕ ਮਹੀਨੇ ਵਿਚ ਹੀ ਬਣ ਗਈ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਪਿੰਡਾਂ ਦੀਆਂ ਸੜਕਾਂ ਬਣੀਆਂ। ਜਿਹੜੇ-ਜਿਹੜੇ ਪਿੰਡ ਪੱਕੀਆਂ ਸੜਕਾਂ ਨਾਲ ਸ਼ਹਿਰਾਂ ਨਾਲ ਜੁੜ ਗਏ, ਉਨ੍ਹਾਂ ਵਿਚ ਸ਼ਹਿਰਾਂ ਵਰਗੀਆਂ ਸਭ ਸਹੂਲਤਾਂ ਆ ਗਈਆਂ। ਅੱਜ ਵੀ ਸ਼ਹਿਰਾਂ ਦੀ ਪ੍ਰਦੂਸ਼ਣ ਭਰੀ ਜ਼ਿੰਦਗੀ ਨਾਲੋਂ ਪਿੰਡਾਂ ਦੀ ਜ਼ਿੰਦਗੀ ਚੰਗੀ ਹੈ।

# ਹਰ ਤਬਦੀਲੀ ਵਰਦਾਨ ਨਹੀਂ ਹੁੰਦੀ

***ਤਬਦੀਲੀ ਆਮ ਕਰਕੇ ਜ਼ਿੰਦਗੀ ਦੇ ਪੈਂਡੇ ਦਾ ਅਗਲਾ ਮੁਕਾਮ ਮੰਨੀ ਜਾਂਦੀ ਹੈ, ਪਰ ਕਈ ਵਾਰੀ ਇਹ ਅਗਾਂਹ ਮੁਖੀ ਵੀ ਨਹੀਂ ਹੁੰਦੀ। ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਨੇ ਕੁਦਰਤ ਦੇ ਤਬਦੀਲੀ ਦੇ ਇਸ ਅਟੱਲ ਨੇਮ ਬਾਰੇ ਬੜੀਆਂ ਦਿਲਚਸਪ ਗੱਲਾਂ ਇਸ ਲੇਖ ਵਿਚ ਕੀਤੀਆਂ ਹਨ, ਜੋ ਦੇਖਣ ਨੂੰ ਸਾਧਾਰਨ ਲਗਦੀਆਂ ਹਨ, ਪਰ ਮਨੁੱਖੀ ਜੀਵਨ ਵਿਚ ਇਨ੍ਹਾਂ ਦਾ ਦਖਲ ਬਹੁਤ ਵੱਡਾ ਹੁੰਦਾ ਹੈ। -ਸੰਪਾਦਕ***

ਤਬਦੀਲੀ ਕੁਦਰਤ ਦਾ ਅਸੂਲ ਹੈ। ਦੁਨੀਆਂ ਦੀ ਕੋਈ ਤਾਕਤ ਇਸ ਨੂੰ ਖਤਮ ਨਹੀਂ ਕਰ ਸਕਦੀ। ਕੁਝ ਜਿਸਮਾਨੀ ਤਬਦੀਲੀਆਂ ਨੂੰ ਆਧੁਨਿਕ ਦਵਾਈਆਂ ਦੇਰੀ ਨਾਲ ਆਉਣ ਵਿਚ ਸਹਾਈ ਹੋ ਸਕਦੀਆਂ, ਪਰ ਪੂਰੀ ਤਰ੍ਹਾਂ ਰੋਕ ਨਹੀਂ ਸਕਦੀਆਂ। ਹਰ ਬੱਚੇ ਨੇ ਕੁਝ ਸਮੇਂ ਪਿਛੋਂ ਜਵਾਨ ਹੋਣਾ ਹੈ, ਫੇਰ ਬੁਢਾਪਾ ਆਉਣਾ ਹੀ ਹੈ ਅਤੇ ਅਖੀਰ ਮੌਤ ਅਵੱਸ਼ ਹੈ। ਹੋਰ ਤਾਂ ਹੋਰ, ਜੀਣ ਵਾਲੇ ਹਰ ਜਾਨਵਰ, ਪੌਦੇ, ਪਰਿੰਦੇ, ਜੋ ਜੀਵਤ ਸੈਲਾਂ ਦੇ ਬਣੇ ਹੋਏ ਹਨ, ਉਹ ਹਰ ਰੋਜ਼ ਬਦਲਦੇ ਰਹਿੰਦੇ ਹਨ। ਕੁਝ ਮਰ ਜਾਂਦੇ ਹਨ, ਕੁਝ ਨਵੇਂ ਆ ਜਾਂਦੇ ਹਨ। ਗਹੁ ਨਾਲ ਵੇਖੀਏ ਤਾਂ ਸ਼ਾਮ ਵੇਲੇ ਦਾ ਬੰਦਾ ਸਵੇਰ ਵੇਲੇ ਹੋਰ ਸੈਲਾਂ ਦਾ ਬਣਿਆ ਹੁੰਦਾ ਹੈ। ਆਥਣ ਵੇਲੇ ਦਾ ਗੁਸੇ ਵਾਲਾ ਮਨ ਸਵੇਰ ਨੂੰ ਸ਼ਾਂਤ ਹੋ ਜਾਂਦਾ ਹੈ। ਇਹ ਤਬਦੀਲੀ ਕੁਦਰਤ ਦੀ ਖੂਬਸੂਰਤ ਖੇਡ ਹੈ।



**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
**ਸੇਵਾ ਮੁਕਤ ਪ੍ਰਿੰਸੀਪਲ**
**ਫੋਨ: 925-683-1982**

ਸੂਰਜ ਨੇ ਹਰ ਸਵੇਰ ਧਰਤੀ ਨੂੰ ਲਿਸ਼ਕਾਉਣਾ ਹੀ ਹੈ। ਨਵੀਆਂ ਉਮੀਦਾਂ ਨਾਲ ਬਹੁਤ ਲੋਕਾਂ ਨੂੰ ਭਰਮਾਉਣਾ ਹੀ ਹੈ ਅਤੇ ਚੜ੍ਹਨ ਵੇਲੇ ਦੀ ਲਾਲੀ ਨੇ ਸੰਧਿਆ ਵੇਲੇ ਢਲਦੀ ਲਾਲੀ ਵਿਚ ਬਦਲ ਜਾਣਾ ਹੈ ਤੇ ਇੰਨੇ ਸ਼ਕਤੀਮਾਨ ਸੂਰਜ ਨੇ ਕਾਲੀ ਰਾਤ ਦੀ ਬੁੱਕਲ ਵਿਚ ਸੌਂ ਜਾਣਾ ਹੈ। ਮੌਸਮ ਦੇ ਪਰਿਵਰਤਨ ਅਨੁਸਾਰ ਪਤਝੜ ਨਾਲ ਰੁੰਡ-ਮਰੁੰਡ ਹੋਏ ਪੌਦੇ ਬਹਾਰ ਦੀ ਆਮਦ ਨਾਲ ਹਰੇ ਭਰੇ ਹੋਣੇ ਹੀ ਹਨ।

ਕਈ ਪੁਰਸ਼ ਕੁਦਰਤ ਦੇ ਅਟੱਲ ਕਾਰਨਾਮਿਆਂ ਨੂੰ ਹੀ ਚਾਂਸ ਕਹਿੰਦੇ ਹਨ ਅਤੇ ਜਵਾਨੀ ਵਿਚ ਬਹੁਤ ਅਭਿਮਾਨੀ ਹੁੰਦੇ ਹਨ। ਨਾਸਤਕ ਹੋਣਾ ਉਨ੍ਹਾਂ ਦਾ ਮਨ ਭਾਉਂਦਾ ਅੰਦਾਜ਼ ਹੁੰਦਾ ਹੈ, ਉਨ੍ਹਾਂ ਦੀ ਮੌਜ! ਪਰ ਤਬਦੀਲੀ ਉਨ੍ਹਾਂ 'ਤੇ ਵੀ ਕਈ ਵਾਰ ਆਪਣਾ ਰੰਗ ਦਿਖਾ ਦਿੰਦੀ ਹੈ। ਢਲਦੀ ਉਮਰ ਵਿਚ ਚੁਪਚਾਪ ਹੋ ਜਾਂਦੇ ਹਨ। ਕਦੇ-ਕਦੇ ਇਹ ਕਹਿੰਦੇ ਹਨ, ਬਾਈ ਜੀ, ਐਵੇਂ ਹਨੇਰੇ ਵਿਚ ਹੀ ਰਹੇ।

ਸਮਾਜਕ ਅਤੇ ਵਿਗਿਆਨਕ ਤਬਦੀਲੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਇਸ ਤੋਂ ਘਬਰਾਉਣ ਦੀ ਲੋੜ ਨਹੀਂ, ਪਰ ਇਸ ਵਿਚ ਪੂਰਨ ਤੌਰ 'ਤੇ ਰੰਗੇ ਜਾਣਾ ਠੀਕ ਨਹੀਂ। ਇਨਸਾਨੀ ਫਿਤਰਤ ਬਹੁਤ ਦਿਲਚਸਪ ਹੈ। ਪੜ੍ਹੇ ਲਿਖੇ ਅਤੇ ਦਾਨਿਸ਼ਮੰਦ ਵੀ ਜਾਂ ਤਾਂ ਸਮਾਜਕ ਤਬਦੀਲੀ ਦੇ ਗੁਣ ਗਾਉਂਦੇ ਹਨ ਜਾਂ ਇਸ ਦੇ ਖਿਲਾਫ ਬੋਲਦੇ ਰਹਿੰਦੇ ਹਨ। ਕਈ ਤਹਿਰੀਕਾਂ ਦੂਜੇ ਦੇਸ਼ਾਂ ਵਿਚ ਕਾਮਯਾਬੀ ਦੇ ਝੰਡੇ ਗੱਡ ਗਈਆਂ ਅਤੇ ਸਾਡੇ ਦੇਸ਼ ਵਿਚ ਵੀ ਦੇਖਾ-ਦੇਖੀ ਨਾਲ ਆਪਣੇ ਪੈਰ ਜਮਾ ਗਈਆਂ।

ਨੌਜਵਾਨ ਤਬਕਾ ਤਾਂ ਬਹੁਤ ਹੀ ਪ੍ਰਭਾਵਿਤ ਹੋਇਆ, ਜਿਸ ਤਰ੍ਹਾਂ ਅਗਾਂਹਵਧੂ ਲਹਿਰ। ਪੱਛਮੀ ਬੰਗਾਲ ਵਿਚ ਜੋਤੀ ਬਾਸੂ 17 ਸਾਲ ਲਗਾਤਾਰ ਮੁੱਖ ਮੰਤਰੀ ਰਿਹਾ। ਹਰਕਿਸ਼ਨ ਸਿੰਘ ਸੁਰਜੀਤ ਮਰਕਜ਼ੀ ਸਰਕਾਰ ਵਿਚ ਬਹੁਤ ਦੇਰ ਕਿੰਗਮੇਕਰ ਰਿਹਾ। ਜਿਸ ਵੇਲੇ ਕੇਂਦਰ ਦੀ ਰਾਜਨੀਤੀ ਵਖਰੇ ਪੈਂਡੇ ਚਲ ਰਹੀ ਸੀ, ਛੇ-ਛੇ ਮਹੀਨਿਆਂ ਲਈ ਕਈ ਪ੍ਰਧਾਨ ਮੰਤਰੀ ਬਣੇ, ਉਸ ਵੇਲੇ ਜੋਤੀ ਬਾਸੂ ਵੀ ਇਸ ਅਹੁਦੇ 'ਤੇ ਪਹੁੰਚਣ ਹੀ ਵਾਲਾ ਸੀ। ਸੁਣਿਆ ਹੈ, ਹਰਕਿਸ਼ਨ ਸਿੰਘ ਸੁਰਜੀਤ ਨੂੰ ਇਸ ਗੱਲ ਦਾ ਕਾਫੀ ਪਛਤਾਵਾ ਰਿਹਾ ਕਿ ਉਹ ਇਹ ਕਾਰਜ ਨਾ ਕਰ ਸਕਿਆ। ਅੱਜ ਕਮਿਊਨਿਸਟ ਪਾਰਟੀ ਆਪਣੀ ਹੋਂਦ ਨੂੰ ਤਰਸ ਰਹੀ ਹੈ। ਪੱਛਮੀ ਬੰਗਾਲ ਵਿਚ ਪੱਕੇ ਅਤੇ ਪੁਰਾਣੇ ਕਾਰਕੁਨ ਵੀ ਪਾਰਟੀ ਨੂੰ ਅਲਵਿਦਾ ਕਹਿ ਰਹੇ ਹਨ। ਇਹ ਤਬਦੀਲੀ ਚਾਰ ਦਿਨ ਦੀ ਚਾਂਦਨੀ ਦਿਖਾ ਕੇ ਕਿਧਰ ਛੁਪ ਗਈ? ਇਸ ਦੇ ਅਸੂਲ, ਮਾਰਕਸ ਦੀ ਵਿਚਾਰਧਾਰਾ ਤਾਂ ਬੁਰੀ ਨਹੀਂ। ਬਹੁਤ ਗੱਲਾਂ ਵਿਚ ਅੱਜ ਵੀ ਮਾਰਕਸ ਦੀ ਭਵਿਖਵਾਣੀ ਠੀਕ ਸਿੱਧ ਹੋ ਰਹੀ ਹੈ।

ਮੇਰੀ ਤੁੱਛ ਜਿਹੀ ਬੁਧੀ ਅਨੁਸਾਰ ਸਾਡੇ ਲੋਕਾਂ ਦੀ ਸਦੀਆਂ ਤੋਂ ਰੰਗੀ ਹੋਈ ਜ਼ਹਿਨੀਅਤ ਸਾਂਝੀਵਾਲਤਾ ਦਾ ਢੌਂਗ ਰਚਾ ਕੇ ਚੋਰੀ ਛੁਪੇ ਅਮੀਰ ਬਣਨ ਦੀ ਹੈ। ਨੇੜੇ ਦੇ ਲੋਕਾਂ ਤੋਂ ਅੱਖ ਬਚਾ ਕੇ ਕਿਸੇ ਹੋਰ ਸੂਬੇ ਜਾਂ ਵਿਦੇਸ਼ ਵਿਚ ਪਾਪ ਦੀ ਕਮਾਈ ਨਾਲ ਜਾਇਦਾਦ ਬਣਾਉਣਾ ਸਾਡਾ ਸਹੀ ਸਮਝਿਆ ਜਾਂਦਾ ਧੰਦਾ ਹੈ। ਜੇ ਇਹ ਨਾ ਹੋ ਸਕੇ ਤਾਂ ਸਵੀਡਨ ਦੇ ਬੈਂਕਾਂ ਵਿਚ ਗਲਤ ਜਾਂ ਕਾਲਾ ਧਨ ਭੇਜਣਾ ਬੁਰਾ ਨਹੀਂ ਲਗਦਾ। ਕੁਝ ਸਮੇਂ ਲਈ ਤਾਂ ਬਗਾਨੇ ਦੇਸ਼ ਦਾ ਢਾਂਚਾ ਮਨ ਨੂੰ ਭਾਉਂਦਾ ਹੈ, ਪਰ ਜੇ ਉਹ ਦੇਸ਼ ਸਾਡਾ ਵੈਰੀ ਬਣ ਜਾਵੇ ਅਤੇ ਸਾਡੇ ਦੇਸ਼ ਦੀ ਕੋਈ ਵੀ ਪਾਰਟੀ ਉਸ ਦੇ ਇਸ਼ਾਰੇ ਉਪਰ ਨੱਚੇ ਤਾਂ ਆਮ ਜਨਤਾ ਵਿਚ ਉਸ ਪਾਰਟੀ ਦੀ ਜੜ੍ਹ ਉਖੜ ਜਾਂਦੀ ਹੈ।




ਮਹੰਤਾਂ ਅਧੀਨ ਗੁਰਦੁਆਰਿਆਂ ਵਿਚ ਬਹੁਤ ਭਿਆਨਕ ਕਾਰਵਾਈਆਂ ਹੋ ਰਹੀਆਂ ਸਨ। ਬੜੀ ਹਿੰਮਤ, ਬਹਾਦਰੀ, ਕੁਰਬਾਨੀ ਅਤੇ ਦ੍ਰਿੜ੍ਹਤਾ ਨਾਲ ਕੰਮ ਕਰਨ ਵਾਲੇ ਬੰਦਿਆਂ ਨੇ ਧਰਮ ਸਥਾਨਾਂ ਨੂੰ ਮਹੰਤਾਂ ਤੋਂ ਮੁਕਤ ਕਰਵਾਇਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੂਦ ਵਿਚ ਆਈ। ਇਹ ਬੜੀ ਅਹਿਮ ਤਬਦੀਲੀ ਸੀ। ਬਹੁਤ ਹੀ ਸੂਝਵਾਨ ਅਤੇ ਨੇਕ ਸੰਤ ਅਤਰ ਸਿੰਘ ਮਸਤੂਆਣੇ ਵਾਲੇ (ਜਿਨ੍ਹਾਂ ਨੂੰ ਭਾਈ ਕਾਹਨ ਸਿੰਘ ਨਾਭਾ ਨੇ ਐਸੇ ਸੰਤ ਲਿਖਿਆ ਹੈ ਕਿ 'ਮੇਰੀ ਕਲਮ ਵਿਚ ਇਤਨੀ ਤਾਕਤ ਨਹੀਂ ਕਿ ਉਨ੍ਹਾਂ ਦੀ ਮਹਾਨਤਾ ਬਿਆਨ ਕਰ ਸਕਾਂ') ਨੂੰ ਕਿਸੇ ਭਲੇ ਪੁਰਸ਼ ਨੇ ਇਸ ਤਬਦੀਲੀ ਦਾ ਸੁਨੇਹਾ ਦਿੱਤਾ। ਸੰਤ ਜੀ ਕਹਿਣ ਲੱਗੇ, 'ਚੰਗਾ ਹੋਇਆ ਪਰ ਯਾਦ ਰੱਖੋ, ਮਹੰਤਾਂ ਤੋਂ ਤਾਂ ਗੁਰਦੁਆਰੇ ਮੁਕਤ ਕਰਵਾ ਲਏ, ਇਹ ਨਵੇਂ ਆਗੂਆਂ ਕੋਲੋਂ ਧਰਮ ਸਥਾਨ ਆਜ਼ਾਦ ਕਰਵਾਉਣਾ ਬਹੁਤ ਕਠਿਨ ਹੋਵੇਗਾ।' ਅੱਜ ਦੇ ਹਾਲਾਤ ਸਭ ਦੇ ਸਾਹਮਣੇ ਹਨ।

***1947 ਵੇਲੇ ਦੋਵੇਂ ਪਾਸਿਆਂ ਦੇ ਪੰਜਾਬਾਂ ਵਿਚ ਕੀ ਕੁਝ ਨਹੀਂ ਹੋਇਆ? ਇਕ ਦੂਜੇ ਦੇ ਖੂਨ ਦੇ ਪਿਆਸੇ ਲੋਕਾਂ ਨੇ ਹੈਵਾਨੀਅਤ ਨੂੰ ਪਿਛੇ ਛੱਡ ਦਿੱਤਾ। ਮੈਨੂੰ ਬਹੁਤ ਖੂਬਸੂਰਤ ਤਬਦੀਲੀ ਉਸ ਵੇਲੇ ਨਜ਼ਰ ਆਈ, ਜਦੋਂ ਨਵੰਬਰ 2018 ਵਿਚ ਮੈਂ ਗੁਰਧਾਮਾਂ ਦੀ ਯਾਤਰਾ ਲਈ ਪਾਕਿਸਤਾਨ ਗਿਆ। ਉਥੋਂ ਦੇ ਲੋਕਾਂ ਦਾ ਠਾਠਾਂ ਮਾਰਦਾ ਪਿਆਰ ਮੇਰੇ ਮਨ ਦੀ ਗਹਿਰਾਈ ਤੱਕ ਪਹੁੰਚ ਗਿਆ। ਕੱਲ੍ਹ ਦੇ ਦੁਸ਼ਮਣ ਅੱਜ ਮਿੱਤਰ ਪਿਆਰੇ!***

1947 ਵਿਚ ਭਾਰਤ ਨੂੰ ਆਜ਼ਾਦੀ ਮਿਲਣੀ ਅਤੇ ਪਾਕਿਸਤਾਨ ਦਾ ਬਣਨਾ ਬਹੁਤ ਵੱਡੀ ਤਬਦੀਲੀ ਸੀ। ਇਸ ਨੇ ਕਰੋੜਾਂ ਲੋਕਾਂ ਨੂੰ ਉਹ ਦੁੱਖ ਦਿਖਾਏ, ਜਿਨ੍ਹਾਂ ਨੂੰ ਬਿਆਨ ਕਰਨਾ ਸੌਖਾ ਨਹੀਂ। ਇਹ ਪਰਿਵਰਤਨ ਧਰਮ ਦੀ ਗਲਤ ਵਰਤੋਂ ਦਾ ਨਤੀਜਾ ਹੈ। ਜੇ ਧਰਮ ਹੀ ਸਮਾਜ ਵਿਚ ਇਕੱਠੇ ਰਹਿਣ ਦਾ ਜਜ਼ਬਾ ਹੁੰਦਾ ਤਾਂ ਬੰਗਲਾਦੇਸ਼, ਪਾਕਿਸਤਾਨ ਤੋਂ ਅਲੱਗ ਨਾ ਹੁੰਦਾ। ਕਾਸ਼! ਇਹ ਤਬਦੀਲੀ ਬਹੁਤ ਸੋਚ ਸਮਝ ਤੋਂ ਬਾਅਦ ਆਉਂਦੀ, ਜਿਸ ਵਿਚ ਆਬਾਦੀ ਦਾ ਤਬਾਦਲਾ ਇਤਨੇ ਖੂਨ ਖਰਾਬੇ ਨਾਲ ਨਾ ਹੁੰਦਾ। ਇਸ ਤਬਦੀਲੀ ਦੇ ਨਿਤ ਨਵੇਂ ਪੁਆੜੇ ਦੇਖਣ ਨੂੰ ਮਿਲ ਰਹੇ ਹਨ। ਜੇ ਪੰਛੀ ਝਾਤ ਮਾਰੀਏ ਤਾਂ ਕੀ ਹਰ ਵੇਲੇ ਲੜਾਈ ਦਾ ਖਤਰਾ, ਦੋਵੇਂ ਦੇਸ਼ਾਂ ਦਾ ਖਰਬਾਂ ਰੁਪਏ ਦਾ ਹਥਿਆਰਾਂ 'ਤੇ ਖਰਚ, ਪਾਣੀਆਂ ਦਾ ਝਗੜਾ, ਕਸ਼ਮੀਰ ਦਾ ਮਸਲਾ, ਨਜ਼ਾਮ ਹੈਦਰਾਬਾਦ ਦਾ ਵਲੈਤ ਦਾ ਖਜਾਨਾ, ਏਅਰ ਸਪੇਸ ਵਿਚ ਹਵਾਈ ਜਹਾਜਾਂ ਦੀ ਉਡਾਣ ਆਦਿ ਕੀ ਹੈ?

ਕਿਸੇ ਜ਼ੋਸ਼ ਅਤੇ ਮਜ਼ਬੀ ਜਨੂਨ ਵਿਚ ਆਈਆਂ ਤਬਦੀਲੀਆਂ ਉਤੇ ਇਹ ਅਖਾਣ ਪੂਰੀ ਤਰ੍ਹਾਂ ਢੁਕਵਾਂ ਹੈ, 'ਲਮਹੋਂ ਨੇ ਖਤਾ ਕੀ ਔਰ ਸਦੀਓਂ ਨੇ ਸਜ਼ਾ ਪਾਈ।'

ਵਿਦਿਅਕ ਖੇਤਰ ਵਿਚ ਸੇਵਾ ਨਿਭਾਉਣ ਕਰਕੇ ਇਸ ਸਿਸਟਮ ਵਿਚ ਕੁਝ ਤਬਦੀਲੀਆਂ ਵੱਲ ਧਿਆਨ ਦੇਣਾ ਕੁਥਾਂ ਨਹੀਂ ਹੋਵੇਗਾ। ਮੇਰੇ ਦੇਖਦਿਆਂ-ਦੇਖਦਿਆਂ ਵਾਈਸ ਚਾਂਸਲਰਾਂ ਦੀਆਂ ਅਸਾਮੀਆਂ ਪੁਰ ਕਰਨ ਦੇ ਤਰੀਕੇ ਬਦਲ ਗਏ ਹਨ। ਉਚ ਕੋਟੀ ਦੇ ਵਿਦਿਅਕ ਮਾਹਰ ਅਰਜ਼ੀ ਦੇ ਕੇ ਘੱਟ ਪੜ੍ਹ ਲਿਖੇ ਅਫਸਰਾਂ ਦੇ ਸਾਹਮਣੇ ਅਰਜੋਈ ਕਰਨਾ ਹੱਤਕ ਸਮਝਦੇ ਹਨ। ਮਿਲਟਰੀ ਅਫਸਰਾਂ ਦਾ ਵਿਦਿਅਕ ਸਥਾਨਾਂ ਦੇ ਮੁਖੀ ਹੋਣਾ ਸ਼ੋਭਦਾ ਨਹੀਂ। ਯੂਨੀਵਰਸਿਟੀਆਂ ਫੌਜੀ ਛਾਉਣੀਆਂ ਨਹੀਂ ਹੁੰਦੀਆਂ। ਇਸ ਉਚੀ ਸੰਸਥਾ ਵਿਚ ਹਰ ਮਹਿਕਮੇ ਦਾ ਮੁਖੀ ਰੋਟੇਸ਼ਨ ਨਾਲ ਬਣਨਾ ਵੀ ਬਹੁਤ ਸੁਖਾਵੇਂ ਨਤੀਜੇ ਨਹੀਂ ਲਿਆਇਆ। ਜੇ ਸਭ ਤੋਂ ਸੀਨੀਅਰ ਬੰਦੇ ਨੂੰ ਮੁਖੀ ਬਣਾ ਕੇ ਉਸ ਦੇ ਬੇਲੋੜੇ ਤੇ ਗਲਤ ਹੱਕਾਂ 'ਤੇ ਨੱਥ ਪਾਉਣ ਵਾਲੀ ਤਬਦੀਲੀ ਕਰਦੇ ਤਾਂ ਜ਼ਿਆਦਾ ਲਾਭਦਾਇਕ ਹੁੰਦਾ।

ਪਿਛਲੇ ਦਹਾਕਿਆਂ ਵਿਚ (10+2) ਦਾ ਕਾਲਜਾਂ ਤੋਂ ਹਾਇਰ ਸੈਕੰਡਰੀ ਸਕੂਲਾਂ ਵਿਚ ਆਉਣਾ ਵਿਦਿਅਕ ਢਾਂਚੇ ਵਿਚ ਵੱਡਾ ਪਰਿਵਰਤਨ ਹੈ। ਇਹ ਸਿਸਟਮ ਲਗਭਗ ਸਾਰੀ ਦੁਨੀਆਂ ਵਿਚ ਪ੍ਰਚਲਿਤ ਹੋ ਗਿਆ ਹੈ। ਇਹ ਤਬਦੀਲੀ ਨਾਕਾਮਯਾਬ ਨਹੀਂ, ਪਰ ਸਾਰੇ ਦੇਸ਼ ਦੇ ਮਾਇਕ ਸੋਮੇ ਇਕਸਾਰ ਨਹੀਂ। ਸਾਰੇ ਪਹਿਲੂਆਂ ਨੂੰ ਧਿਆਨ ਵਿਚ ਰੱਖਣ ਨਾਲ ਇਹ ਤਬਦੀਲੀ ਪੂਰੀ ਤਰ੍ਹਾਂ ਕਾਮਯਾਬ ਨਹੀਂ ਜਾਪਦੀ।

ਅਮਰੀਕਾ ਵਿਚ 10+2 ਜਮਾਤਾਂ ਦੇ ਅਲ੍ਹੜ ਉਮਰ ਦੇ ਬੱਚੇ ਆਪਣੇ ਆਪ ਨੂੰ ਸਕੂਲ ਵਿਚ ਸਭ ਤੋਂ ਸੀਨੀਅਰ ਹੋਣ ਕਰਕੇ ਫੰਨੇ ਖਾਂ ਸਮਝਣ ਲੱਗ ਪੈਂਦੇ ਹਨ। ਮਾਂ ਬਾਪ ਅਤੇ ਹੋਰ ਉਚੀ ਪੜ੍ਹਾਈ ਵਾਲੇ ਮਨੁੱਖਾਂ ਤੋਂ ਅਲੱਗ ਰਹਿਣਾ ਇਸ ਅਵਸਥਾ ਦੀ ਫਿਤਰਤ ਹੈ। ਇਸ ਕੱਚੀ ਉਮਰ ਵਿਚ ਆਪ ਮੁਹਾਰੀਆਂ ਅਤੇ ਜਜ਼ਬਿਆਂ ਦੀਆਂ ਉਡਾਰੀਆਂ ਨੂੰ ਪੱਕੀ ਉਮਰ ਵਾਲੇ ਜਾਤੀ ਤਜਰਬੇ ਤੋਂ ਭਲੀਭਾਂਤ ਵਾਕਿਫ ਹਨ। ਹਰ ਬੱਚੇ ਕੋਲ ਰੀਸੋ-ਰੀਸੀ ਮਹਿੰਗੀ ਤੇ ਨਵੀਂ ਕਾਰ ਹੋਣੀ ਜ਼ਰੂਰੀ ਹੈ। ਛੁੱਟੀਆਂ ਵਿਚ ਕਿਸੇ ਖੂਬਸੂਰਤ ਹੁਨਰ ਜਾਂ ਮਾਂ ਬਾਪ ਦੇ ਕੰਮ ਵਿਚ ਮਦਦ ਕਰਨਾ, ਉਨ੍ਹਾਂ ਦੀ ਸਖਤ ਘਾਲਣਾ ਤੋਂ ਕੁਝ ਸਬਕ ਸਿਖਣਾ ਪਿਛਲੇ ਸਮੇਂ ਦੀ ਕਹਾਣੀ ਹੈ। ਹੋਟਲਾਂ ਅਤੇ ਹੋਰ ਸੰਸਥਾਵਾਂ ਵਿਚ ਕੰਮ ਕਰਨ ਦੇ ਨੰਬਰ ਵੀ ਅਤੇ ਪੈਸੇ ਵੀ ਮਿਲਦੇ ਹਨ। ਬਸ ਮੌਜਾਂ ਹੀ ਮੌਜਾਂ, ਕਿਸੇ ਵੇਲੇ ਘਰ ਤੋਂ ਜਾਓ, ਕਿਸੇ ਵੇਲੇ ਆਓ, ਖਾਣ ਪੀਣ ਜੋਗੇ ਡਾਲਰ ਮਿਲ ਹੀ ਜਾਂਦੇ ਹਨ। ਉਚੀ ਪੜ੍ਹਾਈ ਨਾਲ ਕਿਹੜੇ ਮਹਿਲ ਉਸਾਰ ਲਵਾਂਗੇ। ਕਈ ਤਾਂ ਇਸ ਅਲ੍ਹੜ ਉਮਰ ਵਿਚ ਵਿਆਹ ਵੀ ਕਰ ਲੈਂਦੇ ਹਨ। ਮੈਂ ਭਾਰਤ ਤੋਂ ਆਏ ਕਈ ਬੰਦਿਆਂ ਨੂੰ ਜਾਣਦਾ ਹਾਂ, ਜੋ ਇਨ੍ਹਾਂ ਕਾਰਨਾਮਿਆਂ ਦੇ ਨਤੀਜੇ ਭੁਗਤ ਰਹੇ ਹਨ।

ਪੰਜਾਬ ਵਿਚ 10+2 ਵਾਲੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਕਾਲਜਾਂ ਦੇ ਚਲਦੇ ਰਹਿਣ ਵਿਚ ਸਹਾਈ ਸੀ। ਹੁਣ ਕਈ ਨਵੇਂ ਕਾਲਜਾਂ ਵਿਚ ਇਹ ਕਲਾਸਾਂ ਨਾ ਹੋਣ ਕਰਕੇ ਵਿਦਿਆਰਥੀਆਂ ਦੀ ਘਾਟ ਹੋ ਗਈ ਹੈ ਅਤੇ ਕਾਲਜ ਬੰਦ ਹੋ ਰਹੇ ਹਨ। ਸਕੂਲਾਂ ਵਿਚ ਮਾਇਕ ਥੁੜ ਹੋਣ ਕਰਕੇ ਪ੍ਰਯੋਗਸ਼ਾਲਾਵਾਂ ਵਿਚ ਅਪਰੇਟਸ ਦੀ ਕਮੀ ਹੈ। ਅਮਰੀਕਾ ਵਾਂਗ ਹਾਇਰ ਸੈਕੰਡਰੀ ਸਕੂਲਾਂ ਵਿਚ 9ਵੀਂ, 10ਵੀਂ, 11ਵੀਂ ਅਤੇ 12ਵੀਂ ਜਮਾਤ ਹੀ ਨਹੀਂ ਸਗੋਂ ਬਹੁਤ ਥਾਂਵਾਂ 'ਤੇ ਪਹਿਲੀ ਤੋਂ 12ਵੀਂ ਤੱਕ ਇਕੋ ਸਕੂਲ ਹਨ। ਅਧਿਆਪਕ ਕਈ ਸ਼੍ਰੇਣੀਆਂ ਦੇ ਹਨ। ਪੀਰੀਅਡਜ਼ ਦੀ ਵੰਡ ਅੱਡੋ-ਅੱਡ ਹੈ। ਸਟਾਫ ਮੀਟਿੰਗਾਂ ਵਿਚ ਲੈਕਚਰਾਰ ਕਈ ਪ੍ਰਿੰਸੀਪਲਾਂ ਤੋਂ ਵੱਧ ਪੜ੍ਹੇ ਲਿਖੇ ਮਹਿਸੂਸ ਕਰਦੇ ਹਨ। ਇਹੋ ਜਿਹਾ ਵਰਤਾਰਾ ਵਿਦਿਅਕ ਅਦਾਰੇ ਲਈ ਸਿਹਤਮੰਦ ਨਹੀਂ।

ਮੈਨੂੰ ਪ੍ਰੋਫੈਸ਼ਨਲ ਕਾਲਜਾਂ ਦੇ ਅਧਿਆਪਕਾਂ ਨੇ ਦੱਸਿਆ ਕਿ ਜਦੋਂ ਕੁਝ ਦੇਰ ਲਈ (10+2) ਕਲਾਸਾਂ ਕਾਲਜਾਂ ਵਿਚ ਵੀ ਸਨ ਅਤੇ ਸਕੂਲਾਂ ਵਿਚ ਵੀ, ਕਾਲਜਾਂ ਤੋਂ ਆਏ ਵਿਦਿਆਰਥੀ ਇਨ੍ਹਾਂ ਪ੍ਰੋਫੈਸ਼ਨਲ ਕਾਲਜਾਂ ਦੀਆਂ ਕਲਾਸਾਂ 'ਚ ਵੱਧ ਭਰੋਸੇ ਨਾਲ ਆਉਂਦੇ ਸਨ ਤੇ ਲੈਕਚਰਾਂ ਨੂੰ ਬਿਹਤਰ ਗ੍ਰਹਿਣ ਕਰਦੇ ਸਨ। ਅਮਰੀਕਾ ਵਿਚ 10+2 ਦੇ ਵਿਦਿਆਰਥੀਆਂ ਵਾਂਗ ਅਸੀਂ ਕਾਲਜ ਵਿਚ ਪੜ੍ਹਨ ਵੇਲੇ ਘਮੰਡੀ ਨਹੀਂ ਸਾਂ ਸਗੋਂ ਕੁਝ ਦਿਨ ਹੋਸਟਲ ਵਿਚ ਫਸਟ ਈਅਰ ਫੂਲ ਬਣ ਕੇ ਸੀਨੀਅਰ ਵਿਦਿਆਰਥੀਆਂ ਤੋਂ ਇਸ ਕੱਚੀ ਉਮਰ ਵਿਚ ਸੇਧ ਲੈਂਦੇ ਸਾਂ। ਇਸ ਦੇ ਫਲਸਰੂਪ ਜੇ 12ਵੀਂ ਜਮਾਤ ਵਿਚ ਨੰਬਰਾਂ ਵਿਚ ਪਛੜ ਗਏ ਤਾਂ ਬੀ. ਏ. 'ਚ ਮਿਹਨਤ ਕਰਕੇ ਪ੍ਰੋਫੈਸ਼ਨਲ ਕਾਲਜਾਂ ਵਿਚ ਦਾਖਲਾ ਲੈ ਗਏ। ਮੇਰੇ ਕਈ ਦੋਸਤ ਬਹੁਤ ਕਾਮਯਾਬ ਮੁੱਖ ਇੰਜੀਨੀਅਰ ਸੇਵਾ ਮੁਕਤ ਹੋਏ ਹਨ।

ਕਾਲਜਾਂ ਦੇ ਕਈ ਅਧਿਆਪਕ ਆਈ. ਏ. ਐਸ. ਜਾਂ ਆਈ. ਪੀ. ਐਸ. ਵਿਚ ਚਲੇ ਜਾਂਦੇ ਹਨ ਅਤੇ ਸਕੂਲ ਵਿਚ ਮੇਰੀ ਜਾਣ ਪਛਾਣ ਵਾਲੇ ਬਹੁਤ ਅਧਿਆਪਕ ਮਿਹਨਤ ਕਰਕੇ ਉਚੀ ਵਿਦਿਆ ਅਧੀਨ ਕਾਲਜਾਂ 'ਚ ਪਹੁੰਚ ਗਏ। ਹੁਣ ਕਾਲਜਾਂ 'ਚ ਅਸਾਮੀਆਂ ਘਟ ਗਈਆਂ ਹਨ। ਨਵੇਂ ਕਾਲਜ ਬੰਦ ਹੋਣ ਕਿਨਾਰੇ ਹਨ। ਸਕੂਲਾਂ 'ਚੋਂ ਕਾਲਜ ਪਹੁੰਚਣ ਦੀ ਤਾਂਘ ਦਾ ਦਮ ਘੁਟ ਗਿਆ ਹੈ।

ਬਚਪਨ ਵਿਚ ਖੇਤੀ ਨਾਲ ਜੁੜੇ ਹੋਣ ਕਰਕੇ ਇਸ ਵਿਚ ਪਰਿਵਰਤਨ ਦੇਖਦਿਆਂ ਕੁਝ ਲਿਖਣ ਨੂੰ ਦਿਲ ਕਰ ਆਇਆ। ਪਿਛਲੇ ਤਿੰਨ ਚਾਰ ਦਹਾਕਿਆਂ ਵਿਚ ਬਲਦਾਂ ਦੀ ਥਾਂ ਟਰੈਕਟਰ ਆ ਗਏ। ਲੱਖਾਂ ਦੀ ਗਿਣਤੀ ਵਿਚ ਟਿਊਬਵੈੱਲ ਉਭਰ ਆਏ। ਦੋ ਤਿੰਨ ਏਕੜ ਜ਼ਮੀਨ ਦੇ ਮਾਲਕ ਵੀ ਬੈਂਕਾਂ ਤੋਂ ਆਪਣੀ ਗੁੰਜਾਇਸ਼ ਤੋਂ ਕਿਤੇ ਵੱਧ ਕਰਜ਼ਾ ਲੈ ਕੇ ਆਪੋ-ਆਪਣੇ ਟਰੈਕਟਰਾਂ, ਟਿਊਬਵੈੱਲਾਂ ਦੇ ਮਾਲਕ ਬਣ ਗਏ। ਆਂਢ-ਗੁਆਂਢ ਤੋਂ ਇਕ ਦੂਜੇ ਦੇ ਕੰਮਾਂਕਾਰਾਂ ਵਿਚ ਮਦਦ ਲੈਣ ਦੀ ਲੋੜ ਨਾ ਰਹੀ। ਸੀਰੀਆਂ, ਸਾਂਝੀਆਂ ਦੀ ਥਾਂ ਪਰਵਾਸੀ ਮਜ਼ਦੂਰਾਂ ਨੇ ਲੈ ਲਈ। ਆਧੁਨਿਕ ਬੀਜਾਂ, ਖਾਦਾਂ ਨੇ ਪੈਦਾਵਾਰ ਵਧਾ ਦਿੱਤੀ। ਇਸ ਹਰੀ ਕ੍ਰਾਂਤੀ ਨੇ ਕਿਸਾਨਾਂ ਨੂੰ ਮਾਲੋ-ਮਾਲ ਕਰ ਦਿੱਤਾ ਪਰ ਇਹ ਬਹਾਰ ਕਿਹੋ ਜਿਹੀ ਆਈ, ਜੋ ਬਹੁਤ ਹੀ ਅਜੀਬ ਕਿਸਮ ਦੀ ਪੱਤਝੜ ਨਾਲ ਲੈ ਆਈ। ਕਿਸਾਨ ਹੱਥੀਂ ਕੰਮ ਕਰਨਾ ਭੁੱਲ ਗਏ। ਮਣਾਂ ਮੂੰਹੀਂ ਕਰਜ਼ਾ ਲੈਣਾ ਸ਼ੁਗਲ ਬਣ ਗਿਆ। ਸਿੱਧੇ ਸਾਦੇ ਵਿਆਹਾਂ ਦਾ ਥਾਂ ਮੈਰਿਜ ਪੈਲੇਸਾਂ ਵਿਚ ਅੰਧਾਧੁੰਦ ਖਰਚੇ ਕਰਕੇ ਘਰ ਉਜਾੜ ਲਏ। ਕਰਜ਼ਿਆਂ ਦੀਆਂ ਕਿਸ਼ਤਾਂ ਦੇਣ ਦੀ ਹਿੰਮਤ ਨਾ ਰਹੀ। ਡਰੱਗ ਲੈਣਾ ਆਦਤ ਬਣ ਗਈ।

ਸਿਹਤ ਪੱਖੋਂ ਪਿੰਡਾਂ ਦੇ ਮੁੰਡੇ ਸ਼ਹਿਰੀਆਂ ਤੋਂ ਵੀ ਕਮਜੋਰ ਨਜ਼ਰ ਆ ਰਹੇ ਹਨ। ਫੌਜ ਜਾਂ ਪੁਲਿਸ ਵਿਚ ਭਰਤੀ ਹੋਣ ਦੇ ਕਾਬਲ ਨਹੀਂ ਰਹੇ। ਬਹੁਤ ਸਾਰੇ ਤਾਂ ਨਪੁੰਸਕ ਵੀ ਹੋ ਗਏ ਹਨ। ਘਰਾਂ ਵਿਚ ਦੁੱਧ, ਦਹੀਂ, ਮੱਖਣ ਅਤੇ ਲੱਸੀ ਦੀ ਥਾਂ ਬਣਾਉਟੀ ਖਾਦ, ਕੀੜੇਮਾਰ ਦਵਾਈਆਂ ਅਤੇ ਕਈ ਕਿਸਮ ਦੇ ਟੀਕਿਆਂ ਨੇ ਲੈ ਲਈ ਹੈ। ਕਿਸਾਨ ਵੀਰ ਸਬਜ਼ੀਆਂ ਅਤੇ ਦਾਲਾਂ ਸ਼ਹਿਰ ਤੋਂ ਖਰੀਦਦੇ ਹਨ। ਪੇਂਡੂ ਮਜ਼ਦੂਰ ਵੀ ਕਰਜ਼ੇ ਦੇ ਭਾਰ ਨਾਲ ਕਿਸਾਨਾਂ ਵਾਂਗ ਖੁਦਕੁਸ਼ੀਆਂ ਕਰ ਰਹੇ ਹਨ। ਕਈ ਹੋਰ ਨਾ ਲਿਖਣਯੋਗ ਅਲਾਮਤਾਂ ਪਿੰਡਾਂ ਦੇ ਜੀਵਨ ਨੂੰ ਬਰਬਾਦ ਕਰ ਰਹੀਆਂ ਹਨ। ਕਈ ਪਿੰਡ ਵਿਕਾਊ ਹਨ, ਖਰੀਦਣ ਵਾਲਾ ਕੋਈ ਨਹੀਂ। ਬੱਚਾ-ਬੱਚਾ ਵਿਦੇਸ਼ ਜਾਣ ਲਈ ਤਿਆਰ ਹੈ। ਜੋ ਤਬਦੀਲੀ ਹਰੀ ਕ੍ਰਾਂਤੀ ਲੈ ਕੇ ਆਈ, ਇਸ ਨੂੰ ਵਰਦਾਨ ਕਹਿਣਾ ਸ਼ੋਭਦਾ ਨਹੀਂ, ਇਹ ਤਾਂ ਸਰਾਪ ਦੀ ਵੀ ਇੰਤਹਾ ਹੈ।

ਸੋਚ ਸਮਝ ਪਿਛੋਂ ਕੀਤੀਆਂ ਕੁਝ ਤਬਦੀਲੀਆਂ ਲਾਭਦਾਇਕ ਵੀ ਹਨ ਜਿਵੇਂ ਫੈਮਿਲੀ ਪੈਨਸ਼ਨ। ਬਹੁਤ ਔਰਤਾਂ ਖੁਸ਼ ਹਨ ਅਤੇ ਕਹਿੰਦੀਆਂ ਹਨ ਕਿ ਮੇਰਾ ਘਰਵਾਲਾ ਤਾਂ ਆਪਣੀ ਮੌਤ ਪਿਛੋਂ ਵੀ ਮੈਨੂੰ ਜਿਉਣ ਜੋਗੀ ਛੱਡ ਗਿਆ, ਮੈਂ ਕਦੇ ਵੀ ਬੱਚਿਆਂ ਉਤੇ ਬੋਝ ਨਹੀਂ ਬਣਾਂਗੀ। ਬੇਟੀਆਂ ਨੂੰ ਵਿਰਾਸਤ ਵਿਚ ਜ਼ਮੀਨ ਮਿਲਣ ਦੇ ਹੱਕ ਨਾਲ ਲੜਕੇ ਨੂੰ ਹੀ ਵਾਰਿਸ ਬਣਾਉਣ ਦੀ ਲਾਲਸਾ ਘਟ ਗਈ। ਬਹੁਤ ਬੇਔਲਾਦ ਜੋੜੇ ਬੇਟੀ ਨੂੰ ਗੋਦ ਲੈਣਾ ਚੰਗਾ ਸਮਝਦੇ ਹਨ। ਪੈਨਸ਼ਨਾਂ ਦਾ ਸਿੱਧਾ ਬੈਂਕਾਂ ਵਿਚ ਆਉਣਾ ਚੰਗੀ ਰਵਾਇਤ ਹੈ। ਨਹੀਂ ਤਾਂ ਮੈਂ ਅੱਖੀਂ ਦੇਖਿਆ ਹੈ ਕਿ ਖਜਾਨੇ ਵਾਲੇ ਕਈ ਬਜੁਰਗਾਂ ਨੂੰ ਵੀ ਬਹੁਤ ਹੈਰਾਨ ਕਰਦੇ ਸਨ। ਕਈ ਵਾਰ ਉਨ੍ਹਾਂ ਨੂੰ ਇਹ ਕਹਿ ਕੇ ਮੋੜ ਦਿੰਦੇ ਹਨ ਕਿ ਮੈਂ ਤੈਨੂੰ ਪਛਾਣਦਾ ਤਾਂ ਹਾਂ ਪਰ ਤੇਰੇ ਦਸਤਖਤ ਨਹੀਂ ਠੀਕ ਲਗਦੇ।

ਤਬਦੀਲੀ ਦੀ ਸ਼ਕਤੀ ਦੇ ਕੌਤਕ ਬਹੁਤ ਨਿਆਰੇ! ਕਈ ਵਾਰ ਦੁਸ਼ਮਣ ਨੂੰ ਬਗੈਰ ਕਿਸੇ ਲਾਲਚ ਦੇ ਵੀ ਮਿੱਤਰ ਬਣਾ ਦਿੰਦੀ ਹੈ, ਤਦੇ ਹੀ ਕਿਸੇ ਸ਼ਾਇਰ ਨੇ ਕਿਹਾ ਹੈ, 'ਦੁਸ਼ਮਨ ਕੋ ਨਾ ਦੇਖੋ ਨਫਰਤ ਸੇ, ਸ਼ਾਇਦ ਵੋਹ ਮੁਹੱਬਤ ਕਰ ਬੈਠੇ।'

1947 ਵੇਲੇ ਦੋਵੇਂ ਪਾਸਿਆਂ ਦੇ ਪੰਜਾਬਾਂ ਵਿਚ ਕੀ ਕੁਝ ਨਹੀਂ ਹੋਇਆ? ਇਕ ਦੂਜੇ ਦੇ ਖੂਨ ਦੇ ਪਿਆਸੇ ਲੋਕਾਂ ਨੇ ਹੈਵਾਨੀਅਤ ਨੂੰ ਪਿਛੇ ਛੱਡ ਦਿੱਤਾ। ਮੈਨੂੰ ਬਹੁਤ ਖੂਬਸੂਰਤ ਤਬਦੀਲੀ ਉਸ ਵੇਲੇ ਨਜ਼ਰ ਆਈ, ਜਦੋਂ ਨਵੰਬਰ 2018 ਵਿਚ ਮੈਂ ਗੁਰਧਾਮਾਂ ਦੀ ਯਾਤਰਾ ਲਈ ਪਾਕਿਸਤਾਨ ਗਿਆ। ਉਥੋਂ ਦੇ ਲੋਕਾਂ ਦਾ ਠਾਠਾਂ ਮਾਰਦਾ ਪਿਆਰ ਮੇਰੇ ਮਨ ਦੀ ਗਹਿਰਾਈ ਤੱਕ ਪਹੁੰਚ ਗਿਆ। ਕੱਲ੍ਹ ਦੇ ਦੁਸ਼ਮਣ ਅੱਜ ਮਿੱਤਰ ਪਿਆਰੇ!

ਹੁਣੇ-ਹੁਣੇ ਦਿੱਲੀ ਤੋਂ ਖਬਰ ਮਿਲੀ ਕਿ ਲੋਕ ਸਭਾ ਵਿਚ ਔਰਤਾਂ ਦੀ ਗਿਣਤੀ ਪਿਛਲੇ ਸਾਲਾਂ ਨਾਲੋਂ ਕਾਫੀ ਵਧ ਗਈ ਹੈ। ਇਹ ਚੰਗੀ ਤਬਦੀਲੀ ਹੈ। ਫੋਟੋਆਂ ਵਿਚ ਗਲੈਮਰ ਅਤੇ ਸਾਦਗੀ ਦਾ ਮੰਜ਼ਰ ਦਿਲ ਨੂੰ ਭਾ ਗਿਆ। ਪੱਛਮੀ ਬੰਗਾਲ ਅਤੇ ਉੜੀਸਾ ਵਲੋਂ ਵੱਧ ਨੁਮਾਇੰਦਗੀ ਨਜ਼ਰ ਆਈ। ਬੰਗਾਲ ਦੀਆਂ ਦੋ ਬੀਬੀਆਂ ਨੇ ਪਲੇਠੀ ਸਪੀਚ ਰਾਹੀਂ ਸਫਲਤਾ ਦੇ ਝੰਡੇ ਗੱਡ ਦਿੱਤੇ। ਰੱਬ ਕਰੇ, ਇਹ ਰੁਝਾਨ ਹੋਰ ਅੱਗੇ ਵਧੇ ਫੁਲੇ। ਲੋਕ ਸਭਾ ਵਿਚ ਤਹਿਜ਼ੀਬ ਦੇ ਡਿੱਗ ਰਹੇ ਮਿਆਰ ਨੂੰ ਠੱਲ੍ਹ ਪਵੇਗੀ।

ਉਂਜ, ਕੁਦਰਤ ਦੀ ਵੀ ਅਜੀਬ ਖੇਡ ਹੈ। ਅਗਲੀ ਖਬਰ ਨੇ ਮਨ ਉਦਾਸ ਕਰ ਦਿੱਤਾ। ਅਪਰਾਧ ਦੇ ਪਿਛੋਕੜ ਵਾਲੇ ਐਮ. ਪੀ. 2009 ਦੀਆਂ ਚੋਣਾਂ ਵਿਚ 30% ਸਨ, 2014 ਵਿਚ 35% ਅਤੇ 2019 ਵਿਚ 43% ਹੋ ਗਏ। ਇਹ ਬਹੁਤ ਖਤਰਨਾਕ ਤਬਦੀਲੀ ਹੈ। ਰੱਬ ਮਿਹਰ ਕਰੇ, ਇਸ ਨੂੰ ਬੈਕ ਗਿਅਰ ਲੱਗ ਜਾਵੇ।

ਸਰਕਾਰ ਬਦਲਣ ਨਾਲ ਹੀ ਤਵਾਰੀਖ (ਇਤਿਹਾਸ) ਦਾ ਬਦਲਣਾ ਨਵਾਂ ਰੁਝਾਨ ਹੈ। ਇਹ ਤਬਦੀਲੀ ਕਈ ਵਾਰ ਬਹੁਤ ਘਟੀਆ ਸੋਚ ਦੀ ਨਿਸ਼ਾਨੀ ਹੈ। ਇਤਿਹਾਸ ਸੱਚ ਦੀ ਕਸਵੱਟੀ ਨਾਲ ਪਰਖਿਆ ਜਾਣਾ ਚਾਹੀਦਾ ਹੈ। ਕੁਝ ਦੇਰ ਗਲਤ ਧਾਰਨਾਵਾਂ ਸਮਾਜ 'ਤੇ ਅਸਰ ਜ਼ਰੂਰ ਪਾਉਂਦੀਆਂ ਹਨ, ਬਹੁਤੀ ਦੇਰ ਲਈ ਨਹੀਂ। ਮੈਨੂੰ ਲਗਭਗ 20 ਸਾਲ ਪੁਰਾਣੀ ਗੱਲ ਯਾਦ ਆ ਗਈ। ਮੈਂ ਐਰੀਜ਼ੋਨਾ ਸਟੇਟ ਦੇ ਫੀਨਿਕਸ ਸ਼ਹਿਰ ਦੇ ਇਕ ਹਾਲ ਵਿਚ ਗੁਲਾਮ ਅਲੀ ਦਾ ਪ੍ਰੋਗਰਾਮ ਦੇਖ ਰਿਹਾ ਸਾਂ। ਉਥੇ ਹੀ ਪਾਕਿਸਤਾਨ ਦੇ ਇਕ ਨੌਜਵਾਨ ਨੂੰ ਮੈਂ ਕਿਹਾ, ਤੈਨੂੰ ਪਤਾ ਹੈ, ਲਾਹੌਰ ਮਹਾਰਾਜਾ ਰਣਜੀਤ ਸਿੰਘ

***ਉਂਜ, ਕੁਦਰਤ ਦੀ ਵੀ ਅਜੀਬ ਖੇਡ ਹੈ। ਅਗਲੀ ਖਬਰ ਨੇ ਮਨ ਉਦਾਸ ਕਰ ਦਿੱਤਾ। ਅਪਰਾਧ ਦੇ ਪਿਛੋਕੜ ਵਾਲੇ ਐਮ. ਪੀ. 2009 ਦੀਆਂ ਚੋਣਾਂ ਵਿਚ 30% ਸਨ, 2014 ਵਿਚ 35% ਅਤੇ 2019 ਵਿਚ 43% ਹੋ ਗਏ। ਇਹ ਬਹੁਤ ਖਤਰਨਾਕ ਤਬਦੀਲੀ ਹੈ। ਰੱਬ ਮਿਹਰ ਕਰੇ, ਇਸ ਨੂੰ ਬੈਕ ਗਿਅਰ ਲੱਗ ਜਾਵੇ।***

ਦੀ ਰਾਜਧਾਨੀ ਸੀ? ਉਹ ਹੱਕਾ-ਬੱਕਾ ਰਹਿ ਗਿਆ। ਕਹਿੰਦਾ, ਸਾਨੂੰ ਤਾਂ ਕਦੇ ਵੀ ਕਿਸੇ ਸਕੂਲ, ਕਾਲਜ ਵਿਚ ਇਹ ਦੱਸਿਆ ਨਹੀਂ ਗਿਆ। ਅੱਜ ਦੇ ਉਸੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਰਣਜੀਤ ਸਿੰਘ ਦਾ ਫੁਲਸਾਈਜ਼ ਬੁੱਤ ਬਹੁਤ ਸ਼ਾਨੋ-ਸ਼ੌਕਤ ਨਾਲ ਲਾਇਆ ਗਿਆ ਹੈ ਅਤੇ ਜਨਤਾ ਉਸ ਦੇ ਰਾਜ ਦੀਆਂ ਸਿਫਤਾਂ ਕਰ ਰਹੀ ਹੈ।

ਮੈਂ ਸੁਣਿਆ ਹੈ ਕਿ ਕੁਝ ਗਲਤ ਅਨਸਰਾਂ ਨੇ ਭੈੜੀ ਸੋਚ ਅਧੀਨ ਗੁਰੂ ਸਾਹਿਬਾਨ ਨੂੰ ਘੋੜਿਆਂ ਦੇ ਚੋਰ ਅਤੇ ਕਈ ਹੋਰ ਗੈਰ ਜ਼ਿੰਮੇਵਾਰ ਆਦਤਾਂ ਦੇ ਮਾਲਕ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਇਹੋ ਜਿਹੀਆਂ ਕੁਝ ਕਿਤਾਬਾਂ ਸਿਲੇਬਸ ਵਿਚ ਵੀ ਸੁਣੀਆਂ ਹਨ। ਜਦੋਂ ਬੱਚੇ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਵਿਚੋਂ ਇਹੋ ਜਿਹੀਆਂ ਤਬਦੀਲੀਆਂ ਦੇ ਨਾਲ-ਨਾਲ ਉਨ੍ਹਾਂ ਦੀਆਂ ਕੁਰਬਾਨੀਆਂ ਪੜ੍ਹਨਗੇ ਤਾਂ ਸਾਧਾਰਨ ਦਿਮਾਗ ਵਾਲਾ ਬੱਚਾ ਵੀ ਸੋਚੇਗਾ ਕਿ ਤੱਤੀਆਂ ਤਵੀਆਂ 'ਤੇ

*(ਬਾਕੀ ਅਗਲੇ ਸਫੇ 'ਤੇ)*

# ਕਸਰ ਨਾਮ ਕਸੂਰ ਹੈ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਹਰ ਦੇਸ਼ ਵਾਂਗ ਅਮਰੀਕਾ ਵਿਚ ਵੀ ਇਕੋ ਨਾਂ ਦੇ ਕਈ ਸ਼ਹਿਰ ਜਾਂ ਕਸਬੇ ਹਨ। ਇਹ ਕੋਈ ਅਲੋਕਾਰ ਵਰਤਾਰਾ ਨਹੀਂ। ਇਕ ਸਥਾਨ ਦੇ ਕੁਝ ਲੋਕ ਜਦ ਕਿਸੇ ਹੋਰ ਥਾਂ 'ਤੇ ਜਾ ਕੇ ਵਸ ਜਾਂਦੇ ਹਨ ਤਾਂ ਆਪਣੀ ਪੁਰਾਣੀ ਯਾਦ ਕਾਇਮ ਰੱਖਣ ਲਈ ਨਵੇਂ ਵਸੇਬੇ ਦਾ ਨਾਂ ਵੀ ਆਪਣੇ ਜੱਦੀ ਵਸੇਬੇ ਦੇ ਨਾਂ 'ਤੇ ਰੱਖ ਲੈਂਦੇ ਹਨ। ਕਈ ਭੂਗੋਲਿਕ ਕਾਰਨ ਵੀ ਹਨ, ਜਿਵੇਂ ਪਿੱਪਲ, ਜੰਡ ਜਾਂ ਬੋਹੜ ਦੇ ਨਾਂ 'ਤੇ ਕਈ ਪਿੰਡ ਹਨ। ਅਮਰੀਕਾ ਵਿਚ ਰਿਵਰਸਾਈਡ ਨਾਂ ਦੇ ਸਾਰੇ ਸ਼ਹਿਰ ਕਿਸੇ ਨਾ ਕਿਸੇ ਦਰਿਆ ਦੇ ਕਿਨਾਰੇ ਹਨ। ਇਸ ਦੇਸ਼ ਵਿਚ ਸਲੇਮ, ਸਪਰਿੰਗਫੀਲਡ, ਵਾਸ਼ਿੰਗਟਨ, ਫਰੈਂਕਲਿਨ, ਜਾਰਜਟਾਊਨ, ਆਰਲਿੰਗਟਨ, ਮੈਡੀਸਨ, ਰਿਵਰਸਾਈਡ ਨਾਂ ਦੇ ਘੱਟੋ ਘੱਟ ਢਾਈ ਦਰਜਨ ਸ਼ਹਿਰ ਹਨ। ਚੈਸਟਰ ਵੀ ਇਨ੍ਹਾਂ ਵਿਚ ਸ਼ੁਮਾਰ ਹੁੰਦਾ ਹੈ। ਅਮਰੀਕਾ ਵਧੇਰੇ ਤੌਰ 'ਤੇ ਯੂਰਪੀ, ਖਾਸ ਕਰ ਬਰਤਾਨਵੀ ਸਾਮਰਾਜੀਆਂ ਨੇ ਵਸਾਇਆ ਹੈ। ਇੰਗਲੈਂਡ ਵਿਚ ਚੈਸਟਰ ਨਾਂ ਦੇ ਕਈ ਸ਼ਹਿਰ ਹਨ। ਮਿਸਾਲ ਵਜੋਂ ਡੀ ਦਰਿਆ ਦੇ ਕਿਨਾਰੇ ਚੈਸ਼ਾਇਰ ਕਾਉਂਟੀ ਵਿਚ ਕੋਈ ਦੋ ਹਜ਼ਾਰ ਸਾਲ ਪਹਿਲਾਂ ਦਾ ਵਸਿਆ ਇਸੇ ਨਾਂ ਦਾ ਸ਼ਹਿਰ ਹੈ। ਚੈਸ਼ਾਇਰ ਕਾਉਂਟੀ ਦਾ ਇਹ ਨਾਂ ਵੀ ਚੈਸਟਰ ਦੇ ਨਾਂ 'ਤੇ ਹੀ ਰੱਖਿਆ ਗਿਆ ਹੈ।

ਰੋਮਨ ਸਾਮਰਾਜ ਸਮੇਂ ਇੰਗਲੈਂਡ ਵਿਚ ਚੈਸਟਰ ਨਾਂ ਦੇ ਸਥਾਨ ਰੋਮਨ ਸੈਨਾ ਦੇ ਕਿਲੇ ਜਾਂ ਪੜਾਅ ਹੋਇਆ ਕਰਦੇ ਸਨ, ਜਿਨ੍ਹਾਂ ਨੂੰ ਰੋਮ ਦੀ ਅਤੇ ਉਸ ਵੇਲੇ ਰੋਮਨ ਸਾਮਰਾਜ ਦੀ ਮੁਖ ਭਾਸ਼ਾ ਲਾਤੀਨੀ ਵਿਚ ਕੈਸਟਰਮ ਕਿਹਾ ਜਾਂਦਾ ਸੀ। ਜਿਉਂ ਜਿਉਂ ਰੋਮਨ ਸਾਮਰਾਜ ਦੀ ਜਕੜ ਅਤੇ ਗਲਬਾ ਵਧਦੇ ਗਏ, ਰੋਮਨਾਂ ਨੇ ਆਪਣੇ ਕੈਸਟਰਮ (ਕਿਲੇ) ਹੋਰ ਮਜ਼ਬੂਤ ਤੇ ਵਿਸ਼ਾਲ ਕਰ ਲਏ। ਭਾਵ ਸ਼ੁਰੂ ਸ਼ੁਰੂ ਵਿਚ ਲੱਕੜ ਦੇ ਬਣੇ ਛੋਟੇ ਛੋਟੇ ਕਿਲੇ ਸਮਾਂ ਪੈਣ ਨਾਲ ਵੱਡੇ ਵਸੇਬੇ ਬਣ ਗਏ। ਇੰਗਲੈਂਡ ਵਿਚ ਕਿਸੇ ਵੀ ਚੈਸਟਰ ਜਾਂ ਕੈਸਟਰ ਨਾਂ ਦੇ ਥਾਂ 'ਤੇ ਚਲੇ ਜਾਓ, ਰੋਮਨਾਂ ਦੇ ਵੇਲੇ ਦਾ ਕੋਈ ਨਾ ਕੋਈ ਦੁਰਗ ਮਿਲੇਗਾ; ਪਰ ਅਮਰੀਕਾ ਜਾਂ ਆਸਟਰੇਲੀਆ, ਕੈਨੇਡਾ ਆਦਿ ਗੋਰਿਆਂ ਦੇ ਦੇਸ਼ਾਂ ਵਿਚ ਤਾਂ ਕਦੇ ਕੋਈ ਰੋਮਨ ਨਹੀਂ ਆਇਆ। ਸਪੱਸ਼ਟ ਹੈ ਕਿ ਇੰਗਲੈਂਡ ਦੇ ਆਬਾਦਕਾਰਾਂ ਨੇ ਆਪਣੇ ਦੇਸ਼ ਦੀ ਪੁਰਾਣੀ ਯਾਦ ਕਾਇਮ ਰੱਖਣ ਲਈ ਇਹ ਨਾਂ ਰੱਖੇ।

ਪੈਨਸਿਲਵੇਨੀਆ ਵਿਚਲਾ ਚੈਸਟਰ ਸ਼ਹਿਰ ਡੈਲਾਵੇਅਰ ਦਰਿਆ 'ਤੇ ਵਸਿਆ ਹੋਇਆ ਹੈ। ਅਠਾਰਵੀਂ ਸਦੀ ਦੇ ਸ਼ੁਰੂ ਵਿਚ ਸਵੀਡਨ ਦੇ ਆਬਾਦਕਾਰਾਂ ਨੇ ਇਸ ਸਥਾਨ ਦੇ ਆਦਿਵਾਸੀਆਂ ਨੂੰ ਉਜਾੜ ਕੇ ਇਹ ਸ਼ਹਿਰ ਵਸਾਇਆ। ਉਦੋਂ ਇਸ ਦਾ ਨਾਂ ਫਿਨਾਲੈਂਡੀਆ (ਫਿਨਲੈਂਡ ਦੇ ਨਾਂ 'ਤੇ) ਰੱਖਿਆ ਗਿਆ। ਫਿਰ ਇਸ ਦਾ ਨਾਂ ਸਵੀਡਨ ਦੇ ਇਕ ਪ੍ਰਾਂਤ ਅਪਲੈਂਡ ਦੇ ਨਾਂ 'ਤੇ ਰੱਖਿਆ ਗਿਆ। ਬਾਅਦ ਵਿਚ ਪੈੱਨ ਨਾਂ ਦੇ ਅੰਗਰੇਜ਼ ਆਬਾਦਕਾਰ ਨੇ ਇਸ ਦਾ ਨਾਂ ਇੰਗਲੈਂਡ ਵਾਲੇ ਚੈਸਟਰ ਸ਼ਹਿਰ ਵਾਲਾ ਹੀ ਰੱਖ ਦਿੱਤਾ।

ਪਹਿਲਾਂ ਦੱਸ ਆਏ ਹਾਂ ਕਿ ਚੈਸਟਰ ਨਾਂ ਮੁਢਲੇ ਤੌਰ 'ਤੇ ਲਾਤੀਨੀ ਕੈਸਟਰਮ ਦਾ ਵਿਗੜਿਆ ਰੂਪ ਹੈ। ਇਸ ਭਾਸ਼ਾ ਵਿਚ ਕੈਸਟਰਮ ਦਾ ਅਰਥ ਹੈ, 'ਕਿਲੇਬੰਦ ਸਥਾਨ।' ਕੈਸਟਰਮ ਦਾ ਬਹੁਵਚਨ ਕੈਸਟਰ ਹੈ ਤੇ ਪੁਰਾਣੀ ਅੰਗਰੇਜ਼ੀ ਵਿਚ ਇਹ ਇਸੇ ਰੂਪ ਵਿਚ ਪ੍ਰਚਲਿਤ ਹੋਇਆ। ਕਈ ਸਥਾਨ ਨਾਂਵਾਂ ਵਿਚ ਚੈਸਟਰ/ਕੈਸਟਰ ਸ਼ਬਦ ਅੰਸ਼ਕ ਰੂਪ ਵਿਚ ਆਉਂਦਾ ਹੈ, ਜਿਵੇਂ Lancaster, Gloucester, Manchester, Winchester ਆਦਿ।

ਇੰਗਲੈਂਡ ਦੇ ਚੈਸਟਰ ਨਾਂ ਦੇ ਥਾਂ ਰੋਮਨ ਲਸ਼ਕਰ ਦਾ ਜਬਰਦਸਤ ਟਿਕਾਣਾ ਸੀ, ਪਰ ਰੋਮਨਾਂ ਦੇ ਰਾਜ ਸਮੇਂ ਇਸ ਦਾ ਨਾਂ ਡੀ ਦਰਿਆ ਦੇ ਨਾਂ 'ਤੇ ਡਿਊਆ ਜਿਹਾ ਸੀ। ਚੈਸਟਰ ਵਿਚ ਰਹਿਣ ਵਾਲੇ ਵਿਅਕਤੀ ਆਪਣੇ ਨਾਂ ਨਾਲ ਇਹ ਸ਼ਬਦ ਲਾਉਣ ਲੱਗੇ ਤਾਂ ਪਿਛੋਂ ਵਿਅਕਤੀ ਨਾਂਵਾਂ ਵਿਚ ਵੀ ਚੈਸਟਰ ਵਰਤਿਆ ਜਾਣ ਲੱਗਾ। ਅਸਲ ਵਿਚ ਲਾਤੀਨੀ ਕੈਸਟਰਮ ਤੋਂ ਹੀ ਕਿਲੇ ਦੇ ਅਰਥਾਂ ਵਾਲਾ ਇਕ ਹੋਰ ਜਾਣਿਆ ਪਛਾਣਿਆ ਸ਼ਬਦ ਬਣਿਆ ਹੈ, ਕਾਸਲ (castle). ਇਸ ਸ਼ਬਦ ਵਾਲੇ ਵੀ ਕਈ ਕਸਬਿਆਂ, ਸ਼ਹਿਰਾਂ, ਇਮਾਰਤਾਂ, ਸਮੁਦਾਇਆਂ ਆਦਿ ਦੇ ਨਾਂ ਹਨ। ਅਮਰੀਕਾ, ਇੰਗਲੈਂਡ, ਆਸਟਰੇਲੀਆ, ਕੈਨੇਡਾ ਵਿਚ ਕਈ ਨਗਰਾਂ ਦਾ ਨਾਂ ਨਿਊਕਾਸਲ ਹੈ। ਆਧੁਨਿਕ ਫਰਾਂਸੀਸੀ ਦਾ ਇਸੇ ਅਰਥ ਵਾਲਾ ਸ਼ਬਦ ਹੈ, Chateau, ਜਿਸ ਦਾ ਉਚਾਰਣ ਸ਼ਾਤੋ ਜਿਹਾ ਹੈ। ਫਰਾਂਸ, ਕੈਨੇਡਾ, ਅਮਰੀਕਾ ਆਦਿ ਵਿਚ ਇਸ ਨਾਂ ਦੀਆਂ ਕਈ ਬਸਤੀਆਂ ਹਨ।



ਪ੍ਰਾਕ-ਇਤਾਲਵੀ ਭਾਸ਼ਾ ਵਿਚ Kastro ਮੂਲ ਦਾ ਅਰਥ ਸੀ, ਭਾਗ, ਹਿੱਸਾ ਜੋ ਕਿ ਭਾਰੋਪੀ ਮੂਲ Kes ਤੋਂ ਬਣਿਆ। ਇਸ ਭਾਰੋਪੀ ਮੂਲ ਵਿਚ ਕੱਟਣ, ਤਰਾਸ਼ਣ, ਤੋੜਨ ਦਾ ਭਾਵ ਹੈ। ਇਸ ਮੂਲ ਤੋਂ ਬਣੇ ਕੁਝ ਹੋਰ ਅੰਗਰੇਜ਼ੀ ਸ਼ਬਦਾਂ ਵਿਚਾਰ ਲੈਂਦੇ ਹਾਂ। ਜਾਤੀ ਦੇ ਅਰਥਾਂ ਵਿਚ ਅੰਗਰੇਜ਼ੀ ਸ਼ਬਦ Caste ਵਰਤਿਆ ਜਾਂਦਾ ਹੈ। ਇਹ ਸ਼ਬਦ ਅੰਤਿਮ ਤੌਰ 'ਤੇ ਲਾਤੀਨੀ Castus ਤੋਂ ਬਣਿਆ, ਜਿਸ ਨੂੰ ਭਾਰਤ ਵਿਚ ਪਹਿਲਾਂ ਪੁੱਜੇ ਸਾਮਰਾਜੀ ਪੁਰਤਗਾਲੀਆਂ ਨੇ ਵਰਤਿਆ ਤੇ ਪਿਛੋਂ ਅੰਗਰੇਜ਼ ਸਾਮਰਾਜੀਆਂ ਨੇ ਅਪਨਾ ਲਿਆ। ਇਸ ਦਾ ਸ਼ਾਬਦਿਕ ਅਰਥ ਬਣਦਾ ਹੈ-ਕੱਟਿਆ ਹੋਇਆ, ਜੁਦਾ ਜਾਂ ਅੱਡ ਹੋਇਆ।

ਸ਼ੁਧਤਾ ਦੇ ਸਿਧਾਂਤ 'ਤੇ ਚਲਦੀ ਭਾਰਤੀ ਜਾਤੀ ਪ੍ਰਥਾ ਵਿਚ ਜਾਤੀਆਂ ਇਕ ਦੂਜੇ ਤੋਂ ਕੱਟੀਆਂ ਹੋਈਆਂ, ਅਲੱਗ ਥਲੱਗ ਵਿਚਰਦੀਆਂ ਹਨ। ਸ਼ੁਧ, ਪਵਿੱਤਰ, ਅਣਲੱਗ, ਅਛੂਤ, ਕੁਮਾਰ ਦੇ ਅਰਥਾਂ ਵਾਲਾ Chaste ਸ਼ਬਦ ਵਿਚਲੇ ਆਸ਼ੇ ਦਾ ਸੰਕੇਤ ਵੀ ਇਥੋਂ ਲੈ ਸਕਦੇ ਹਾਂ। ਖੱਸੀ ਕਰਨ ਦੇ ਅਰਥਾਂ ਵਾਲੇ Casterate ਵਿਚ ਕੱਟਣ ਵਾਲੀ ਗੱਲ ਪਾਠਕ ਸਹਿਜੇ ਹੀ ਸਮਝ ਸਕਦੇ ਹਨ। Castigate ਦਾ ਮਾਅਨਾ ਹੁੰਦਾ ਹੈ, ਦੰਡ ਦੇਣਾ। ਇਸ ਵਿਚ ਵੀ ਕਿਸੇ ਨੂੰ ਸ਼ੁਧ ਕਰਨ ਦਾ ਭਾਵ ਹੈ। ਅਸੀਂ 'ਸੋਧਣਾ' ਕਹਿੰਦੇ ਹਾਂ। ਰੱਦ ਕਰਨਾ ਦੇ ਅਰਥਾਂ ਵਾਲੇ Quash ਵਿਚ ਵੀ ਕੱਟਣਾ ਹੀ ਝਲਕਦਾ ਹੈ।

ਵਲਾਇਤੀ ਚੈਸਟਰਾਂ ਦਾ ਐਵੇਂ ਨਹੀਂ ਸੀ ਜ਼ਿਕਰ ਛੇੜਿਆ। ਲਹਿੰਦੇ ਪੰਜਾਬ ਦੇ ਸ਼ਹਿਰ ਕਸੂਰ ਦਾ ਇਸ ਨਾਲ ਭਾਸ਼ਾਈ ਰਿਸ਼ਤਾ ਹੈ। ਆਮ ਧਾਰਨਾ ਹੈ ਕਿ ਲਾਹੌਰ ਤੇ ਕਸੂਰ ਨਾਂ ਦੇ ਸ਼ਹਿਰ ਕ੍ਰਮਵਾਰ ਰਾਮ ਚੰਦਰ ਦੇ ਬੇਟਿਆਂ-ਲਵ ਤੇ ਕੁਸ਼ ਦੇ ਨਾਂ 'ਤੇ ਰੱਖੇ ਗਏ ਹਨ। ਕਿਹਾ ਜਾਂਦਾ ਹੈ ਕਿ ਲਵ ਤੇ ਕੁਸ਼ ਨੇ ਪੰਜਾਬ ਦੀਆਂ ਸ਼ਹਿਜ਼ਾਦੀਆਂ ਨਾਲ ਵਿਆਹ ਕਰਵਾਇਆ ਤੇ ਇਥੇ ਰਾਜ ਕੀਤਾ। ਬਚਿੱਤਰ ਨਾਟਕ ਵਿਚ ਵੀ ਅਜਿਹਾ ਜ਼ਿਕਰ ਹੈ,

ਸੀਅ ਸੁਤ ਬਹੁਰਿ ਭਏ ਦੁਇ ਰਾਜਾ॥
ਰਾਜ ਪਾਟ ਉਨਹੀ ਕਉ ਛਾਜਾ॥
ਮਦ੍ਰ ਦੇਸ ਏਸ੍ਵਰਜਾ ਬਰੀ ਜਬ॥
ਭਾਤਿ ਭਾਤਿ ਕੇ ਜਗ ਕੀਏ ਤਬ॥
ਤਹੀ ਤਿਨੈ ਬਾਂਧੇ ਦੁਇ ਪੁਰਵਾ॥
ਏਕ ਕਸੂਰ ਦੁਤੀਯ ਲਹੁਰਵਾ॥
ਅਧਿਕ ਪੁਰੀ ਤੇ ਦੋਊ ਬਿਰਾਜੀ॥
ਨਿਰਖਿ ਲੰਕ ਅਮਰਾਵਤਿ ਲਾਜੀ
ਬਹੁਤ ਕਾਲ ਤਿਨ ਰਾਜੁ ਕਮਾਯੋ॥
ਜਾਲ ਕਾਲ ਤੇ ਅੰਤਿ ਫਸਾਯੋ॥
ਤਿਨ ਤੇ ਪੁਤ੍ਰ ਪੌਤ੍ਰ ਜੇ ਵਏ॥
ਰਾਜ ਕਰਤ ਇਹ ਜਗ ਕੋ ਭਏ॥

ਰਵਾਇਤ ਅਨੁਸਾਰ ਕਸੂਰ ਦਾ ਪਹਿਲਾ ਨਾਂ ਕੁਸ਼ਪੁਰ ਸੀ, ਜੋ ਵਿਗੜਦਾ ਵਿਗੜਦਾ ਕਸੂਰ ਬਣ ਗਿਆ। ਅਕਸਰ ਹੀ ਸਥਾਨਾਂ ਦੇ ਨਾਂਵਾਂ ਦੀ ਵਿਆਖਿਆ ਕਰਨ ਲਈ ਮਿਥਾਂ ਘੜ ਲਈਆਂ ਜਾਂਦੀਆਂ ਹਨ। ਇਸ ਤੱਥ ਵੱਲ ਧਿਆਨ ਦੁਆਇਆ ਜਾਂਦਾ ਹੈ ਕਿ ਮੁਸਲਿਮ ਆਬਾਦੀ ਵਾਲੇ ਦੇਸ਼ਾਂ ਵਿਚ ਕਸੂਰ ਨਾਂ ਦੇ ਹੋਰ ਵੀ ਪਿੰਡ, ਸ਼ਹਿਰ ਤੇ ਕਸਬੇ ਹਨ। ਪਿਛੇ ਵਰਣਿਤ ਲਾਤੀਨੀ ਕੈਸਟਰਮ ਅਰਬੀ ਵਿਚ ਜਾ ਕੇ ਅਲ-ਕਸਟਲ (ਅਰਬੀ 'ਅਲ' ਇਕ ਆਰਟੀਕਲ ਹੈ) ਬਣ ਗਿਆ, ਜਿਸ ਦਾ ਅਰਥ ਵੀ ਕਿਲਾ, ਗੜ੍ਹ ਜਾਂ ਘਿਰਿਆ ਸਥਾਨ ਹੈ। ਸ਼ਬਦ ਦੇ ਲਾਤੀਨੀ ਮੂਲ ਵਿਚ ਘਿਰੇ ਜਾਂ ਤਰਾਸ਼ੇ ਹੋਏ ਸਥਾਨ ਦਾ ਭਾਵ ਹੈ। ਮੁਢਲੇ ਤੌਰ 'ਤੇ ਕੋਈ ਵੀ ਸੁਰੱਖਿਅਤ ਸਥਾਨ ਪਹਾੜਾਂ ਆਦਿ ਨੂੰ ਤਰਾਸ਼ ਕੇ ਹੀ ਬਣਾਇਆ ਜਾਂਦਾ ਸੀ। ਫਿਰ ਇਸ ਸਥਾਨ ਦੁਆਲੇ ਦੀਵਾਰਾਂ ਵੀ ਵਲ ਦਿੱਤੀਆਂ ਜਾਂਦੀਆਂ ਹਨ। ਸਪੈਨਿਸ਼ ਭਾਸ਼ਾ ਵਿਚ Alcazar ਦਾ ਅਰਥ ਹੈ-ਕਿਲਾ, ਗੜ੍ਹ, ਜੋ ਅਰਬੀ ਅਲ-ਕਸਰ ਦਾ ਸਪੈਨਿਸ਼ ਰੁਪਾਂਤਰ ਹੈ। ਅੱਠਵੀਂ-ਨੌਵੀਂ ਸਦੀ ਦੌਰਾਨ ਸਪੇਨ ਤੇ ਅਰਬਾਂ ਦਾ ਰਾਜ ਰਿਹਾ। ਇਥੋਂ ਅਰਬੀ ਕਸਰ ਅਤੇ ਲਾਤੀਨੀ ਕੈਸਟਰ ਦੀ ਭਾਸ਼ਾਈ ਸਾਂਝ ਦੀ ਸਮਝ ਪੈਂਦੀ ਹੈ।

ਅਰਬੀ ਵਿਦਵਾਨਾਂ ਦਾ ਕਹਿਣਾ ਹੈ ਕਿ ਕਸਰ ਸ਼ਬਦ ਇਕ ਸੁਤੰਤਰ ਧਾਤੂ ਕ-ਸ-ਰ ਤੋਂ ਬਣਿਆ ਹੈ। ਦਰਅਸਲ ਈਸਾ ਪੂਰਵ ਤੋਂ ਰੋਮਨ ਸਾਮਰਾਜ ਸਿਰਫ ਯੂਰਪ ਵਿਚ ਹੀ ਨਹੀਂ, ਸਗੋਂ ਏਸ਼ੀਆ ਅਫਰੀਕਾ ਦੇ ਦੇਸ਼ਾਂ ਵਿਚ ਵੀ ਇਸ ਦਾ ਸਾਮਰਾਜ ਰਿਹਾ ਹੈ, ਜਿਸ ਨੂੰ ਪੂਰਬੀ ਰੋਮਨ ਸਾਮਰਾਜ ਕਿਹਾ ਜਾਂਦਾ ਹੈ। ਬਾਅਦ 'ਚ ਇਸ ਨੂੰ ਬਾਇਜ਼ਨਟਾਈਨ ਕਿਹਾ ਜਾਣ ਲੱਗਾ। ਵਿਚਾਰ ਹੈ ਕਿ ਇਸ ਸਮੇਂ ਦੌਰਾਨ ਕੈਸਟਰ ਜਿਹਾ ਲਾਤੀਨੀ ਸ਼ਬਦ ਅਰਬੀ ਵਿਚ ਗਿਆ ਤੇ ਏਨਾ ਘੁਲ-ਮਿਲ ਗਿਆ ਕਿ ਇਸ ਦਾ ਇਕ ਸੁਤੰਤਰ ਧਾਤੂ ਕ-ਸ-ਰ ਬਣ ਗਿਆ। ਇਸ ਧਾਤੂ ਵਿਚ ਵੀ ਭਾਰੋਪੀ ਮੂਲ Kes ਜਿਹੇ ਕੱਟਣ, ਤਰਾਸ਼ਣ, ਤੋੜਨ, ਜੁਦਾ ਕਰਨ, ਘਟਾਉਣ ਦੇ ਭਾਵ ਹਨ। ਇਸ ਤੋਂ ਬਣਿਆ ਕਸਰ ਸ਼ਬਦ ਘਾਟ, ਕਮੀ, ਤੋਟ ਦਾ ਅਰਥਾਵਾਂ ਹੈ, ਜਿਵੇਂ ਕੋਈ 'ਕਸਰ ਰਹਿ ਗਈ', 'ਕਸਰ ਨਹੀਂ ਛੱਡੀ।' ਕਸਰ ਦਾ ਅਰਥ ਬੀਮਾਰੀ ਖਾਸ ਤੌਰ 'ਤੇ ਮਾਨਸਿਕ ਅਹੁਰ ਮਿਰਗੀ ਵੀ ਹੈ, ਇਥੇ ਤਨ-ਮਨ ਵਿਚ ਕਿਸੇ ਕਮੀ ਵੱਲ ਸੰਕੇਤ ਹੈ, 'ਕਸਰ ਕਢਾਉਣਾ' ਦਾ ਅਰਥ ਕਿਸੇ ਬਾਬੇ ਤੋਂ ਭੂਤ ਕਢਾਉਣਾ ਹੈ, ਜਦ ਕਿ 'ਕਸਰਾਂ ਕੱਢਣਾ' ਦਾ ਵਿਅੰਜਨ ਅਰਥ ਕਿਸੇ ਨੂੰ ਸੋਧਣਾ ਹੈ। ਇਸੇ ਤਰ੍ਹਾਂ ਕਸਰ ਦਸ਼ਮਲਵ ਦੇ ਅਰਥ ਵੀ ਦਿੰਦਾ ਹੈ, ਕਿਉਂਕਿ ਇਹ ਸੰਪੂਰਨ ਅੰਕ ਨਾਲੋਂ ਘਟ ਹੁੰਦਾ ਹੈ।

ਕਸਰ ਤੋਂ ਬਣੇ ਕਸਾਰਾ ਦਾ ਮਤਲਬ ਘਾਟਾ ਹੁੰਦਾ ਹੈ। ਅਰਬੀ ਵਲੋਂ ਵਰਜਿਸ਼ ਦੇ ਅਰਥਾਂ ਵਾਲੇ ਕਸਰਤ ਸ਼ਬਦ ਵਿਚ (ਮਿਹਨਤ ਕਰਨ ਕਾਰਨ ਸਰੀਰਕ) ਟੁੱਟ-ਭੱਜ ਦਾ ਆਸ਼ਾ ਹੈ। ਤਕਸੀਰ ਇਸੇ ਸ਼ਬਦ ਦਾ ਹੋਰ ਰੂਪ ਹੈ, "ਮੈਨੂੰ ਛੱਡ ਗਏ, ਆਪ ਲੱਦ ਗਏ, ਮੈਂ ਵਿਚ ਕੀ ਤਕਸੀਰ।" (ਬੁਲੇ ਸ਼ਾਹ)। ਮੁਕਤਸਰ/ਮੁਕਸਰ ਹੁੰਦਾ ਹੈ, ਸਾਰ, ਸੰਖੇਪ ਅਰਥਾਤ ਛੋਟਾ ਕੀਤਾ ਜਾਂ ਘਟਾਇਆ। ਕਸਰ ਤੋਂ ਬਣੇ ਨਾਂਵ ਕਸੂਰ ਵਿਚ ਭੁੱਲ, ਗਲਤੀ, ਦੋਸ਼, ਐਬ, ਕਮੀ ਆਦਿ ਦੇ ਭਾਵ ਹਨ। ਇਥੇ ਆ ਕੇ ਅਸੀਂ ਕਸੂਰ ਸ਼ਬਦ ਦੇ ਦੂਜੇ ਅਰਥ ਕਿਲੇ ਵੱਲ ਜਾਂਦੇ ਹਾਂ। ਕਸੂਰ ਉਹ ਥਾਂ ਹੈ, ਜਿਥੇ ਕਈ ਕਿਲੇ, ਸੁੰਦਰ ਇਮਾਰਤਾਂ, ਭਵਨ, ਮਹੱਲ ਆਦਿ ਹੋਣ। ਪਾਕਿਸਤਾਨ ਦੇ ਕਸੂਰ/ਕੁਸੂਰ ਸ਼ਹਿਰ ਵਿਚ ਬਹੁਤ ਸਾਰੇ ਕਿਲੇ ਜਾਂ ਗੜ੍ਹੀਆਂ ਹਨ। ਇਸ ਦੇ ਬਾਰਾਂ ਕਿਲੇ ਅਫਗਾਨ ਹਮਲਾਵਰਾਂ ਨੇ ਬਣਵਾਏ। ਭਾਵੇਂ ਅਣਜਾਣੇ ਵਿਚ, ਬੁੱਲੇ ਸ਼ਾਹ ਨੇ ਵੀ ਕਸੂਰ ਸ਼ਹਿਰ ਦਾ ਨਾਂ ਕਸਰ ਨਾਲ ਜੋੜ ਦਿੱਤਾ ਹੈ,

ਬੁੱਲ੍ਹਾ ਕਸਰ ਨਾਮ ਕਸੂਰ ਹੈ,
ਓਥੇ ਮੂੰਹੋਂ ਨਾ ਸਕਣ ਬੋਲ।
ਓਥੇ ਸੱਚੇ ਗਰਦਨ ਮਾਰੀਏ,
ਓਥੇ ਝੂਠੇ ਕਰਨ ਕਲੋਲ।

ਸੁਰਿੰਦਰ ਕੌਰ ਦੇ ਗੀਤ 'ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ' ਵਿਚ ਵੀ ਕਸੂਰ ਸ਼ਬਦ ਦੋਹਾਂ ਅਰਥਾਂ ਵਿਚ ਵਰਤਿਆ ਗਿਆ ਲਗਦਾ ਹੈ। ਕਸੂਰ ਸ਼ਹਿਰ ਨਾਲ ਵੱਜਦੀ 'ਕਸੂਰੀ ਮੇਥੀ' ਮਸ਼ਹੂਰ ਹੈ। ਮੇਥੀ ਦੇ ਪ੍ਰਸੰਗ ਵਿਚ ਕਸੂਰੀ ਨੂੰ ਵਿਗਾੜ ਕੇ ਕਸਤੂਰੀ ਜਾਂ ਕਸੂਲੀ ਵੀ ਕਿਹਾ ਜਾਂਦਾ ਹੈ ਅਤੇ ਚੰਪਾ ਮੇਥੀ ਵੀ, ਸ਼ਾਇਦ ਇਸ ਦੀ ਤੇਜ਼ ਗੰਧ ਕਾਰਨ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਬੰਧਤ ਧਾਤੂ ਦੇ ਕੱਟਣ, ਤਰਾਸ਼ਣ ਦੇ ਭਾਵ ਤੋਂ ਕਿਲੇ ਦਾ ਅਰਥ ਵਿਕਸਿਤ ਹੋਇਆ, ਫਿਰ ਕਿਲੇ ਵਾਲੇ ਸ਼ਹਿਰ, ਫਿਰ ਕਿਲੇ ਵਰਗੇ ਮਹਿਲ ਤੇ ਹੋਰ ਇਮਾਰਤਾਂ, ਫਿਰ ਉਥੇ ਰਹਿਣ ਵਾਲੇ ਜਾਂ ਉਥੋਂ ਪਰਵਾਸ ਕਰ ਕੇ ਗਏ ਲੋਕ ਜਾਂ ਉਨ੍ਹਾਂ ਦੇ ਵਿਅਕਤੀ ਨਾਂ। ਤਨਜ਼ ਵਾਲੀ ਗੱਲ ਹੈ ਕਿ ਕਿਲਿਆਂ, ਮਹਿਲਾਂ ਨਾਲ ਓਤਪੋਤ ਸ਼ਬਦ ਵਿਚ ਅਖੀਰ ਕਮੀ, ਤੋਟ, ਐਬ, ਦੋਸ਼ ਵੀ ਆ ਗਏ। ਇਸ ਵਰਤਾਰੇ ਵਿਚ ਵਿਚਾਰੇ ਗਏ ਸ਼ਬਦ ਆਪਣੇ ਤੌਰ 'ਤੇ ਬੇਕਸੂਰ ਹੁੰਦੇ ਹਨ, ਇਨ੍ਹਾਂ ਦੀ ਵਰਤੋਂ ਹੀ ਕਸੂਰਵਾਰ ਹੁੰਦੀ ਹੈ।

# ਹਰ ਤਬਦੀਲੀ ਵਰਦਾਨ ਨਹੀਂ ਹੁੰਦੀ

*(ਪਿਛਲੇ ਸਫੇ ਦੀ ਬਾਕੀ)*

ਬੈਠੇ 'ਸੀ' ਨਾ ਉਚਾਰਨ ਵਾਲੇ, ਦਿੱਲੀ ਵਿਚ ਧਰਮ ਦੀ ਰੱਖਿਆ ਅਧੀਨ ਸੀਸ ਕਟਵਾਉਣ ਵਾਲੇ ਕਦੇ ਘੋੜਿਆਂ ਦੇ ਚੋਰ ਨਹੀਂ ਹੋ ਸਕਦੇ। ਇਤਿਹਾਸ ਦੀ ਇਹੋ ਜਿਹੀ ਤਬਦੀਲੀ ਥੋੜ੍ਹੇ ਦਿਨਾਂ ਵਿਚ ਖਤਮ ਹੋ ਜਾਵੇਗੀ।

ਮੇਰੇ ਸਾਹਮਣੇ ਟ੍ਰਿਬਿਊਨ ਦੀ ਖਬਰ ਹੈ ਕਿ ਇਕ ਚੀਤਾ ਸ੍ਰੀਨਗਰ (ਗੜਵਾਲ) ਦੇ ਮੈਡੀਕਲ ਕਾਲਜ ਵਿਚ ਕਈ ਬੰਦਿਆਂ ਨੂੰ ਜ਼ਖਮੀ ਕਰ ਗਿਆ। ਹਰ ਰੋਜ਼ ਅਵਾਰਾ ਕੁੱਤੇ ਬੱਚਿਆਂ ਅਤੇ ਬਜੁਰਗਾਂ ਨੂੰ ਨੋਚ ਰਹੇ ਹਨ। ਅਵਾਰਾ ਜਾਨਵਰ ਖੇਤਾਂ ਵਿਚ ਫਸਲਾਂ ਉਜਾੜ ਰਹੇ ਹਨ। ਕਿਸਾਨਾਂ ਦੀ ਨੀਂਦ ਹਰਾਮ ਹੋ ਰਹੀ ਹੈ। ਇਨ੍ਹਾਂ ਜਾਨਵਰਾਂ ਲਈ ਹਮਦਰਦੀ ਕੁਝ ਹੱਦ ਤੱਕ ਜਾਇਜ਼ ਹੈ, ਪਰ ਕਾਨੂੰਨ ਦੀ ਅੰਧਾਧੁੰਦ ਵਰਤੋਂ ਇਸ ਤਬਦੀਲੀ ਨੂੰ ਵਿਕਾਸ ਨਹੀਂ, ਵਿਨਾਸ਼ ਵਲ ਲਿਜਾਣ ਵਾਲੀ ਹੈ।

ਇਕ ਹੋਰ ਤਬਦੀਲੀ ਦਾ ਡਰ ਬਹੁਤ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ; ਉਹ ਹੈ ਭਾਰਤ ਵਿਚ ਫਾਸਿਜ਼ਮ ਦੀ ਆਮਦ। ਇਸ ਡਰ ਵਿਚ ਕੁਝ ਹਕੀਕਤ ਦੀ ਝਲਕ ਨਜ਼ਰ ਆਉਂਦੀ ਹੈ, ਪਰ ਘਬਰਾਉਣ ਦੀ ਲੋੜ ਨਹੀਂ। ਇਸ ਦੇਸ਼ ਦੀ ਮਿੱਟੀ ਫਾਸਿਜ਼ਮ ਦੇ ਬੀਜ ਲਈ ਜ਼ਰਖੇਜ਼ (ਉਪਜਾਊ) ਨਹੀਂ। ਜੇ ਬੀਜ ਬੋਇਆ ਵੀ ਗਿਆ, ਪੁੰਗਰੇਗਾ ਨਹੀਂ। ਇਹੋ ਜਿਹਾ ਵਾਤਾਵਰਣ ਇਸ ਮੁਲਕ ਦੀ ਆਤਮਾ ਦੇ ਅਨੁਕੂਲ ਨਹੀਂ। ਇਥੇ ਤਾਂ ਸਾਂਝੀਵਾਲਤਾ ਦਾ ਬੂਟਾ ਹੀ ਮਜ਼ਬੂਤ ਜੜ੍ਹ ਪਕੜ ਸਕੇਗਾ।

ਮਨੁੱਖ ਨੂੰ ਕੁਦਰਤ ਵਲੋਂ ਮਿਲਿਆ ਦਿਮਾਗ ਵੱਡਮੁਲਾ ਪਰ ਅਜੀਬ ਜਿਹਾ ਤੋਹਫਾ ਹੈ। ਸਮੇਂ ਦੀ ਗਰਦਿਸ਼ ਨੇ ਇਸ ਵਿਚ ਕਈ ਰੰਗ ਭਰ ਦਿੱਤੇ। ਕਈ ਇਨਸਾਨਾਂ ਦੀ ਸੋਚ ਆਕਾਸ਼ ਤੱਕ ਪਹੁੰਚ ਗਈ ਹੈ ਅਤੇ ਕਈ ਮੰਦੀ ਭਾਵਨਾ ਵਾਲੇ ਆਦਮੀਆਂ ਦੀ ਸੋਚ ਪਾਤਾਲ ਤੱਕ ਗਰਕ ਹੋ ਗਈ ਹੈ। ਕੁਝ ਵਿਚਾਰੇ ਵਿਚ-ਵਿਚਾਲੇ ਲਟਕ ਰਹੇ ਹਨ। ਇਨ੍ਹਾਂ ਮਾਨਸਿਕ ਤਬਦੀਲੀਆਂ ਨੂੰ ਸਮੇਂ ਦਾ ਗੇੜ ਹੀ ਸਮਝੋ। ਇਸ ਦੇ ਨਤੀਜੇ ਵਜੋਂ ਕਈ ਉਚੀਆਂ ਅਤੇ ਕਈ ਪੁੱਠੀਆਂ ਸਿੱਧੀਆਂ ਤਹਿਰੀਕਾਂ ਵਜੂਦ ਵਿਚ ਆ ਗਈਆਂ ਜਿਵੇਂ ਹਮਜਿਨਸੀ ਸਬੰਧ, ਲੜਕੀਆਂ ਦਾ ਲੜਕੀਆਂ ਨਾਲ ਵਿਆਹ ਕਰਨਾ, ਗੇਅ ਹੋਣਾ ਅਤੇ 'ਮੀ-ਟੂ' ਦਾ ਹੱਦ ਤੋਂ ਪਰ੍ਹੇ ਪਹੁੰਚਣਾ ਆਦਿ। ਇਹ ਸਭ ਕੁਝ ਖੁਦਗਰਜ਼ੀ ਦੀ ਉਪਜ ਹੈ। ਇਨ੍ਹਾਂ ਤਹਿਰੀਕਾਂ ਦੇ ਕਾਰਕੁਨ ਚਰਚਾ ਵਿਚ ਬਹੁਤ ਨਰੋਏ ਹਨ। ਚੋਟੀ ਦੇ ਜੱਜਾਂ ਨੂੰ ਵੀ ਇਹ ਪ੍ਰਭਾਵਿਤ ਕਰ ਦਿੰਦੇ ਹਨ। ਇਨ੍ਹਾਂ ਦੀ ਜਿਰ੍ਹਾ ਵਿਚ ਦਮ ਹੈ, ਪਰ ਇਹ ਸਭ ਵਰਤਾਰਾ ਗੈਰ ਕੁਦਰਤੀ ਹੈ। ਸੰਸਾਰ ਦੀ ਉਤਪਤੀ ਲਈ ਕੁਦਰਤ ਨੇ ਆਦਮੀ ਅਤੇ ਔਰਤ ਦਾ ਜੋੜਾ ਬਣਾਇਆ ਹੈ। ਬਾਕੀ ਸਭ ਕੁਝ ਬਣਾਉਟੀ ਹੈ। ਪਸ਼ੂ ਜਾਤੀ ਇਸ ਅਲਾਮਤ ਤੋਂ ਮੁਕਤ ਹੈ। ਇਹ ਗੈਰ ਕੁਦਰਤੀ ਤਬਦੀਲੀ ਸਮੇਂ ਦੀ ਟੱਕਰ ਲੈਣ ਵਿਚ ਅਸਮਰਥ ਰਹੇਗੀ ਅਤੇ ਵਕਤ ਦੀ ਬੁੱਕਲ ਵਿਚੋਂ ਗਹਿਰੀ ਨੀਂਦ ਸੌਂ ਜਾਵੇਗੀ।

ਇਕ ਨਵੀਂ ਤਬਦੀਲੀ ਸਾਡਾ ਧਿਆਨ ਮੰਗਦੀ ਹੈ। ਅਸੀਂ ਚਿੱਠੀਆਂ ਲਿਖਣੀਆਂ ਬੰਦ ਕਰ ਦਿੱਤੀਆਂ। ਕਿਤਾਬਾਂ ਪੜ੍ਹਨ ਦੀ ਥਾਂ ਡਿਜੀਟਲ ਵਲ ਚਾਲੇ ਪਾ ਲਏ ਅਤੇ ਫੋਨ ਕਰਨਾ ਹੀ ਮੁਨਾਸਿਬ ਸਮਝਣ ਲੱਗੇ। ਹੁਣ ਟੈਕਸਟ ਕਰਨ ਜੋਗੇ ਹੀ ਰਹਿ ਗਏ। ਗੱਲ ਕਰਨ ਦਾ ਸਲੀਕਾ ਕੱਲ੍ਹ ਦੀ ਕਹਾਣੀ ਬਣ ਗਿਆ। ਸਾਡੇ ਬੱਚਿਆਂ ਨੂੰ ਕਿਸੇ ਆਏ ਗਏ ਪ੍ਰਾਹੁਣੇ ਨਾਲ ਗੱਲ ਕਰਨ ਦਾ ਅੰਦਾਜ਼ ਫਜ਼ੂਲ ਸਮਝਿਆ ਜਾਂਦਾ ਹੈ। ਕਈ ਲੋਕ ਨਜ਼ਦੀਕ ਪਏ ਟੈਲੀਫੋਨ ਨੂੰ ਰਿੰਗ ਹੋਣ ਵੇਲੇ ਚੁੱਕਦੇ ਨਹੀਂ। ਸ਼ਾਮ ਵੇਲੇ ਵੁਆਇਸ ਮੇਲ ਸੁਣ ਕੇ ਜਿਸ ਕਿਸੇ ਨਾਲ ਕੋਈ ਮਤਲਬ ਹੋਵੇ, ਜਵਾਬ ਦੇ ਦਿੰਦੇ ਹਨ।

ਮੈਨੂੰ ਯਾਦ ਹੈ ਕਿ ਜਦੋਂ ਸਾਡੇ ਘਰ ਕਿਸੇ ਦੂਰ-ਦਰਾਡੇ ਰਿਸ਼ਤੇਦਾਰ ਨੇ ਵੀ ਪ੍ਰਾਹੁਣਾ ਬਣ ਕੇ ਆਉਣਾ, ਸਾਨੂੰ ਸਭ ਨੂੰ ਬਹੁਤ ਖੁਸ਼ੀ ਹੋਣੀ। ਅੱਜ ਨਜ਼ਦੀਕੀ ਰਿਸ਼ਤੇਦਾਰ ਵੀ ਬੋਝ ਲਗਦਾ ਹੈ। ਅਸੀਂ ਕਿਹੋ ਜਿਹੇ ਸਭਿਆਚਾਰ ਨੂੰ ਜਨਮ ਦੇ ਰਹੇ ਹਾਂ? ਇਸ ਤਬਦੀਲੀ ਨੂੰ ਕਿਸ ਨਾਮ ਨਾਲ ਪੁਕਾਰੀਏ, ਸਮਝ ਨਹੀਂ ਆਉਂਦੀ। ਅੱਛਾ, ਹੁਣ ਇਸ ਨਿਮਾਣੇ ਜਿਹੇ ਲੇਖ ਨੂੰ ਇਕ ਅੱਧ ਗੱਲ ਕਰਕੇ ਹੀ ਬੰਦ ਕਰੀਏ, ਨਵੀਂ ਰੌਸ਼ਨੀ ਵਿਚ ਪੜ੍ਹਨ ਲਈ ਕਿਸੇ ਨੂੰ ਵਿਹਲ ਕਿਥੇ!

ਸੌ ਸਾਲ ਨੂੰ ਪੁੱਜੇ ਅਤੇ ਸਮਝਦਾਰ ਲਿਖਾਰੀ ਜਸਵੰਤ ਸਿੰਘ ਕੰਵਲ ਨੇ ਆਪਣੇ ਨੌਜਵਾਨ ਦੋਹਤੇ ਨੂੰ ਕਿਹਾ, "ਪੁੱਤਰਾ, ਗੁਣ ਬਿਨਾ ਜਵਾਨੀ ਨਿਖਰਦੀ ਨਹੀਂ", ਜੇ ਅਸੀਂ ਸਾਰੇ ਇਹ ਕਹੀਏ, ਪੂਰੀ ਸੂਝ ਅਤੇ ਹਰ ਪਹਿਲੂ ਸੋਚੇ ਬਗੈਰ ਤਬਦੀਲੀ ਵਰਦਾਨ ਨਹੀਂ ਬਣਦੀ, ਡਿੱਕੋ-ਡੋਲੇ ਖਾਂਦੀ ਕੇਵਲ ਤਬਦੀਲੀ ਹੀ ਰਹਿ ਜਾਂਦੀ ਹੈ।

ਮੇਰੇ ਰੱਬ ਜੀ, ਤਬਦੀਲੀ ਦਾ ਸੂਰਜ ਮਘਦਾ ਰਹੇ। ਇਸ ਦੀ ਤਪਸ਼ ਇੰਨੀ ਭਿਆਨਕ ਨਾ ਹੋਵੇ ਕਿ ਯਹੂਦੀਆਂ ਦੀ ਨਸਲਕੁਸ਼ੀ, ਸੰਸਾਰ ਦੀ ਦੂਸਰੀ ਜੰਗ, ਭਾਰਤ ਦੀ ਵੰਡ, ਪਰਮਾਣੂ ਬੰਬਾਂ ਦੀ ਵਰਤੋਂ ਅਤੇ ਇਸ ਦੇ ਨਤੀਜੇ ਫੇਰ ਭੁਗਤਣੇ ਪੈਣ।

ਅੰਤਿਕਾ: ਤੂਫਾਨ ਵਾਂਗ ਆਈ ਤਬਦੀਲੀ ਭਾਵੇਂ ਸਾਹਿਤ, ਸਿਆਸਤ, ਆਰਥਕ ਜਾਂ ਸਮਾਜਕ ਖੇਤਰ ਵਿਚ ਹੋਵੇ, ਇਸ ਦਾ ਅਸਰ ਮੂਸਲੇਧਾਰ ਮੀਂਹ ਵਰਗਾ ਹੁੰਦਾ ਹੈ। ਪਾਣੀ ਧਰਤੀ ਵਿਚ ਜਜ਼ਬ ਹੋਣ ਦੀ ਥਾਂ ਹੜ੍ਹ ਬਣ ਕੇ ਫਸਲਾਂ ਨੂੰ ਖਰਾਬ ਕਰਕੇ ਚਲਿਆ ਜਾਂਦਾ ਹੈ। ਨਿੱਕੀ-ਨਿੱਕੀ ਕਣੀ ਦਾ ਮੀਂਹ ਜਿਸ ਨੂੰ ਸ਼ੇਕਸਪੀਅਰ ਬਹਿਸ਼ਤ (ਸਵਰਗ) ਤੋਂ ਉਤਰੀ 'ਜੈਂਟਲ ਰੇਨ' ਕਹਿੰਦਾ ਹੈ, ਬਹੁਤ ਅਸਰਦਾਰ ਹੁੰਦਾ ਹੈ। ਇਸ ਦੀ ਬਖਸ਼ੀ ਹੋਈ ਗਿੱਲ (ਨਮੀ) ਸਥਿਰ ਹੁੰਦੀ ਹੈ।

ਤਬਦੀਲੀਆਂ ਜੁਗ-ਜੁਗ ਆਉਣ ਪਰ ਲੰਮੀ ਸੋਚ ਵਿਚਾਰ ਪਿਛੋਂ ਆਉਣ ਤੇ ਹਾਨੀਕਾਰਕ ਨਾ ਹੋਣ।

# ਪੰਜਾਬ ਸਪੋਰਟਸ ਅਤੇ ਕਲਚਰਲ ਕਲੱਬ, ਸ਼ਿਕਾਗੋ

## ਖੇਡ ਤੇ ਸਭਿਆਚਾਰਕ ਮੇਲਾ: ਤਸਵੀਰਾਂ ਦੀ ਜ਼ੁਬਾਨੀ




















ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ


**ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ**

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

# Sistar Mortgage

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

**Refinance up to 125% value of the house.*

●Residential Loans (Purchase, Refinance & Cash Out Refinance). ●Self Employed and H1 Visa ●Jumbo loans ●Commercial Property With Business or Business Only. ●Business Equity Line of Credit. ●Multi Unit Investment Property.

# Michigan Truck Driving School

6405 Middlebelt Road, Romulus, MI 48174

ਖ਼ੁਸ਼ਖ਼ਬਰੀ! ਖ਼ੁਸ਼ਖ਼ਬਰੀ!!
ਖ਼ੁਸ਼ਖ਼ਬਰੀ!!!
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**